
ਮਾਂਵਾਂ
ਰਬ ਦੀਆਂ
ਛਾਂਵਾਂ
ਜੋਗਿੰਦਰ ਸਿੰਘ ਸਿਵੀਆ

# ਮਾਂਵਾਂ

## ਰਬ ਦੀਆਂ ਛਾਂਵਾਂ

ਜੋਗਿੰਦਰ ਸਿੰਘ ਸਿਵੀਆ

ਰੇਡੀਓ ਚੰਨ ਪ੍ਰਦੇਸੀ

**Mavvan Rab Dia Chhavan**
By
Joginder Singh Sivia
V.P.O : SIVIA
Distt Bathinda
Phone 94170-24743

2015

ਲੇਖਕ ਦੀਆਂ ਹੋਰ ਪੁਸਤਕਾਂ
*ਕੋਹਾਂ ਦੂਰ
*ਜ਼ਿੰਦਗੀ ਇਕ ਉਤਸਵ
*ਬਾਬਿਆਂ ਦੀ ਮਹਿਫ਼ਲ
*ਜੀਵਨ ਦਾ ਸਤਰੰਗਾ ਫ਼ੁੱਲ: ਔਰਤ
*ਜੱਟ

Rs 130/- only or $10

Printed At **Asia Visions**
98159-45018
janmeja@gmail.com

**Published By www.Channpardesi.com**

ਰੇਡੀਓ ਚੰਨ ਪ੍ਰਦੇਸੀ ਵਲੋਂ ਹਮੇਸ਼ਾਂ ਇਹੀ ਕੋਸ਼ਿਸ਼ ਰਹੀ ਹੈ ਕਿ ਪੰਜਾਬ ਤੇ ਪੰਜਾਬੀਅਤ ਦਾ ਝੰਡਾ ਬੁਲੰਦ ਕਰਨ ਵਾਲਿਆਂ ਦੇ ਨਾਲ ਖੜ੍ਹਿਆ ਜਾਵੇ। ਇਸੇ ਲੜੀ ਵਿਚ ਫੇਰ ਅਸੀਂ ਸ. ਜੋਗਿੰਦਰ ਸਿੰਘ ਸਿਵੀਆ ਦੀ ਮਾਂਵਾਂ ਅਤੇ ਮਮਤਾ ਬਾਰੇ ਲਿਖੀ ਕਿਤਾਬ ਨੂੰ ਪਾਠਕਾਂ ਦੇ ਸਨਮੁੱਖ ਕਰ ਰਹੇ ਹਾਂ। ਇਹ ਕਿਤਾਬ, ਸਾਡੇ ਪਰਿਵਾਰਕ ਰਿਸ਼ਤਿਆਂ ਦੇ ਧੁਰੇ ਮਾਂ ਵਾਰੇ ਅਨੇਕਾਂ ਤੱਥ ਸਾਡੇ ਸਨਮੁੱਖ ਕਰਦੀ ਹੇ ਤੇ ਇਸਦੇ ਸਮਾਜ ਵਿਚ ਸਥਾਨ ਤੇ ਪ੍ਰਭਾਵ ਦੀ ਤਰਜਮਾਨੀ ਵੀ ਕਰਦੀ ਹੈ।

ਇਸ ਕਿਤਾਬ ਵਿਚਲੇ ਲੇਖਾਂ ਨੂੰ ਪਾਠਕ ਰੇਡੀਓ ਚੰਨ ਪ੍ਰਦੇਸੀ ਉੱਤੇ ਸੁਣ ਵੀ ਸਕਦੇ ਹਨ।

ਤੁਹਾਡੇ ਹੁੰਗਾਰੇ ਦੀ ਉਡੀਕ ਵਿਚ

**ਰੇਡੀਓ ਚੰਨ ਪ੍ਰਦੇਸੀ**


***www.channpardesi.com***
*P.O Box 1533*
*Bolingbrook*
*IL, 60440, USA*

*E-mail: info@channpardesi.com*
*Telephone: 1-815-557-4991*

*For information:*
***Darshan Basraon***
*+1-815-557-4991*
***Sarwan Tiwana***
*+1-219-670-4579*

***Studio No's***
*+1-815-676-0004 (United States)*
*+1-559-512-1128 (California,United States)*
*+1-778-7240752 (Vancouver, Canada)*
*+61-039-013-4419 (Australia)*
*+91-98763-09655 (India)*
*8170-0136 (Hong Kong)*
*020-3287-2145 (United Kingdom)*

ਮਾਂਵਾਂ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਪਰ ਇਹ ਕਿਤਾਬ ਜੋ ਸ. ਜੋਗਿੰਦਰ ਸਿੰਘ ਸਿਵੀਆ ਜੀ ਨੇ ਲਿਖੀ ਹੈ, ਇਸ ਕਰਕੇ ਵਿਲੱਖਣ ਹੈ ਕਿ ਇਸ ਵਿਚ ਮਾਂਵਾਂ ਦੇ ਸੁਭਾਅ, ਫਰਜ਼ ਤੇ ਤਿਆਗ ਨੂੰ ਪੂਰੀ ਤਰਾਂ ਉਜਾਗਰ ਕੀਤਾ ਗਿਆ ਹੈ। ਇਕ ਮਾਂ ਕਿਵੇਂ ਇਹ ਸਭ ਕੁਝ ਕਰਦੀ ਹੈ, ਕਿਹੜੀ ਸ਼ਕਤੀ ਹੈ?, ਕਿਹੜੀ ਭਾਵਨਾ ਹੈ ? ਜੋ ਸਾਰੀ ਉਮਰ ਖੈਰ ਮੰਗਦੀ ਰਹਿੰਦੀ ਹੈ। ਮਾਂ ਦੇ ਰਿਸ਼ਤੇ ਦੀਆਂ ਪਰਤਾਂ ਫ਼ੋਲਦੀ ਇਹ ਕਿਤਾਬ ਇਕ ਵੱਡਮੁੱਲਾ ਤੋਹਫ਼ਾ ਹੈ।



ਜੋਗਿੰਦਰ ਸਿੰਘ ਸਿਵੀਆ

Radio Chann Pardesi

Hindi • Punjabi

Published By

www.Channpardesi.com

ਆਪਣੇ ਆਈ ਫ਼ੋਨ ਜਾਂ ਐਂਡਰਾਇਡ ਫੋਨ ਤੇ ਐਪ ਵੀ ਚਲਾ ਕੇ ਸੁਣ ਸਕਦੇ ਹੋ

# ਤਰਤੀਬ

9 ਲੇਖਕ ਦੇ ਵਿਚਾਰ

13 ਮਾਂ ਤੇਰੀ ਸੋਚ ਨੂੰ ਸਲਾਮ

15 ਮਾਂ ਦੀਆਂ ਸਿੱਖਿਆਵਾਂ ਸਫਲਤਾ ਦਾ ਸਿਰਨਾਵਾਂ

17 ਮਾਂ ਦਾ ਦੁੱਧ ਪਿਆਉਣੋ ਇਨਕਾਰ ਵਿਗੜੇ ਛਾਤੀ ਦਾ ਉਭਾਰ

19 ਬੱਚੇ ਨੂੰ ਸੰਸਕਾਰੀ ਬਣਾਉਣ ‘ਚ ਮਾਂ ਦਾ ਯੋਗਦਾਨ

22 ਮਾਂ ਦੇ ਵਹਿਮ ਭਰਮ

24 ਮਾਂ ਦੇ ਸਿਰ੍ਹਾਣੇ ਕਫ਼ਨ

25 ਦੁਖੀ ਪਲਾਂ ਦੀ ਦਾਸਤਾਨ

28 ਬਣਨ ਲਈ ਇਨਸਾਨ, ਮਾਂ ਦਾ ਦੁੱਧ ਹੈ ਵਰਦਾਨ

30 ਧਰਤੀ ‘ਤੇ ਜਨਤ ਮਾਂ ਕਰਕੇ

32 ਮਾਂ ਦੀ ਸਿੱਖਿਆ

36 ਸੁੱਤਾ ਪਿਆ ਬਰਖੁਰਦਾਰ, ਮਾਂ ਬਣੀ ਪਹਿਰੇਦਾਰ

38 ਮਾਂ ਵੀ ਉਦਾਸ ਹੈ

40 ਮਾਂ ਦੇ ਘਰੇਲੂ ਨੁਸਖੇ

43 ਬੁੜੀ ਬੰਦਾ ਤੇ ਬੰਦਾ ਬੁੜੀ ਬਣ ਜਾਵੇ

44 ਚਾਂਦੀ ਦਾ ਰਿੜਕਣਾ ਸੋਨੇ ਦੀ ਮਧਾਣੀ

47 ਮਮਤਾ ਬਣਦੀ ਹੈ ਆਹਾਰ

49 ਦੁਖੀ ਹੈ ਜਗ ਜਣਨੀ

51 ਮਾਂ ਦਾ ਚਰਖਾ ਕਰੇ ਵਿਰਲਾਪ

54 ਭਾਵਨਾਵਾਂ ਨਾਲ ਜੁੜੀਆਂ, ਤ੍ਰਿੰਵਣੀ ਕੁੜੀਆਂ

57 ਮਾਵਾਂ ਦੀਆਂ ਸਿਆਣੀਆਂ ਗੱਲਾਂ

60 ਧੀ ਦਾ ਫਿਕਰ ਤੇ ਮਾਂ ਦੇ ਮਸ਼ਵਰੇ

61 ਮਰ ਗਈਆਂ ਮਾਵਾਂ

63 ਮਾਂ ਦੀ ਚੱਕੀ, ਕਿੱਥੇ ਰੱਖੀ

65 ਬੇਬੇ ਤੇਰੀ ਆਟੇ ਦੀ ਚਿੜੀ

67 ਮਾਂ ਦੀ ਲੱਜਾ ਮਾਂ ਦਾ ਸ੍ਰੇਸ਼ਟ ਗੁਣ

69 ਪੁੱਤਾਂ ਦੇ ਵਿਛੋੜੇ ‘ਚ ਪਾਗਲ ਹੋ ਜਾਂਦੀਆਂ ਨੇ ਮਾਵਾਂ

71 ਮਾਵਾਂ ਠੰਡੀਆਂ ਛਾਵਾਂ, ਛਾਵਾਂ ਕੌਣ ਕਰੇ

75 ਮਾਂ ਦਾ ਪਰਛਾਵਾਂ ਬੁਢਾਪੇ ਦਾ ਸਿਰਨਾਵਾਂ

77 ਦੁਖੀ ਰੋਵਣ ਮਾਰਨ ਧਾਹੀਂ, ਮਾਂ ਲਾਵੇ ਮੱਲਮ ਵੈਣਾਂ ਰਾਹੀਂ

80 ਮਾਂ ਦਾ ਚੇਤਾ ਤੇ ਚਿੰਤਨ

84 ਮਾਂ ਦੱਸੇ ਗੁਰ ਰਸੋਈ ਦਾ,ਕਿਵੇਂ ਪ੍ਰਪੱਕ ਹੋਈ ਦਾ?

88 ਮਾਂ ਦੀ ਪੋਟਲੀ

90 ਮਾਂ ਨੇ ਪ੍ਰੇਮ ਕਰਨਾ ਸਿਖਾਇਆ

92 ਮਾਂ ਦੀ ਲੋਰੀ ਹੋ ਗਈ ਚੋਰੀ

94 ਅੰਮਾਂ ਗੁੱਲੀ, ਮੋਈ ਰੋਟੀ, ਪਾਣੀ ਹੱਥ ਦੀ ਜਰਾ ਛੋਟੀ

96 ਮਾਂ ਦੇ ਤੱਤ, ਅੱਜ ਵੀ ਸੱਚ

100 ਕਦੋਂ ਪੁਛੇਗੀ ਪੁੱਤ ਉਦਾਸ ਕਿਉਂ ਹੈਂ?

104 ਮੇਰੀ ਮਾਂ, ਤੇਰੀ ਮਾਂ, ਸਭ ਦੀ ਮਾਂ

107 ਸ਼ਰਮ ਹੱਯਾ ਦਾ ਪ੍ਰਤੀਕ ਪਰਦਾ

109 ਮਾਂ ਦੀ ਗੋਝੀ, ਕਰਦੀ ਨਾਲ ਸੋਝੀ

# ਲੇਖਕ ਦੇ ਵਿਚਾਰ

ਦੁਨੀਆਂ ਦੀਆਂ 90% ਭਾਸ਼ਾਵਾਂ ਵਿੱਚ 'ਮਾਂ' ਸ਼ਬਦ ਦਾ ਉਚਾਰਨ ਕਰਨ ਸਮੇਂ ਮੱਮਾ ਅੱਖਰ ਦੀ ਧੁਨੀ ਪਹਿਲਾਂ ਆਉਂਦੀ ਹੈ। ਜਿੰਦਗੀ ਮਾਂ ਤੋਂ ਸ਼ੁਰੂ ਹੁੰਦੀ ਹੈ। ਮਾਂ ਦੀ ਛੂਹ ਹੀ ਪਹਿਲਾਂ ਪ੍ਰਾਪਤ ਹੁੰਦੀ ਹੈ। ਮਾਂ ਪ੍ਰਮਾਤਮਾ ਦੀ ਅਜਿਹੀ ਰਚਨਾ ਹੈ ਜਿਹੜੀ ਆਪਣੇ ਆਪ ਵਿੱਚ ਸੰਪੂਰਨ ਹੈ। ਮਨੁੱਖਤਾ ਦੀ ਲੜੀ ਜੋੜਨ ਲਈ ਮਾਂ ਦਾ ਸਹਾਰਾ ਲੈਣਾ ਪੈਂਦਾ ਹੈ। ਜੇ ਮਾਂ ਨਾ ਹੁੰਦੀ ਤਾਂ ਦੁਨੀਆਂ ਵੀ ਨਹੀਂ ਹੋਣੀ ਸੀ।

ਕਿਸੇ ਔਰਤ ਵੱਲ ਦੇਖਣ ਤੇ ਉਸ ਵਿੱਚੋਂ ਮਾਂ ਦਾ 'ਅਕਸ' ਨਜ਼ਰ ਆਉਂਦਾ ਹੈ। ਭਾਵੇਂ ਕੰਨਿਆ, ਵਿਆਹੀ ਜਾਂ ਬੁੱਢੀ ਹੋਵੇ। ਉਸ ਦੇ ਬੱਚਿਆਂ ਵੱਲ ਧਿਆਨ ਜਾਂਦਾ ਹੈ। ਕਦੋਂ ਕੁ ਹੋਣਗੇ? ਕਿੰਨੇ ਕੁ ਹੋਣਗੇ? ਕਿੱਡੇ ਕੁ ਹੋਣਗੇ? ਕੀ ਉਹਨਾਂ ਦੇ ਭਰਾ, ਭੈਣ, ਮਾਸੀ, ਭੂਆ ਵੀ ਹੋਵੇਗੀ? ਕਿਵੇਂ ਪਾਲੇਗੀ? ਕਿਵੇਂ ਪਾਲ਼ੇ ਹੋਣਗੇ? ਕਿਵੇਂ ਖਿ਼ਲਾਉਂਦੀ, ਪਿਲਾਉਂਦੀ, ਹਸਾਉਂਦੀ, ਵਿਹਾਉਂਦੀ, ਪਰਚਾਉਂਦੀ ਤੇ ਲਾਡ ਲਿਡਾਉਂਦੀ ਹੋਵੇਗੀ? ਛਾਤੀ ਨਾਲ ਲਾ ਕੇ ਦਿਲ ਦੀ ਧੜਕਣ ਨੂੰ ਕਿਵੇਂ ਸ਼ਾਂਤ ਕਰਦੀ ਹੋਵੇਗੀ? ਉਸ ਦੀਆਂ ਰੀਝਾਂ, ਸਧਰਾਂ, ਆਸਾਂ ਉਮੀਦਾਂ, ਉਮੰਗਾਂ, ਚਾਵਾਂ, ਮਲਾਰਾਂ, ਜਵਾਨੀ ਵਿੱਚ ਭੌਰੇ ਮਨ ਦੇ ਲੱਡੂ ਤੇ ਬਣਾਏ ਹਵਾਈ ਕਿਲੇ ਕੀ ਪੂਰ ਚੜ੍ਹ ਗਏ ਹੋਣਗੇ? ਕਿਵੇਂ ਲਿਖਾਵੇਗੀ? ਕਿਵੇਂ ਪੜ੍ਹਾਵੇਗੀ? ਬੁੱਢੀ ਮਾਂ ਦੇ ਜਾਏ ਉਸ ਦੇ ਜਿਉਂਦੇ ਜੀ ਜਵਾਨ ਹੋ ਜਾਣਗੇ ਜਾਂ ਪਹਿਲਾਂ ਰੁਖ਼ਸਤ ਹੋ ਜਾਵੇਗੀ। ਉਹਨਾਂ ਮਾਂ ਬਾਹਰੇ ਬੱਚਿਆਂ ਦਾ ਕੀ ਬਣੇਗਾ? ਕੀ ਆਰਥਿਕ ਵਸੀਲੇ ਉਹਨਾਂ ਦਾ ਸਾਥ ਦੇਣਗੇ? ਜਾਂ ਮੰਗ ਪਿੰਨ ਕੇ ਢਿੱਡ ਭਰਨਗੇ? ਕੀ ਬੁੱਢੀ ਮਾਂ ਦੀਆਂ ਉਹਨਾਂ ਤੇ ਲਾਈਆਂ ਆਸਾਂ ਸੰਪਨ ਹੋ ਜਾਣਗੀਆਂ? ਕੀ ਸਾਰੀ ਉਮਰ ਮਾਂ ਦੀ ਯਾਦ ਵਿੱਚ ਬੇਜ਼ਾਰ ਰਹਿਣਗੇ। ਅਜਿਹੇ ਅਨੇਕਾਂ ਪ੍ਰਸ਼ਨ ਸਿਰਫ ਮਾਂ ਦਾ ਚੇਤਾ ਹੀ ਨਹੀਂ ਕਰਵਾਉਂਦੇ ਸਗੋਂ ਉਹਨਾਂ ਮਾਵਾਂ ਅੱਗੇ ਸੀਸ ਝੁਕਾਉਣ ਲਈ ਜ਼ੋਰ ਪਾਉਂਦੇ ਹਨ ਜਿੰਨਾਂ ਦੀ ਤਪੱਸਿਆ ਤਾਂ ਫਲੀਭੂਤ ਹੋਈ। ਪਰ ਚਾਅ ਅਧੂਰੇ ਰਹਿ ਗਏ ਤੇ ਬੋਲ ਪੂਰੇ ਹੋ ਗਏ।

ਹਰੇਕ ਮਾਂ ਆਪਣੀ ਮਾਂ ਦਾ ਰੂਪ ਲਗਦੀ ਹੈ। ਜਿਸ ਦੀ ਗੋਦ ਦਾ ਹੇਰਵਾ ਥਾਂ ਥਾਂ ਭਟਕਦਾ, ਉਹ ਕੱਜਣ ਲੱਭਦਾ ਫਿਰਦਾ ਹੈ ਜਿੱਥੇ ਜਾ ਕੇ, ਸਾਰੇ ਖੋਟ, ਐਬ, ਨੁਕਸ, ਕਮੀਆਂ, ਦੁੱਖ, ਦਰਦ, ਪ੍ਰੇਸ਼ਾਨੀਆਂ ਜੀਰੋ ਹੋ ਜਾਂਦੀਆਂ ਹਨ। ਮਾਂ ਦੀ ਗੋਦ ਸੰਪੂਰਨ ਮਨੁੱਖ ਵਾਂਗ ਹੁੰਦੀ ਹੇ। ਜਿੱਥੇ ਪਿਆਰ ਦੀ ਫਸਲ ਤੋਂ ਬਿਨਾਂ ਹੋਰ ਕੁਝ ਨਹੀਂ ਉਗਦਾ। ਹਰੇਕ ਔਰਤ ਮਾਂ ਲੱਗਣ ਤੋਂ ਬਾਅਦ ਹੀ ਹੋਰ ਰਿਸ਼ਤੇ ਦਾ ਚੇਤਾ ਆਉਂਦਾ ਹੈ। ਕਿਸੇ ਵਿਸ਼ੇਸ਼ ਮਾਂ ਦਾ ਜ਼ਿਕਰ ਨਹੀਂ ਕੀਤਾ ਗਿਆ। ਸਗੋਂ ਮਾਵਾਂ ਦੇ ਜ਼ਜ਼ਬਿਆਂ ਨੂੰ ਵਿਸਥਾਰਨ ਦੀ ਨਿਮਾਣੀ ਕੋਸ਼ਿਸ਼ ਕੀਤੀ ਗਈ ਹੈ। ਭਾਵੇਂ ਮਾਂ ਦੀ ਖੁਸੀਂ ਜਾਂ ਗਮੀ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕੋਈ ਦੂਜਾ ਜਾਣ ਸਕਦਾ ਹੈ।

ਰਸੂਲ ਹਮਜ਼ਾਤੋਵ ਲੇਖਕ ਬਣਨ ਲਈ ਦੋ ਚੀਜ਼ਾਂ ਤੇ ਜ਼ੋਰ ਦਿੰਦਾ ਹੈ, 'ਮਾਤਭੂਮੀ' ਅਤੇ 'ਮਾਂ'। ਇੱਕ ਹੋਰ ਵਿਚਾਰ ਬੜੇ ਭਰੋਸੇ ਨਾਲ ਦ੍ਰਿਸ਼ਟੀ ਗੋਚਰ ਕਰਦਾ ਹੈ ਕਿ ਲੇਖਕ ਬਣਨ ਲਈ ਮਾਂ ਦੀ ਫੋਟੋ ਮੇਜ਼ ਤੇ ਪਈ ਹੋਣੀ ਚਾਹੀਦੀ ਹੈ। ਇਹ ਵਿਚਾਰ ਬੜੇ ਪ੍ਰਭਾਵਸ਼ਾਲੀ ਤੇ ਮਨ ਨੂੰ ਟਿਕਾਓ ਵਿੱਚ ਲਿਆਉਣ ਲਈ ਕੀਮੀਆਂ ਹਨ। ਖੂਹ ਦੀ ਮੌਣ ਤੇ ਖੜ ਕੇ ਥੱਲੇ ਵੱਲ ਲਗਾਤਾਰ ਝਾਕੀ ਜਾਈਏ ਤਾਂ ਕੁਝ ਸਮੇਂ ਬਾਅਦ ਇਸ ਤਰ੍ਹਾਂ ਮਹਿਸੂਸ ਹੋਵੇਗਾ ਕਿ ਅਸੀਂ ਖੂਹ ਦੇ ਥੱਲੇ ਉੱਤਰ ਗਏ ਹਾਂ ਤੇ ਖੂਹ ਸਾਡੇ ਉਪਰ ਖੜ੍ਹਾ ਹੈ। ਜਦੋਂ ਮਾਂ ਦੀ ਫੋਟੋ ਤੇ ਨਿਗਾਹ ਟਿਕਾਵਾਂਗੇ ਤਾਂ ਤਸਵੀਰ ਦੇ ਅੰਦਰ ਉੱਤਰ ਜਾਵਾਂਗੇ। ਇਉਂ ਲੱਗੇਗਾ ਜਿਵੇਂ ਮਾਂ ਨੇ ਸਾਡੇ ਸਿਰ ਤੇ ਹੱਥ ਰੱਖ ਦਿੱਤਾ ਹੋਵੇ। ਮਾਂ ਦਾ ਹੋਣਾ ਹੀ ਸਾਡੀਆਂ ਭਾਵਨਾਵਾਂ ਸੰਤੁਸ਼ਟ ਕਰਦਾ ਹੈ।

ਮਾਤਭੂਮੀ ਤੇ ਮਾਤਭਾਸ਼ਾ ਵੀ ਮਾਵਾਂ ਵਾਲਾ ਫਰਜ ਨਿਭਾਉਂਦੀਆਂ ਹਨ। ਮਾਤਭੂਮੀ ਹਰ ਸਮੇਂ ਸਾਡਾ

ਖਿਆਲ ਰਖਦੀ ਹੈ। ਜੋ ਮੰਗੀਏ, ਸੋਈ ਦਿੰਦੀ ਹੈ। ਮਾਤਭਾਸ਼ਾ ਸਾਡੇ ਵਿਚਾਰਾਂ ਨੂੰ ਉਤਸ਼ਾਹਿਤ ਕਰਦੀ ਹੈ। ਜਿਹੜੀ ਮਾਂ ਅਤੇ ਵਿਰਸੇ ਨਾਲ ਜੋੜਦੀ ਹੈ। ਇਸ ਦੀ ਮਾਂ ਦੇ ਪੇਟ ਵਿੱਚ ਗੁੜਤੀ ਲੈ ਲੈਂਦੇ ਹਾਂ।

ਪਤਨੀ ਵੀ ਮਾਂ ਹੁੰਦੀ ਹੈ। ਮਾਂ ਵਾਲੇ ਫਰਜ ਨਿਭਾਉਂਦੀ ਹੈ। ਸ਼ੱਕ ਉਦੋਂ ਨਿਕਲ ਕਾਂਦਾ ਹੈ ਜਦੋਂ ਮਾਂ ਵਾਂਗੂੰ ਪਤੀ ਦਾ ਖਿਆਲ ਰੱਖਣਾ ਸ਼ੁਰੂ ਕਰ ਦਿੰਦੀ ਹੈ। ਜਿਵੇਂ ਜਿਵੇਂ ਵਾਸ਼ਨਾਵਾਂ ਕਮਜ਼ੋਰ ਪੈਂਦੀਆਂ ਜਾਂਦੀਆਂ ਹਨ, ਤਿਵੇਂ ਤਿਵੇਂ ਹਿਰਦਾ ਜਾਗਦਾ ਜਾਂਦਾ ਹੈ। ਫਰਕ ਸਿਰਫ ਐਨਾ ਹੈ ਕਿ ਮਾਂ ਨੇ ਢਿੱਡੋਂ ਜਾਇਆਂ ਨੂੰ ਆਪਣਾ ਜੀਵਨ ਸਮਰਪਣ ਕਰਨਾ ਹੁੰਦਾ ਹੈ। ਪਤਨੀ ਨੇ ਬਿਗਾਨੀ ਕੁੱਖੋਂ ਜਨਮ ਲੈਣ ਵਾਲਿਆਂ ਨੂੰ ਜ਼ਿੰਦਗੀ ਸੌਂਪਣੀ ਹੁੰਦੀ ਹੈ। ਦੋਵਾਂ ਤਰ੍ਹਾਂ ਦੇ ਫਰਜ ਸਿਰਫ ਔਰਤ ਹੀ ਨਿਭਾਅ ਸਕਦੀ ਹੈ। ਇੱਕ ਸਮਾਂ ਅਜਿਹਾ ਆਉਂਦਾ ਹ, ਜਦੋਂ ਪਤੀ ਪਤਨੀ ਦੇ ਸੰਬੰਧ ਮਾਂ ਪੁੱਤ ਵਰਗੇ ਹੋ ਜਾਂਦੇ ਹਨ। ਜਿਵੇਂ ਮਾਂ, ਪੁੱਤ ਨਾਲ ਨਿੱਕੀਆਂ ਨਿੱਕੀਆਂ ਮੋਹ ਭਰੀਆਂ ਗੱਲਾਂ ਕਰਦੀ ਹੈ। ਕਹਾਣੀਆਂ, ਬਾਤਾਂ ਸੁਣਾ ਕੇ ਪਰਚਾਉਂਦੀ ਤੇ ਪਿਆਰ ਜਿਤਾਉਂਦੀ ਹੈ ਤਿਵੇਂ ਹੀ ਪਤੀ ਪਤਨੀ ਵਿੱਚ ਛੋਟੀਆਂ ਛੋਟੀਆਂ ਪਿਆਰੀਆਂ ਪਿਆਰੀਆਂ ਬਾਤਾਂ ਦਾ ਆਪਸ ਵਿੱਚ ਲੈਣ ਦੇਣ ਕਰ ਕੇ ਮਨ ਨੂੰ ਆਹਰੇ ਲਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਕਿਉਂਕਿ ਬੁਢਾਪੇ ਵਿੱਚ ਜਾ ਕੇ ਮਨੋਰੰਜਨ ਦਾ ਸਾਧਨ ਜਬਾਨ ਤੱਕ ਸੀਮਤ ਹੋ ਕੇ ਰਹਿ ਜਾਂਦਾ ਹੈ। ਜੇ ਗੱਲਾਂ ਨਾ ਕੀਤੀਆਂ ਜਾਣ ਤਾਂ ਇਉਂ ਲਗਦਾ ਹੈ ਜਿਵੇਂ ਕੁਝ ਗੁਆਚ ਗਿਆ ਹੋਵੇ।

ਮਾਂ ਦੀ ਲੋਰੀ ਤੇ ਪਤਨੀ ਦਾ ਮੇਲ ਰੂਹ ਨੂੰ ਭਾਉਂਦਾ ਹੈ। ਮਾਂ ਬੱਚੇ ਦੇ ਅੰਦਰੂਨੀ ਤੇ ਬਾਹਰੀ ਭਾਵਾਂ ਨੂੰ ਮੁੱਢੋਂ ਜਾਣ ਲੈਂਦੀ ਹੈ ਜਦੋਂ ਕਿ ਇਹੀ ਕੁਝ ਪਤਨੀ ਅਨੁਭਵ ਨਾਲ ਪਛਾਣ ਲੈਂਦੀ ਹੈ। ਮਾਂ ਵਿੱਚ ਕੁਝ ਲੈਣ ਦੇਣ ਦੀ ਭਾਈਵਾਲੀ ਨਹੀਂ ਹੁੰਦੀ। ਉਸ ਨੇ ਪਿਆਰ ਦੀ ਛਹਿਬਰ ਲਾਉਣੀ ਹੀ ਹੁੰਦੀ ਹੈ। ਪਰ ਪਤੀ ਪਤਨੀ ਵਿੱਚ ਲੈਣ ਦੇਣ ਦਾ ਕੁਝ ਆਛਾ ਜ਼ਰੂਰ ਕੰਮ ਕਰਦਾ ਹੈ। ਵੈਸੇ ਦੋਵੇਂ ਸਥਿਤੀਆਂ ਅਜਿਹੀਆਂ ਹਨ ਜਦੋਂ ਦੋਵਾਂ ਨੂੰ ਲੰਘਦੇ ਸਮੇਂ ਦਾ ਖਿਆਲ ਨਹੀਂ ਰਹਿੰਦਾ। ਲੋਰੀ ਦੇਣ ਵੇਲੇ ਮਾਂ ਬਹਿਸ਼ਤ ਵਿੱਚ ਹੁੰਦੀ ਹੈ। ਅੱਖਾਂ ਵਿੱਚ ਖੁਮਾਰੀ ਤੇ ਸੰਸੇ ਤੋਂ ਬੇਫਿਕਰ ਹੁੰਦੀ ਹੈ। ਰੁਹਾਨੀ ਪਿਆਰ ਦੀ ਸਿਖਰ ਹੁੰਦੀ ਹੈ। ਪਤੀ ਪਤਨੀ ਦੇ ਪਿਆਰ ਵਿੱਚ ਅਜਿਹੀ ਸਥਿਤੀ ਆਉਂਦੀ ਹੈ ਜਦੋਂ ਵਾਸ਼ਨਾਵਾਂ ਦੀ ਚੜ੍ਹਤ ਮੱਠੀ ਪੈ ਜਾਂਦੀ ਹੈ ਅਤੇ ਰੁਹਾਨੀ ਪਿਆਰ ਦੀਆਂ ਕਰੂੰਬਲਾਂ ਤੂਈਆਂ ਕੱਢਣ ਲੱਗ ਜਾਂਦੀਆਂ ਹਨ।

ਇਬਰਾਹੀਮ ਲਿੰਕਨ ਕਿਹਾ ਕਰਦਾ ਸੀ ਕਿ ਉਹ ਵਿਅਕਤੀ ਕਦੇ ਗਰੀਬ ਨਹੀਂ ਹੋ ਸਕਦਾ ਜਿਸ ਕੋਲ ਰੱਬ ਵਰਗੀ ਮਾਂ ਹੋਵੇ। ਇਸ ਦੁਨੀਆਂ ਵਿੱਚ ਸਾਡੀ ਹੋਂਦ ਮਾਂ ਕਰ ਕੇ ਹੈ। ਜੀਵਨ ਮਾਵਾਂ ਦੇ ਆਸਰੇ ਵਧਦਾ, ਫੁੱਲਦਾ ਤੇ ਪ੍ਰਫੁੱਲਤ ਹੁੰਦਾ ਹੈ। ਬੇਅੰਤ ਮਾਵਾਂ ਹਨ ਜਿੰਨ੍ਹਾਂ ਦੇ ਪੁੱਤਾਂ ਧੀਆਂ ਨੇ ਇਤਿਹਾਸ ਦੇ ਸੁਨਹਿਰੀ ਪੰਨੇ ਉਕਰੇ ਤੇ ਨਾਮਨਾ ਖੱਟਿਆ। ਜ਼ਿੰਦਗੀ ਦੀਆਂ ਸਿੱਖਿਆਵਾਂ ਦੀ ਸ਼ੁਰੂਆਤ ਮਾਂ ਤੋਂ ਹੁੰਦੀ ਹੈ। ਮਾਂ ਤੋਂ ਬਿਨਾਂ ਬਚਪਨ ਬਿਤਾਉਣ ਵਾਲੇ ਬੱਚਿਆਂ ਦੀ ਸੋਚ ਤੇ ਜੀਵਨ ਪੱਧਰ ਵਿੱਚ ਵਖਰੇਵਾਂ ਆ ਜਾਂਦਾ ਹੈ। ਮਾਂ ਦੀ ਮਮਤਾ ਦੀ ਛਾਂ ਵਿੱਚ ਹਰ ਬੱਚਾ ਸਕੂਨ ਮਹਿਸੂਸ ਕਰਦਾ ਹੈ। ਮਾਂ ਦੀ ਬੁੱਕਲ ਵਿੱਚ ਤਣਾਓ ਮੁਕਤ ਹੋ ਕੇ ਕੁਝ ਪਲ ਬਿਤਾਏ ਜਾ ਸਕਦੇ ਹਨ। ਜਿੰਨਾਂ ਚਿਰ ਮਾਂ ਜਿਉਂਦੀ ਹੈ, ਉਨ੍ਹਾਂ ਚਿਰ ਬਚਪਨ ਸਾਡੇ ਅੰਗ ਸੰਗ ਰਹਿੰਦਾ ਹੈ। ਅਸੀਂ ਛੋਟੇ ਲਗਦੇ ਹਾਂ। ਬੁਢਾਪੇ ਤੋਂ ਦੂਰ ਹੁੰਦੇ ਹਾਂ। ਪਿਆਰ ਵਿੱਚ 'ਗੜੁੱਚ' ਅਸ਼ੀਰਵਾਦਾਂ ਦਾ ਕਾਫਲਾ ਸਾਡੇ ਨਾਲ ਜੀਵਨ ਭਰ ਸਫ਼ਰ ਕਰਦਾ ਰਹਿੰਦਾ ਹੈ।

ਵੱਖ ਵੱਖ ਲੋਕਾਂ ਨੂੰ ਵੱਖ ਵੱਖ ਰੂਪਾਂ ਵਿੱਚ ਯਾਦ ਆਉਂਦੀ ਹੈ। ਬਚਪਨ ਵਿੱਚ ਹੋਰ, ਜਵਾਨੀ 'ਚ ਹੋਰ ਅਤੇ ਬੁਢਾਪੇ ਵਿੱਚ ਫਿਰ ਅਸਲੀ ਰੂਪ ਧਾਰਨ ਕਰਦਾ ਜਾਪਦਾ ਹੈ। ਮਰਦ ਦੇ ਭਰੋਸੇ ਦੀ ਥਾਂ ਸਿਰਫ ਮਾਂ ਹੁੰਦੀ ਹੈ। ਮਰਦ ਦੀਆਂ ਤਿੰਨੇ ਅਵੱਸਥਾਵਾਂ ਇਸ ਤੇ ਯਕੀਨ ਕਰਦੀਆਂ ਹੁੰਦੀਆਂ ਹਨ ਇਹ ਭਰੋਸਾ ਕਦੇ 'ਵਿਸ਼ਵਾਸ਼ਘਾਤ' ਨਹੀਂ ਕਰਦਾ। ਬਚਪਨ ਤੋਂ ਬੁਢਾਪੇ ਤੱਕ ਮਾਂ ਦੇ ਹੱਥਾਂ ਦੀ ਛੂਹ ਸਾਨੂੰ ਤਾਜਗੀ ਬਖ਼ਸ਼ਦੀ

ਰਹਿੰਦੀ ਹੈ।

ਇਬਰਾਹੀਮ ਲਿੰਕਨ ਕਿਹਾ ਕਰਦਾ ਸੀ, "ਮੈਂ ਜੋ ਵੀ ਹਾਂ। ਅੱਗੇ ਜੋ ਵੀ ਬਣਾਂਗਾ, ਸਿਰਫ ਮਾਂ ਦੀ ਬਦੌਲਤ।" ਮਾਂ ਪਿਆਰ ਭਵਿੱਖ ਸੰਵਾਰਨ ਵਿੱਚ ਸਹਾਈ ਹੁੰਦਾ ਹੈ। ਮਾਂ ਦਾ ਪਿਆਰ ਤਕੜੀ 'ਚ ਪਾ ਕੇ ਤੋਲਿਆ ਨਹੀਂ ਜਾ ਸਕਦਾ। ਨਾ ਹੀ ਕਿਸੇ ਪੈਮਾਨੇ ਨਾਲ ਮਾਪਿਆ ਜਾ ਸਕਦਾ ਹੈ। ਇਸ ਨੂੰ ਮਾਪਣ ਲਈ ਕੋਈ ਮਾਪ ਬਣਿਆ ਹੀ ਨਹੀਂ। ਵੱਸ! ਇੱਕੋ ਗੱਲ ਯਾਦ ਰਖਣ ਵਾਲੀ ਹੈ ਕਿ ਮਾਂ ਨੇ ਕੁਰਬਾਨੀ ਦੇ ਕੇ ਆਪਣਾ ਜੀਵਨ ਸਫਲ ਕਰਨਾ ਹੁੰਦਾ ਹੈ।

ਮਾਂ ਘਰ ਦਾ ਚੁੱਲਾ ਹੁੰਦੀ ਹੈ। ਮਾਂ ਹੈ ਤਾਂ ਚਾਨਣ ਹੈ। ਨਹੀਂ ਤਾਂ ਹਨੇਰੇ ਦੇ ਬਦਲ ਜੀਵਨ ਭਰ ਛਾਏ ਰਹਿੰਦੇ ਹਨ। ਕਿਸੇ ਪਰਿਵਾਰ ਨੂੰ ਵਸਾਉਣ ਤੇ ਮਕਾਨ ਨੂੰ ਘਰ ਬਣਾਉਣ ਲਈ ਆਪਸੀ ਸਾਂਝਾਂ ਦਾ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਇਨਾਂ ਸਾਂਝਾਂ ਦਾ ਕੇਂਦਰ ਬਿੰਦੂ ਮਾਂ ਹੁੰਦੀ ਹੈ। ਸੁੰਦਰ ਤੋਂ ਸੁੰਦਰ ਬੰਗਲਾਂ, ਕੋਠੀ, ਮਕਾਨ ਉਨ੍ਹਾਂ ਚਿਰ ਘਰ ਨਹੀਂ ਅਖਵਾ ਸਕਦਾ ਜਿੰਨਾ ਚਿਰ ਉਸ ਵਿੱਚ ਸਾਂਝ ਦੇ ਸੂਤਰ 'ਚ ਵੱਜਾ ਹੋਇਆ ਪਰਿਵਾਰ ਨਾ ਰਹਿੰਦਾ ਹੋਵੇ। ਸਾਂਝਾਂ ਦੀ ਇਮਾਰਤ ਉਸਾਰਨ ਤੇ ਨੀਂਹ ਪੱਕੀ ਕਰਨ ਲਈ ਮਾਂ ਦਾ ਯੋਗਦਾਨ ਸਾਡਾ ਨਸੀਬ ਹੁੰਦਾ ਹੈ।

ਇਹ ਵਿਚਾਰ ਧਿਆਨ ਦੇਣ ਯੋਗ ਹੈ ਕਿ ਅਸੀਂ ਕਿਹੋ ਜਿਹੇ ਸਮਾਜ ਦੀ ਸੰਰਚਨਾ ਕਰ ਰਹੇ ਹਾਂ। ਅੱਜ ਜੋ ਬੱਚੇ ਜਨਮ ਲੈ ਰਹੇ ਹਨ ਉਹਨਾਂ ਨੂੰ ਆਪਣੇ ਖ਼ੂਨ ਨਾਲ ਸੰਬੰਧ ਰੱਖਣ ਵਾਲਾ ਰਿਸ਼ਤਾ ਦੀਵਾ ਲੈ ਕੇ ਵੀ ਨਹੀਂ ਲੱਭੇਗਾ। ਸਾਂਝਾ ਦਾ ਸੂਤਰ ਟੁੱਟ ਚੁੱਕਿਆ ਹੈ। ਮਾਵਾਂ ਵੀ ਵੰਡੀਆਂ ਜਾ ਰਹੀਆਂ ਹਨ। ਅਸੀਂ ਸਿਰਫ ਇੱਕ ਤੇ ਇੱਕ ਬੱਚੇ ਨੂੰ ਜਨਮ ਦੇ ਰਹੇ ਹਾਂ। ਜੇ ਪਹਿਲਾ ਲੜਕਾ ਹੋਵੇ ਤਾਂ ਪੈਦਾਇਸ਼ ਕਰਨੀ ਬੰਦ। ਇਉਂ ਸੋਚਣਾ ਬਣਦਾ ਹੈ ਜਿਸ ਬੱਚੇ ਦੇ ਭੈਣ ਨਹੀਂ, ਭਰਾ ਨਹੀਂ, ਭੂਆ, ਮਾਸੀ, ਚਾਚੀ, ਤਾਈ ਵੀ ਨਹੀਂ ਤਾਂ ਉਸ ਦਾ ਕੀ ਹਾਲ ਹੋਵੇਗਾ? ਮਾਂ ਨੂੰ ਕਿਹੜੇ ਰਿਸ਼ਤੇ ਦਾ ਸਹਾਰਾ ਹੋਵੇਗਾ। ਕਿਹੜੇ ਰਿਸ਼ਤੇ ਨਾਲ ਦਿਲ ਦੀ ਗੱਲਮਸਾਂਝੀ ਕਰ ਕੇ ਮਨ ਦਾ ਭਾਰ ਹੌਲਾ ਕਰੇਗੀ। ਭਾਵਨਾਵਾਂ ਦੀ ਸਾਂਝ ਦਾ ਕੀ ਬਣੇਗਾ? ਜੇ ਇਕੱਲੀ ਲੜਕੀ ਹੈ ਤਾਂ ਰਿਸ਼ਤਿਆਂ ਦੇ ਪੱਖੋਂ ਉਸ ਦਾ ਵੀ ਇਹੀ ਹਾਲ ਹੋਵੇਗਾ। ਇੱਕੋ ਖ਼ੂਨ ਵਾਲੇ ਰਿਸ਼ਤਿਆਂ ਬਗੈਰ ਭਾਵਨਾਵਾਂ ਤੇ ਦਿਲਾਂ ਦੀਆਂ ਸਾਂਝਾ ਦਾ ਭੋਗ ਪੈ ਜਾਵੇਗਾ। ਇਨਸਾਨੀਅਤ ਦਾ ਬਿਸਤਰਾ ਗੋਲ ਹੋ ਜਾਵੇਗਾ। ਸਮਾਜ ਬਿਗਾਨਾ ਬਣ ਜਾਵੇਗਾ। ਸਮਾਜ ਵਿੱਚ 'ਓਪਰਾਪਣ' 'ਆਪਹੁਦਰਾਪਣ' ਪੈਦਾ ਹੋ ਜਾਵੇਗਾ। ਮਾਵਾਂ ਦਾ ਕੀ ਹਾਲ ਹੋਵੇਗਾ। ਮਾਵਾਂ ਹੋਰ ਦੁਖੀ ਹੋਣਗੀਆਂ।

ਉਹਨਾਂ ਬੱਚਿਆਂ ਤੇ ਉਹਨਾਂ ਬੰਦਿਆਂ ਨੂੰ ਪੁੱਛੀਏ ਜਿੰਨ੍ਹਾਂ ਨੂੰ ਇਸ ਰੁੱਖਦੀ ਠੰਡੀ ਛਾਂ 'ਚ ਬੈਠਣ ਦਾ ਮੌਕਾ ਨਹੀਂ ਮਿਲਿਆ ਤਾਂ ਉਹਨਾਂ ਦੇ ਅਚੇਤਮਨ ਤੇ ਪਈਆਂ ਗੁੱਥੀਆਂ ਖੁਲਦੀਆਂ ਨਜ਼ਰ ਆਉਂਦੀਆਂ ਹਨ। ਬਚਪਨ 'ਚ ਮਾਵਾਂ ਦਾ ਵਿਛੋੜਾ ਤੇ ਗੋਦੀ ਦਾ ਤਰਸੇਵਾਂ ਅਚੇਤ ਮਨ ਤੇ ਪੱਥਰ ਦੀ ਲਕੀਰ ਵਾਂਗ ਛਪ ਜਾਂਦਾ ਹੈ। ਸਾਰੀ ਉਮਰ ਬੰਦੇ ਨੂੰ ਉਕਸਾਉਂਦਾ ਰਹਿੰਦਾ ਹੈ। ਜਿੰਨ੍ਹਾਂ ਚਿਰ ਮਨ ਦੀ ਭੜਾਸ ਨਾ ਕੱਢੀ ਜਾਵੇ। ਕਾਗਜ਼ ਤੇ ਕਲਮ ਦਾ ਸਹਾਰਾ ਲੈ ਕੇ ਗਮਾਂ ਦੀ ਪੰਡ ਨੂੰ ਹਲਕੀ ਕਰਨ ਦੀ ਕੋਸ਼ਿਸ਼ ਵਿੱਚ ਹਾਂ। ਮਾਂ ਦਾ ਹੇਰਵਾ ਸਾਹਿਤ ਦਾ ਖੇਤਰ ਬਣਨ ਲਈ ਮੱਲੋਮੱਲੀ ਪ੍ਰਵੇਸ਼ ਕਰ ਆਇਆ ਹੈ। ਸਾਹਿਤਕ ਰਚਨਾ ਦਾ ਮੁੱਢ ਇਥੋਂ ਹੀ ਬੱਝਿਆ ਹੋਵੇ ਤਾਂ ਅਸਰ ਵੱਧ ਕਰਦਾ ਹੈ। ਸਾਹਿਤ ਉਹੀ ਸਦੀਵੀ ਹੋ ਜਾਂਦਾ ਹੈ ਜਿਹੜਾ ਯਥਾਰਥ ਦੇ ਸਨਮੁੱਖ ਹੋਵੇ। ਅਸਲੀ ਸਾਹਿਤ ਉਹੀ ਹੁੰਦਾ ਹੈ ਜਿਸ ਵਿੱਚ ਲੇਖਕ ਦਾ 'ਆਪਾ' ਸ਼ਾਮਲ ਹੋਵੇ। ਨਹੀਂ ਤਾਂ ਕੀਤੀ ਗਈ ਰਚਨਾ ਲਿਖਤ ਬਣ ਜਾਂਦੀ ਹੈ।

ਮਮਤਾ ਦੀ ਮਹਿਕ ਨੂੰ ਮਾਂ ਨੂੰ ਕਿਹਾ ਜਾਂਦਾ ਹੈ। ਮਾਂ ਹੈ ਤਾਂ ਜੀਵਨ ਹੈ। ਮਾਂ ਭਾਵਨਾ ਨੂੰ ਪੂਜਦੀ ਹੈ। ਭਾਵਨਾ ਬਿਨਾਂ ਪਿਆਰ ਨਹੀਂ ਉਪਜਦਾ। ਪਿਆਰ ਦਾ ਹਰੇਕ ਸ਼ਬਦ ਜਾਂ ਵਾਕ ਸਾਹਿਤ ਦੀ ਬੂੰਦ ਵਾਂਗ ਹੁੰਦਾ

ਹੈ। ਦਿਲ ਦੀ ਬੋਲੀ ਸਾਹਿਤਕ ਅਖਵਾ ਸਕਦੀ ਹੈ।

ਧਨ ਦੌਲਤ ਦੀ ਬਜਾਏ ਮਾਂ ਦੀ ਮਮਤਾ ਮਨੁੱਖ ਨੂੰ ਮਾਨਵਤ ਦੇ ਉੱਚੇ ਮੁਕਾਮ ਤੇ ਪਹੁੰਚ ਸਕਦੀ ਹੈ। ਸਾਰੀ ਦੁਨੀਆਂ ਇੱਕ ਪਰਿਵਾਰ ਦੀ ਤਰ੍ਹਾਂ ਜਾਪਣ ਲੱਗ ਸਕਦੀ ਹੈ। ਦੁੱਖ ਸੁੱਖ ਦੂਜਿਆਂ ਨਾਲ ਸਹਿਜ ਸੁਭਾਉ ਹੀ ਸਾਂਝੇ ਕੀਤੇ ਜਾ ਸਕਣ ਦੀ ਸਮਰੱਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਮਾਨਵੀ ਭਾਈਚਾਰਕ ਸਾਂਝ ਪਕੜ 'ਚ ਆ ਸਕਦੀ ਹੈ। ਅਨੇਕ ਤਰ੍ਹਾਂ ਦੇ ਜੀਵਨ ਮੁੱਲਾਂ ਦੀ ਸਥਾਪਨਾ ਹੋ ਸਕਦੀ ਹੈ। ਮਾਂ ਦੀ ਅੰਤਰ ਪ੍ਰੇਰਨਾ ਨਾਲ ਮਾਨਵਤਾ ਦੇ ਅਮੁੱਲ ਖਜ਼ਾਨੇ ਨੂੰ ਭਰਿਆ ਜਾ ਸਕਦਾ ਹੈ। ਮਾਂ ਦੀ ਲੋਰੀ, ਮਾਂ ਦੀ ਗਲਵਕੜੀ, ਮਾਂ ਦੇ ਹੱਥਾਂ ਦੀ ਛੂਹ ਦੇ ਸਾਰੀ ਉਮਰ ਅਸੀਂ ਅਹਿਸਾਨਮੰਦ ਰਹਿੰਦੇ ਹਾਂ। ਜਨਮ ਤੋਂ ਪਹਿਲਾਂ ਦੀ ਮਿਲੀ ਹੱਥਾਂ ਦੀ ਛੂਹ ਦਾ ਮੁੱਲ ਮੋੜੀਏ। ਜਿਹੜਾ ਮਾਂ ਦੀ ਚਿੰਤਾ ਨਹੀਂ ਕਰਦਾ। ਉਹ ਬਿਗਾਨੀ ਔਰਤ ਦੀ ਚਿੰਤਾ ਨਹੀਂ ਕਰੇਗਾ।

ਮਾਵਾਂ ਠੰਢੀਆਂ ਛਾਵਾਂ,<br>
ਰੱਬ ਦਾ ਪ੍ਰਛਾਵਾਂ।<br>
ਜ਼ਿੰਦਗੀ ਦਾ ਸਿਰਨਾਵਾਂ,<br>
ਤਾਹੀਂਓ ਸੀਸ ਝੁਕਾਵਾਂ।

ਮਾਵਾਂ ਦਾ ਕਰਜ਼ਾ ਤਾਂ ਨਹੀਂ ਮੋੜ ਸਕਿਆ ਪਰ ਯਾਦ ਨੂੰ ਜਰੂਰ ਤਤਾਜ਼ਾ ਕਰ ਸਕਿਆ ਹੋਵਾਂਗਾ। ਉਮੀਦ ਕਰਦਾ ਹਾਂ ਤੁੱਛ ਜਿਹੇ ਯਤਨ ਨਾਲ ਕਿਤਾਬ ਪੜ੍ਹ ਕੇ ਪਾਠਕਾਂ ਨੂੰ ਮਾਵਾਂ ਜਰੂਰ ਚੇਤੇ ਆਉਣਗੀਆਂ ਤੇ ਕਿਤਾਬ ਨੂੰ ਪਸੰਦ ਕਰਨਗੇ।

ਪੰਜਾਬ, ਪੰਜਾਬੀਅਤ ਅਤੇ ਸੱਭਿਆਚਾਰ ਦੀਆਂ ਆਸ਼ਕ ਸਿਰਮੌਰ ਸਖਸ਼ੀਅਤਾਂ ਦਾ ਧੰਨਵਾਦ ਕਰਨ ਤੋਂ ਪਹਿਲਾਂ ਸਿਜਦਾ ਕਰਨ ਨੂੰ ਮਨ ਬੇਕਾਬੂ ਹੋ ਰਿਹਾ ਹੈ, ਜਿਹੜੀਆਂ ਟੁੱਟ ਰਹੇ ਵਿਰਸੇ ਨੂੰ ਜਿਉਂਦਾ ਰੱਖਣ ਲਈ ਰੇਡੀਓ ਚੰਨ ਪ੍ਰਦੇਸੀ (ਸ਼ਿਕਾਗੋ) ਰਾਹੀਂ ਅਣਥੱਕ ਕੋਸ਼ਿਸ਼ ਕਰ ਰਹੀਆਂ ਹਨ। ਦੇਸ਼ਾਂ ਬਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੂੰ ਵਿਰਸੇ ਦੀ ਸ਼ਾਨ ਤੇ ਸਨਮਾਨ ਬਰਕਰਾਰ ਰੱਖਣ ਲਈ ਚੁਕੰਨਾ ਕਰ ਰਹੀਆਂ ਹਨ। ਭੁੱਲੇ ਭਟਕਿਆਂ ਨੂੰ ਆਪਣੇ ਘਰ ਆਉਣ ਲਈ ਪ੍ਰੇਰਨਾ ਦੇ ਰਹੀਆਂ ਹਨ।

ਰੇਡੀਓ ਚੰਨ ਪ੍ਰਦੇਸੀ ਦੇ ਡਾਇਰੈਕਟਰ ਸ੍ਰ: ਸਰਬਣ ਸਿੰਘ ਸਿੰਘ ਟਿਵਾਣਾ ਅਤੇ ਮੈਨੇਜਿੰਗ ਡਾਇਰੈਕਟਰ ਸ੍ਰ: ਦਰਸ਼ਨ ਸਿੰਘ ਸਬਰਾਉਂ ਧੰਨਤਾ ਦੇ ਯੋਗ ਹਨ। ਜਿਨ੍ਹਾਂ ਨੂੰ ਬਦੇਸ਼ਾਂ ਵਿੱਚ ਬੈਠਿਆਂ ਵੀ ਆਪਣੇ ਵਿਰਸੇ ਨਾਲ ਮੋਹ ਹੈ। ਮੇਰੀ ਕਿਤਾਬ ਛਾਪਣ ਦੀ ਜਿੰਮੇਵਾਰੀ ਲੈਣੀ ਉਹਨਾਂ ਦੇ ਸਿਦਕ ਦਾ ਸਬੂਤ ਹੈ। ਧੰਨਵਾਦ ਕਰਨਾ ਅਹਿਸਾਨ ਨਹੀਂ। ਉਹਨਾਂ ਦੀ ਘਾਲਣਾ ਸਦਕਾ ਧੰਨਵਾਦ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ।

ਵਿਰਸੇ ਦੀਆਂ ਮਾਨਵੀ ਕਦਰਾਂ ਕੀਮਤਾਂ ਦੇ ਰਖਵਾਲੇ ਇੰਡੀਆ ਹੈੱਡ ਸ੍ਰ: ਪਰਮਿੰਦਰ ਸਿੰਘ ਟਿਵਾਣਾ ਰੇਡੀਓ ਚੰਨ ਪ੍ਰਦੇਸੀ ਰਾਹੀਂ ਕਿਣਕਾ ਕਿਣਕਾ ਵੰਡਣ ਵਿੱਚ ਕੰਜੂਸੀ ਨਹੀਂ ਕਰਦੇ ਸਗੋਂ ਭੰਡਾਰਾ ਖੋਲ ਦਿੰਦੇ ਹਨ। ਕਦੇ ਕਦੇ ਭੰਡਾਰੇ ਦੀ ਚਾਬੀ ਦੇ ਕੇ ਨਿਵਾਜਿਆ ਹੀ ਨਹੀਂ ਜਾਂਦਾ ਸਗੋਂ ਮੈਨੂੰ ਤਹਿ ਦਿਲੋਂ ਧੰਨਵਾਦੀ ਵੀ ਬਣਾਇਆ ਜਾਂਦਾ ਹੈ।

ਰੇਡੀਓ ਚੰਨ ਪ੍ਰਦੇਸੀ ਦੇ ਸਰਪ੍ਰਸਤ ਗੁਦਾ ਦੀ ਗੁਥਲੀ ਸ੍ਰ: ਜਨਮੇਜਾ ਸਿੰਘ ਜੌਹਲ ਦਾ ਯੋਗਦਾਨ ਨਾ ਹੁੰਦਾ ਤਾਂ ਕਿਤਾਬ ਅਧੂਰੀ ਰਹਿ ਜਾਣੀ ਸੀ। ਹਰ ਨੁਕਤੇ ਤੇ ਉਹਨਾਂ ਦੀ ਕੀਮਤੀ ਸਲਾਹ ਮੇਰੇ ਕੰਮ ਆਈ। ਅਗੜੇ ਦੁਗੜੇ ਪੰਨਿਆਂ ਨੂੰ ਤਰਤੀਬ ਦੇ ਕੇ ਕਿਤਾਬ ਦਾ ਰੂਪ ਦਿੱਤਾ। ਉਹਨਾਂ ਦਾ ਧੰਨਵਾਦ ਕਰਨ ਲਈ ਮੈਂ ਕੀਹਦਾ ਪਾਣੀਹਾਰ ਹਾਂ ਸਗੋਂ ਕਿਤਾਬ ਦਾ ਹਰ ਪੰਨਾ ਵੀ ਇਹ ਰੀਝ ਪੂਰੀ ਕਰਨੀ ਚਾਹੁੰਦਾ ਹੈ।

ਸੂਝਵਾਨ, ਗੁਣਵਾਨ, ਵਿਦਵਾਨ ਕੁਲਵੰਤ ਕੌਰ ਡਾ. ਦਾ ਰਿਣੀ ਹਾਂ। ਜਿਨ੍ਹਾਂ ਨੇ ਮੇਰੇ ਪਸਤ ਹੁੰਦੇ ਹੌਂਸਲੇ ਨੂੰ ਠੁੰਮਣਾ ਦਿੱਤਾ। ਅਸ਼ੀਰਵਾਦ ਦੇ ਕੇ ਕਲਮ ਨੂੰ ਚਿੱਟੀ ਧਰਤੀ ਤੇ ਠੁੰਮਕ, ਠੁੰਮਕ ਤੁਰਨਾ ਸਿਖਾਇਆ।

ਸਰਬਜੀਤ ਕੌਰ ਸੰਧਾਵਾਲੀਆ ਡਾ. ਦੀ ਉਸਾਰੂ ਸੋਚ ਨੇ ਕਿਤਾਬ ਨੂੰ ਚਾਰਚੰਨ ਲਾ ਦਿੱਤੇ। ਦੋ ਸ਼ਬਦ ਲਿਖ ਕੇ ਕੁੱਜੇ ’ਚ ਸਮੁੰਦਰ ਬੰਦ ਹੀ ਨਹੀਂ ਕੀਤਾ ਸਗੋਂ ਮਾਂ ਦੀ ਸਖਸ਼ੀਅਤ ਨੂੰ ਪੂਜਣਯੋਗ ਦੱਸ ਕੇ ਮੇਰੀ ਹੌਂਸਲਾ ਅਫਜਾਈ ਕੀਤੀ ਹੈ। ਉਹਨਾਂ ਦਾ ਧੰਨਵਾਦ ਕਰਨ ਲਈ ਸ਼ਬਦਾਂ ਦੀ ਥੋੜ੍ਹ ਮਹਿਸੂਸ ਹੋ ਰਹੀ ਹੈ।

ਪਾਠਕਾਂ, ਵਿਦਵਾਨਾਂ ਦੇ ਹੁੰਗਾਰੇ ਦੀ ਉਡੀਕ
ਗਲਤੀ ਲਈ ਖਿਮਾਂ ਦਾ ਜਾਚਕ।

**ਜੋਗਿੰਦਰ ਸਿੰਘ ਸਿਵੀਆ**

ਪਿੰਡ ਤੇ ਡਾਕਘਰ: ਸਿਵੀਆ
ਜ਼ਿਲ੍ਹਾ – ਬਠਿੰਡਾ
ਮੋਬ: 94170-24743

# ਮਾਂ ਤੇਰੀ ਸੋਚ ਨੂੰ ਸਲਾਮ

ਮਾਂ ਤੇਰੇ ਮੱਥੇ ‘ਤੇ ਤਿਉੜੀਆਂ ਅਤੇ ਚਿਹਰੇ ‘ਤੇ ਝੁਰੜੀਆਂ ਸਾਰੀ ਉਮਰ ਵਿਚ ਨਹੀਂ ਦੇਖੀਆਂ ਕਿਉਂਕਿ ਦੁੱਖਾਂ ਸੁੱਖਾਂ ਨੂੰ ਸਮ ਕਰ ਜਾਣਦੀ ਸੀ। ਭਾਵੇਂ ਕਿ ਸਾਰੀ ਉਮਰ ਹੀ ਤੈਨੂੰ ਸੁੱਖ ਨਸੀਬ ਨਹੀਂ ਹੋਇਆ ਪਰ ਫਿਰ ਵੀ ਚਿਹਰੇ ਦੀ ਰੌਣਕ ਕਦੇ ਮੱਠੀ ਨਹੀਂ ਪਈ ਤੇ ਬੋਲਾਂ ਵਿਚ ਦੁਰਗੰਧ ਨਹੀਂ ਆਈ। ਤੇਰੇ ਕੋਲ ਹੌਂਸਲਾ ਕਾਇਮ ਰੱਖਣ ਲਈ ਅਣਗਿਣਤ ਦਲੀਲਾਂ ਹੁੰਦੀਆਂ ਜਿਹੜੀਆਂ ਟੁੱਟਦੇ ਦਿਲਾਂ ਨੂੰ ਜੋੜਦੀਆਂ। ਢਾਰਸ ਦਿੰਦੀਆਂ ਅਤੇ ਸਾਹਾਂ ਵਿਚ ਤਾਜ਼ਗੀ ਭਰਨ ਦੇ ਕੰਮ ਆਉਂਦੀਆਂ। ਢਹਿੰਦੀ ਕਲਾਂ ਵਾਲਿਆਂ ਦੀ ਉਂਗਲ ਫੜ ਕੇ ਸਮੇਂ ਦੇ ਨਾਲ ਕਦਮ ਮਿਲਾਉਣ ਦੀ ਜਾਂਚ ਦੱਸਦੀਆਂ। ਆਂਢ-ਗੁਆਂਢ ਵੀ ਦੁੱਖ ਵੇਲੇ ਤੇਰੇ ਕੋਲ, ਭੱਜਿਆ ਆਉਂਦਾ। ਤੇਰਾ ਸਹਾਰਾ ਲੋੜਦਾ ਹਿੱਕ ਨਾਲ ਲਾਉਂਦੀ ਰੋਂਦਿਆਂ ਨੂੰ ਚੁੱਪ ਕਰਾਉਂਦੀ ਹਉਕਿਆਂ ਨੂੰ ਠੱਲ੍ਹ ਪਾਉਂਦੀ।

ਤੇਰੇ ਬੋਲਾਂ ਵਿਚ ਕਰਾਰ ਸੀ, ਸਤਿਕਾਰ ਸੀ, ਮਿਠਾਸ ਸੀ, ਮਨ ਨੂੰ ਮੋਹ ਲੈਣ ਦੀ ਤਾਕਤ ਸੀ, ਨਜ਼ਾਕਤ ਸੀ। ਜਦ ਆਖਦੀ ‘ਗੋਪੀ ਚੰਦ ਨੇ ਫਕੀਰੀ ਲੈ ਲੀ, ਮੱਥੇ ਦੀਆਂ ਨਾ ਮਿੱਟੀਆਂ ਤਕਦੀਰਾਂ।’ ਜੋ ਕੁਝ ਮਿਲਦਾ ਉਸ ਤੋਂ ਸੰਤੁਸ਼ਟ ਹੋ ਜਾਂਦੀ। ਤਕਦੀਰ ‘ਤੇ ਵਿਸ਼ਵਾਸ ਕਰਦੀ। ਜੋ ਫਲ ਮਿਲਦਾ ਝੋਲੀ ਅੱਡ ਕੇ ਪਵਾ ਲੈਂਦੀ। ਕਵੀਸ਼ਰਾਂ ਦੀ ਗਾਈ ਇਹ ਤੁਕ ਸੁਣਨ ਵਾਲਿਆਂ ਨੂੰ ਚਾਨਣ ਦੀ ਕਿਰਨ ਜਾਪਦੀ। ਰਾਜਿਆਂ ਦੀ ਫਕੀਰੀ ਨੂੰ ‘ਭਾਵੀ’ ਸਮਝਦੀ। ਕਿਸੇ ਅਪਾਰ ਸ਼ਕਤੀ ਨੇ ਤੈਨੂੰ ਵਰੋਸਿਆ ਹੋਇਆ ਸੀ। ਦੁੱਖਾਂ ਦੇ ਤੂਫਾਨਾ ਵਿਚ ਘਿਰੀ ਹੋਈ ਵੀ ਕਦੇ ਅੱਥਰੂ ਨਹੀਂ ਵਹਾਉਂਦੀ ਸੀ। ਘੋਰ ਹਨੇਰਿਆਂ ‘ਚ ਚਾਨਣ ਦੀ ਉਡੀਕ ਕਰਦੀ ਹੋਈ ਆਖਦੀ "ਬੱਸ ਦੋ ਚਾਰ ਦਿਨਾਂ ਦੀ ਗੱਲ ਐ। ਦਿਨ ਚੜ੍ਹਿਆ ਛਿਪਿਆ।" ਹਰੇਕ ਚੜ੍ਹਦਾ ਸੂਰਜ ਆਸ ਦੀ ਕਿਰਨ ਲੈ ਕੇ ਪ੍ਰਗਟ ਹੁੰਦਾ ਸੀ"। ਦਲੀਲ ਸਿਖਰ ‘ਤੇ ਪਹੁੰਚਾਉਂਦੀ ਹੋਈ ਆਖਦੀ।" ਅੱਖ ਮੀਚੀ ਤੇ ਰਾਤ ਘੜੀਸੀ ਅੱਜ ਨਾਲੋਂ ਸਵੇਰ ਕਾਹਲੀ ਸਮਾਂ ਕਿਸੇ ਦੀ ਉਡੀਕ ਕਰਦਾ।

ਚਾਰ ਪਹਿਰਾਂ ਦੀ ਰਾਤ ਐ। ਹੁਣ ਨਿਕਲ ਜਾਵੇਗੀ। ਸੰਕਟ ਟਲ ਜਾਵੇਗਾ। ਦੁੱਖ ਦਾ ਆਸ਼ਾਵਾਦੀ ਹੋ ਕੇ ਸਵਾਗਤ ਕਰਦੀ।" ਆਹ ਚਾਰ ਮਹੀਨਿਆਂ ਨੂੰ ਆਈ ਫ਼ਸਲ, ਸਭ ਦੂਰ ਹੋ ਦੁੱਖ ਜਾਣਗੇ। ਬਖਾਰੀਆਂ ਭਰ ਜਾਣਗੀਆਂ। ਸਾਲ ਭਰ ਮੌਜ ਕਰਾਂਗੇ।" ਸ਼ਬਦਾਂ ਨਾਲ ਨਕਸ਼ਾ ਬੰਨ ਕੇ ਤਸਵੀਰ ਸਾਕਾਰ ਕਰ ਦਿੰਦੀ। ਸੁੱਖ ਦੀ ਆਸ ਵਿਚ ਦੁੱਖਾਂ ਨੂੰ ਭੁੱਲ ਜਾਂਦੀ।

ਤੇਰੇ ਦਿਲ 'ਚ ਮਨੁੱਖਤਾ ਦਾ ਦਰਦ ਸੀ, ਤਰਸ ਸੀ, ਪਿਆਰ ਸੀ, ਸਤਿਕਾਰ ਸੀ। ਤੇਰੀ ਗੋਦ ਉਪਰੇ ਬੱਚਿਆਂ ਨੂੰ ਪਾਲਣ ਦੀ ਸ਼ਕਤੀ ਰੱਖਦੀ ਸੀ। ਤੂੰ ਆਪਣੇ ਬੱਚਿਆਂ ਨੂੰ ਹੀ ਪਿਆਰ ਨਹੀਂ ਕਰਦੀ ਸੀ। ਸਗੋਂ ਗੁਆਂਢੀ ਦੇ ਬੱਚੇ ਵੀ ਵੱਧ ਪਿਆਰੇ ਲਗਦੇ। ਰੋਂਦਿਆਂ ਨੂੰ ਛਾਤੀ ਨਾਲ ਲਾ ਕੇ ਪਿਆਰ ਦਾ ਹੱਥ ਸਿਰ 'ਤੇ ਫੇਰਦੀ ਆਖਦੀ, "ਕੋਈ ਨੀ ਪੁੱਤ ਅਜਿਹੇ ਸਮੇਂ ਸਾਰੀ ਉਮਰ ਨਹੀਂ ਰਹਿੰਦੇ। ਜ਼ਰਾ ਵੱਡੇ ਹੋ ਲਓ। ਤੁਸੀਂ ਬੰਨ ਪਿੰਡ ਲਵੋਗੇ। ਬਿਰਖਾਂ ਨੂੰ ਪੁੱਤਾਂ ਪੋਤਿਆਂ ਜਿੰਨਾ ਪਿਆਰ ਕਰਦੀ। ਇਨਸਾਨੀਅਤ ਨੂੰ ਕਦੇ ਹੱਥੋਂ ਨਹੀਂ ਛੱਡਿਆ ਸੀ। ਲੜਨ ਵਾਲਿਆਂ ਨੂੰ ਆਖਦੀ, "ਲੈ! ਇਹ ਕਿੱਡੀ ਕੁ ਗੱਲ ਐ। ਐਵੇਂ ਖੌਰੂ ਪਾਇਆ ਐ। ਸਮਾਈ ਰੱਖੀਦੀ ਹੁੰਦੀ ਹੈ। ਮੈਂ ਸਮਝਾ ਦੂੰ। ਫਿਕਰ ਕਰਨ ਦੀ ਲੋੜ ਨਹੀਂ।" ਤੇਰਾ ਠੰਡਾ ਛਿੱਟਾ ਸੁਲਗਦੀ ਅੱਗ ਨੂੰ ਮੱਠਾ ਕਰਕੇ ਨਹੁੰਆਂ ਨਾਲੋਂ ਮਾਸ ਟੁੱਟਣੋਂ ਬਚਾਅ ਲੈਂਦਾ। ਇਸ ਲਈ ਤਾਂ ਤੇਰੇ ਮੱਥੇ 'ਤੇ ਤਿਊੜੀਆਂ ਨਹੀਂ ਪਈਆਂ ਸਨ ਕਿਉਂਕਿ ਨਾ ਕਿਸੇ ਨਾਲ ਲੜਾਈ ਤੇ ਨਾ ਮਨ ਵਿਚ ਮੈਲ ਰੱਖਦੀ। ਮਾਂ ਤੂੰ ਵਿਸ਼ਵਾਸ ਪੱਕਾ ਕਰਦੀ। "ਭਲੇ ਲੋਕਾਂ ਦੀ ਮਦਦ ਪ੍ਰਮਾਤਮਾ ਆਪ ਕਰਦਾ ਹੈ। ਰੱਬ ਆਪੇ ਸਜਾ ਦੇਊ। ਅੱਜ ਤੱਕ ਲੜਾਈ 'ਚੋਂ ਕਿਸੇ ਨਫ਼ਾ ਨਹੀਂ ਖੱਟਿਆ।" ਨਾ ਕਾਹੂੰ ਸੇ ਦੋਸਤੀ, ਨਾ ਕਾਹੂੰ ਸੇ ਵੈਰ ਦੀ ਸਿੱਖਿਆ ਦਿੰਦੀ। ਤੇਰੀ ਕਹੀ ਹੋਈ ਗੱਲ ਪੱਥਰ ਤੇ ਲਕੀਰ ਹੁੰਦੀ। ਅੱਗੇ ਪਿੱਛੇ ਸਚਾਈ ਪ੍ਰਗਟ ਹੋ ਕੇ ਸਾਹਮਣੇ ਆ ਜਾਂਦੀ। ਤੇਰਾ ਹਿਰਦਾ ਪਾਕ ਪਵਿੱਤਰ ਸੀ। ਦੂਜਿਆਂ ਦਾ ਗਮ ਤੇਰਾ ਗਮ ਹੁੰਦਾ ਤੇ ਦੂਜਿਆਂ ਦੀ ਖੁਸ਼ੀ ਤੇਰੀ ਖੁਸ਼ੀ ਹੁੰਦੀ। ਦੁੱਖ ਪਰਾਇਆਂ ਨੂੰ ਹੁੰਦਾ ਤੇ ਅੱਖ ਤੇਰੀ ਨਮ ਹੁੰਦੀ। ਤਾਹੀਓ ਤਾਂ ਅਖੰਡ ਪਾਠਾਂ ਵੇਲੇ ਬਾਬੇ ਫਰੀਦ ਦੇ ਸਲੋਕ ਸੁਣਿਆ ਕਰਦੀ। ਭਾਵੇਂ ਤੂੰ ਅਨਪੜ੍ਹ ਸੀ। ਪਰ ਫਿਰ ਵੀ ਜਵਾਨੀ, ਸਲੋਕ ਸਾਨੂੰ ਸੁਣਾਇਆ ਕਰਦੀ। ਪਿਤਾ ਜੀ ਨੂੰ ਚੁਕੰਨਾ ਕਰਦੀ। 'ਦੇਖ ਫਰੀਦਾ ਜੋ ਥੀਆ, ਦਾੜੀ ਹੋਈ ਭੂਰ। ਅੱਗਾਹ ਨੇੜੇ ਆਇਆ ਪਿੱਛਾ ਰਹਿਆ ਦੂਰ।

ਬਾਜਰੇ ਦੀ ਰੋਟੀ ਲੱਸੀ ਵਿੱਚ ਚੂਰ ਦੇ ਰਾਬੜੀ ਬਣਾ ਕੇ ਸਤਿਨਾਮ ਕਹਿ ਕੇ ਛਕ ਲੈਂਦੀ ਤੇ ਮੁਸਕਰਾ ਕੇ ਆਖਦੀ 'ਛੱਤੀ ਪ੍ਰਕਾਰ ਦੇ ਭੋਜਨ ਜਿੰਨੀ ਚੰਗੀ ਲੱਗੀ।' ਭਾਵੇਂ ਤੇਰੇ ਦੰਦ ਵੀ ਜਵਾਬ ਦੇ ਚੁੱਕੇ ਸਨ। ਪਰ ਕਦੇ ਚੰਗਾ ਚੋਖਾ ਖਾਣ ਦਾ ਯਤਨ ਨਹੀਂ ਕੀਤਾ। ਸਾਰੇ ਟੱਬਰ ਦਾ ਰੱਜ ਤੇਰਾ ਰੱਜ ਹੁੰਦਾ ਸੀ। ਜੇ ਇਕ ਰੋਟੀ ਬਚਣੀ ਤਾਂ ਓਹੀ ਖਾ ਡਕਾਰ ਲੈ ਕੇ ਰੱਜ ਜਾਂਦੀ। ਆਖਦੀ, "ਭੁੱਖ ਤੇ ਨੀਂਦ ਜਿੰਨੀ ਮਰਜ਼ੀ ਵਧਾਅ ਲਵੋ ਤੇ ਜਿੰਨੀ ਮਰਜ਼ੀ ਘਟਾਅ ਲਵੋ।" ਆਪਣੇ ਸਰੀਰ ਦੀ ਲੋੜ ਦਾ ਕਦੇ ਇਜ਼ਹਾਰ ਨਹੀਂ ਕੀਤਾ ਸੀ। ਆਰਥਿਕ ਤੰਗੀ ਤਾਂ ਸਾਰੀ ਉਮਰ ਹੀ ਸਵਾਗਤ ਕਰਦੀ ਰਹੀ। ਕਦੇ-ਕਦੇ ਟੱਬਰ ਦੀ ਚਾਹ ਨੂੰ ਪਾਣੀ ਪਾ ਕੇ ਵਧਾਅ ਲੈਂਦੀ ਤਾਂ ਜੋ ਸਾਰੇ ਜੀਆਂ ਨੂੰ ਪੂਰੀ ਆ ਸਕੇ। ਆਪ ਭਾਵੇਂ ਲੂਣ ਪਾ ਕੇ ਚਾਹ ਪੀ ਲੈਂਦੀ। ਪਰ ਪਰਿਵਾਰ ਨੂੰ ਕਦੇ ਫਿੱਕੀ ਚਾਹ ਨਹੀਂ ਦਿੱਤੀ ਸੀ। ਪਿਤਾ ਜੀ ਨੂੰ ਜ਼ਿਆਦਾ ਪੱਤੀ ਪਾ ਕੇ ਉਬਾਲੇ ਦੇ ਕੇ ਤੇ ਕਦੇ-ਕਦੇ ਚਾਹ ਪੱਤੀ ਘੱਟ ਹੋਣ 'ਤੇ ਕਿੱਕਰ ਦਾ ਸੱਕ ਪਾ ਕੇ ਚਾਹ ਬਣਾਉਂਦੀ ਕਿਉਂਕਿ ਪਿਤਾ ਜੀ ਅਮਲੀ ਸਨ। ਵਿਸ਼ਵਾਸ ਕਰਿਆ ਕਰਦੇ ਕਿ ਸੱਕ ਵਿਚ ਨਸ਼ਾ ਹੁੰਦਾ ਹੈ। ਅਫੀਮ ਦੀ ਤੋਟ ਵੇਲੇ ਅੱਕਾਂ ਦੀਆਂ ਡੋਡੀਆਂ ਤੋੜ ਕੇ ਖਾਇਆ ਕਰਦੇ। ਆਖਦੇ "ਇਨ੍ਹਾਂ ਵਿਚ ਵੀ ਨਸ਼ਾ ਹੁੰਦਾ ਹੈ।"

ਸਾਰੇ ਟੱਬਰ ਦੀਆਂ ਲੋੜਾਂ ਦੀ ਪੂਰਤੀ ਦਾ ਮਾਂ ਤੈਨੂੰ ਫਿਕਰ ਹੁੰਦਾ ਸੀ। ਇਨ੍ਹਾਂ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਵੀ ਤੂੰ ਨਿਭਾਇਆ ਕਰਦੀ ਸੀ। ਕਦੇ ਕਿਸੇ ਨੂੰ ਆਖਿਆ ਨਹੀਂ ਸੀ ਕਿ ਫਲਾਣੀ ਚੀਜ਼ ਘਰੇ

ਨਹੀਂ ਹੈ। ਕੋਈ ਚੀਜ਼ ਮੰਗਣ ਆਏ ਨੂੰ ਖਾਲੀ ਮੋੜਨਾ ਗੁਨਾਹ ਸਮਝਦੀ। "ਤੂੰ ਏਥੇ ਖੜ੍ਹ ਮੈਂ ਗੁਆਂਢੀਆਂ ਤੋਂ ਲੈ ਕੇ ਆਉਂਦੀ ਹਾਂ।" ਤੈਨੂੰ ਸਭ ਪਤਾ ਹੁੰਦਾ ਕਿ ਕਿਹੜੀ ਚੀਜ਼ ਕੀਹਦੇ ਘਰੇ ਹੈ ਤੇ ਮੰਗਣ 'ਤੇ ਜਵਾਬ ਨਹੀਂ ਦੇਵੇਗੀ। ਮੰਗਣ ਆਇਆਂ ਦੀ ਲੋੜ ਵੀ ਤੇਰੀ ਆਪਣੀ ਹੁੰਦੀ ਸੀ। ਕਿਸੇ ਨੂੰ ਨਿਰਾਸ਼, ਉਦਾਸ, ਬੇਆਸ ਕਰਨ ਦਾ ਸਬਕ ਨਹੀਂ ਸਿੱਖਿਆ ਸੀ। ਨਾ ਹੀ ਪਰਿਵਾਰ ਵਿਚੋਂ ਕਿਸੇ ਜੀਅ ਨੂੰ ਸਿਖਾਇਆ। ਤੂੰ ਹੱਥ ਦੀ ਸਖੀ ਸੀ। ਬਾਜਰੇ ਦੀ ਲੱਪ ਮੰਗਤੇ ਨੂੰ ਜ਼ਰੂਰ ਪਾਉਂਦੀ।

ਮਾਂ ਹਰ ਘੜੀ ਤੂੰ ਖੁਦਾ ਨੂੰ ਯਾਦ ਕੀਤਾ। ਤੇਰੇ ਹੰਝੂ ਵੀ ਕਿਸੇ ਦਲੀਲ ਦੀ ਤਰਜ਼ਮਾਨੀ ਕਰਦੇ ਜਾਪਦੇ। ਤੇਰੇ ਚਿਹਰੇ 'ਤੇ ਲਿਖੀ ਇਬਾਰਤ ਜ਼ਿੰਦਗੀ ਦਾ ਨਿਚੋੜ ਸੀ। ਆਪਣੀ ਉਮਰ ਨੂੰ ਵਿਅਰਥ ਨਹੀਂ ਜਾਣ ਦਿਤਾ। ਹਰ ਪਲ ਦਾ ਲਾਭ ਉਠਾਇਆ। ਸਮੇਂ ਦੀ ਨਬਜ਼ ਪਛਾਣਨ ਯੋਗ ਸੀ। ਤੂੰ ਨਾ ਹੁੰਦੀ ਤਾਂ ਘਰ ਰੋਹੀ ਬੀਆਬਾਨ ਬਣ ਜਾਣਾ ਸੀ। ਅਮਲੀ ਪਤੀ ਦੀ ਸ਼ਿਕਾਇਤ ਕਦੇ ਮਾਪਿਆਂ ਕੋਲ ਨਹੀਂ ਕੀਤੀ। ਔਖ-ਸੌਖ ਕਰਕੇ ਡੰਗ ਟਪਾਅ ਲਿਆ ਕਰਦੀ। ਤੂੰ ਨੇਕ ਮਾਂ ਦੀ ਧੀ ਸੀ। ਜਿਸ ਨੇ ਐਨੇ ਚੰਗੇ ਸੰਸਕਾਰ ਦਿੱਤੇ। ਤੇਰੇ ਅਹਿਸਾਨ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਮਾਂ ਤੂੰ ਮਹਾਨ ਸੀ। ਮੇਰਾ ਜਹਾਨ ਸੀ। ਕਾਸ਼! ਉਹ ਮਾਵਾਂ ਕਦੇ ਮੁੜ ਆਵਣ।

# ਮਾਂ ਦੀਆਂ ਸਿੱਖਿਆਵਾਂ ਸਫਲਤਾ ਦਾ ਸਿਰਨਾਵਾਂ

ਮਾਂਵਾਂ ਆਪਣੀ ਔਲਾਦ ਨੂੰ ਚੰਗੀ ਸਿੱਖਿਆ ਤੇ ਸੰਸਕਾਰ ਦਿੰਦੀਆਂ ਤਾਂ ਜੋ ਪਿੱਠ ਪਿੱਛੇ ਪੁੱਤ ਧੀ ਦਾ ਵਤੀਰਾ ਵੇਖ ਕੇ ਕੋਈ ਇਹ ਨਾ ਆਖੇ ਕਿ ਤੂੰ ਕਿਹੋ-ਜਿਹੀ ਮਾਂ ਦਾ ਜੰਮਿਐਂ। "ਪੁੱਤ! ਜੇ ਕੋਈ ਰੋਟੀ ਖਾਂਦਾਂ ਹੋਵੇ ਤਾਂ ਮੂੰਹ ਵੱਲ ਝਾਕ ਕੇ ਬੁਰਕੀਆਂ ਨਹੀਂ ਗਿਣਨੀਆਂ ਚਾਹੀਦੀਆਂ। ਨਾ ਉਸ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖੀਏ। ਅਗਲਾ ਸੋਚਦੈ ਕਿ ਇਸ ਨੇ ਕੁਝ ਵੇਖਿਆ ਹੀ ਨਹੀਂ। ਕਿਵੇਂ ਹਾਬੜਿਆਂ ਵਾਂਗੂੰ ਅੱਖਾਂ ਟੱਡ ਥਾਲੀ ਵੱਲ ਉੱਲਰਦੈ। ਇਸ ਦੀ ਨੀਤ ਮਾੜੀ ਐ। ਪਿੱਠ ਪਿੱਛੇ ਆਖਣ ਲੱਗ ਜਾਂਦੇ। ਸਾਰਾ ਟੱਬਰ ਹੀ ਇਹਦੇ ਵਰਗਾ।"

"ਪੁੱਤ ਜੇ ਕਿਸੇ ਦੇ ਘਰੇ ਜਾਣਾ ਹੋਵੇ ਤਾਂ ਕੁੰਡਾ ਖੜਕਾ ਕੇ ਆਗਿਆ ਮੰਗਣੀ ਚਾਹੀਦੀ ਹੈ। ਜੇ ਦਰਵਾਜ਼ਾ ਨਾ ਲੱਗਿਆ ਹੋਵੇ ਤਾਂ ਆਵਾਜ਼ ਦਿਓ। ਜੇ ਪਰਿਵਾਰ ਨਾਲ ਰਿਸ਼ਤਾ ਹੋਵੇ ਤਾਂ ਬਣਦਾ ਰਿਸ਼ਤਾ ਨਾਂਅ ਲੈ ਕੇ ਬੋਲੋ। ਜਿੰਨਾ ਚਿਰ ਉਹ ਇਹ ਨਾ ਆਖੇ ਕਿ ਲੰਘ ਆਓ ਭਾਈ, ਕੌਣ ਐ। ਓਨਾ ਚਿਰ ਇੰਤਜ਼ਾਰ ਕਰੋ। ਫੱਟ ਆਪਣਾ ਨਾਂਅ ਦੱਸੋ, ਤਾਂ ਜੋ ਅਗਲੇ ਨੂੰ ਪਤਾ ਲੱਗ ਜਾਵੇ ਤੇ ਚੁਕੰਨਾ ਹੋ ਜਾਵੇ। ਮੰਨ ਲਵੋ ਬਿਨਾਂ ਦੱਸੇ ਕੋਈ ਚੌਤਰੇ ਤੇ ਜਾ ਚੜ੍ਹ, ਹੋ ਸਕਦਾ, ਉਹ ਰੋਟੀ ਖਾਂਦਾ ਹੋਵੇ। ਬੁੜੀ-ਕੁੜੀ ਨੰਗੇ ਸਿਰ ਬੈਠੀ ਹੋਵੇ। ਘਰ ਦਾ ਪਰਦਾ ਚੁੱਕਿਆ ਜਾਂਦੈ। ਜੇ ਘਰ ਵਾਲਾ ਮੰਜਾ ਡਾਹੁਣ ਲਈ ਆਖ ਦੇਵੇ ਜਾਂ ਕੁਰਸੀ ਲਿਆਉਣ ਨੂੰ ਆਖ ਦੇਵੇ ਤਾਂ ਵਿਦਾਇਗੀ ਲੈਣ ਵੇਲੇ ਮੰਜਾ ਕੁਰਸੀ ਉੱਥੇ ਹੀ ਰੱਖ ਕੇ ਆਵੋ।

ਇਹ ਵੀ ਧਿਆਨ ਦਿਓ ਕਿ ਜਿੰਨਾ ਚਿਰ ਉਹ ਬੈਠਣ ਲਈ ਨਾ ਆਖੇ ਤਾਂ ਆਪਣੇ ਆਪ ਕੁਰਸੀ ਨਾ ਮੱਲੋ। ਖੜ੍ਹੇ ਰਹੋ। ਜੇ ਕੰਮ ਲੱਗਿਆ ਹੋਵੇ ਤਾਂ ਪੁੱਛ ਲਓ, ਸ੍ਰੀਮਾਨ ਜੀ! ਇਸ ਕੁਰਸੀ ਜਾਂ ਮੰਜੇ 'ਤੇ ਬੈਠ ਜਾਵਾਂ। ਬੰਦ ਬੂਹਾ ਵਾਰ-ਵਾਰ ਖੜ੍ਹਕਾ ਕੇ ਸ਼ਾਂਤੀ ਭੰਗ ਨਾ ਕਰੋ। ਅਗਲੇ ਦੇ ਕੰਮ ਵਿਚ ਵਿਘਨ ਨਾ ਪਾਓ। ਇੱਕ ਵਾਰ ਆਵਾਜ਼ ਦੇ ਕੇ ਇੰਤਜ਼ਾਰ ਕਰੋ। ਨੰਗੇ ਸਿਰ ਕਿਸੇ ਦੇ ਘਰੇ ਜਾਣਾ ਸ਼ੋਭਾ ਨਹੀਂ ਦਿੰਦਾ। ਪ੍ਰਭਾਵ ਮਾੜਾ ਪੈਂਦਾ। ਅਗਲਾ ਸੋਚਦੈ ਕਿ ਇਸ ਨੂੰ ਭੋਰਾ ਅਕਲ ਨਹੀਂ। ਚਲੋ ਇਹ ਤਾਂ ਨਿਆਣੀ ਸੀ ਪਰ ਮਾਂ ਤਾਂ

ਸਿਆਣੀ ਸੀ ਅਤੇ ਸਮਝਦਾਰ ਵੀ ਸੀ। ਉਹ ਹੀ ਮੱਤ ਦੇ ਦਿੰਦੀ। ਖਾਨੇ 'ਚ ਕੋਈ ਚੰਗੀ ਗੱਲ ਵੜ ਜਾਂਦੀ। ਬਿਨਾਂ ਕੰਮ ਤੋਂ ਕਿਸੇ ਦੇ ਘਰੇ ਜਾਣਾ ਚੰਗਾ ਨਹੀਂ ਲੱਗਦਾ। ਕੰਮ ਹੋਵੇ ਤਾਂ ਜੀ ਸਦਕੇ ਜਾਓ। ਕੰਮ ਬਾਰੇ ਵੀ ਸੋਚੋ ਕਿ ਕੀ ਉਹ ਕਰ ਸਕਦਾ ਹੈ। ਨਾਜ਼ਾਇਜ਼ ਵਗਾਰ ਪਾ ਕੇ ਸ਼ਰਮਿੰਦਾ ਨਾ ਕਰੋ।"

"ਅਗਲਾ ਜੇ ਕਿਸੇ ਹੋਰ ਨਾਲ ਜ਼ਰੂਰੀ ਗੱਲ ਕਰਦਾ ਹੋਵੇ ਤਾਂ ਆਪਣਾ ਘੋੜਾ ਨਾ ਦੱਬੋਗੇ। ਬੇਲੋੜੀ ਦਖ਼ਲ ਅੰਦਾਜ਼ੀ ਨਾ ਕਰੋ। ਮਿਣ ਤੋਲ ਕੇ ਢੁੱਕਵੇਂ ਸ਼ਬਦਾਂ 'ਚ ਆਉਣ ਦਾ ਕਾਰਨ ਸਪੱਸ਼ਟ ਕਰ ਦੇਵੋ। ਸਿਰਫ਼ ਆਪਣੀਆਂ ਹੀ ਜੱਭਲੀਆਂ ਨਾ ਮਾਰੀ ਜਾਓ। ਉਸ ਦੀ ਪ੍ਰਤੀਕਿਰਿਆ ਨੂੰ ਪਰਖਦੇ ਹੋਏ ਹੁੰਗਾਰਾ ਭਰੀ ਜਾਓ। ਜਦੋਂ ਅਗਲੇ ਦੀ ਗੱਲ ਖ਼ਤਮ ਹੋ ਜਾਵੇ ਤਾਂ ਸਲੀਕੇ ਨਾਲ ਜਵਾਬ ਸਤਿਕਾਰ, ਆਦਰ ਪ੍ਰਗਟ ਕਰਨ ਵਾਲੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਦਿਓ। ਕੰਮ ਹੋਣ ਤੇ ਮੁਸਕਰਾ ਕੇ ਧੰਨਵਾਦ ਕਰੋ। ਬੜੀ ਮਿਹਰਬਾਨੀ, ਬਹੁਤ-ਬਹੁਤ ਸ਼ੁਕਰੀਆ, ਆਗਿਆ ਦਿਓ ਆਦਿ ਸ਼ਬਦਾਂ ਨਾਲ ਮਲਕੜੇ ਜਿਹੇ ਵਿਦਾਇਗੀ ਲਵੋ।"

"ਜੇ ਚਾਹ-ਪਾਣੀ ਪੁੱਛ ਕੇ ਅਦਬ ਕਰਦਾ ਹੈ ਤਾਂ ਮਾਣ ਨਾਲ ਇਨਕਾਰ ਕਰਨ ਦੀ ਕੋਸ਼ਿਸ਼ ਕਰੋ। ਜੇ ਉਹ ਫਿਰ ਲੈ ਆਉਂਦਾ ਹੈ ਤਾਂ ਸੰਜਮ, ਸੰਕੋਚ ਤੇ ਨੈਤਿਕਤਾ ਵਿਖਾਓ। ਚੰਗੇ ਆਚਾਰ-ਵਿਹਾਰ ਦਾ ਸਬੂਤ ਦਿਓ। ਇਹ ਨਾ ਹੋਵੇ ਕਿ ਉਹ ਦੇਖਦਾ ਰਹਿ ਜਾਵੇ ਤੇ ਸਭ ਕੁਝ ਆਪ ਹੀ ਝੱਟ ਕਰ ਜਾਵੋ। ਪਹਿਲਾਂ ਖਾਣ-ਪੀਣ ਵਾਲੀ ਚੀਜ਼ ਉਸ ਨੂੰ ਪਰੋਸੋ। ਜੇ ਆਪ ਖੇਚਲ ਕਰੇ ਤਾਂ ਤੁਸੀਂ ਹੱਥ ਹਿਲਾਓ। ਬਰਤਨ ਸਹੀ ਢੰਗ ਨਾਲ ਸਹੀ ਥਾਂ 'ਤੇ ਰੱਖੋ। ਜੂਠਾ ਗਲਾਸ ਅਗਲੇ ਦੇ ਐਨ ਸਾਹਮਣੇ ਨਾ ਰੱਖੋ। ਟੁੱਟਣ ਵਾਲੇ ਥਾਂ ਰੱਖਣ ਤੋਂ ਬਚੋ।"

ਜੇ ਓਪਰਾ ਤੁਹਾਡੇ ਘਰ ਆ ਜਾਵੇ ਤਾਂ ਖੜ੍ਹੇ ਹੋ ਕੇ ਸਵਾਗਤ ਕਰੋ। ਬੈਠਣ ਲਈ ਆਖੋ। ਯੋਗ ਥਾਂ ਨਾ ਹੋਵੇ ਤਾਂ ਆਪ ਜਾ ਕੇ ਕੁਰਸੀ ਜਾਂ ਪੀੜ੍ਹੀ ਚੱਕ ਲਿਆਵੋ। ਚਾਹ-ਪਾਣੀ ਪੁੱਛੋ। ਜੇ ਗਰਮੀ ਦਾ ਮੌਸਮ ਹੋਵੇ ਤਾਂ ਦੇਸੀ ਲੂਣ ਤੇ ਕਾਲੀਆਂ ਮਿਰਚਾਂ ਲੋੜ ਅਨੁਸਾਰ ਪਾ ਕੇ ਖੱਟੀ ਲੱਸੀ ਦਾ ਛੰਨਾ ਭੇਂਟ ਕਰੋ। ਸਰਦੀ ਦਾ ਮੌਸਮ ਹੋਵੇ ਤਾਂ ਚਾਹ ਵਰਤਾਓ। ਨਹੀਂ ਤਾਂ ਮਹਿਮਾਨ ਦੀ ਇੱਛਾ ਨੂੰ ਜਾਣ ਲਵੋ, ਪਰ ਖਵਾਏ ਬਿਨਾਂ ਅਲਵਿਦਾ ਨਾ ਕਰੋ।"

"ਮਿੱਠਤ ਨਾਲ ਕਹੋ, ਜੀ ਕਿਵੇਂ ਆਉਣਾ ਹੋਇਆ। ਉਸ ਦੀ ਇੱਛਾ ਜਾਣ ਲਵੋ। ਜੇ ਕੰਮ ਤੁਹਾਡੇ ਵੱਸ ਵਿਚ ਆਉਂਦਾ ਹੋਵੇ ਤਾਂ ਤੁਰੰਤ ਹਾਮੀ ਭਰ ਦਿਓ, ਮਿਥੀ ਹੋਈ ਹੱਦ ਅੰਦਰ ਕੰਮ ਨੂੰ ਨੇਪਰੇ ਚਾੜ੍ਹ ਦਿਓ। ਤਾਂ ਜੋ ਅਗਲੇ ਦਾ ਭਰੋਸਾ ਜਿੱਤਿਆ ਜਾ ਸਕੇ ਤੇ ਸਮਾਜਿਕ ਤਾਣਾ-ਬਾਣਾ ਤੰਦਰੁਸਤ ਰਹੇ। ਜੇ ਸਮਰੱਥਾ ਤੋਂ ਬਾਹਰ ਦੀ ਸਮੱਸਿਆ ਹੋਵੇ ਤਾਂ ਦਲੀਲ ਸਹਿਤ ਜਵਾਬ ਦੇ ਦਿਓ। ਕਾਰਨ ਵੀ ਸਪੱਸ਼ਟ ਕਰ ਦਿਓ ਤਾਂ ਜੋ ਲੋੜਵੰਦ ਉਸ ਦਾ ਹੱਲ ਸੋਚ ਸਕੇ 'ਤੇ ਤੁਹਾਨੂੰ ਫਾਰਗ ਕਰ ਦੇਵੇ।"

ਮਾਂ ਘਰੇ ਆਏ ਪ੍ਰਾਹੁਣੇ ਦਾ ਸਤਿਕਾਰ ਕਰਨਾ ਦੱਸਦੀ। "ਪੁੱਤ!ਸਗਾ ਰੱਤਾ ਆ ਜਾਵੇ ਤਾਂ ਉਸ ਦੇ ਪਲੰਘ 'ਤੇ ਨਾ ਬੈਠੋ। ਜੇ ਮਜ਼ਬੂਰੀ ਵੱਸ ਬੈਠਣਾ ਪੈ ਜਾਵੇ ਤਾਂ ਪੈਂਦਾਂ ਵੱਲ ਬੈਠੋ। ਆਪਣੇ ਤੋਂ ਵੱਡੇ ਦੇ ਸਿਰਹਾਣੇ ਵੱਲ ਕਦੇ ਨਾ ਬੈਠੋ। ਜੇ ਪਲੰਘ 'ਤੇ ਕੱਪੜਾ, ਦਰੀ, ਚਾਦਰ, ਗਦੈਲਾ ਆਦਿ ਵਿਛਿਆ ਹੋਵੇ ਤਾਂ ਲੜ ਮੋੜ ਦਿਓ। ਵਿਛੇ ਹੋਏ ਮੰਜੇ 'ਤੇ ਨਹੀਂ ਬੈਟਣਾ। ਜ਼ੋਰ ਦੇ ਕੇ ਉੱਚੀ-ਉੱਚੀ ਗੱਲਾਂ ਕਰਨੀਆਂ ਵੀ ਮਾੜਾ ਅਸਰ ਪਾਉਂਦੀਆਂ ਹਨ। ਅਗਲੇ ਨੂੰ ਸਮੇਂ ਸਿਰ ਖਵਾਓ ਪਿਆਓ। ਕੋਸ਼ਿਸ਼ ਕਰੋ ਉਸ ਦੇ ਸਾਹਮਣੇ ਕੋਈ ਚੀਜ਼ ਨਾ ਖਾਧੀ ਜਾਵੇ। ਜੇ ਖਾਣੀ-ਪੀਣੀ ਪੈ ਜਾਵੇ ਤਾਂ ਸਾਰਿਆਂ 'ਚ ਵੰਡ ਕੇ ਖਾਵੋ। ਬਹੁਤ ਬੰਦਿਆਂ 'ਚ ਬੈਠ ਕੇ ਉਗਾਲੀ ਨਹੀਂ ਵਿਖਾਉਣੀ ਚਾਹੀਦੀ।"

"ਰੋਟੀ ਖਵਾ ਕੇ ਹੱਥ ਧੁਆਉਣੇ ਨਾ ਭੁੱਲੋ। ਧੋਤੇ ਹੋਏ ਹੱਥਾਂ ਨੂੰ ਝੜਕਾਉਣਾ ਬੁਰੀ ਆਦਤ ਹੈ। ਆਪ ਹੱਥ ਧੋਂਦੇ ਸਮੇਂ ਜਾਂ ਦੂਜੇ ਦੇ ਹੱਥ ਧੁਆਉਂਦੇ ਸਮੇਂ ਪੈਰਾਂ 'ਤੇ ਛਿੱਟੇ ਨਾ ਪੈਣ ਦਿਓ। ਇੱਕ ਦਮ ਬਹੁਤਾ ਪਾਣੀ

ਥੁੱਕ ਵਿੱਚ ਨਾ ਪਾਓ।"

"ਓਪਰੇ ਘਰੇ ਥੁੱਕਣਾ, ਛਿੱਕ ਮਾਰਨੀ, ਉਬਾਸੀ ਲੈਣੀ, ਖੰਘਣਾ ਚੰਗੇ ਬੱਚਿਆਂ ਦੀ ਨਿਸ਼ਾਨੀ ਨਹੀਂ ਹੁੰਦੀ। ਬਿਗਾਨਾ ਘਰ ਤੇ ਥੁੱਕ-ਛਿੱਕ ਦਾ ਵੀ ਡਰ। ਮਜ਼ਬੂਰੀ ਵੱਸ ਜੇ ਇਸ ਤਰ੍ਹਾਂ ਕਰਨਾ ਪੈ ਜਾਵੇ ਤਾਂ ਉੱਠ ਕੇ ਪਾਸੇ ਹੋ ਜਾਵੋ ਤਾਂ ਜੋ ਸਾਹ ਦੀ ਹਵਾੜ ਅਗਲੇ ਦੇ ਅੰਦਰ ਨਾ ਚਲੀ ਜਾਵੇ।"

ਅੰਮੜੀ ਦੀਆਂ ਦੱਸੀਆਂ ਗੱਲਾਂ ਜ਼ਿੰਦਗੀ 'ਚ ਬੜੀਆਂ ਕੰਮ ਆਈਆਂ। ਕੁਝ ਤਾਂ ਮੇਰੇ ਨਿੱਤ ਦੇ ਰੁਟੀਨ ਵਿਚ ਸ਼ਾਮਲ ਹੋ ਗਈਆਂ। ਆਗਿਆ ਮੰਗਣ ਦੇ ਗੁਰ ਨੇ ਵਿਗੜੇ ਕੰਮ ਸੰਵਾਰੇ। ਮਾਂ ਅਣਪੜ੍ਹ ਹੁੰਦਿਆਂ ਵੀ ਸਮਾਜਿਕ ਵਿਗਿਆਨ ਦੀ ਮਾਹਿਰ ਸੀ। ਮਾਂ ਆਖਿਆ ਕਰਦੀ, "ਸ਼ਰੀਫ ਤੇ ਗਰੀਬ ਪਰਿਵਾਰ ਦੇ ਬੱਚਿਆਂ ਨਾਲ ਨਿਮਰਤਾ ਨਾਲ ਪੇਸ਼ ਆਉਣਾ ਹੀ ਕਾਮਯਾਬੀ ਦੀ ਕੁੰਜੀ ਹੈ। ਨਹੀਂ ਤਾਂ ਕਬੀਲਦਾਰੀ ਦੇ ਉਲਝੇ ਕੰਮ ਆਬਜ਼ਾਰ ਕਰ ਦਿੰਦੇ ਹਨ।"

# ਮਾਂ ਦਾ ਦੁੱਧ ਪਿਆਉਣੋ ਇਨਕਾਰ ਵਿਗੜੇ ਛਾਤੀ ਦਾ ਉਭਾਰ

ਬੱਚੇ ਔਰਤ ਦਾ ਹਾਰ ਸ਼ਿੰਗਾਰ ਤੇ ਸੰਸਾਰ ਹੁੰਦੇ ਹਨ। ਪੁਰਾਣਾ ਵਿਚਾਰ ਹੈ ਕਿ ਬੱਚਿਆਂ ਨਾਲ ਹੀ ਔਰਤ 'ਘਰਵਾਰਨ' ਬਣਦੀ ਹੈ। ਬੱਚੇ ਉਸ ਦੀ ਮਲਕੀਅਤ ਹੁੰਦੇ ਹਨ। ਇਸ ਤੋਂ ਬਿਨਾਂ ਮਾਂ ਦੀ ਛਾਤੀ ਦੇ ਜਜ਼ਬਾਤੀ ਨਿੱਘ ਵਿੱਚ ਬੱਚਿਆਂ ਦੀ ਜ਼ਿੰਦਗੀ ਦਾ 'ਰਾਜ' ਵੀ ਛੁਪਿਆ ਹੋਇਆ ਹੁੰਦਾ ਹੈ।

ਮਾਂ ਪਰ ਪੂਤ ਪਿਤਾ ਪਰ ਘੋੜਾ ਬਹੁਤ ਨਹੀਂ ਤਾਂ ਥੋੜ੍ਹਾ ਥੋੜ੍ਹਾ। ਦੁੱਧ ਤੇ ਬੁੱਧ ਪ੍ਰਵਾਨਤ ਸਚਾਈ ਹੈ। ਮਾਂ ਦਾ ਦੁੱਧ ਬੱਚੇ ਦੀ ਸਿਰਫ਼ ਭੁੱਖ ਹੀ ਨਹੀਂ ਮਿਟਾਉਂਦਾ ਸਗੋਂ ਉਸ ਵਿੱਚ ਰੱਬੀ ਰਹਿਮਤਾਂ ਦੀ ਮਿਸਰੀ ਘੁਲੀ ਹੋਈ ਹੁੰਦੀ ਹੈ। ਉਹ ਜਦੋਂ ਬੱਚੇ ਨੂੰ ਦੁੱਧ ਪਿਆਉਂਦੀ ਹੈ ਤਾਂ ਕਿਸੇ 'ਅਲੌਕਿਕ' ਅਨੰਦ 'ਚ ਗੁਆਚ ਜਾਂਦੀ ਹੈ। ਉਸ ਸਮੇਂ ਉਸ ਨੂੰ ਲੰਘਦੇ ਵਕਤ ਦਾ ਪਤਾ ਨਹੀਂ ਲੱਗਦਾ। ਜਦੋਂ ਕਿਸੇ ਨੂੰ ਬੀਤ ਰਹੇ ਸਮੇਂ ਦਾ ਖਿਆਲ ਨਹੀਂ ਹੁੰਦਾ ਹੈ। ਰੂਹਾਨੀ ਪਿਆਰ ਦੀ ਤ੍ਰਿਪਤੀ ਦਾ ਮੌਕਾ ਹੁੰਦਾ ਹੈ। ਆਤਮਕ ਪਿਆਰ ਨੇਪਰੇ ਚੜ੍ਹਦਾ ਨਜ਼ਰ ਆਉਂਦਾ ਹੈ। ਇਹ ਪਿਆਰ ਬੱਚੇ ਨੂੰ ਸ੍ਰਿਸ਼ਟੀ ਦੀ ਸੁੰਦਰਤਾ ਦੇਖਣ ਦਾ ਵੱਲ ਸਿਖਾਉਂਦਾ ਹੈ। ਭਾਵਨਾਵਾਂ ਦਾ ਸੰਚਾਰ ਵੀ ਹੁੰਦਾ ਹੈ ਤੇ ਮਨੁੱਖਤਾ ਦੇ ਪਿਆਰ ਦਾ ਮੁੱਢ ਬੱਝਦਾ ਹੈ। ਬਹੁਤੀਆਂ ਮਾਵਾਂ ਤਾਂ ਸਪਰੱਸ਼ ਵਿਧੀ ਤੋਂ ਐਨੀਆਂ ਪ੍ਰਭਾਵਤ ਹੋ ਜਾਂਦੀਆਂ ਹਨ ਜਦੋਂ ਬੱਚਾ ਛਾਤੀ ਨਾਲ ਲੱਗ ਕੇ ਦੁੱਧ ਲੈਂਦਾ ਹੈ ਤੇ ਪੋਲੇ ਪੋਲੇ ਪੋਟਿਆਂ ਨਾਲ ਪਲੋਸਦਾ ਹੈ ਤਾਂ ਉਹ ਗੂੜ੍ਹੀ ਨੀਂਦ ਪਲਾਂ ਵਿਚ ਸੌ ਜਾਂਦੀਆਂ ਹਨ।

ਮਾਂ ਬੱਚੇ ਨੂੰ ਡਾਕਟਰ ਕੋਲ ਲੈ ਗਈ। ਚੈਕਅੱਪ ਕਰਕੇ ਉਸ ਨੇ ਕਿਹਾ ਕਿ, "ਬੱਚਾ ਬਿਲਕੁੱਲ ਤੰਦਰੁਸਤ ਹੈ। ਇਸ ਨੂੰ ਕੋਈ ਬਿਮਾਰੀ ਨਹੀਂ"। ਮਾਂ ਨੇ ਕਿਹਾ, "ਇਹ ਦੁੱਧ ਨਹੀਂ ਲੈਂਦਾ"। "ਮੇਰੇ ਸਾਹਮਣੇ ਦੁੱਧ ਦਿਓ"। ਡਾਕਟਰ ਨੇ ਕਿਹਾ। ਮਾਂ ਨੇ ਛਾਤੀ ਨਾਲ ਲਾਇਆ ਤੇ ਦੁੱਧ ਲੈਣਾ ਸ਼ੁਰੂ ਕੀਤਾ। ਬੱਚੇ ਨੇ ਦੂਜਾ ਹੱਥ ਛਾਤੀ ਦੇ ਦੂਜੇ ਪਾਸੇ ਲਾ ਲਿਆ। ਮਾਂ ਨੇ ਤੁਰੰਤ ਹੱਥ ਦੂਰ ਕਰ ਦਿੱਤਾ। ਬੱਚੇ ਨੇ ਦੁੱਧ ਲੈਣਾ ਬੰਦ ਕਰ ਦਿੱਤਾ। ਇਸ ਰੂਹਾਨੀ ਅਤ੍ਰਿਪਤ ਪਿਆਰ ਨੂੰ ਪੂਰ ਚੜ੍ਹਾਉਣਾ ਹਰ ਹੀਲੇ ਚੰਗਾ ਲੱਗਦਾ ਹੈ। ਪਰ ਅੱਜ ਦੀਆਂ ਮਾਵਾਂ ਬੱਚੇ ਦੀ ਅਲਕਤ ਮੰਨ ਦੀਆਂ ਹਨ। ਉਹਨਾਂ ਦੇ ਮਨ 'ਚ ਵਿਚਾਰ ਪੱਕਾ ਹੋ ਚੁੱਕਿਆ ਹੈ ਕਿ ਬੱਚੇ ਨੂੰ ਦੁੱਧ ਦੇਣ ਨਾਲ ਸੁੰਦਰਤਾ ਬਰਕਰਾਰ ਨਹੀਂ ਰਹਿੰਦੀ। ਪਰ ਉਹ ਇਹ ਗੱਲ ਭੁੱਲ ਜਾਂਦੀਆਂ ਹਨ ਕਿ ਮਾਂ,

ਮੋਤੀ ਤੇ ਮਹਿੰਦੀ ਆਪਣੇ ਨੂਰ ਦੀ ਬਲੀ ਦੇ ਕੇ ਦੂਜੇ ਦਾ ਰੂਪ ਸ਼ਿੰਗਾਰ ਦੀਆਂ ਹਨ।

ਗੁਆਂਢ 'ਚ ਮੁਟਿਆਰ ਦੇ ਪਹਿਲਾ ਬੱਚਾ ਹੋਇਆ ਦੁੱਧ ਨਾ ਉਤਰਿਆ। ਡਾਕਟਰ ਨੇ ਆਪਣੀਆਂ ਕੋਸ਼ਿਸ਼ਾਂ ਨਾਲ ਇੱਕ ਪਾਸੇ ਦੁੱਧ ਆਉਣ ਲਾ ਦਿੱਤਾ। ਪਰ ਉਹ ਦੁੱਧ ਦੇਣ ਤੋਂ ਨਾਬਰ ਹੋ ਗਈ। ਕਿਉਂਕਿ ਦੁੱਧ ਦੇਣ ਨਾਲ ਛਾਤੀ ਭੱਦੀ ਲੱਗੇਗੀ। ਸੋਚਣਾ ਬਣਦਾ ਹੈ ਕਿ ਕੀ ਬੱਚਾ ਸੁੰਦਰਤਾ ਦਾ ਦੁਸ਼ਮਣ ਜੰਮ ਲਿਆ। ਬੱਚਾ ਬੇਲੋੜਾ ਬਣ ਗਿਆ।

ਅਸਲ ਵਿੱਚ ਪੱਛਮੀ ਪ੍ਰਭਾਵ ਥੱਲੇ ਮਾਵਾਂ ਦਾ ਬੱਚੇ ਨਾਲ ਮੋਹ ਘਟਦਾ ਜਾ ਰਿਹਾ ਹੈ। ਪਿਆਰ ਹੋਵੇਗਾ ਤਦ ਹੀ ਅੱਖਾਂ 'ਚੋਂ ਅੱਥਰੂ ਟਪਕਣਗੇ ਤੇ ਛਾਤੀ 'ਚ ਸਲ੍ਹਾਟ ਪਵੇਗਾ। ਮਾਂ ਨੇ ਦੁੱਧ ਦੇ ਕੇ ਬੱਚੇ ਨੂੰ ਥਾਪੜ ਕੇ ਗੂੜ੍ਹੀ ਨੀਂਦ ਸੁਲਾ ਦਿੱਤਾ ਤੇ ਆਪ ਖੇਤ ਚਲੀ ਗਈ। ਦੋ ਕੁ ਘੰਟੇ ਪਿੱਛੋਂ ਛਾਤੀ 'ਚ ਜਲੂਣ ਹੋਣ ਲੱਗ ਪਈ। ਇਹ ਕਹਿੰਦੀ ਹੋਈ ਕਿ ਮੇਰਾ ਪੁੱਤ ਜਾਗ ਪਿਆ ਹੈ। ਉਸ ਨੂੰ ਭੁੱਖ ਲੱਗੀ ਹੋਈ ਹੈ ਤੇ ਸਿਰ ਤੋੜ ਭੱਜ ਪਈ। ਪਿਆਰ ਦੀ ਇੰਨੀ ਤੀਬਰਤਾ ਗਊਆਂ ਵਿੱਚ ਵੀ ਵੇਖੀ ਗਈ। ਬਚਪਨ ਵਿੱਚ ਸੱਜਰ ਗਊ ਦਾ ਬੱਛਰੂ ਘਰੇ ਛੱਡ ਕੇ, ਚਰਨ ਲਈ ਖੇਤ ਲਿਜਾਣਾ ਜਦੋਂ ਬੱਚੇ ਨੂੰ ਦੁੱਧ ਦੇਣ ਦਾ ਸਮਾਂ ਹੁੰਦਾ ਤਾਂ ਘਰੇ ਆ ਕੇ ਖੜਨਾ। ਛੇੜੂ ਮੋੜਨ ਲਈ ਜ਼ੋਰ ਲਾਉਂਦੇ ਪਰ ਵਿਅਰਥ। ਕਦੇ ਕਦੇ ਚਰਦੀਆਂ ਹੋਈਆਂ ਵੀ ਉੱਪਰ ਨੂੰ ਮੂੰਹ ਚੁੱਕ ਕੇ ਬੱਛਰੂ ਦੀ ਆਵਾਜ਼ ਸੁਣਨ ਲਈ ਕੰਮ ਬੜਿੱਕੇ ਲੈਂਦੀਆਂ।

'ਮਾਂ ਦੀ ਮੁਹੱਬਤ ਹਰੀਕਤ ਦਾ ਸ਼ੀਸ਼ਾ' ਵਲ ਝਾਤ ਮਾਰੀਏ ਤਾਂ ਬੱਚਾ ਪੇਟ ਵਿੱਚ ਵੀ ਉਸ ਨਾਲ ਗੱਲਾਂ ਕਰਦਾ ਹੈ। ਹੁੰਗਾਰਾ ਭਰਦਾ ਵਧਦਾ ਫੁੱਲਦਾ ਹੈ। ਮਾਂ ਦਾ ਪੇਟ ਉਸ ਲਈ ਸਭ ਤੋਂ ਮਹਿਫ਼ੂਜ਼ ਥਾਂ ਹੰਦੀ ਹੈ। ਖੇਡਦਾ ਹੈ। ਮੌਲ ਦਾ ਹੈ। ਮਾਂ ਦੇ ਦਿਲ ਦੀ ਧੜਕਣ ਦਾ ਸੰਗੀਤ ਸੁਣਦਾ ਹੈ। ਮਾਂ ਦੀ ਆਵਾਜ਼ ਪਹਿਚਾਣਨ ਲਗਦਾ ਹੈ। ਸੁਪਨੇ ਲੈਂਦਾ ਹੈ। ਮਾਂ ਉਦਾਸ ਹੁੰਦੀ ਹੈ ਤਾਂ ਉਦਾਸ ਹੋ ਜਾਂਦਾ ਹੈ। ਸੰਕਟ ਦੀ ਸਥਿਤੀ ਵਿੱਚ ਗੁੱਛੀ ਮੁੱਛੀ ਹੋ ਜਾਂਦਾ ਹੈ। ਮਾਂ ਜੋ ਕੁਝ ਵੀ ਮਹਿਸੂਸ ਕਰਦੀ ਹੈ ਉਸ ਤੋਂ ਜਾਣੂ ਹੋ ਜਾਂਦਾ ਹੈ। ਛੂਹਣ ਨਾਲ ਉਸ ਨੂੰ ਮਾਂ ਦੇ ਸਰੀਰ ਦਾ ਪਤਾ ਲੱਗ ਜਾਂਦਾ ਹੈ। ਉਸ ਲਈ ਸਭ ਤੋਂ ਕੀਮਤੀ ਵਸਤੂ ਮਾਂ ਹੁੰਦੀ ਹੈ। ਉਸ ਤੋਂ ਬਿਨਾਂ ਕੁਝ ਚੰਗਾ ਨਹੀਂ ਲੱਗਦਾ। ਮਾਂ ਤੋਂ ਦੂਰ ਹੋਣ ਨਾਲ ਉਸ ਦੀ ਦੁਨੀਆਂ ਲੁੱਟੀ ਜਾਂਦੀ ਹੈ। ਜਿਹੜੀ ਮਾਂ ਦਾ ਪਿਆਰ ਪੇਟ ਵਿੱਚ ਬੱਚੇ ਨਾਲ ਹੋ ਜਾਂਦਾ ਹੈ ਜੋ ਅਕਸਰ ਹੁੰਦਾ ਹੈ, ਉਸ ਦੇ ਦੁੱਧ ਕਿਵੇਂ ਨਾ ਉਤੱਰੇਗਾ ਕਾਦਰਯਾਰ ਕਿੱਸਾ ਪੂਰਨ ਭਗਤ ਵਿਚ ਲਿਖਦਾ ਹੈ ਕਿ ਬਾਰਾਂ ਸਾਲਾਂ ਪਿੱਛੋਂ ਇੱਛਰਾਂ ਨੇ ਜਦੋਂ ਪੂਰਨ ਦੀ ਅਵਾਜ਼ ਸੁਣੀ ਤਾਂ ਬਤੀ ਧਾਰਾਂ ਦੁੱਧ ਦੀਆਂ ਵਹਿ ਤੁਰੀਆਂ। ਇਹ ਹੈ ਮਾਂ ਦੀ ਮਮਤਾ ਤੇ ਰੂਹਾਨੀ ਪਿਆਰ ਦੀ ਮਿਸਾਲ।

ਜਦੋਂ ਮਾਂ ਬੱਚੇ ਨੂੰ ਗੋਦੀ ਵਿਚ ਪਾ ਕੇ ਦੁੱਧ ਦੇ ਰਹੀ ਹੋਵੇ ਤੇ ਸਿਰ ਤੇ ਹੱਥ ਫੇਰ ਰਹੀ ਹੋਵੇ, ਤਾਂ ਉਹਲੇ ਖੜ ਕੇ ਵੇਖਣਾ ਹੋਵੇ, ਦੋਵਾਂ ਦੇ ਚਿਹਰਿਆਂ ਤੇ ਰੂਹਾਨੀ ਰੰਗਤ ਹੁੰਦੀ ਹੈ। ਇਹ ਬਹਿਸ਼ਤ ਦਾ ਨਜ਼ਾਰਾ ਹੁੰਦਾ ਹੈ। ਸਵੱਰਗਾ ਦੀ ਦਸਤਕ ਹੁੰਦੀ ਹੈ। ਦੋਵੇਂ ਹਿਰਦੇ ਪੱਧਰ ਤੇ ਅਜਿਹੇ ਪਲਾਂ ਦਾ ਅਨੰਦ ਮਾਣ ਰਹੇ ਹੁੰਦੇ ਹਨ। ਬੱਚਾ ਹਿਰਦੇ ਪੱਧਰ ਤੇ ਵਿਚਰਦਾ ਹੋਣ ਕਰਕੇ ਮਾਂ ਦੇ ਦਿਲ ਦੀ ਸੰਗਤ ਚਾਹੁੰਦਾ ਹੈ ਜੋ ਉਸ ਨੂੰ ਮਿਲ ਰਹੀ ਹੁੰਦੀ ਹੈ। ਮਾਂ ਦੇ ਪੋਟਿਆਂ 'ਚ ਸਵੱਰਗ ਸਿਰਜਣ ਦੀ ਸ਼ਕਤੀ ਹੁੰਦੀ ਹੈ। ਮਾਂ ਦੇ ਦੁੱਧ ਨਾਲ ਬੱਚੇ ਦੇ ਚਾਵਾਂ ਲਾਡਾਂ ਦੀ ਸੂਚੀ ਵੀ ਜੁੜੀ ਹੋਈ ਹੁੰਦੀ ਹੈ। ਅੀਜਹੀਆਂ 'ਪ੍ਰਾਪਤੀਆਂ ਬੱਧਾ ਚੱਟੀ ਭਰੇ' ਨਾਲ ਨਹੀਂ ਹੋ ਸਕਦੀਆਂ। ਪਰ ਅਫ਼ਸੋਸ ਕਿ ਅੱਜ ਦੀਆਂ ਬਹੁਤੀਆਂ ਮਾਵਾਂ ਪੱਛਮੀ ਪ੍ਰਭਾਵ ਥੱਲੇ ਜਾਂ ਆਰਥਿਕ ਮਜ਼ਬੂਰੀਆਂ ਕਰਕੇ ਦੁੱਧ ਦੇਣ ਤੋਂ ਕੰਨੀ ਕਤਰਾਉਂਦੀਆਂ ਹਨ। ਉਹਨਾਂ ਮਾਵਾਂ ਦੀ ਗਿਣਤੀ ਦਿਨੋ ਦਿਨ ਘਟਦੀ ਜਾ ਰਹੀ ਹੈ ਜਿਹੜੀਆਂ ਓਪਰੇ ਦੁੱਧ ਨੂੰ ਘਰੇ ਨਾ ਵੜਨ ਦੇਣ। ਅੱਜ ਦੀ ਮਾਂ ਬੱਚੇ ਤੋਂ ਛੇਤੀ ਫਾਰਗ ਹੋਣਾ ਚਾਹੁੰਦੀ ਹੈ। ਇਸ ਲਈ ਬੱਚੇ ਮਾਪਿਆਂ ਤੋਂ ਦੂਰ ਜਾ ਰਹੇ ਹਨ। ਮਾਵਾਂ ਦਾ ਧਿਆਨ 'ਗਲੈਮਰ' ਦੀ

ਦੁਨੀਆਂ ਵੱਲ ਜ਼ਿਆਦਾ ਹੋਣ ਕਰਕੇ ਬੱਚੇ ਦੇ ਪਾਲਣ ਪੋਸ਼ਣ ਨੂੰ ਵੀ ਵਿਅਰਥ ਸਮਝਣ ਲੱਗ ਪਈਆਂ ਹਨ।

ਕੱਚੀ ਉਮਰ 'ਚ ਜਵਾਨ ਹੋਣ ਨੂੰ ਜਦੋਂ ਉਤਸ਼ਾਹ ਮਿਲਣ ਲੱਗ ਜਾਵੇ ਤੇ ਭਾਵਨਾਵਾਂ ਭੜਕ ਜਾਣ ਤਾਂ ਸਰੀਰ ਨੂੰ ਸਾਨ੍ਹ ਤੇ ਲਾਉਣਾ ਯਕੀਨੀ ਹੋ ਜਾਂਦਾ ਹੈ। ਸੱਜਣ ਫੱਬਣ ਲਈ ਬਣਾਉਟੀ ਚੀਜ਼ਾਂ ਦਾ ਇਸਤੇਮਾਲ ਹੋਣ ਲੱਗ ਪੈਂਦਾ ਹੈ। ਪੰਜਾਹ ਸਾਲ ਪਹਿਲਾਂ ਵੱਧ ਝਾਤ ਮਾਰੀਏ ਤਾਂ ਸਿਰਫ਼ ਵਿਆਹ ਸਮੇਂ ਹੀ ਹੋਰ ਅੰਗਾਂ ਤੇ ਛਾਤੀ ਨੂੰ ਸ਼ਿੰਗਾਰਿਆ ਜਾਂਦਾ ਸੀ। ਇਸ ਸਮੇਂ ਛਾਤੀ ਦੀ ਦਿਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਅੰਦਰੂਨੀ ਕਪੜੇ ਦੀ ਵਰਤੋਂ ਕੀਤੀ ਜਾਂਦੀ ਸੀ। ਤਕੜੀਆਂ ਕੰਮ ਕਰਦੀਆਂ ਤੇ ਖੁਰਾਕਾਂ ਖਾਂਦੀਆਂ ਸਨ। ਚੱਕੀ ਪੀਹਣਾ, ਚਰਖਾ ਕੱਤਣਾ, ਪੱਠੇ ਵੱਢਣਾ, ਕਪੜੇ ਧੋਣਾ, ਦੁੱਧ ਰਿੜਕਣਾ, ਖੂਹਾਂ ਤੋਂ ਪਾਣੀ ਭਰਨਾ, ਟੋਕਾ ਕਰਨਾ ਆਦਿ ਕਿਰਿਆਵਾਂ ਨਾਲ ਛਾਤੀ ਦਾ ਪੂਰਨ ਵਿਕਾਸ ਹੁੰਦਾ ਰਹਿੰਦਾ। ਪਰ ਅੱਜ ਮਸ਼ੀਨਾਂ ਇਹ ਸਾਰੇ ਧੰਦੇ ਕਰਦੀਆਂ ਹਨ। ਸੋ ਛਾਤੀ ਦਾ ਅਕਾਰ ਦਿਨੋ ਦਿਨ ਸੁੰਗੜਦਾ ਜਾ ਰਿਹਾ ਹੈ।

ਉਹਨਾਂ ਵੇਲਿਆਂ 'ਚ ਪਹਿਲਾ ਬੱਚਾ ਹੋਣ ਤੇ ਛਾਤੀਆਂ ਤੋਂ ਦੁੱਧ ਸੰਭਾਲਿਆ ਨਹੀਂ ਜਾਂਦਾ ਸੀ। ਦੁੱਧ ਚੋ ਚੋ ਕੁੜਤੀ ਭਿੱਜ ਜਾਂਦੀ। ਜਦੋਂ ਛਾਤੀਆਂ ਭਾਰੀਆਂ ਹੋ ਜਾਂਦੀਆਂ ਤਾਂ ਉਹ ਆਂਢ ਗੁਆਂਢ 'ਚ ਹੋਰ ਛੋਟੇ ਬੱਚੇ ਨੂੰ ਦੁੱਧ ਦੇਣ ਲਈ ਭਾਲ ਕਰਦੀਆਂ। ਮਾਂ ਬਿਮਾਰ ਹੋ ਗਈ। ਦੁੱਧ ਆਉਣਾ ਬੰਦ ਹੋ ਗਿਆ ਤਾਂ ਮੈਨੂੰ ਆਂਢ ਗੁਆਂਢ ਦੀਆਂ ਅਜਿਹੀਆਂ ਦੋ ਮਾਵਾਂ ਦੁੱਧ ਚੁੰਘਣ ਲਈ ਮਿਲਿਆ। ਪਹਿਲਾਂ ਬੱਚੇ ਛੇ, ਸੱਤ ਸਾਲਾਂ ਤੱਕ ਦੁੱਧ ਲੈਂਦੇ ਰਹਿੰਦੇ। ਜ਼ਿਆਦਾ ਦੇਰ ਦੁੱਧ ਲੈਣ ਨੂੰ ਮਾਣ ਵਾਲੀ ਗੱਲ ਸਮਝਿਆ ਜਾਂਦਾ ਸੀ। ਜ਼ੋਰ ਅਜਮਾਈ ਦੇ ਮੁਕਾਬਲੇ ਵੇਲੇ ਜੇਤੂ ਕਹਿ ਵੀ ਦਿੰਦਾ, "ਮੈਂ ਐਨੇ ਸਾਲਾ ਮਾਂ ਦਾ ਦੁੱਧ ਲਿਆ ਹੈ। ਅੱਜ ਡਾਕਟਰ ਸਿਰਫ਼ ਛੇ ਮਹੀਨੇ ਦੁੱਧ ਦੇਣ ਲਈ ਕਹਿ ਕੇ ਗੱਲ ਮੁਕਾ ਦਿੰਦੇ ਹਨ। ਬੱਚੇ ਲਈ ਮਾਂ ਦੁੱਧ ਅੰਮ੍ਰਿਤ ਹੁੰਦਾ ਹੈ। ਅੱਜ ਔਸਤ ਛੇ ਮਹੀਨੇ ਵੀ ਨਹੀਂ ਪੈਂਦੀ। ਘੱਟ ਸਮਾਂ ਦੁੱਧ ਲੈਣ ਕਰਕੇ ਅੱਜ ਨੌਜਵਾਨ ਸਰੀਰਕ ਤੌਰ ਕਮਜ਼ੋਰ ਹੋ ਰਹੇ ਹਨ।

ਕੱਚੀ ਉਮਰ 'ਚ ਛਾਤੀਆਂ ਨੂੰ ਕਸਿਆ ਜਾਵੇ ਤਾਂ ਕੁਦਰਤੀ ਰੂਪ ਵਿਗੜ ਜਾਂਦਾ ਹੈ। ਅਕਾਰ ਘੱਟ ਜਾਂਦਾ ਹੈ। ਅੱਜ ਮਾਵਾਂ ਵਿਹਲੀਆਂ ਰਹਿੰਦੀਆਂ ਹਨ। ਪਤਲੀਆਂ ਰਹਿਣ ਦਾ ਜਾਦੂ ਹਰ ਮੁਟਿਆਰ ਦੇ ਸਿਰ ਚੜ੍ਹ ਕੇ ਬੋਲਿਆ ਹੋਇਆ ਹੈ। ਖੁਰਾਕ ਘੱਟ ਖਾਂਦੀਆਂ ਹਨ। ਜਦੋਂ ਕੰਮ ਨਹੀਂ ਕਰਨਾ ਤਾਂ ਖੁਰਾਕ ਹਜ਼ਮ ਕਿੱਥੋਂ ਹੋਵੇਗੀ। ਉਹਨਾਂ ਵੇਲਿਆਂ 'ਚ ਬੱਚਾ ਹੋਣ ਤੋਂ ਪਹਿਲਾਂ ਮੁਟਿਆਰਾਂ ਪੰਸੇਰੀ ਪੰਸੇਰੀ ਘਿਉ ਖਾ ਜਾਂਦੀਆਂ ਸਨ। ਕੱਚਾ ਦੁੱਧ ਤੱਤਾ ਕਰਕੇ ਪੀਣਾ ਤਾਂ 'ਰੋਜ਼ਮਰ੍ਹਾ' ਦੀ ਖੁਰਾਕ ਵਿਚ ਸ਼ਾਮਲ ਹੁੰਦੀ ਸੀ। ਅੱਜ ਦੀਆਂ ਮੁਟਿਆਰਾਂ ਬਹੁਤ ਸਮਾਂ ਦੁੱਧ ਦੇਣ ਲਈ ਮਾਨਸਿਕ ਤੌਰ ਤੇ ਤਿਆਰ ਨਹੀਂ ਕਿਉਂਕਿ ਸੁੰਦਰਤਾ ਦੀ ਦੌੜ ਵਿੱਚ ਉਹ ਪਿੱਛੇ ਰਹਿ ਜਾਣਗੀਆਂ। ਸੋ ਮਾਂ ਦੇ ਅੰਮ੍ਰਿਤ ਵਰਗੇ ਦੁੱਧ ਦਾ ਕਿਸੇ ਨਾ ਕਿਸੇ ਦਿਨ ਵਿਕਲਪ ਲੱਭਣਾ ਲਵੇਗਾ। ਨਹੀਂ ਤਾਂ ਵਿਰਸੇ ਦੀ ਸੰਭਾਲ ਦਾ ਕੋਈ ਹੱਲ ਨਹੀਂ ਲੱਭੇਗਾ।

# ਬੱਚੇ ਨੂੰ ਸੰਸਕਾਰੀ ਬਣਾਉਣ 'ਚ ਮਾਂ ਦਾ ਯੋਗਦਾਨ

ਜਿਸ ਰਾਸ਼ਟਰ ਦੀਆਂ ਮਾਵਾਂ ਸੁਘੜ, ਸੁਜਾਨ, ਸੁਸ਼ੀਲ, ਸੁਢੋਲ, ਸਿਰੜੀ, ਸਿਦਕੀ, ਸਿਆਣੀਆਂ ਸਮਰੱਥ ਤੇ ਸਵੈ-ਭਰੋਸੇ ਵਾਲੀਆਂ ਹੋਣਗੀਆਂ ਉਸ ਦੇਸ਼ ਦੇ ਬੱਚਿਆਂ ਭਾਵ ਨਾਗਰਿਕਾਂ ਦੇ ਭਵਿੱਖ ਨੂੰ ਉਜਵਲ ਹੋਣ ਵਿਚ ਕੋਈ ਰੁਕਾਵਟ ਨਹੀਂ ਪਵੇਗੀ। ਰਾਸ਼ਟਰ ਦੀ ਤਰੱਕੀ ਤੇ ਵਿਰਸੇ ਦੀ ਰਖਵਾਲੀ ਅਗਾਂਹਵਧੂ ਵਿਚਾਰਾਂ ਵਾਲੀਆਂ ਪੜ੍ਹੀਆਂ ਲਿਖੀਆਂ ਤੇ ਮਾਨਸਿਕ ਤੌਰ ਤੇ ਪ੍ਰਫੁਲਿਤ ਮਿਹਨਤੀ ਮਾਵਾਂ 'ਤੇ

ਜ਼ਿਆਦਾ ਨਿਰਭਰ ਕਰਦੀ ਹੈ। ਚੰਗੀ ਮਾਂ ਚੰਗੀ ਸੰਤਾਨ ਪੈਦਾ ਕਰਕੇ ਸਦਾਚਾਰ ਤੇ ਮਾਨਵੀ ਮੁੱਲਾਂ ਦੀ ਗੁੜਤੀ ਦੇ ਕੇ ਕਾਬਲ ਇਨਸਾਨ ਬਣਾ ਸਕਦੀਆਂ ਹਨ। ਪਿਓ ਨਾਲੋਂ, ਬੱਚੇ ਵਿੱਚ ਵਿਰਸੇ ਦਾ ਨਿਰਮਾਣ ਕਰਨਾ ਮਾਵਾਂ ਦੇ ਹਿੱਸੇ ਜ਼ਿਆਦਾ ਆਉਂਦਾ ਹੈ। ਕਿਉਂਕਿ ਉਸ ਨੇ ਮਾਂ ਕੋਲ ਜ਼ਿਆਦਾ ਸਮਾਂ ਰਹਿਣਾ ਹੁੰਦਾ ਹੈ। ਪੇਟ ਵਿਚਲੇ ਨੌ ਮਹੀਨੇ ਦਾ ਸਮਾਂ ਬੱਚੇ ਨੂੰ ਸੰਸਕਾਰੀ ਬਣਾਉਣ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਭਾਸ਼ਾ ਦੀ ਮੁੱਢਲੀ ਜਾਣਕਾਰੀ ਵੀ ਮਾਂ ਦੀਆਂ ਲੋਰੀਆਂ ਤੋਂ ਮਿਲਣੀ ਹੁੰਦੀ ਹੈ। ਜਿਸ ਨੇ ਅੱਗੇ ਜਾ ਕੇ ਵਿਚਾਰਾਂ ਨੂੰ ਜਨਮ ਦੇਣਾ ਹੁੰਦਾ ਹੈ। ਬੀਜ ਜਿਸ ਤਲ ਤੇ ਢੰਗੂਰ ਮਾਰਦਾ ਹੈ, ਪੁੰਗਰਦਾ ਹੈ, ਫੈਲਦਾ ਹੈ, ਵਿਗਸਦਾ ਹੈ ਅਤੇ ਆਪਣੇ ਆਪ ਨੂੰ ਉਜਾਗਰ ਕਰਦਾ ਹੈ ਉਸ ਨਾਲ ਮਨੋਵਿਗਿਆਨਿਕ ਤੌਰ ਤੇ ਵੀ ਜੁੜਿਆ ਹੁੰਦਾ ਹੈ। ਸਰੀਰਕ ਤੌਰ ਤੇ ਉਹ ਮਾਪਿਆਂ ਦੀ ਲੱਗਭਗ ਫੋਟੋ ਕਾਪੀ ਹੁੰਦੀ ਹੈ। ਭਾਵੇਂ ਕਿ ਅਠੱਤੀ ਪੀੜੀਆਂ ਦੇ ਆਪਣੇ ਬੰਸ ਦੇ ਸੰਸਕਾਰਾਂ ਨੂੰ ਵੀ ਅਣਗੋਲਿਆਂ ਨਹੀਂ ਕਰਦਾ, ਜਨਮ ਦੇਣ ਵਾਲੀ ਭੂਮੀ (ਮਾਂ) ਵਿੱਚ ਜੇ ਲੋੜੀਂਦੇ ਤੱਤ ਭਾਵ ਵਿਰਸੇ ਤੇ ਉਚ ਮੁੱਲਾਂ ਵਾਲੇ ਨੈਤਿਕ ਸੰਸਕਾਰ ਤੇ ਢੁੱਕਵਾਂ ਮਾਹੌਲ ਹੋਵੇਗਾ ਤਾਂ ਪੈਦਾ ਹੋਣ ਵਾਲੀ ਵਸਤੂ ਹਰ ਪੱਖ ਤੋਂ ਖਰਾ ਉਤਰਨ ਲਈ ਉਤਾਵਲੀ ਹੋਵੇਗੀ।

ਔਰਤ ਕੁਦਰਤ ਦੀ ਉਹ ਸ਼ਕਤੀ ਜਿਸ ਤੋਂ ਨਵਾਂ ਜਨਮ ਪੈਦਾ ਹੁੰਦਾ ਹੈ। ਜ਼ਿੰਦਗੀ ਦੀ ਉਤਪਤੀ ਹੁੰਦੀ ਹੈ। ਇਸ ਸ਼ਕਤੀ ਵਿੱਚ ਸਮਾਜ ਤੇ ਇਤਿਹਾਸ ਨੂੰ ਬਦਲਣ ਦੀ ਸਮਰੱਥਾ ਵੀ ਹੁੰਦੀ ਹੈ। ਅਚਾਰੀਆ ਰਜ਼ਨੀਸ਼ ਦੀ ਪ੍ਰਸਿੱਧ ਰਚਨਾ, "ਮਾਂ ਇੱਕ ਅਨੋਖਾ ਰਿਸ਼ਤਾ" , ਅਨੁਸਾਰ ਬੱਚੇ ਨੂੰ ਗਰਭ ਵਿੱਚ ਹੀ ਸੰਸਕਾਰੀ ਬਣਾਇਆ ਜਾ ਸਕਦਾ ਹੈ। ਗਰਭ ਦੇ 30 ਵੇਂ ਹਫ਼ਤੇ ਤੋਂ ਬਾਅਦ ਬੱਚਾ ਇੱਕ ਪੂਰੀ ਇਕਾਈ ਹੁੰਦਾ ਹੈ। ਛੋਟਾ ਜ਼ਰੂਰ ਹੁੰਦਾ ਹੈ ਪਰ ਕਿਸੇ ਪੱਖ ਤੋਂ ਵੀ ਅਧੂਰਾ ਨਹੀਂ ਹੁੰਦਾ। ਜਨਮ ਤੋਂ ਕਈ ਹਫ਼ਤੇ ਪਹਿਲਾਂ ਬੱਚੇ ਦਾ ਦਿਮਾਗ ਐਨੀ ਚੰਗੀ ਤਰ੍ਹਾਂ ਸਿੱਖਿਆ ਪ੍ਰਾਪਤ ਕਰ ਚੁੱਕਾ ਹੁੰਦਾ ਹੈ ਕਿ ਜਨਮ ਤੋਂ ਬਾਅਦ ਹਰ ਕਾਰਵਾਈ ਲਈ ਤਿਆਰ – ਬਰ – ਤਿਆਰ ਹੁੰਦਾ ਹੈ। ਜਨਮ ਲੈ ਕੇ ਤੁਰੰਤ ਹੀ ਮਾਂ ਦੀਆਂ ਛਾਤੀਆਂ ਦਾ ਸੰਗ ਮੰਗਦਾ ਹੈ।

ਆਧੁਨਿਕ ਉਪਕਰਨਾਂ ਦੀ ਸਹਾਇਤਾ ਨਾਲ ਕੀਤੀਆਂ ਗਈਆਂ ਖੋਜਾਂ ਤੋਂ ਲਈਆਂ ਗਈਆਂ ਤਸਵੀਰਾਂ ਤੋਂ ਜਾਣਕਾਰੀ ਮਿਲਦੀ ਹੈ ਕਿ ਬੱਚਾ ਮਾਂ ਦੇ ਪੇਟ ਵਿੱਚ ਬਾਹਰੀ ਜਗਤ ਦਾ ਸਾਹਮਣਾ ਕਰਨ ਦੀ ਸਿੱਖਿਆ ਪ੍ਰਾਪਤ ਕਰ ਲੈਂਦਾ ਹੈ। ਨਵੀਨ ਤਕਨੀਕਾਂ ਅਨੁਸਾਰ ਅੱਠ ਹਫ਼ਤਿਆਂ ਦੇ ਭਰੂਣ ਵਿੱਚ ਹਿਲਜੁਲ ਵੇਖੀ ਜਾ ਸਕਦੀ ਹੈ।

ਮਨੋਵਿਗਿਆਨੀ ਮਿਰਜਾ ਸਾਜਿਦ ਅਲੀ ਖਾਂ ਅਨੁਸਾਰ ਗਰਭਵਤੀ ਮਾਂ ਨੂੰ ਪੇਟ ਅੰਦਰ ਬੱਚੇ ਨਾਲ ਗੱਲਾਂ ਕਰਨੀਆਂ ਚਾਹੀਦੀਆਂ ਹਨ। ਉਸ ਨੂੰ ਇਸ ਤਰ੍ਹਾਂ ਦੀ ਭਾਵਨਾ ਹੋਵੇ ਜਿਵੇਂ ਬੱਚੇ ਨੂੰ ਗਲ਼ ਨਾਲ ਲਾ ਰਹੀ ਹੋਵੇ। ਡਾ. ਹਰਸ਼ਿੰਦਰ ਕੌਰ ਅਨੁਸਾਰ ਮਾਂ ਨੂੰ ਬੱਚੇ ਦਾ ਨਾਂ ਵੀ ਰੱਖ ਲੈਣਾ ਚਾਹੀਦਾ ਹੈ। ਨਾਂ ਲੈ ਕੇ ਸੰਬੋਧਨ ਕਰਨਾ ਚਾਹੀਦਾ ਹੈ। ਬੱਚਾ ਆਪਣੇ ਨਾਂ ਤੋਂ ਪੇਟ ਵਿੱਚ ਹੀ ਜਾਣੂ ਹੋ ਜਾਂਦਾ ਹੈ। ਸੰਸਕਾਰ ਪ੍ਰਦਾਨ ਕਰਨ ਦੀ ਪ੍ਰਕਿਰਿਆ ਜਨਮ ਲੈਣ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ।

ਪੁਰਾਣੇ ਸਮਿਆਂ ਦੀਆਂ ਅਣਪੜ੍ਹ, ਤਜਰਬਾਕਾਰ, ਦਾਦੀਆਂ, ਪੜਦਾਦੀਆਂ, ਨਾਨੀਆਂ, ਪੜਨਾਨੀਆਂ, ਬੱਚਿਆਂ ਦਾ ਮਨੋਵਿਗਿਆਨ ਜਾਣਦੀਆਂ ਸਨ। ਜਦੋਂ ਨੂੰਹ ਧੀ ਦੇ ਪੈਰ ਭਾਰੀ ਹੋਣ ਦਾ ਪਤਾ ਲੱਗ ਜਾਂਦਾ ਤਾਂ ਉਸ ਨੂੰ ਪੇਕਿਆਂ ਦੇ ਘਰ ਭੇਜ ਦਿੱਤਾ ਜਾਂਦਾ। ਜਾਪਾ ਵੀ ਉੱਥੇ ਹੀ ਹੁੰਦਾ ਕਿਉਂਕਿ ਗਰਭ ਅਵਸਥਾ ਵਿੱਚ ਗ੍ਰਹਿਸਤ ਦਾ ਆਨੰਦ ਲੈਣਾ ਪਾਪ ਮੰਨਿਆ ਜਾਂਦਾ। ਆਚਰਨਕ ਤੌਰ ਤੇ ਇਸ ਨੂੰ ਘਟੀਆ ਸਮਝਿਆ ਜਾਂਦਾ। ਇਸ ਨਾਲ ਭਰੂਣ ਤੇ ਬੁਰਾ ਪ੍ਰਭਾਵ ਪੈਂਦਾ ਹੈ। ਦੂਜਾ ਗਰਭਵਤੀ ਦੀ ਸਿਹਤ ਨੂੰ ਵੀ ਹਾਨੀ ਪਹੁੰਚਦੀ ਹੈ। ਨਵੀਨ ਉਪਕਰਨਾਂ ਤੇ ਉਹਨਾਂ ਰਾਹੀਂ ਲਈਆਂ ਗਈਆਂ ਤਸਵੀਰਾਂ ਤੋਂ ਸਿੱਟਾ ਨਿਕਲਿਆ ਹੈ

ਕਿ ਬੱਚਿਆਂ ਦੀਆਂ ਭਾਵਨਾਤਮਕ ਤੇ ਸਰੀਰਕ ਪ੍ਰਤੀ ਕਿਰਿਆਵਾਂ ਹੁੰਦੀਆਂ ਹਨ। ਸੁਪਨੇ ਲੈਣ ਦੀ ਪ੍ਰਕਿਰਿਆ ਵੀ ਪੇਟ ਵਿੱਚ ਹੀ ਸ਼ੁਰੂ ਹੋ ਜਾਂਦੀ ਹੈ।

ਜਿਹੜੀਆਂ ਮਾਵਾਂ ਸਾਰਾ ਦਿਨ ਟੀ. ਵੀ. ਅਸ਼ਲੀਲ, ਨੰਗੇਜ਼ਵਾਦ ਵਾਲੀਆਂ ਫਿਲਮਾਂ ਵੇਖਦੀਆਂ ਹਨ। ਮਾਰਕੁਟਾਈ, ਚੋਰੀ ਯਾਰੀ, ਠੱਗੀ ਠੋਰੀ, ਕਾਲਾ ਬਾਜ਼ਾਰੀ, ਨਸ਼ਿਆਂ ਵਾਲੇ ਸੀਰੀਅਲ ਦੇਖਣ ਵਿੱਚ ਖੱਚਿਤ ਰਹਿੰਦੀਆਂ ਹਨ। ਆਪਣੇ ਬਾਰੇ ਵੀ ਵਿਚਾਰ ਸ਼ੁੱਧ ਨਹੀਂ ਰੱਖਦੀਆਂ। ਸਦਾਚਾਰ, ਨੈਤਿਕਤਾ ਤੇ ਵਿਰਸੇ ਤੋਂ ਦੂਰ ਰਹਿੰਦੀਆਂ ਹਨ। ਫੈਸ਼ਨ ਕਰਦੀਆਂ ਹਨ। ਪਹਿਨਣ ਪੱਚਰਨ ਵੱਲ ਜ਼ਿਆਦਾ ਧਿਆਨ ਦਿੰਦੀਆਂ ਹਨ। ਇਹ ਸਾਰੀਆਂ ਅਵੱਸਥਾਵਾਂ ਪੇਟ ਵਿਚਲੇ ਬੱਚੇ ਤੇ ਬੁਰਾ ਪ੍ਰਭਾਵ ਪਾਉਂਦੀਆਂ ਹਨ। ਉਸ ਦਾ ਵਿਰਸੇ ਨਾਲੋਂ ਟੁੱਟਣ ਦਾ ਖਤਰਾ ਵੱਧ ਜਾਂਦਾ ਹੈ।

ਦਾਦੀਆਂ, ਸੱਸਾਂ, ਪਤੀਹਸਾਂ, ਦਰਾਣੀਆਂ, ਜਠਾਣੀਆਂ ਗਰਭਵਤੀ ਨੂੰ ਸਿੱਖਿਆ ਦਿੰਦੀਆਂ, "ਤੂੰ ਸਵੇਰੇ ਉੱਠ ਕੇ ਬਾਬੇ ਨੂੰ ਮੱਥੇ ਲਾਇਆ ਕਰ, ਕਿਉਂਕਿ ਉਹ ਸਿਆਣਾ ਬੰਦਾ ਹੈ, ਭਜਨ ਬੰਦਗੀ ਕਰਦਾ ਹੈ, ਵਿਚਾਰ ਸ਼ੁੱਧ ਰੱਖਦਾ ਹੈ"। ਜੇ ਮਾਂ ਪਿਉ ਗੋਰੇ ਨਿਛੋਹ ਹੁੰਦੇ ਤੇ ਬੱਚਾ ਕਾਲਾ ਕਲੂਟਾ ਪੈਦਾ ਹੋ ਜਾਂਦਾ ਤਾਂ ਵੱਡੀਆਂ ਔਰਤਾਂ ਇਹ ਆਖ ਕੇ ਚੁਕੰਨਾ ਕਰਦੀਆਂ-"ਲੈ ਕੁੜੈ। ਤੇਰੇ ਮੱਥੇ ਤਾਂ ਸੀਰੀ ਲੱਗਦਾ ਰਿਹਾ ਹੈ। ਉਹੋ ਜਿਹਾ ਹੀ ਮੁੰਡੇ ਦਾ ਰੰਗ ਹੈ"। ਜੇ ਮੱਥੇ ਲੱਗਣ ਲਈ ਉੱਚ ਪਾਏ ਦਾ ਇਨਸਾਨ ਘਰ ਵਿੱਚ ਨਾ ਹੁੰਦਾ ਤਾਂ ਸਵੇਰੇ ਉੱਠ ਕੇ ਮੂੰਹ ਧੋਣ ਤੋਂ ਪਹਿਲਾਂ ਹੱਥਾਂ ਦੀਆਂ ਲਕੀਰਾਂ ਵੱਲ ਨਜ਼ਰ ਮਾਰਨ ਦੀ ਹਦਾਇਤ ਕਰਦੀਆਂ। ਜੇ ਵੇਖਣ ਵਾਲੀਆਂ ਚੀਜ਼ਾਂ ਦਾ ਅਕਸ ਬੱਚੇ ਤੇ ਅਸਰ ਕਰ ਸਕਦਾ ਹੈ ਤਾਂ ਵਿਚਾਰਾਂ ਦਾ ਪ੍ਰਭਾਵ ਤਾਂ ਅਵੱਸ਼ ਹੀ ਪਵੇਗਾ।

ਅਚਾਰੀਆ ਰਜ਼ਨੀਸ਼ ਬੱਚੇ ਨੂੰ ਗੁੜਤੀ ਦੇਣ ਦੇ ਸਮੇਂ ਨੂੰ ਮਹੱਤਵਪੂਰਨ ਸਮਝਦਾ ਹੈ। ਜਿਹੜਾ ਸ਼ਬਦ ਪਹਿਲੀ ਵਾਰ ਬੱਚੇ ਦੇ ਕੰਨਾਂ ਵਿੱਚ ਪਵੇਗਾ ਤੇ ਜਿਹੜਾ ਵਿਅਕਤੀ ਉਸ ਦੇ ਮੂੰਹ ਨੂੰ ਗੁੜ, ਸ਼ਹਿਦ ਆਦਿ ਲਾਵੇਗਾ ਤਾਂ ਉਸ ਦਾ ਪ੍ਰਭਾਵ ਤਾਅ ਜ਼ਿੰਦਗੀ ਦੇਖਿਆ ਜਾ ਸਕੇਗਾ। ਦਾਦੀਆਂ, ਨਾਨੀਆਂ, ਅਣਪੜ ਹੋਣ ਦੇ ਬਾਵਜੂਦ ਵੀ ਇਸ ਤੱਥ ਨੂੰ ਧਿਆਨ ਦੇਣ ਯੋਗ ਸਮਝਦੀਆਂ। ਗੁੜਤੀ ਕਿਸੇ ਚੰਗੀ ਭਲੀਮਾਣਸ ਔਰਤ ਤੋਂ ਦਿਵਾਉਂਦੀਆਂ ਸਨ। ਦਾਦੀ ਮਾਂ ਕਿਸੇ ਪਰਾਈ ਔਰਤ ਹੱਥੋਂ ਗੁੜਤੀ ਦਿਵਾਉਣ ਦੇ ਹੱਕ ਵਿੱਚ ਨਹੀਂ ਸੀ। ਸਗੋਂ ਉਹ ਆਪ ਪੋਤਿਆਂ, ਪੋਤੀਆਂ, ਦੋਹਤੇ, ਦੋਹਤੀਆਂ ਨੂੰ ਗੁੜਤੀ ਦਿਆ ਕਰਦੀ ਸੀ। ਉਸ ਦਾ ਤਰਕ ਸੀ ਕਿ ਬੱਚੇ ਦਾ ਸੁਬਾਅ ਤੇ ਆਦਤਾਂ ਗੁੜਤੀ ਦੇਣ ਵਾਲੇ ਅਨੁਸਾਰ ਢਲ ਜਾਂਦੀਆਂ ਹਨ। ਦਾਦੀ ਨੇ ਮੈਨੂੰ ਗੁੜਤੀ ਆਪਣੀ ਭਰਜਾਈ ਤੋਂ ਦਿਵਾਈ ਸੀ ਤੇ ਅੱਜ ਤੱਕ ਆਖਦੀ ਰਹੀ ਕਿ ਤੇਰਾ ਸੁਭਾਉ ਤਾਂ ਮਹਾ ਕੁਰ ਵਰਗਾ ਹੈ। ਵਿਰਸੇ ਦੇ ਮਾਪਾਂ ਅਨੁਸਾਰ ਗੁੜਤੀ ਦੀ ਰਸਮ ਅਦਾ ਕੀਤੀ ਜਾਵੇ ਤਾਂ ਠੀਕ ਰਹਿੰਦਾ ਹੈ।

ਗਰਭ ਅਵਸਥਾ ਸਮੇਂ ਜਿਹੜੀਆਂ ਮਾਵਾਂ ਧਾਰਮਿਕ ਬਿਰਤੀ ਰੱਖਦੀਆਂ ਹਨ। ਧਾਰਮਿਕ ਕਿਤਾਬਾਂ ਪੜਦੀਆਂ ਹਨ, ਆਪਣੇ ਵਿਚਾਰ ਪਵਿੱਤਰ ਰੱਖਦੀਆਂ ਹਨ। ਰਹਿਣ ਸਹਿਣ ਭਾਵ ਜੀਵਨ ਸ਼ੈਲੀ ਸਹੀ ਢੰਗ ਦੀ ਹੁੰਦੀ ਹੈ। ਪੂਜਾ ਪਾਠ ਕਰਦੀਆਂ ਹਨ। ਧਾਰਮਿਕ ਅਸਥਾਨਾਂ ਤੇ ਅਰਦਾਸਾਂ ਕਰਦੀਆਂ ਆਪਣੇ ਆਪ ਦੇ ਨੇੜੇ ਹੁੰਦੀਆਂ ਹਨ। ਵਿਰਸੇ ਨਾਲ ਤਨੋਂ ਮਨੋਂ ਜੁੜੀਆਂ ਹੁੰਦੀਆਂ ਹਨ। ਸੱਭਿਆਚਾਰਕ ਤੇ ਉੱਚ ਪਾਏ ਦੇ ਆਚਾਰ ਵਿਹਾਰ ਦਾ ਦਿਲ ਲਾ ਕੇ ਪਾਲਦਾ ਕਰਦੀਆਂ ਹਨ। ਆਪਣੇ ਵੱਡੇ ਵੱਡੇਰਿਆਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਬੱਚਿਆਂ ਕੋਲ ਕਰਦੀਆਂ ਹਨ। ਬਜ਼ੁਰਗਾਂ ਤੋਂ ਆਪ ਵੀ ਵਿਰਸੇ ਦੀਆਂ ਕਹਾਣੀਆਂ ਸੁਣਦੀਆਂ ਹਨ। ਉਹਨਾਂ ਦੇ ਬੱਚੇ ਵੱਡੇ ਹੋ ਕੇ ਵਿਰਸੇ ਨਾਲੋਂ ਟੁੱਟਣਾ ਪਸੰਦ ਨਹੀਂ ਕਰਦੇ ਕਿਉਂਕਿ ਪੇਟ ਵਿੱਚ ਹੀ ਉਹ ਇਸ ਨਾਲ ਮਾਨਸਿਕ ਤੌਰ ਤੇ ਜੁੜ ਜਾਂਦੇ ਹਨ ਤੇ ਪ੍ਰਭਾਵ ਕਬੂਲ ਲੈਂਦੇ ਹਨ।

ਸੰਯੁਕਤ ਪਰਿਵਾਰ ਵਿਰਸੇ ਨੂੰ ਸੰਭਾਲਣ ਤੇ ਅਗਲੀ ਪੀੜੀ ਤੱਕ ਪੁੱਜਦਾ ਕਰਨ ਲਈ ਸਭ ਤੋਂ ਵਧੀਆ ਸਸਤਾ, ਸੌਖਾ ਤੇ ਕਾਰਗਰ ਸਾਧਨ ਹੋਇਆ ਕਰਦਾ ਸੀ। ਜਿਸ ਵਿੱਚ ਭੈਣ, ਭਰਾ, ਬੱਚੇ, ਦਾਦਾ, ਦਾਦੀ, ਚਾਚਾ, ਤਾਇਆ, ਚਾਚੀ, ਤਾਈ, ਆਦਿ ਦੀ ਸੰਗਤ ਦੇ ਮਿੱਠੇ ਫਲ ਦਾ ਆਨੰਦ ਵੀ ਮਾਣਦੇ ਤੇ ਸਦਾਚਾਰਕ, ਨੈਤਿਕ ਕਦਰਾਂ, ਕੀਮਤਾਂ ਲਈ ਭੂਮੀ ਨੂੰ ਜ਼ਰਖੇਜ਼ ਬਣਾਉਣ ਵਿੱਚ ਯੋਗਦਾਨ ਪਾਉਂਦੇ ਤਾਂ ਜੋ ਕਰੂੰਬਲਾਂ ਨੂੰ ਟੁੱਟਣ ਤੋਂ ਬਚਾਉਣ ਲਈ ਬਚਪਨ ਵਿੱਚ ਹੀ ਤਿਆਰੀ ਖਿੱਚ ਲਈ ਜਾਵੇ। ਅੱਜ ਇਕਲਾਪੇ ਦੇ ਕਰ ਕੇ ਨਵੀਂ ਪੀੜ੍ਹੀ ਕਦਰਾਂ ਕੀਮਤਾਂ ਦੀ ਕਦਰ ਕਰਨ ਵੱਲੋਂ ਤੇਜ਼ ਰਫ਼ਤਾਰ ਨਾਲ ਅਵੇਸਲੀ ਹੋ ਰਹੀ ਹੈ।

ਵਿਰਸਾ ਕਿਸੇ ਕੌਮ, ਕਬੀਲੇ, ਜਾਤ ਦਾ ਬਹੁਮੁੱਲਾ ਧਨ ਹੁੰਦਾ ਹੈ। ਵਿਰਸੇ ਨੂੰ ਭੁੱਲਣ ਵਾਲੀਆਂ ਕੌਮਾ ਮਿਟ ਜਾਂਦੀਆਂ ਹਨ। ਵਿਰਸੇ ਦੀ ਸੰਭਾਲ ਲਈ ਮਾਵਾਂ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਨਿਗਰ ਤੇ ਨਰੋਏ ਸਮਾਜ ਲਈ ਮਾਵਾਂ ਦੀ ਜ਼ਿੰਮੇਵਾਰੀ ਜ਼ਿਆਦਾ ਬਣਦੀ ਹੈ। ਮਰਦ ਨੂੰ ਉਹਨਾਂ ਦਾ ਸਾਥ ਦੇਣਾ ਚਾਹੀਦਾ ਹੈ।

# ਮਾਂ ਦੇ ਵਹਿਮ ਭਰਮ

ਜ਼ਿੰਦਗੀ ਵਿੱਚ ਕੁਝ ਸਿੱਟੇ ਅਸੀਂ ਕੱਢਦੇ ਆਪ ਹਾਂ ਅਤੇ ਲਾਗੂ ਦੂਜਿਆਂ ਤੇ ਕਰਨ ਦੀ ਬੇਵਜਾ ਕੋਸ਼ਿਸ਼ 'ਚ ਲੱਗੇ ਰਹਿੰਦੇ ਹਾਂ। ਜਿਵੇਂ ਲਾਲ ਰੰਗ ਦੇ ਸੇਬ ਦੁਕਾਨ ਤੋਂ ਖਰੀਦੋ। ਅਗਲੇ ਦਿਨ ਹੋਰ ਦੁਕਾਨ ਤੋਂ। ਇਸ ਤਰ੍ਹਾਂ ਚਾਰ ਪੰਜ ਵੱਖਰੀਆਂ ਵੱਖਰੀਆਂ ਦੁਕਾਨਾਂ ਤੋਂ ਖਰੀਦੇ ਸਾਰੇ ਸੇਬ ਮਿੱਠੇ ਨਿਕਲੇ ਅਤੇ ਅਸੀਂ ਧਾਰਨਾ ਬਣਾ ਲਈ ਕਿ ਕਿਤੋਂ ਖਰੀਦ ਲਵੋ ਲਾਲ ਰੰਗ ਦੇ ਸੇਬ ਸ਼ਰਤੀਆ ਮਿੱਠੇ ਹੋਣਗੇ। ਸ਼ਾਇਦ ਇਸ ਵਿਚ ਮਨੋਵਿਗਿਆਨ ਦੀ ਭੂਮਿਕਾ ਹੋਵੇ। ਦੂਜਿਆਂ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਾਂ। ਜਦੋਂ ਉਹ ਇਸ ਦੀ ਪੁਸ਼ਟੀ ਕਰ ਦਿੰਦੇ ਹਨ ਤਾਂ ਨੁਸਖਾ ਜਾਂ ਅਸੂਲ ਬਣ ਗਿਆ।

ਕੁਝ ਕੁ ਲੋਕ-ਤਥਾ ਬਾਰੇ ਮਨੋਵਿਗਿਆਨਕ ਤੇ ਵਿਗਿਆਨਕ ਸੂਝ ਦੀ ਕਮੀ ਕਰ ਕੇ ਵਹਿਮਾਂ ਭਰਮਾਂ ਦੇ ਸ਼ਿਕਾਰ ਹੋ ਜਾਂਦੇ ਹਾਂ। ਅਣਪੜ੍ਹਤਾ ਦਾ ਰੰਗ ਵੀ ਉਘੜਦਾ ਹੈ। ਅੱਜ ਨਾਲੋਂ ਸੱਤ, ਅੱਠ, ਦਹਾਕੇ ਪਹਿਲਾਂ ਅਗਿਆਨਤਾ ਵੱਸ ਇਹਨਾਂ ਦਾ ਸ਼ਿਕਾਰ ਹੋ ਜਾਂਦੇ। ਇਸ ਤੇ ਅਮਲ ਕਰਨਾ ਉਹਨਾਂ ਦੀ ਮਜ਼ਬੂਰੀ ਸੀ। ਮਾਂ ਵੀ ਅਜਿਹੇ ਵਿਚਾਰਾਂ ਦੀ ਧਾਰਨੀ ਬਣੀ ਹੋਈ ਸੀ। ਜਦੋਂ ਮੌਕਾ ਮਿਲਦਾ ਤਾਂ ਪਰਿਵਾਰ ਦੀ ਬਿਹਤਰੀ ਹਿਤ ਦਿਲ ਦੇ ਭੇਤ ਸਾਂਝੇ ਕਰਿਆ ਕਰਦੀ। ਹੱਡਬੀਤੀ ਦੀਆਂ ਉਦਾਹਰਣਾਂ ਦੇ ਕੇ ਦੂਜਿਆਂ ਨੂੰ ਆਪਣੇ ਵੱਲ ਖਿੱਚਦੀ। ਤ੍ਰਿਆ ਹੱਠ ਦਾ ਪ੍ਰਭਾਵ ਪੈਂਦਾ ਸੀ।

ਛਿੱਕ ਬਾਰੇ ਆਪਣੇ ਵਿਸ਼ਵਾਸ ਨੂੰ ਦੁਹਰਾਇਆ ਕਰਦੀ ਕਿ ਜਦੋਂ ਬੰਦਾ ਗਰਾਂ ਜਾਣ ਲੱਗੇ, ਜ਼ਰੂਰੀ ਕੰਮ ਹੋਵੇ ਨਵਾਂ ਕੰਮ ਸ਼ੁਰੂ ਕਰਨ ਲੱਗੇ ਅਤੇ ਅਚੇਤ ਹੀ ਕੋਈ ਛਿੱਕ ਮਾਰ ਦੇਵੇ ਤਾਂ ਕੰਮ ਕਦੇ ਨੇਪਰੇ ਨਹੀਂ ਚੜ੍ਹਦਾ। ਅੜਿਚਨ ਜ਼ਰੂਰ ਪਵੇਗੀ। ਲੱਖਯਤਨ ਕਰਨ ਤੇ ਵੀ ਰਾਸ ਨਹੀਂ ਆਉਂਦਾ।

ਕੁੱਤੇ ਦਾ ਕੰਨ ਮਾਰਨਾ ਵੀ ਅਪਸ਼ਗਨ ਹੈ, ਜੋ ਵਾਰ ਵਾਰ ਦੁਹਰਾਇਆ ਕਰਦੀ। ਕਰੀਮਾ ਮੁਸਲਮਾਨ ਇੱਥੋਂ ਜਦੋਂ ਆਪਣੇ ਪੁਰਾਣੇ ਪਿੰਡ ਜਾਣ ਲਈ ਤੁਰਨ ਲੱਗਿਆ ਤਾਂ ਕੁੱਤੇ ਨੇ ਪਿੱਛੋਂ ਕੰਨ ਮਾਰੇ। ਰੁਕਣ ਲਈ ਬਹੁਤ ਕਿਹਾ। ਜੁੱਤੀ ਝਾੜਨ, ਪਾਣੀ ਪੀਣ, ਕੁਝ ਸਮਾਂ ਬੈਠਣ ਲਈ ਵੀ ਜ਼ੋਰ ਲਾਇਆ ਪਰ ਉਸ ਨੇ ਇੱਕ ਨਾ ਮੰਨੀ। ਸੰਤਾਲੀ ਦੀ ਹਨੇਰੀ ਵਿੱਚ ਗੱਡੀ ਚੜ੍ਹਦਾ ਹੀ ਮਾਰਿਆ ਗਿਆ। ਇਹ ਗੱਲ ਕੰਨ 'ਚ ਪਾ ਲਵੋ ਕਿ ਕਿੱਡਾ ਹੀ ਜ਼ਰੂਰੀ ਕੰਮ ਹੋਵੇ ਜੇ ਅੱਗੋਂ ਜਾਂ ਪਿੱਛੋਂ ਕੁੱਤਾ ਕੰਨ ਝੜਕਾਵੇ ਤਾਂ ਉਸ ਕੰਮ ਦੇ ਹੋਣ ਦੀ ਖੁਸ਼ੀ ਨੂੰ

ਆਸ ਰੱਖੋ।

ਬਿੱਲੀ ਰਾਤ ਨੂੰ ਰੋਵੇ ਤਾਂ ਭਲਾ ਨਹੀਂ ਕਰਦੀ। ਰਸਤਾ ਕੱਟ ਜਾਵੇ ਤਾਂ ਵਾਪਸ ਮੁੜ ਆਉਣਾ ਚਾਹੀਦਾ ਹੈ। ਰਾਤ ਨੂੰ ਰੋਣ ਵਾਲੀ ਬਿੱਲੀ ਤੇ ਉੱਲੂ ਚੰਗੇ ਨਹੀਂ ਹੁੰਦੇ। ਜੇ ਕੋਚਰੀ ਰਾਤ ਨੂੰ ਬੋਲੇ ਤਾਂ ਉਹ ਵੀ ਉੱਲੂ ਵਰਗਾ ਪ੍ਰਭਾਵ ਪਾਉਂਦੀ ਹੈ। ਉੱਲੂ, ਕਬੂਤਰ, ਕੋਚਰੀ ਉਜਾੜ ਭਾਲਦੇ ਹਨ। ਇਹਨਾਂ ਨੂੰ ਮਨੁੱਖ ਦੀ ਸੰਗਤ ਚੰਗੀ ਨਹੀਂ ਲਗਦੀ। ਉੱਲੂ ਤੇ ਕੋਚਰੀ ਤਾਂ ਰਹਿੰਦੇ ਹੀ ਉਜਾੜ ਵਿੱਚ ਹਨ। ਕਬੂਤਰ ਵੀ ਸੁੰਨੀਆਂ ਥਾਵਾਂ ਤੇ ਰੈਣ ਬਸੇਰਾ ਕਰਦੇ ਹਨ ਤੇ ਸੁੰਨ ਚਾਹੁੰਦੇ ਹਨ। ਵਾਧਾ ਨਹੀਂ ਚਾਹੁੰਦੇ। ਘੂੰ, ਘੂੰ ਕਰਦੇ ਰਹਿੰਦੇ ਹਨ ਜਿਵੇਂ ਮਰੀਜ਼ ਦੀ ਹੂੰਗਰ ਹੋਵੇ। ਭੈੜਾ ਲਗਦਾ ਹੈ। ਵਸਦੇ ਘਰਾਂ ਵਿੱਚ ਸੋਭਾ ਨਹੀਂ ਦਿੰਦੇ। ਜੇ ਰਾਤ ਨੂੰ ਕੁੱਤੇ ਰੋਂਦੇ ਹੋਣ ਤਾਂ ਪਸ਼ੂਆਂ ਦੀ ਬਿਮਾਰ ਪੈਣ ਦੇ ਅਸਾਰ ਹੁੰਦੇ ਹਨ। ਇਹਨਾਂ ਨੂੰ ਭਟਕਦੀਆਂ ਕਲ ਜੋ ਗਣਾ ਦਾ ਪਤਾ ਲੱਗ ਜਾਂਦਾ ਹੈ। ਰਾਤ ਨੂੰ ਮੋਰਾਂ ਦਾ ਚੀਕ ਚਿਹਾੜਾ ਵੀ ਮਾੜਾ ਹੁੰਦਾ ਹੈ। ਇਹਨਾਂ ਦੀ ਕੂਕ ਸਵੇਰ ਹੋਣ ਤੋਂ ਜਹਾਨੋਂ ਤੋਰ ਦਿੰਦੀ ਹੈ। ਹਾਂ! ਮੀਂਹ ਪੈਣ ਦਾ ਇਹਨਾਂ ਨੂੰ ਛੇਤੀ ਪਤਾ ਲਗਦਾ ਹੈ। ਟਿਕੀ ਰਾਤ ਤੋਂ ਢੱਠਾ ਬੜਕਾਂ ਮਾਰਦਾ ਖੌਰੂ ਪਾਵੇ ਤੇ ਪਿੰਡ ਵਿੱਚੋਂ ਦੀ ਲੰਘੇ ਤਾਂ ਸਵੇਰ ਹੋਣ ਤੱਕ ਝਗੜੇ ਦੀਆਂ ਖਬਰਾਂ ਮਿਲਦੀਆਂ ਹਨ।

ਕੰਮ ਜਾਂਦਿਆਂ ਨੂੰ ਅਚਾਨਕ ਢੱਠਾ ਜਾਂ ਝੋਟਾ ਮਿਲ ਪਵੇ ਤਾ ਮੁੜਨ 'ਚ ਹੀ ਭਲਾਈ ਹੋਵੇਗੀ। ਖਾਲੀ ਟੋਕਰਾ ਮੱਥੇ ਲੱਗੇ ਤਾਂ ਸਮਝੋ ਕੰਮ ਵਿਚ ਵਿਘਨ ਪੈ ਗਿਆ। ਕੰਮ ਹੋਣ ਦੀ ਉਮੀਦ ਅੱਧੀ ਰਹਿ ਜਾਂਦੀ ਹੈ। ਰੱਬ ਸਬੱਬੀ ਕਰਮ ਚੰਗੇ ਹੋਣ ਤਾਂ ਭਾਵੇਂ ਸਹੀ ਹੋ ਜਾਵੇ। ਜੇ ਤਿਲਕ ਲੱਗੇ ਵਾਲਾ ਪੰਡਤ ਮਿਲ ਪਵੇ ਤਾਂ ਛੁਰਾ ਵੱਜਣ ਵਰਗੀ ਘਟਨਾ ਵਾਪਰ ਸਕਦੀ ਹੈ ਪਰ ਜੇ ਘਰੋਂ ਨਿਕਲਦਿਆਂ ਨੂੰ ਦਲਿਤ ਜਾਤੀ ਦਾ ਬੰਦਾ ਮੱਥੇ ਲੱਗੇ ਤਾਂ ਸ਼ੁਰੂਆਤ ਚੰਗੀ ਹੋਈ ਹੈ। ਪਾਣੀ ਦਾ ਭਰਿਆ ਘੜਾ ਚੁੱਕੀ ਆਉਂਦੀ ਔਰਤ ਮੱਥੇ ਲੱਗੇ ਤਾਂ ਪੌਂ ਬਾਰਾਂ। ਨੌਂ ਨਿਧਾ ਤੇ ਬਾਰਾਂ ਸਿਧਾਂ। ਭਰੇ ਘੜੇ ਨੂੰ ਕਦੇ ਖਾਲੀ ਨਾ ਜਾਣ ਦੇਈਏ ਸਗੋਂ ਚਾਂਦੀ ਦਾ ਰੁਪਿਆ ਘੜੇ ਵਿੱਚ ਜ਼ਰੂਰ ਪਾਈਏ। ਗਰਭਵਤੀ ਔਰਤ ਮਿਲ ਪਵੇ ਤਾਂ ਪੰਜੇ ਘਿਓ ਵਿੱਚ। ਇਹ ਸ਼ਗਨ ਵੀ ਪਾਣੀ ਦੇ ਭਰੇ ਘੜੇ ਵਰਗੀ ਔਰਤ ਨਾਲ ਮਿਲਦਾ ਜੁਲਦਾ ਪ੍ਰਭਾਵ ਪਾਉਂਦਾ ਹੈ। ਸਵੇਰ ਸਮੇਂ ਹਰਾ ਮੱਥੇ ਲੱਗੇ ਤਾਂ ਬਹੁਤ ਹੀ ਚੰਗਾ ਹੁੰਦਾ ਹੈ ਤੇ ਸਾਰਾ ਦਿਨ ਖੁਸ਼ੀ ਵਿੱਚ ਬੀਤਦਾ ਹੈ। ਇਸ ਕਰਕੇ ਤਾਂ ਸਿਆਣੇ ਲੋਕ ਵਾਰ 'ਚ ਸਾਹਮਣੇ ਤ੍ਰਿਵੈਣੀ ਲਾਉਂਦੇ ਹਨ।

ਜਾਂਦੇ ਕੋਈ ਮੁਸਾਫ਼ਰ, ਮਹਿਮਾਨ, ਰਿਸ਼ਤੇਦਾਰ ਆਪਣੀ ਮੰਜ਼ਲ ਵੱਲ ਰਵਾਨਾ ਹੋਣ ਲੱਗੇ ਤਾਂ ਪਿੱਛੋਂ ਬੋਲ ਕਦੇ ਨਾ ਮਾਰੀਏ। ਜੇ ਲੋੜ ਪੈ ਜਾਵੇ ਤਾਂ ਅੱਗੇ ਹੋ ਕੇ ਜਾਂ ਬਰਾਬਰ ਤੇ ਜਾ ਕੇ ਰਹਿ ਗਿਆ ਸੁਨੇਹਾ ਦਿੱਤਾ ਜਾ ਸਕਦਾ ਹੈ। ਨਹੀਂ ਤਾਂ ਨਾ ਦੱਸਣਾ ਹੀ ਬਿਹਤਰ ਹੁੰਦਾ ਹੈ। ਤਿੰਨ ਜਣਿਆਂ ਨੇ ਇਕੱਠੇ ਕਿਸੇ ਕੰਮ ਨਹੀਂ ਤੁਰਨਾ। ਤੀਜਾ ਰਲਿਆ ਤੇ ਕੰਮ ਗਲਿਆ। ਪਿੱਛੋਂ ਜਾ ਹਲਿਆ ਜਾ ਸਕਦਾ ਹੈ ਜਾਂ ਇੱਕ ਪਹਿਲਾਂ ਤੁਰ ਪਏ ਤੇ ਦੂਜੇ ਝੱਟ ਪਿੱਛੋਂ ਤੋਰ ਪੈਣ।

ਬਾਪੂ ਆਖਦਾ ਹੁੰਦਾ ਸੀ ਕਿ ਜੇ ਪਸ਼ੂ ਖਰੀਦੀਏ ਤਾਂ ਝੋਲੀ 'ਚ ਰੱਸਾ ਪਵਾਈਏ। ਮਾਲਕ ਨੂੰ ਪਿੱਛੋਂ ਹੱਕਣ ਜਾਂ ਥਾਪੀ ਨਾ ਦੇਣ ਦੇਈਏ। ਉਸ ਨੂੰ ਪਿੱਛੇ ਵੀ ਨਾ ਤੁਰਨ ਦੇਈਏ। ਸਾਈ ਦਾ ਸਿਰਫ ਇਕ ਰੁਪਿਆ ਫੜਾਈਏ ਤੇ ਰਕਮ ਤਾਰਨ ਪਿੱਛੋਂ ਵਾਪਸ ਲੈ ਲਈਏ। ਲਵੇਰਾ ਪਸ਼ੂ ਚੋ ਕੇ ਤੇ ਹਾਲੀ ਪਸ਼ੂ ਵਾਹ ਕੇ ਖਰੀਦੀਏ। ਜੇ ਪਸ਼ੂ ਖਰੀਦਣ ਦਾ ਵੱਲ ਨਾ ਹੋਵੇ ਤਾਂ ਦੋਂਦਾ ਚੌਗਾ ਖਰੀਦ ਲਈਏ। ਅੱਗੇ ਜਾ ਕੇ ਲੜ ਛੁਡਾ ਜਾਵੇਗਾ। ਦੋ ਚਾਰ ਸੌ ਘਾਟੇ ਨਾਲ ਵਿਕਰੀ ਹੋ ਜਾਵੇਗੀ।

ਸੱਪਾਂ ਦਾ ਜੋੜਾ ਲੜਦਾ ਮਿਲ ਜਾਵੇ ਤਾਂ ਉਪਰ ਕਪੜਾ ਸੁੱਟ ਦੇਈਏ। ਵੱਸ! ਇਸ ਕਪੜੇ 'ਚ ਕਾਮਯਾਬੀ ਦਾ ਸਿਹਰਾ ਵੱਜ ਜਾਂਦਾ ਹੈ। ਜਦੋਂ ਉਲਝੇ ਤੇ ਵਿਗੜੇ ਕੰਮਾਂ ਨੂੰ ਸੰਵਾਰਨ ਜਾਂ ਮੁਕੱਦਮੇ ਦੀ

ਤਾਰੀਖ ਭੁਗਤਨ ਜਾਈਏ ਤਾਂ ਕਪੜਾ ਨਾਲ ਲੈ ਜਾਈਏ ਤਾਂ ਸਫ਼ਲਤਾ ਪੈਰ ਚੁੰਮੇਗੀ। ਦੁਸ਼ਮਣ ਵੀ ਦੋਸਤ ਬਣ ਕੇ ਤੁਹਾਡੀ ਮਦਦ 'ਤੇ ਆ ਖੜ੍ਹਨਗੇ। ਉਹ ਬੰਦਾ ਵੀ ਕਰਮਾਂ ਵਾਲਾ ਹੋਵੇਗਾ ਜਿਸ ਦੇ ਮੱਥੇ ਸੱਪਾਂ ਦਾ ਜੋੜਾ ਲੱਗਿਆ ਹੋਵੇਗਾ।

ਪੁਰਾਣੇ ਸਮੇਂ ਵਿੱਚ ਅਣਪੜ੍ਹ ਜੰਤਾ ਵਹਿਮਾਂ ਭਰਮਾਂ ਤੇ ਵਿਸ਼ਵਾਸ ਕਰ ਕੇ ਅੰਦਰੋਂ ਕਮਜ਼ੋਰ ਹੋ ਜਾਂਦੀ ਸੀ। ਉਹਨਾਂ ਨੂੰ ਦੂਰ ਕਰਨ ਲਈ ਚਤੁਰ ਦਿਮਾਗ ਵਾਲਿਆਂ ਤੋਂ ਲੁੱਟ ਕਰਵਾ ਬੈਠਦੇ ਸਨ। ਭਾਵੇਂ ਅੱਜ ਵਿਗਿਆਨ ਨੇ ਪੈਰ ਪਸਾਰ ਲਏ ਹਨ ਪਰ ਲੋਕਾਂ ਦੀ ਅਪਾਹਜ ਸੋਚ ਨੂੰ ਬਦਲਣ ਵਾਸਤੇ ਸਮਾਂ ਲੱਗੇਗਾ।

# ਮਾਂ ਦੇ ਸਿਰ੍ਹਾਣੇ ਕਫ਼ਨ

ਕੁਦਰਤੀ ਤੌਰ ਤੇ ਹਰ ਔਰਤ ਮਾਂ ਬਣਨਾ ਲੋਚਦੀ ਹੈ। ਕਿਉਂਕਿ ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਤੇ ਸਾਂਭ ਸੰਭਾਲ ਕਰਨ ਵਿੱਚ ਅਨੇਕਾਂ ਦੁੱਖਾਂ, ਕਸ਼ਟਾਂ, ਕਠਿਨਾਈਆਂ, ਦੁਸ਼ਵਾਰੀਆਂ, ਲਾਚਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਮਤਾ ਦੀ ਖਾਤਰ ਜਾਨ ਦੀ ਬਾਜੀ ਵੀ ਲਾਉਣੀ ਪੈ ਸਕਦੀ ਹੈ। ਮਰਦ ਨੇ ਉਸ ਦੇ ਇਸ ਦਰਦ ਨੂੰ ਪਛਾਣਿਆ ਹੀ ਨਹੀਂ। ਸਗੋਂ ਮਨੂ ਤੋਂ ਲੈ ਕੇ ਅੱਜ ਤੱਕ ਔਰਤ ਨੂੰ ਬੱਚੇ ਜੰਮਣ ਵਾਲੀ ਮਸ਼ੀਨ ਤੇ ਭੋਗ ਦੀ ਵਸਤੂ ਸਮਝ ਕੇ ਮਨ ਆਈਆਂ ਕਰਦਾ ਰਿਹਾ ਹੈ। ਖਾਸ ਤੌਰ ਤੇ ਜੰਮਣ ਪੀੜਾਂ ਮਰਦ ਕਿਸੇ ਤਰੀਕੇ ਵੀ ਨਹੀਂ ਜਾਣ ਸਕਦਾ। ਨੌਂ ਮਹੀਨੇ ਬੱਚੇ ਨੂੰ ਪੇਟ ਵਿੱਚ ਰੱਖ ਕੇ ਲਹੂ ਨਾਲ ਸਿੰਝਣਾ ਕੋਈ ਸੌਖਾ ਕਾਰਜ ਨਹੀਂ। ਮਾਂ ਨੇ ਬੱਚੇ ਨੂੰ ਸਰੀਰ ਹੀ ਨਹੀਂ ਦੇਣਾ ਹੁੰਦਾ। ਸਗੋਂ ਜ਼ਿੰਦਗੀ ਦੇ ਅਰਥ ਵੀ ਪ੍ਰਧਾਨ ਕਰਨੇ ਹੁੰਦੇ ਹਨ। ਇਸ ਕਦਰ ਮਾਂ ਦੀ ਹਾਜਰੀ ਸੂਰਜ ਦੇ ਉਦੈ ਹੋਣ ਵਾਂਗੂੰ ਜ਼ਰੂਰੀ ਹੈ। ਹੇ ਇਹਨਾਂ ਸਾਰੀਆਂ ਗੱਲਾਂ ਨੂੰ ਅੱਖੋਂ ਪਰੋਖੇ ਕਰ ਕੇ ਮਰਦ ਨੂੰ ਮਾਂ ਬਣਨ ਦਾ ਸੁਆਦ ਚਖਾਉਣਾ ਹੋਵੇ ਤਾਂ ਉਸ ਦੇ ਢਿੱਡ ਤੇ ਭਾਰ ਬੰਨ੍ਹ ਕੇ ਨੌਂ ਮਹੀਨੇ ਰੱਖਿਆ ਜਾਵੇ ਤਾਂ ਬਿਨਾਂ ਜੰਮਣ ਪੀੜਾਂ ਸਹਿਣ ਤੋਂ ਹੀ ਤੋਬਾ ਕਰ ਲਵੇਗਾ ਅਤੇ ਰੱਬ ਅੱਗੇ ਅਰਜ ਕਰੇਗਾ ਕਿ ਮੈਨੂੰ ਕਿਸੇ ਜਨਮ 'ਚ ਵੀ ਔਰਤ ਨਾ ਬਣਾਈ।

ਜਰਾ! ਉਸ ਵੇਲੇ ਨੂੰ ਧਿਆਨ 'ਚ ਲਿਆਓ, ਜਦੋਂ ਮਨੂ ਸੂਤਰ ਪੁੱਤਰ ਪੈਦਾ ਕਰਨ ਵਾਲੀ ਔਰਤ ਨੂੰ ਹੀ ਔਰਤ ਸਮਝਦਾ ਸੀ। ਅਪਸਬੰਧ ਧਰਮ ਸੂਤਰ ਵਿੱਚ ਲਿਖਿਆ ਹੈ ਕਿ ਇਸਤਰੀ ਦਾ ਪਹਿਲਾ ਫਰਜ ਪੁੱਤਰ ਸੰਤਾਨ ਨੂੰ ਜਨਮ ਦੇਣਾ ਹੈ। ਨਿਰਸੰਤਾਨ ਪਤਨੀ ਨੂੰ ਦਸ ਸਾਲ ਬਾਅਦ ਤਿਆਗਿਆ ਜਾ ਸਕਦਾ ਹੈ। ਕੰਨਿਆ ਨੂੰ ਜਨਮ ਦੇਣ ਵਾਲੀ ਨੂੰ ਬਾਰਾਂ ਸਾਲ ਬਾਅਦ ਤਿਆਗਿਆ ਜਾ ਸਕਦਾ ਹੈ ਅਤੇ ਕਲੇਸ਼ਵਾਦੀ ਭਾਵ ਝਗੜਾਲੂ ਇਸਤਰੀ ਨੂੰ ਤੁਰੰਤ ਹੀ ਤਿਆਗਿਆ ਜਾ ਸਕਦਾ ਹੈ। ਭਾਵ ਘਰੋਂ ਕੱਢਿਆ ਜਾ ਸਕਦਾ ਹੈ। ਹਾਲਾਂ ਕਿ ਕੁੜੀ ਮੁੰਡੇ ਦਾ ਹੋਣਾ ਮਰਦ ਤੇ ਨਿਰਭਰ ਕਰਦਾ ਹੈ। ਸਜਵਿਆਹੀ ਔਰਤ ਤੇ ਸਾਲ ਅੰਦਰ ਜੁਆਕ ਪੈਦਾ ਨਾ ਹੁੰਦਾ ਤਾਂ ਅਪਸ਼ਗਨ ਗਿਣਿਆ ਜਾਂਦਾ। ਉਸ ਨੂੰ ਕੁਲ-ਘਾਤੀ ਦਾ 'ਲਕਬ' ਦਿੱਤਾ ਜਾਂਦਾ।ਘਰ ਵਿੱਚ ਆਦਰ ਮਾਣ ਘਟ ਜਾਂਦਾ। ਉਸ ਨਾਲ ਹਰ ਪਾਸੇ ਦੇ ਰਾਇਤ ਹੋਣ ਲੱਗ ਜਾਂਦੀ। ਪਹਿਲਾਂ ਜਾਂ ਜੇਠਾ ਪੁੱਤਰ ਜੰਮਣ ਵਾਲੀ ਨੂੰ ਸ਼ੁੱਭ ਮੰਨਿਆ ਜਾਂਦਾ ਤੇ ਘਰ ਵਿੱਚ ਵਾਧੇ ਵਾਲੀ ਸਮਝੀ ਜਾਂਦੀ।

ਉਹਨਾਂ ਮਾਵਾਂ ਦਾ ਜ਼ਰੂਰ ਚੇਤਾ ਆਉਂਦਾ ਹੈ ਜਿੰਨ੍ਹਾਂ ਦੇ ਚਾਰ ਚਾਰ ਪਤੀ ਹੁੰਦੇ ਸਨ ਤੇ ਪੰਦਰਾਂ ਪੰਦਰਾਂ ਬੱਚੇ ਪੈਦਾ ਕਰਦੀਆਂ ਸਨ। ਮਰਦ ਦੀ ਕੁਲ਼ ਵਧਾਉਣ ਦੀ ਲਾਲਸਾ ਵੱਧ ਬੱਚੇ ਪੈਦਾ ਕਰਨ ਲਈ ਮਜ਼ਬੂਰ ਕਰਦੀ ਸੀ। ਅਬਾਦੀ ਨੂੰ ਵਧਾਉਣਾ ਸਮੇਂ ਦੀ ਲੋੜ ਸੀ। ਖਰ ਜੱਚਾ ਤੇ ਬੱਚਾ ਸੁਰੱਖਿਅਤ ਨਹੀਂ ਸਨ

ਹੁੰਦੇ। ਇਸ ਲਈ ਮੌਤ ਦਰ ਵੀ ਜ਼ਿਆਦਾ ਸੀ ਸਾਂਝੇ ਪਰਿਵਾਰਾਂ ਦੇ ਮੈਂਬਰਾਂ ਦੀ ਵੱਧ ਗਿਣਤੀ ਨੂੰ ਭਾਗਾਂ ਵਾਲਾ ਗਿਣਿਆ ਜਾਂਦਾ। ਅਖੀਰ 'ਚ ਬਜ਼ੁਰਗ ਇਉਂ ਆਖ ਕੇ ਤੋੜਾ ਝਾੜਦੇ "ਜਿੰਨੇ ਹੱਥ ਜ਼ਿਆਦਾ ਹੋਣਗੇ ਉਨੀ ਕਮਾਈ ਵੱਧ ਹੋਵੇਗੀ"।

ਗਰਭਵਤੀ ਔਰਤਾਂ ਵਾਸਤੇ ਕਿਸੇ ਡਾਕਟਰੀ ਸਹੂਲਤ ਦਾ ਪ੍ਰਬੰਧ ਨਹੀਂ ਸੀ। ਲੇਡੀ ਡਾਕਟਰ ਤਾਂ ਬਿਲਕੁਲ ਉਪਲੱਬਧ ਨਹੀਂ ਸੀ। ਸ਼ਹਿਰੋਂ, ਜੇ ਡਾਕਟਰ ਆ ਜਾਂਦਾ ਤਾਂ ਉਹ ਵੀ ਦਾਈ ਨੂੰ ਪੁੱਛ ਕੇ ਟੀਕਾ ਲਾਉਂਦਾ। ਮਾਹੀ ਪਾਲੀ ਡਾਕਟਰ ਨਾਲ ਉਸ ਦੀ ਸਹਾਇਕ ਆ ਜਾਂਦੀ ਤਾਂ ਪੇਂਡੂ ਆਖਦੇ ਮਿਸ ਆਈ ਐ। ਸ਼ਹਿਰ ਲਿਜਾਦਿਆਂ ਅੱਜ ਵਾਂਗੂੰ ਤੇਜ਼ ਸਾਧਨ ਵਿਕਸਤ ਨਹੀਂ ਸਨ ਹੋਏ।

ਜੱਚਾ ਦੀ ਸਹਾਇਤਾ ਲਈ ਪੇਂਡੂ ਅਣਟਰੇਂਡ ਦਾਈਆਂ ਹੀ ਹੁੰਦੀਆਂ ਸਨ। ਜੋ ਆਪਣੇ ਤਜੱਰਬੇ ਅਨੁਸਾਰ ਸਬੰਧਤ ਨੂੰ ਰਾਇ ਦਿੰਦੀਆਂ। ਬੱਚਾ ਪੈਦਾ ਕਰਨ ਸਮੇਂ ਜੱਚਾ ਕਈ ਕਈ ਦਿਨ ਰੁੱਝੀਆਂ ਰਹਿੰਦੀਆਂ। ਕਿਉਂਕਿ ਇਹ ਪਤਾ ਹੀ ਨਹੀਂ ਹੁੰਦਾ ਸੀ ਕਿ ਬੱਚਾ ਕਦੋਂ ਪੈਦਾ ਹੋਵੇਗਾ। ਸਾਫ ਸਫਾਈ ਤੋਂ ਦਾਈਆਂ ਦਾ ਸਤਨਾਮ ਹੁੰਦਾ ਸੀ। ਬੱਚੇ ਬਾਰੇ ਉਹਨਾਂ ਦੀ ਜਾਣਕਾਰੀ ਨਾ ਮਾਤਰ ਹੁੰਦੀ ਸੀ।

ਮੂਲ ਮੁੱਦਾ, ਗਰਭਵਤੀ ਦੀ ਸਹਾਇਤਾ ਕਰਨ ਵਾਲੀ ਉਸ ਦੀ ਖੁਰਾਕ ਹੀ ਹੁੰਦੀ ਸੀ, ਦੁੱਧ, ਘਿਓ, ਦਹੀਂ, ਮਖਣੀ ਆਦਿ ਦਾ ਕੋਈ ਘਾਟਾ ਨਹੀਂ ਹੁੰਦਾ ਸੀ। ਬਲਕਿ ਸਿਆਣੀਆਂ ਤੇ ਤਜੱਰਬੇਕਾਰ ਸੱਸਾਂ ਖੁਰਾਕ ਖਾਣ ਲਈ ਮਜ਼ਬੂਰ ਕਰਦੀਆਂ। ਉਹਨਾਂ ਦਾ ਮਸ਼ਵਰਾ ਹੁੰਦਾ ਕਿ ਚੰਗੀ ਖੁਰਾਕ ਖਾਣ ਨਾਲ ਬੱਚਾ ਤੰਦਰੁਸਤ ਤੇ ਰੰਗ ਦਾ ਗੋਰਾ ਹੋਵੇਗਾ। ਕੰਮ ਵੀ ਕਰਦੀਆਂ। ਚੰਗੀ ਖੁਰਾਕ ਖਾਣ ਕਰਕੇ ਬੱਚੇ ਪੈਦਾ ਕਰਨ ਸਮੇਂ ਕੋਈ ਤਕਲੀਫ ਘੱਟ ਹੀ ਹੁੰਦੀ।

ਸੱਥਾਂ ਵਿਚ ਬੈਠੇ ਬਜ਼ੁਰਗ ਨਿਚੋੜ ਕੱਢ ਕੇ ਸੰਖੇਪ ਰੂਪ ਵਿਚ ਵਿਚਾਰ ਪ੍ਰਗਟ ਕਰਦੇ। "ਭਾਈ! ਜੱਚਾ ਦਾ ਦੂਜਾ ਜਨਮ ਹੁੰਦਾ ਹੈ ਅਤੇ ਗਰਭਵਤੀ ਦੇ ਸਿਰ੍ਹਾਣੇ ਕਫ਼ਨ ਹੁੰਦਾ ਹੈ।" ਉਹਨਾਂ ਵੇਲਿਆਂ 'ਚ ਵੀ ਸੱਚ ਸੀ ਤੇ ਅੱਜ ਵੀ ਸੱਚ ਹੈ। ਕਿਉਂਕਿ ਅੱਜ ਔਰਤ 'ਚ ਸਰੀਰਕ ਤਾਕਤ ਘਟਦੀ ਜਾਂਦੀ ਹੈ ਤੇ ਡਾਕਟਰੀ ਸਹੂਲਤ ਤੋਂ ਬਿਨਾਂ ਬੱਚਾ ਪੈਦਾ ਨਹੀਂ ਹੁੰਦਾ ਤੇ ਅਪਰੇਸ਼ਨ ਦੀ ਸੰਭਾਵਨਾ ਬਣੀ ਰਹਿੰਦੀ ਹੈ।

# ਦੁਖੀ ਪਲਾਂ ਦੀ ਦਾਸਤਾਨ

ਹਰੇ ਭਰੇ ਬਾਗ਼ ਦਾ ਮਾਲੀ ਜੇ ਦੋ ਦਿਨ ਕਿਤੇ ਚਲਾ ਜਾਵੇ ਤਾਂ ਸਾਰਾ ਬਾਗ਼ ਉਦਾਸ ਹੋ ਜਾਂਦਾ ਹੈ। ਜੇ ਉਹ ਬਿਲਕੁਲ ਚਲਿਆ ਜਾਵੇ। ਬੇਵਫ਼ਾਈ ਕਰ ਜਾਵੇ ਤਾਂ ਖਿੜੇ ਫੁੱਲ ਸੁਗੰਧੀ ਦੇਣਾ ਛੱਡ ਜਾਂਦੇ ਹਨ। ਕਲੀਆਂ ਕੁਮਲਾ ਜਾਂਦੀਆਂ ਹਨ। ਤਰਾਵਤ ਉੱਡ ਫੁੱਡ ਜਾਂਦੀ ਹੈ। ਮਾਨਸਰੋਵਰ ਸੁੱਕ ਜਾਂਦੇ ਹਨ। ਹਰਿਆਲੀ ਦਗਾ ਦੇ ਜਾਂਦੀ ਹੈ। ਬਹਾਰ ਦੇ ਮੌਸਮ ਅਚਾਨਕ ਪੱਤਝੜਾਂ ਵਿੱਚ ਬਦਲ ਜਾਂਦੇ ਹਨ। ਬਾਗ਼ ਵੀਰਾਨ ਹੋ ਜਾਂਦਾ ਹੈ। ਉਦਾਸੀਆਂ, ਨਿਰਾਸ਼ਤਾਵਾਂ ਦਾ ਆਲਮ ਛਾ ਜਾਂਦਾ ਹੈ। ਜੇ ਕਿਤੇ ਹਸਦੇ ਵਸਦੇ ਰਸਦੇ ਮਹਿਕਾਂ ਵੰਡਦੇ, ਖੁਸ਼ੀਆਂ ਖੇੜਿਆਂ ਨਾਲ ਭਰਪੂਰ ਪਰਿਵਾਰ ਦਾ ਇਕੱਲਾ ਇਕਹਿਰਾ ਸੁਗੰਧੀਆਂ ਛਡਦਾ, ਖਿੜਿਆ ਫੁੱਲ, ਤਰ ਤਰ ਕਰਦੀਆਂ ਅੱਖਾਂ, ਸੁਰਖ ਚਿਹਰੇ, ਸਰੂ ਵਰਗੇ ਕੱਦ ਵਾਲਾ, ਠਾਠਾਂ ਮਾਰਦੀ ਚੜ੍ਹਦੀ ਜੁਆਨੀ ਵਿੱਚ ਇਹ ਆਖ ਕੇ ਘਰੋਂ ਤੁਰ ਜਾਵੇ, "ਮੈਂ ਹੁਣੇ ਆਇਆ"। ਫਿਰ ਸਦਾ ਲਈ ਉਸਦੇ ਚਿਹਰੇ ਨੂੰ ਵੇਖਣ ਲਈ ਸੁਪਨੇ ਵੀ ਤਰਸ ਜਾਣ ਤਾਂ ਖਿੜੇ ਬਾਗ਼ ਦੀ ਵੀਰਾਨੀ ਦਾ ਸ਼ਬਦਾਂ 'ਚ ਬਿਆਨ ਕਰਨਾ ਕਿਸੇ ਦੇ ਵੱਸ ਵਿੱਚ ਨਹੀਂ ਆਉਂਦਾ। ਪਰਿਵਾਰ ਤੇ ਪਰਲੋ ਦਾ ਕਹਿਰ ਵਰਤ ਜਾਂਦਾ ਹੈ। ਅਚਾਨਕ ਵੱਜੀ ਅਜਿਹੀ ਸੱਟ ਦੇ

ਫੱਟਾਂ ਤੇ ਅੰਗੂਰ ਲਿਆਉਣਾ ਅਸੰਭਵ ਹੋ ਜਾਂਦਾ ਹੈ।

ਚੁੰਗੀਆਂ ਭਰਦੀ, ਹਸੂੰ, ਹਸੂੰ ਕਰਦੀ, ਲਾਲ ਚੂੜਾ ਪਹਿਨੀ, ਹੱਥਾਂ ਤੇ ਲੱਗੀ ਮਹਿੰਦੀ ਦਾ ਇੱਕ ਦਮ ਸੁਹਾਗ ਲੁੱਟਿਆ ਜਾਵੇ, ਮਾਂ ਦੀ ਮਮਤਾ ਮਿੱਟੀ ਵਿੱਚ ਰਲ ਜਾਂਦੇ, ਭੈਣ ਦੀ ਰਖੜੀ ਬੰਨਵਾਉਣ ਵਾਲਾ ਹੱਥ ਝੜ ਜਾਵੇ, ਭਰਾ ਦੀ ਸੱਜੀ ਬਾਂਹ ਨੂੰ ਲਕਵਾ ਹੋ ਜਾਵੇ ਤਾਂ ਕਹਿਰਾਂ ਦਾ ਪਹਾੜ ਟੁੱਟ ਪੈਂਦਾ ਹੈ। ਕੀ ਅਜਿਹੇ ਅਣਕਿਆਸੇ ਜ਼ਖਮਾਂ ਦੀ ਚੀਖ ਪੁਕਾਰ ਕਰਨ ਵਾਲੇ ਦੀ ਅਵਾਜ਼ ਕੋਈ ਸੁਣੇਗਾ? ਜੇ ਅਧਵਾਟੇ ਛੱਡੀ ਮੁਟਿਆਰ ਦੀ ਗੋਦ ਵਿੱਚ ਚਾਰ ਮਹੀਨੇ ਦਾ ਬੱਚਾ ਹਿੱਕ ਨਾਲ ਲੱਗਿਆ ਮਾਂ ਦੀ ਮਮਤਾ ਦੀਆਂ ਖੁਸ਼ੀਆਂ ਮਾਣ ਰਿਹਾ ਹੋਵੇ ਤੇ ਪਲ ਕੁ ਪਿੱਛੋਂ ਪਿਤਾ ਦੇ ਪਿਆਰ ਤੋਂ ਸੱਖਣਾ ਹੋ ਜਾਵੇ ਤਾਂ ਫਿਰ ਰੱਬ ਦੀ ਪੁੱਛ ਪੜਤਾਲ ਨੂੰ ਸਾਖੀ ਬਣਾਉਣ ਦਾ ਹੀਲਾ ਵਸੀਲਾ ਹੋਣਾ ਜ਼ਰੂਰ ਚਾਹੀਦਾ ਹੈ। ਜੇ ਰੱਬ ਦਾ ਪੁੱਤਰ ਵਿਛੜ ਜਾਵੇ। ਉਸ ਨੂੰ ਦੁੱਖ ਹੰਢਾਉਣਾ ਪਵੇ ਤਾਂ ਪਤਾ ਲਗੇ ਕਿ ਵਿਛੋੜਿਆਂ ਦੀ ਦਾਸਤਾਨ ਦਾ ਰੁਦਨ ਕੀ ਹੁੰਦਾ ਹੈ। ਮਾਪਿਆਂ ਦੇ ਬੈਠਿਆਂ ਗੁਰਪ੍ਰੀਤ ਵਰਗੇ ਲਾਇਕ ਪੁੱਤ ਤੁਰ ਜਾਣ ਤਾਂ ਮਾਪੇ ਧਰਤੀ ਵਿਚ ਭਟਕਣ ਗੋਚਰੇ ਤੇ ਹਉਕੇ ਭਰਦੇ ਰਹਿ ਜਾਂਦੇ ਹਨ। ਉਹਨਾਂ ਦਾ ਸੰਸਾਰ ਵਿੱਚ ਕੋਈ ਸਹਾਰਾ ਨਹੀਂ ਰਹਿੰਦਾ। ਅੰਦਰੋਂ ਤੇ ਬਾਹਰੋਂ ਸੱਖਣੇ ਹੋ ਜਾਂਦੇ ਹਨ।

ਹੁਣ ਉਸ ਮੁਟਿਆਰ ਦੇ ਦੁੱਖਾਂ ਨਾਲ ਸਾਂਝ ਪਾਈਏ ਜਿਹੜੀ ਕੱਲ ਤੱਕ ਭਾਗਪਰੀ, ਸੁਹਾਗਣ, ਵਡਭਾਗਣ, ਸੁਕਰਮਣ ਤੇ ਖੁਸ਼ ਕਿਸਮਤ ਸੀ। ਪਰ ਸਵੇਰ ਹੋਣ ਤੋਂ ਪਹਿਲਾਂ ਹੀ ਅਭਾਗਣ, ਨਿਕਰਮਣ, ਕਰਮਾਮਾਰੀ, ਬਦਕਿਸਮਤ, ਬਦਸੂਰਤ, ਬਦਸ਼ਕਲ, ਰੰਡੀ, ਵਿਧਵਾ, ਬੰਦੇਖਾਣੀ ਬਣ ਕੇ ਸਿਰਫ਼ ਅਥਰੂ ਸਾਂਭਣ ਗੋਚਰੀ ਰਹਿ ਗਈ ਹੋਵੇ। ਜਿਸ ਦੇ ਨਾਂ ਨਾਲ ਨਾਕਾਰਾਤਮਕ ਵਿਸ਼ੇਸ਼ਣ ਸਾਰੀ ਉਮਰ ਲਈ ਸਾਥੀ ਬਣ ਗਏ ਹੋਣ। ਜਿਸ ਦੇ ਪਹਿਲੇ ਪਿਆਰ ਦਾ ਕਤਲ ਹੋ ਗਿਆ ਹੋਵੇ। ਜਿਸ ਦੀਆਂ ਸਧਰਾਂ, ਰੀਝਾਂ, ਉਮੰਗਾਂ, ਤਰੰਗਾਂ ਅਧਵਾਟੇ ਹੀ ਅਚਾਨਕ ਮਿੱਧੀਆਂ ਗਈਆਂ ਹੋਣ। ਬਿਜਲੀ ਡਿੱਗ ਪਈ ਹੋਵੇ। ਆਪਣੇ ਵੀ ਦੁਸ਼ਮਣ ਬਣ ਗਏ ਹੋਣ। ਜਿਸ ਨੂੰ ਆਪਣਾ ਘਰ ਸਮਝਦੀ ਸੀ, ਰਾਤੋ ਰਾਤ ਬਿਗਾਨਾ ਹੋ ਗਿਆ ਹੋਵੇ। ਕਿਸਮਤ ਨਿਖੁੱਟ ਗਈ ਹੋਵੇ। ਉਸ ਨਾਲ ਹਮਦਰਦੀ ਕਰਨ ਵਾਲਾ ਹਾਂ 'ਚ ਹਾਂ ਮਿਲਾਉਣ ਤੇ ਪਲਕਾਂ ਤੇ ਬਿਠਾਉਣ ਵਾਲਾ ਪਰਿਵਾਰ ਤੇ ਸਮਾਜ ਉਸ ਵੱਲ ਕਿਵੇਂ ਝਾਕਦਾ ਹੈ ਇਹ ਸਿਰਫ ਉਹੀ ਜਾਣ ਸਕਦੀ ਹੈ ਜਿਸ ਦੀਆਂ ਹਿਰਦੇ ਵੇਧਕ ਚੀਕਾਂ ਅਸਮਾਨ ਵੀ ਸੁਣਨੋ ਮੁਨਕਰ ਹੋ ਰਿਹਾ ਹੁੰਦਾ ਹੈ। ਸਹੁਰੇ ਘਰ ਰੱਖਣ ਜਾਂ ਉਸ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਹੁੰਦਾ। ਪਤੀ ਦੀ ਮੌਤ ਤੋਂ ਬਾਅਦ ਘਰ ਵਿਚ ਓਪਰਾ ਸਮਝਿਆ ਜਾਂਦਾ ਹੈ। ਬੰਦੇ ਖਾਣੀ ਕਹਿ ਕੇ ਮਾਪਿਆਂ ਦੇ ਘਰ ਦਫ਼ਾ ਕਰ ਦਿੱਤਾ ਜਾਂਦਾ ਹੈ। 'ਖਸਮਾਂ ਖਾਣੀ' ਦਾ ਫ਼ਤਵਾ ਦੁੱਖਾਂ ਵਿੱਚ ਹੋਰ ਵਾਧਾ ਕਰ ਕੇ ਨਿਰਾਸ਼ਾ ਦੇ ਘੁੱਪ ਹਨੇਰੇ ਵਿੱਚ ਸੁੱਟ ਕੇ ਕਿਸਮਤ ਨੂੰ ਕੋਸਣ ਗੋਚਰੀ ਕਰ ਦਿੰਦਾ ਹੈ। ਵੱਡੀ ਉਮਰ ਦੀਆਂ ਔਰਤਾਂ ਬੋਲ ਕਬੋਲ ਕਰਦੀਆਂ ਹਨ। ਕੁਲਹਿਣੀ, ਕਲਜੋਗਣ, ਡੈਣ ਆਦਿ ਕਹਿ ਕੇ ਜਲੀਲ ਕਰਨ ਤੇ ਹੋ ਜਾਂਦੀਆਂ। ਬੜੀ ਮੁਸ਼ਕਲ ਹੋ ਜਾਂਦੀ ਹੈ। ਮਨਹੂਸ ਕਹਿ ਕੇ ਘਰੋਂ ਬਾਹਰ ਬੇਘਰ ਤਾਂ ਕਰ ਹੀ ਦਿੱਤਾ ਜਾਂਦਾ ਹੈ। ਬੂਹੇ ਬੈਠੀ ਧੀ ਨੂੰ ਵੇਖ ਕੇ ਮਾਪੇ ਅੰਦਰੋਂ ਅੰਦਰੀ ਦੁਖੀ ਹੁੰਦੇ ਰਹਿੰਦੇ ਹਨ। ਅੰਦਰ ਰਿਸਦੇ ਜਖਮਾਂ ਦੀ ਦਵਾਈ ਕਿੱਥੋਂ ਕੀਤੀ ਜਾਵੇ। ਨਵੇਂ ਲੋਕੀ ਆ ਆ ਕੇ ਨਵੇਂ ਨਵੇਂ ਸ਼ਬਦਾਂ ਨਾਲ ਦਰਦਾਂ ਨੂੰ ਅੱਲੇ ਕਰਦੇ ਹੋਏ ਦੁੱਖ ਨੂੰ ਭੁਲਣ ਹੀ ਨਹੀਂ ਦਿੰਦੇ।

ਜੇ ਲੜਕੀ ਕੋਲ ਗੋਦ ਬੱਚਾ ਹੋਵੇ ਤੇ ਉਮਰ ਭਰ ਜੁਆਨ ਹੋਵੇ ਤਾਂ ਉਸ ਦੀ ਹਾਲਤ ਹੋਰ ਵੀ ਤਰਸਯੋਗ ਹੋ ਜਾਂਦੀ ਹੈ। ਕੀ ਉਹ ਪਹਿਲਾਂ ਦੀ ਤਰ੍ਹਾਂ ਸਹੁਰੇ ਘਰ 'ਚ ਰਹਿ ਸਕਦੀ ਹੈ? ਇਹ ਸਵਾਲ ਬੜਾ ਟੇਡਾ ਹੈ। ਆਪਣੇ ਜਤ ਸਤ ਤੇ ਕਾਇਮ ਵੀ ਹੋਵੇ ਤਾਂ ਰੰਡੇਪਾ ਕੱਟਣਾ ਅਲੂਣੀ ਸਿਲ੍ਹ ਚੱਟਣ ਨਾਲੋਂ ਬੇਸੁਆਦਾ ਹੋਵੇਗਾ। ਕੀ ਸਮਾਜ ਊਝਾਂ ਲਾਉਣੋਂ ਹਟ ਜਾਵੇਗਾ। ਉਹ ਜਵਾਨੀ ਕੁਰਬਾਨ ਕਰ ਰਹੀ ਹੈ ਪਰ ਸਮਾਜ ਕੈਰੀ

ਅੱਖ ਨਾਲ ਵੇਖਣੋਂ ਬਾਜ ਨਹੀਂ ਆਉਂਦਾ। ਜੇ ਬੱਚਾ ਸਹੁਰਿਆਂ ਦੇ ਘਰ ਛੱਡ ਕੇ ਜਾਂਦੀ ਹੈ ਤਾਂ ਉਸ ਦੀ 'ਮਮਤਾ' ਦਾ ਦੂਹਰਾ ਕਤਲ ਹੁੰਦਾ ਹੈ। ਪਤੀ ਵਿਛੜ ਗਿਆ ਤੇ ਬੱਚਾ ਵੀ ਕੁਹਾ ਲਿਆ। ਨਾ ਇਧਰ ਦੀ ਰਹੀ ਤੇ ਨਾ ਉਧਰ ਦੀ।

ਜੇ ਉਹ ਨਵਾਂ ਪਤੀ ਚੁਣਦੀ ਹੈ ਤਾਂ ਕੀ ਉਸ ਦੀ ਨਵੀਂ ਜ਼ਿੰਦਗੀ ਪਹਿਲਾਂ ਦੀ ਤਰ੍ਹਾਂ ਸ਼ੁਰੂ ਹੋ ਸਕਦੀ ਹੈ? ਕੀ ਉਸ ਦਾ ਸਮਾਜ ਜਾਂ ਪਰਿਵਾਰ ਵਿੱਚ ਪਹਿਲਾਂ ਵਰਗਾ ਆਦਰ, ਮਾਣ, ਸਨਮਾਨ, ਸਤਿਕਾਰ, ਸਵਾਗਤ ਹੋ ਸਕੇਗਾ? ਕਦਾਇਤ ਨਹੀਂ। ਇਸ ਨੂੰ ਪੁਰਾਣੇ ਕਪੜੇ ਤੇ ਲੱਗੀ 'ਟਾਕੀ' ਹੀ ਤਸੱਵਰ ਕੀਤਾ ਜਾਵੇਗਾ। ਨਵਾਂ ਪਰਿਵਾਰ ਤੇ ਸਮਾਜ ਉਸ ਨੂੰ ਕਿਸਮਤ ਫੁੱਟੀ ਵਾਲੀ ਹੀ ਸਮਝਣਗੇ। ਪਿੱਠ ਪਿੱਛੇ ਮਰਦ ਖਾਣੀ ਆਖ ਕੇ ਨਿੰਦਿਆ ਜਾਵੇਗਾ। ਬਲਕਿ ਆਂਢ ਗੁਆਂਢ ਦੀਆਂ ਜਨਾਨੀਆਂ ਤੋਂ ਮੰਦੇ ਬੋਲ ਵੀ ਸੁਣਨੇ ਪੈਣਗੇ।" ਭੈਣੇ! ਇਹ ਤਾਂ ਪਹਿਲਾਂ ਵੀ ਆਪਣੇ ਸਿਰ ਦਾ ਸਾਂਈ ਖਪਾਅ ਕੇ ਆਈ ਹੈ। ਇਹ ਨੇ ਤਾਂ ਵਿਚਾਰਾ ਜਾਂਦੀ ਨੇ ਹੀ ਲੈ ਲਿਆ ਸੀ।" ਨਾ ਉਹ ਵਿਚਾਰੀ ਜਿਉਂਦਿਆਂ 'ਚ ਤੇ ਨਾ ਮਰਿਆਂ 'ਚ। ਇਸ ਤਰ੍ਹਾਂ ਦੀਆਂ ਵਿਧਵਾਵਾਂ ਇੱਕ ਨਹੀਂ ਸਗੋਂ ਅਨੇਕਾਂ ਹੀ ਹਨ ਜਿਹੜੀਆਂ ਸਮਾਜ ਦੇ ਕੁਹਜੇ ਮਿਹਣਿਆਂ ਅਤੇ ਨੀਚ ਵਰਤਾਵੇ ਨੂੰ ਸਬਰ ਨਾਲ ਸਹਿਣ ਕਰਦੀਆਂ ਹੋਈਆਂ ਨਰਕ ਭਰੀ ਜ਼ਿੰਦਗੀ ਅਣਹੋਇਆਂ ਵਾਂਗ ਬਤੀਤ ਕਰ ਰਹੀਆਂ ਹਨ। ਇਹ ਸਮਾਜ ਦੀ ਘਟੀਆ ਮਾਨਸਿਕਤਾ ਦਾ ਸੰਤਾਪ ਹੰਢਾ ਰਹੀਆਂ ਦਿਨ ਰਾਤ ਮਾਰੂਥਲ ਵਾਂਗੂੰ ਤਪ ਰਹੀਆਂ ਹਨ। ਇਹਨਾਂ ਦਾ ਹਮਾਇਤੀ ਨਾ ਘਰ 'ਚ ਕੋਈ ਹੁੰਦਾ ਹੈ ਤੇ ਨਾ ਸਮਾਜ ਵਿੱਚ। ਜੇ ਕੋਈ ਹਿੰਮਤ ਵਾਲਾ ਨਿੱਤਰ ਵੀ ਆਵੇ ਤਾਂ ਉਸ ਦੇ ਆਚਰਨ ਤੇ ਸ਼ੱਕ ਕੀਤਾ ਜਾਂਦਾ ਹੈ। ਵਿਧਵਾ ਨੂੰ ਖ਼ੁਸ਼ੀ ਭਰੇ ਰਸਮੋ ਰਿਵਾਜ਼ਾਂ ਵਿੱਚ ਸ਼ਾਮਲ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਉਸ ਦਾ ਮੱਥੇ ਲੱਗਣਾ ਵੀ ਬਦਸ਼ਗਨੀ ਗਿਣਿਆ ਜਾਂਦਾ ਹੈ। ਕਈ ਰਸਮਾਂ ਅਜਿਹੀਆਂ ਵੀ ਹਨ ਜਿੱਥੇ ਉਸ ਦਾ ਆਉਣ ਜਾਣਾ ਵਰਜਿਤ ਹੁੰਦਾ ਹੈ। ਉਸ ਨੂੰ ਨਵਾਂ ਪਤੀ ਵੀ ਬਹੁਤ ਘੱਟ ਮਿਲਦਾ ਹੈ। ਜੇ ਮਿਲ ਜਾਵੇ ਤਾਂ ਘਟੀਆ ਦਰਜੇ ਦਾ ਹੁੰਦਾ ਹੈ। ਘਟੀਆ ਦਰਜੇ ਦਾ ਸਲੂਕ ਕਰਦਾ ਹੈ। ਬਹੁਤ ਵਾਰ ਤਾਂ ਦੁਹਾਜੂ ਹੀ ਲੱਭਦਾ ਹੈ।

ਜੇ ਅਧਖੜ ਉਮਰ ਵਿੱਚ ਵਿਧਵਾ ਹੋ ਜਾਵੇ ਤੇ ਦੋ ਚਾਰ ਬੱਚੇ ਹੋਣ ਤਾਂ ਉਸ ਨੂੰ ਬੱਚੇ ਪਾਲਣੇ ਸਮੱਸਿਆ ਬਣ ਜਾਂਦੇ ਹਨ। ਉਹਨਾਂ ਦੀ ਸਾਰੀ ਜ਼ਿੰਮੇਵਾਰੀ ਔਰਤ ਤੇ ਆ ਜਾਂਦੀ ਹੈ। ਜਿੰਨ੍ਹਾਂ ਨੇ ਜਣੀਆਂ ਉਹਨਾਂ ਨੂੰ ਬਣੀਆਂ। ਆਰਥਿਕ ਤੰਗੀਆਂ ਤੁਰਸ਼ੀਆਂ, ਮਜ਼ਬੂਰੀਆਂ ਨਾਲ ਦੋ ਹੱਥ ਕਰਨੇ ਵਿਧਵਾ ਦੀ ਜ਼ਿੰਦਗੀ ਨੂੰ ਦੂਭਰ ਕਰ ਦਿੰਦੀਆਂ ਹਨ। ਇਹਨਾਂ ਨਾਲ ਨਜਿੱਠਣਾ ਪਨੀਰ ਕੱਢ ਦਿੰਦਾ ਹੈ। ਉਹ ਥਾਂ ਵੇਖਣੇ ਪੈਂਦੇ ਹਨ ਜਿੱਥੇ ਕੋਈ ਦਿਨੇ ਵੀ ਨਹੀਂ ਜਾਂਦਾ। ਉਹ ਕੰਮ ਕਰਨੇ ਪੈਂਦੇ ਹਨ ਜਿਹੜੇ ਪਿਓ ਦਾਦੇ ਨੇ, ਕੋੜਮੇ ਕਬੀਲੇ ਨੇ ਵੀ ਨਹੀਂ ਕੀਤੇ ਹੁੰਦੇ। ਜਿਸ ਤਨ ਲੱਗੇ ਸੋ ਤਨ ਜਾਣੇ, ਕੌਣ ਜਾਣੇ ਪੀੜ ਪਰਾਈ। ਜਦੋਂ ਅਸੀਂ ਜ਼ਮੀਨੀ ਹਕੀਕਤਾਂ ਨਾਲ ਜੁੜਦੇ ਹਾਂ ਤਾਂ ਵਿਧਵਾਵਾਂ ਦੇ ਕਸ਼ਟਾਂ ਦੇ ਕਬਾੜ ਖੁਲ੍ਹਦੇ ਹਨ। ਕਪੜਾ ਪਾਇਆ ਹੀ ਨਜ਼ਰ ਨਹੀਂ ਆਉਂਦਾ ਸਗੋਂ ਲੀਰਾਂ ਲਮਕਦੀਆਂ ਦਿਸਦੀਆਂ ਹਨ।

ਔਰਤਾਂ ਦਾ ਇਹ ਉਹ ਵਰਗ ਹੈ ਜਿਹੜਾ ਹਰ ਪਾਸਿਓਂ ਅੱਜ ਤੱਕ ਅਣਗੌਲਿਆ ਰਿਹਾ ਹੈ। ਔਰਤਾਂ ਦੀਆਂ ਸਮੱਸਿਆਵਾਂ ਵੱਲ ਨਾ ਸਰਕਾਰ, ਨਾ ਕਿਸੇ ਮਰਦ ਯੂਨੀਅਨ ਤੇ ਨਾ ਹੀ ਕਿਸੇ ਔਰਤ ਯੂਨੀਅਨ ਨੇ ਕਦੇ ਧਿਆਨ ਦਿੱਤਾ ਹੈ। ਇਹਨਾਂ ਸਮੱਸਿਆਵਾਂ ਦਾ ਹੱਲ ਕਰਨ ਲਈ ਨਾ ਹੀ ਕਦੇ ਕੋਈ ਅਵਾਜ਼ ਉਠਾਈ ਗਈ ਹੈ। ਯੂਨੀਅਨਾਂ ਵੱਲੋਂ ਨਜ਼ਰ ਅੰਦਾਜ਼ ਕੀਤੀਆਂ ਗਈਆਂ ਇਹ ਵਿਧਵਾਵਾਂ ਆਪਣੀ ਅਲੱਗ ਜਥੇਬੰਦੀ ਬਣਾਉਣ ਵਿੱਚ ਵੀ ਅਸਮਰੱਥ ਹਨ। ਖੋਜਕਾਰਾਂ, ਸਮਾਜ ਸੁਧਾਰਕਾਂ, ਸਮਾਜ ਚਿੰਤਕਾਂ ਨੇ ਵੀ ਇਹਨਾਂ ਨੂੰ ਆਪਣੇ ਅਧਿਕਾਰ ਖੇਤਰ ਤੋਂ ਅੱਜ ਤੱਕ ਬਾਹਰ ਹੀ ਸਮਝ ਰੱਖਿਆ ਹੈ। ਸਰਕਾਰਾਂ!ਤਾਂ ਖੈਰ ਗੂਹੜੀ ਨੀਂਦ ਸੌਂ ਹੀ ਜਾਂਦੀਆਂ ਹਨ। ਉਹਨਾਂ ਨੂੰ ਜਗਾਉਣ ਲਈ 'ਪ੍ਰਿੰਟ ਮੀਡੀਆ' ਜਾਂ ਲੇਖਕ ਹੀ ਹੀਲਾ

ਵਸੀਲਾ ਬਣਦੇ ਹਨ। ਪਰ ਇਹਨਾਂ ਨੂੰ ਕਾਨੂੰਨੀ ਜਾਗਰਤੀ ਦੇਣ ਲਈ ਸਮਾਜ ਸੇਵੀ ਸੰਸਥਾਵਾਂ ਨੂੰ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਉਹਨਾਂ ਨੂੰ ਸਮਾਜਕ ਸੁਰੱਖਿਆ ਪ੍ਰਦਾਨ ਕਰਨ ਦਾ ਕੋਈ ਹੀਲਾ ਵਸੀਲਾ ਸਰਕਾਰ ਨੂੰ ਕਰਨਾ ਚਾਹੀਦਾ ਹੈ। ਧਾਰਮਿਕ ਸੰਗਠਨ ਵੀ ਇਹਨਾਂ ਦੇ ਦੁੱਖਾਂ ਨੂੰ ਘਟਾਉਣ ਵਿਚ ਅਹਿਮ ਹਿੱਸਾ ਪਾ ਸਕਦੇ ਹਨ। ਇਹਨਾਂ ਵਿੱਚ ਆਤਮ ਵਿਸ਼ਵਾਸ ਜਗਾਉਣਾ ਚਾਹੀਦਾ ਹੈ। ਮਨੋਬਲ ਨੂੰ ਠੁੰਮਣਾ ਦੇਣ ਲਈ ਉਪਰਾਲੇ ਹੋਣੇ ਚਾਹੀਦੇ ਹਨ। ਸਰਕਾਰ ਨੂੰ ਇਹਨਾਂ ਦੀ ਪੈਨਸ਼ਨ ਵਧਾ ਕੇ ਦੁਗਣੀ ਕਰ ਦੇਣੀ ਚਾਹੀਦੀ ਹੈ ਅਤੇ ਲਗਾਤਾਰ ਮਿਲਣੀ ਵੀ ਚਾਹੀਦੀ ਹੈ। ਇਹਨਾਂ ਦੀ ਭਲਾਈ ਲਈ ਸਰਕਾਰ ਨੂੰ ਸਾਰਥਕ ਕਦਮ ਪੁੱਟਣੇ ਚਾਹੀਦੇ ਹਨ। ਬੱਚਿਆਂ ਨੂੰ ਸਪੈਸ਼ਲ ਵਜੀਫਾ ਮਿਲਣਾ ਚਾਹੀਦਾ ਹੈ। ਉਚੇਰੀ ਸਿੱਖਿਆ ਲਈ ਵੀ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਵੀ ਸਮਾਜ ਦਾ ਲਾਭਦਾਇਕ ਅੰਗ ਬਣ ਕੇ ਦੁੱਖਾਂ ਨੂੰ ਭੁੱਲ ਸਕਣ।

# ਬਣਨ ਲਈ ਇਨਸਾਨ, ਮਾਂ ਦਾ ਦੁੱਧ ਹੈ ਵਰਦਾਨ

ਸਾਡੇ ਦੇਸ਼ ਵਿੱਚ ਨਵ ਜੰਮੇ ਬੱਚੇ ਨੂੰ ਮਾਂ ਦਾ ਦੁੱਧ ਪਿਆਉਣ ਦਾ ਰਿਵਾਜ ਮੁੱਢ ਤੋਂ ਹੀ ਤੁਰਿਆ ਆ ਰਿਹਾ ਹੈ। ਅੱਠ ਅੱਠ ਸਾਲਾਂ ਤੱਕ ਦੀ ਉਮਰ ਦੇ ਬੱਚੇ ਮਾਵਾਂ ਦਾ ਦੁੱਧ ਪੀਂਦੇ ਰਹਿੰਦੇ ਸਨ। ਇਸ ਲਈ ਬੱਚਿਆਂ ਦੀ ਸਿਹਤ ਚੰਗੀ ਹੁੰਦੀ ਸੀ। ਔਰਤਾਂ ਵੀ ਸਰੀਰਕ ਪੱਖੋਂ ਬਹੁਤ ਤਕੜੀਆਂ ਹੁੰਦੀਆਂ ਸਨ। ਜਿਹੜੀਆਂ ਮਜ਼ਬੂਤ ਤੇ ਚੌੜੀ ਛਾਤੀ ਤੇ ਮਾਣ ਕਰਦੀਆਂ ਹੋਈਆਂ ਭੜਾਸ ਕੱਢਦੀਆਂ, "ਕੁੜੇ ਭੈਣੇ! ਛਾਤੀ 'ਚੋਂ ਦੁੱਧ ਚੋ ਰਿਹਾ ਹੈ। ਮੇਰੇ ਪੁੱਤ ਤੋਂ ਸਾਰਾ ਦੁੱਧ ਚੁੰਘਿਆ ਨਹੀਂ ਗਿਆ। ਕਈ ਔਰਤਾਂ ਆਂਢ ਗੁਆਂਢ ਦੇ ਨਿਆਣੇ ਨੂੰ ਦੁੱਧਵਦੇ ਕੇ ਛਾਤੀ ਦਾ ਭਾਰ ਹੌਲਾ ਕਰਦੀਆਂ। ਉਹਨਾਂ ਦੇ ਭੋਜਨ ਵਿੱਚ ਦੁੱਧ, ਦਹੀਂ, ਘਿਓ, ਲੱਸੀ ਆਦਿ ਤੋਂ ਬਿਨਾਂ ਸਾਰੀ ਦੇਸੀ ਖੁਰਾਕ ਹੁੰਦੀ ਸੀ। ਸਰੀਰਕ ਕੰਮ ਵੀ ਖੂਬ ਕਰਦੀਆਂ ਤੇ ਗਿਜ਼ਾ ਵਾਲੀ ਖੁਰਾਕ ਵੀ ਰੱਜ ਕੇ ਖਾਂਦੀਆਂ। ਉਹਨਾਂ ਵੇਲਿਆਂ 'ਚ ਬੋਤਲਾਂ ਨਾਲ ਦੁੱਧ ਪਿਆਉਣ ਦੀ ਰੀਤੀ ਨੂੰ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ ਸੀ। ਪਹਿਲਾਂ ਬੱਚੇ ਨੂੰ ਗੁੜਤੀ ਦਿੱਤੀ ਜਾਂਦੀ। ਫਿਰ ਸਾਫ ਕਪੜੇ ਦੀ ਬੱਤੀ ਬਣਾ ਕੇ ਮੂੰਹ ਵਿੱਚ ਦਿੱਤੀ ਜਾਂਦੀ। ਉਸ ਉੱਤੇ ਤੁਪਕਾ ਤੁਪਕਾ ਬਕਰੀ ਦਾ ਦੁੱਧ ਪਾਈ ਜਾਂਦੇ ਤੇ ਉਹ ਚੁਸਕਾ ਮਾਰ ਕੇ ਲੰਘਾਈ ਜਾਂਦਾ। ਦੁੱਧ ਧੁਆਈ ਦੀ ਸਮਾਜਕ ਰਸਮ ਤੋਂ ਬਾਅਦ ਮਾਂ ਦਾ ਦੁੱਧ ਦੇ ਦਿੱਤਾ ਜਾਂਦਾ। ਜੇ ਬੱਚੇ ਨੂੰ ਜਨਮ ਦੇ ਕੇ ਮਾਂ ਬਿਮਾਰ ਹੋ ਜਾਂਦੀ ਜਾਂ ਕਿਸ ਕਾਰਨ ਦੁੱਧ ਦੇਣ ਦੇ ਸਮਰੱਥ ਨਾ ਹੁੰਦੀ ਤਦ ਆਸੇ ਪਾਸੇ ਵੇਖਿਆ ਜਾਂਦਾ ਕਿ ਫਲਾਣੀ ਔਰਤ ਦੇ ਬੱਚਾ ਹੋਇਆ ਹੈ। ਉਸ ਦਾ ਦੁੱਧ ਲੋੜਵੰਦ ਬੱਚੇ ਨੂੰ ਪਿਆਇਆ ਜਾਂਦਾ। ਸਾਰੀਆਂ ਔਰਤਾਂ ਹੀ ਓਪਰੇ ਬੱਚੇ ਨੂੰ ਦੁੱਧ ਚੁੰਘਾ ਦਿੰਦੀਆਂ ਸਨ।

ਉਹਨਾਂ ਵੇਲਿਆਂ 'ਚ ਔਰਤਾਂ ਦੀ ਸਿਹਤ ਬੰਦਿਆਂ ਵਰਗੀ ਹੀ ਹੁੰਦੀ ਸੀ। ਕਿਉਂਕਿ 'ਕੰਮ ਸਭਿਆਚਾਰ' ਉਹਨਾਂ ਦੀ ਜੀਵਨ ਸ਼ੈਲੀ ਦਾ ਮਹੱਤਵਪੂਰਨ ਅੰਗ ਹੁੰਦਾ ਸੀ। ਦਰਜਨਾਂ ਬੱਚਿਆਂ ਨੂੰ ਜਨਮ ਦੇ ਕੇ ਤਾਕਤਵਰ ਰਹਿੰਦੀਆਂ। ਅਸਲ ਵਿੱਚ ਔਲਾਦ ਪੈਦਾ ਕਰਨਾ ਭਾਰਤੀ ਔਰਤ ਲਈ ਲਾਜਮੀ ਹੁੰਦਾ ਸੀ। ਸਮਾਜ ਵਿੱਚ ਥਾਂ ਬਣਾਉਣ ਲਈ ਉਸ ਕੋਲ ਬੱਚਿਆਂ ਦੀ ਦਾਤ ਦਾ ਫਲੀਭੂਤ ਹੋਣਾ ਸ਼ੁਭ ਸ਼ਗਨ ਹੋਇਆ ਕਰਦਾ ਸੀ। ਸਮਾਜਕ ਰਿਸ਼ਤਿਆਂ ਨੂੰ ਪੱਕਾ ਕਰਨ ਲਈ ਵੀ ਬੱਚਿਆਂ ਦਾ ਹੋਣਾ ਅਵੱਸ਼ਕ ਹੁੰਦਾ ਸੀ।

ਅੱਜ ਸਭ ਕੁਝ ਬਦਲ ਗਿਆ ਹੈ। ਮੁਟਿਆਰਾਂ ਦੀ ਸਿਹਤ ਦਿਨੋਂ ਦਿਨ ਨਿਘਰ ਰਹੀ ਹੈ। ਲੜਕੀਆਂ

ਡਾਇਏਟਿੰਗ ਕਰ ਕੇ ਪਤਲਾ ਰਹਿਣ ਲਗ ਪਈਆਂ ਹਨ। ਉਹਨਾਂ ਦੀਆਂ ਛਾਤੀਆਂ ਸੁੰਗੜ ਰਹੀਆਂ ਹਨ। ਬੱਚੇ ਪੈਦਾ ਕਰਨ ਵੱਲੋਂ ਵੀ ਕਿਨਾਰਾ ਕਰਨ ਲਗ ਪਈਆਂ। ਜਦੋਂ ਮਾਨਸਿਕ ਤੌਰ ਤੇ ਬੱਚੇ ਪੈਦਾ ਕਰਨ ਲਈ ਤਿਆਰ ਨਹੀਂ ਹੁੰਦੀਆਂ ਤਾਂ ਦੁੱਧ ਦਾ ਘਟਨਾ ਕੋਈ ਅਲੋਕਾਰ ਨਹੀਂ ਰਹਿ ਜਾਂਦਾ। ਸਗੋਂ ਉਹ ਸਮਝਦੀਆਂ ਹਨ ਕਿ ਬੱਚੇ ਪੈਦਾ ਕਰਨ ਨਾਲ ਉਹਨਾਂ ਦੀ ਸੁੰਦਰਤਾ ਨੂੰ ਗ੍ਰਹਿਣ ਲਗਦਾ ਹੈ। ਛਾਤੀ ਦੀ ਸੁੰਦਰਤਾ, ਸਡੌਲਤਾ ਤੇ ਦਿਖ ਪ੍ਰਭਾਵਸ਼ਾਲੀ ਰੱਖਣ ਲਈ ਦੁੱਧ ਦੇਣਾ ਗਨੀਮਤ ਸਮਝਦੀਆਂ ਹਨ। ਬੋਤਲ ਦਾ ਦੁੱਧ ਪਿਆਉਣ ਨੂੰ ਪਹਿਲ ਦੇਣ ਲਗ ਪਈਆਂ ਹਨ। ਜੋ ਥੋੜ੍ਹਾ ਬਹੁਤਾ ਛਾਤੀ 'ਚ ਦੁੱਧ ਆਉਂਦਾ ਹੈ ਉਸ ਨਾਲ ਕਿਹੜਾ ਬੱਚੇ ਨੂੰ ਸਬਰ ਆਉਂਦਾ ਹੈ।

ਦੁੱਧ ਬੱਚੇ ਦੀ ਭੁੱਖ ਮਿਟਾਉਣ ਲਈ ਹੀ ਕਾਫੀ ਨਹੀਂ ਹੁੰਦਾ। ਭੁੱਖ ਮਿਟਾਉਣ ਲਈ ਤਾਂ ਹੋਰ ਬਥੇਰੇ ਬਦਲ ਹਨ। ਮਾਂ ਦੇ ਦੁੱਧ ਨਾਲ ਬੱਚੇ ਦਾ ਭਵਿੱਖ ਜੁੜਿਆ ਹੁੰਦਾ ਹੈ। ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਹੈ। ਮਾਂ ਦੀ ਗੋਦ ਵਿੱਚ ਬੈਠ ਕੇ ਦੁੱਧ ਲੈਣਾ ਉਸ ਦੀਆਂ ਮਾਨਸਿਕ ਲੋੜ੍ਹਾਂ ਥੋੜ੍ਹਾਂ ਨੂੰ ਪੂਰਾ ਕਰਨ ਦਾ ਕਾਰਗਰ ਉਪਰਾਲਾ ਹੁੰਦਾ ਹੈ। ਬੱਚੇ ਦੇ ਨਰਮ ਨਰਮ ਬੁੱਲ ਤੇ ਰੇਸ਼ਮ ਵਰਗੇ ਪੋਟੇ ਮਾਂ ਦੇ ਅੰਗਾਂ ਨੂੰ ਛੂਹਦੇਂ ਹੋਏ ਜਦੋਂ ਕਲੋਲਾਂ ਕਰਦੇ ਹਨ ਤਾਂ ਮਾਂ ਕਿਸੇ ਅਗੰਮੀ ਅਨੰਦ ਵਿੱਚ ਗੁਆਚ ਜਾਂਦੀ ਹੈ। ਬੱਚੇ ਤੋਂ ਬਿਨਾਂ ਮਾਂ ਦੇ ਉਸ ਕੁਦਰਤੀ ਅੰਗ ਦੀ ਵਰਤੋਂ ਨਹੀਂ ਹੁੰਦੀ। ਜਦੋਂ ਮਾਂ ਦੀ ਗੋਦ ਵਿੱਚ ਬੱਚਾ ਦੁੱਧ ਲੈ ਰਿਹਾ ਹੋਵੇ ਤੇ ਉਹ ਬੱਚੇ ਦੇ ਸਿਰ ਤੇ ਹੱਥ ਫੇਰ ਰਹੀ ਹੋਵੇ ਤਾਂ ਧਿਆਨ ਨਾਲ ਪਰਖਿਆਂ ਪਤਾ ਲਗਦਾ ਹੈ ਕਿ ਉਸ ਦੀਆਂ ਅੱਖਾਂ ਵਿੱਚ ਅਲੌਕਿਕ ਖੁਸ਼ੀ ਦਾ ਪ੍ਰਗਟਾਵਾ ਹੋ ਰਿਹਾ ਹੁੰਦਾ ਹੈ। ਉਸ ਨੂੰ ਲੰਘਦੇ ਵਕਤ ਦਾ ਕੋਈ ਪਤਾ ਨਹੀਂ ਲਗਦਾ। ਸਿਆਣਿਆਂ ਨੇ ਤੱਤ ਕੱਢੇ ਹਨ ਕਿ ਜਦੋਂ ਕਿਸੇ ਨੂੰ ਘੜੀ ਦੀ ਟਿਕ ਟਿਕ ਦਾ ਪਤਾ ਨਾ ਲਗੇ ਤਦ ਉਹ ਪ੍ਰਮਾਤਮਾ ਦਾ ਰੂਪ ਹੁੰਦਾ ਹੈ। ਮਾਂ ਅਤੇ ਬੱਚਾ ਦੋਵੇਂ ਹੀ ਉਸ ਸਮੇਂ ਇਸ ਸੰਸਾਰ ਨਾਲੋਂ ਟੁੱਟੇ ਹੋਏ ਹੁੰਦੇ ਹਨ। ਮਾਂ ਤਣਾਓ ਰਹਿਤ ਹੁੰਦੀ ਹੈ। ਇਹ ਬਹਿਸ਼ਤ ਦਾ ਨਜ਼ਾਰਾ ਔਰਤ ਨੂੰ ਹੋਰ ਕਿਸੇ ਸਮੇਂ ਪ੍ਰਾਪਤ ਨਹੀਂ ਹੁੰਦਾ। ਉਸ ਸਮੇਂ ਮਮਤਾ ਸਿਖਰ ਤੇ ਹੁੰਦੀ ਹੈ। ਹੋਰ ਕਿਸੇ ਸਮੇਂ ਮਾਂ ਅਜਿਹੀ ਹਰਕਤ ਵੀ ਨਹੀਂ ਕਰ ਸਕਦੀ।

ਦੁੱਧ ਦੇ ਨਾਲ ਮਾਂ ਦੀ ਬੁਕਲ ਦਾ ਜ਼ਜ਼ਬਾਤੀ ਨਿੱਘ ਵੀ ਬੱਚੇ ਦੀ ਸਾਵੀਂ ਪੱਧਰੀ ਸ਼ਖਸ਼ੀਅਤ ਦੀ ਉਸਾਰੀ ਲਈ ਅਤਿਅੰਤ ਜ਼ਰੂਰੀ ਹੈ। ਰੱਬ ਸਬੱਬੀ ਜਿਹੜੇ ਬੱਚੇ ਮਾਂ ਦੇ ਦੁੱਧ ਤੋਂ ਵਾਂਝੇ ਰਹਿ ਜਾਂਦੇ ਹਨ। ਜਿੰਨ੍ਹਾਂ ਨੂੰ ਮਾਂ ਦਾ ਦੁੱਧ ਚੁੰਘਣਾ ਨਸੀਬ ਨਹੀਂ ਹੁੰਦਾ ਉਹ ਬੁਢਾਪੇ ਵਿੱਚ ਜਾ ਕੇ ਪਾਗਲ ਹੋ ਜਾਂਦੇ ਹਨ। ਉਹਨਾਂ ਦੀ ਬਿਰਤੀ ਉਖੜ ਜਾਂਦੀ ਹੈ, ਕਿਸੇ ਔਰਤ ਨਾਲ ਪਿਆਰ ਕਰਨਾ ਵੀ ਬੱਚੇ ਮਾਂ ਦੇ ਦੁੱਧ ਤੋਂ ਹੀ ਸਿਖਦੇ ਹਨ।ਜਿੰਨ੍ਹਾਂ ਬੱਚਿਆਂ ਨੂੰ ਇਹ ਕੀਮਤੀ ਪਲ ਮਾਨਣ ਦਾ ਮੌਕਾ ਨਹੀਂ ਮਿਲਦਾ, ਵੱਡੇ ਹੋ ਕੇ ਕਿਸੇ ਔਰਤ ਨਾਲ ਵਫ਼ਾਦਾਰੀ ਨਾਲ ਪੇਸ਼ ਆਉਣਾ ਉਹਨਾਂ ਦੇ ਵਰਤਾਉ ਦਾ ਕੁਹਜ ਬਣ ਜਾਂਦਾ ਹੈ।

ਅੱਜ ਸਭ ਕੁਝ ਬਦਲ ਗਿਆ ਹੈ। ਮਾਵਾਂ ਦੀ ਸਿਹਤ ਵਿੱਚ ਗਿਰਾਵਟ ਆ ਰਹੀ ਹੈ। ਬੱਚਿਆਂ ਦੇ ਔਸਤ ਕੱਦ ਘਟਣੇ ਸ਼ੁਰੂ ਹੋ ਗਏ ਹਨ। ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ਨੌਜਵਾਨ ਦੀ ਘਾਟ ਹੋ ਰਹੀ ਹੈ। ਡਾਕਟਰਾਂ ਦੀ ਰਾਇ ਹੈ ਕਿ ਮਾਂ ਦੇ ਦੁੱਧ ਤੋਂ ਬਿਨਾਂ ਹੋਰ ਦੁੱਧ ਬੱਚੇ ਨੂੰ ਨਹੀਂ ਦੇਣਾ ਚਾਹੀਦਾ। ਘੱਟੋ-ਘੱਟ ਛੇ ਮਹੀਨੇ ਮਾਂ ਦਾ ਦੁੱਧ ਪਿਆਉਣਾ ਜ਼ਰੂਰੀ ਹੈ। ਇਹ ਬੱਚੇ ਦੀਆਂ ਸਾਰੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਬਿਮਾਰੀਆਂ ਤੋਂ ਮਹਿਫ਼ੂਜ ਰਖਦਾ ਹੈ। ਬੱਚਿਆਂ ਦੀ ਮੌਤ ਦਰ ਘਟਾਉਂਦਾ ਹੈ। ਲਗਾਤਾਰ ਦੁੱਧ ਪਿਆਉਣ ਵਾਲੀਆਂ ਮਾਵਾਂ ਵੀ ਬਿਮਾਰੀਆਂ ਤੋਂ ਬਚੀਆਂ ਰਹਿੰਦੀਆਂ ਹਨ। ਕੈਂਸਰ ਤੇ ਹੱਡੀਆਂ ਦੇ ਰੋਗਾਂ ਤੋਂ ਬਚ ਜਾਂਦੀਆਂ ਹਨ। ਲਗਾਤਾਰ ਦੁੱਧ ਪਿਆਉਣਾ ਸਰੀਰ ਤੇ ਚਰਬੀ ਚੜ੍ਹਨ ਤੋਂ ਬਚਾਉਂਦਾ ਹੈ। ਗਰਭ ਠਹਿਰਨ ਦੀ ਛੇਤੀ ਨੌਬਤ ਨਹੀਂ ਆਉਂਦੀ, ਮਾਂ ਦਾ ਦੁੱਧ ਬੱਚੇ ਦੀ ਯਾਦ ਸ਼ਕਤੀ ਨੂੰ ਤੇਜ ਕਰਦਾ ਹੈ ਤੇ ਚੁਸਤ ਦਰੁਸਤ ਵੀ ਰਖਦਾ ਹੈ।

ਦੁੱਧ ਪਿਆਉਣ ਸਮੇਂ ਸਾਵਧਾਨ ਰਹੋ। ਲੇਟ ਕੇ ਦੁੱਧ ਪਿਆਉਣਾ ਹਾਨੀਕਾਰਕ ਹੈ। ਅਜਿਹਾ ਕਰਨ ਨਾਲ ਬੱਚੇ ਦੇ ਕੰਨ ਡੁਲ੍ਹਣ ਲਗ ਜਾਂਦੇ ਹਨ। ਬੈਠ ਕੇ ਦੁੱਧ ਦੇਣ ਸਮੇਂ ਛਾਤੀ ਦਾ ਭਾਰ ਬੱਚੇ ਦੇ ਮੂੰਹ ਤੇ ਨਹੀਂ ਪੈਣਾ ਚਾਹੀਦਾ। ਦੁੱਧ ਚੁੰਘਣ ਵਿੱਚ ਔਖਿਆਈ ਆਉਂਦੀ ਹੈ। ਬੱਚੇ ਦਾ ਸਾਹ ਰੁਕ ਸਕਦਾ ਹੈ। ਨੱਕ ਤੇ ਲਗਾਤਾਰ ਭਾਰ ਪੈਣ ਨਾਲ ਨੱਕ ਮਿੱਡਾ ਜਾਂ ਟੇਡਾ ਵਿੰਗਾ ਹੋ ਸਕਦਾ ਹੈ। ਅਜਿਹਾ ਸਿਰਫ ਮਾਂ ਦੀਆਂ ਭਾਰੀਆਂ ਛਾਤੀਆਂ ਨਾਲ ਹੀ ਵਾਪਰਦਾ ਹੈ।

ਜੇ ਕਦੇ ਬੋਤਲ ਦਾ ਦੁੱਧ ਪਿਆਉਣਾ ਪੈ ਜਾਵੇ ਤਾਂ ਇਕੱਲੇ ਬੱਚੇ ਨੂੰ ਬੈੱਡ ਤੇ ਪਾ ਕੇ ਮੂੰਹ ਵਿਚ ਬੋਤਲ ਨਾ ਫੜਾਈ ਜਾਵੇ ਸਗੋਂ ਉਸ ਸਮੇਂ ਮਾਂ ਦੇ ਸਾਥ ਦੀ ਵੱਧ ਲੋੜ ਹੁੰਦੀ ਹੈ। ਬੱਚੇ ਨੂੰ ਇਸ ਤਰ੍ਹਾਂ ਮਹਿਸੂਸ ਹੋਵੇ ਕਿ ਉਹ ਮਾਂ ਦੀ ਛਾਤੀ ਨਾਲ ਲੱਗਿਆ ਹੋਇਆ ਹੈ। ਉਸ ਨੂੰ ਓਪਰਾਪਣ ਨਾ ਮਹਿਸੂਸ ਹੋਣ ਦਿੱਤਾ ਜਾਵੇ। ਮਾਂ ਦਾ ਸਾਥ ਸਾਵੀਂ ਪੱਧਰੀ ਸ਼ਖਸੀਅਤ ਦੀ ਉਸਾਰੀ ਵਿੱਚ ਵੱਡਮੁੱਲਾ ਯੋਗਦਾਨ ਪਾ ਸਕਦਾ ਹੈ।

ਨਿਚੋੜ ਹੈ ਕਿ ਵਾਹ ਲਗਦੀ ਓਪਰਾ ਦੁੱਧ ਕਦੇ ਵੀ ਨਾ ਪਿਆਇਆ ਜਾਵੇ। ਸਫਾਈ ਤੇ ਤਾਜ਼ਗੀ ਪੱਖੋਂ ਮਾਂ ਦਾ ਦੁੱਧ ਹੀ ਉਸ ਦੀ ਕੁਦਰਤੀ ਖੁਰਾਕ ਹੈ। ਅੰਮ੍ਰਿਤਮਈ ਦੁੱਧ ਵਿੱਚ ਮਹਾਂਪੁਰਸ਼ ਪੈਦਾ ਕਰਨ ਦਾ ਬਲ ਹੁੰਦਾ ਹੈ।

# ਧਰਤੀ 'ਤੇ ਜਨਤ ਮਾਂ ਕਰਕੇ

ਦੁਨੀਆਂ ਦੀਆਂ ਬਹੁਤੀਆਂ ਭਾਸ਼ਾਵਾਂ ਵਿਚ 'ਮਾਂ' ਸ਼ਬਦ ਉਚਾਰਨ ਸਮੇਂ 'ਮੰਮਾ' ਅੱਖਰ ਦੀ ਧੁਨੀ ਆਉਂਦੀ ਹੈ। ਅੰਤਰਰਾਸ਼ਟਰੀ ਭਾਸ਼ਾ ਅੰਗਰੇਜ਼ੀ ਵਿਚ ਵੀ ਪਹਿਲ 'ਮੰਮਾ' ਅੱਖਰ ਆਉਂਦਾ ਹੈ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਮਾਂ ਦਾ ਦਰਜਾ ਹਰ ਥਾਂ ਬਰਾਬਰ ਹੈ। ਭਾਸ਼ਾ ਵਿਗਿਆਨੀਆਂ ਨੇ ਪ੍ਰਮਾਤਮਾ ਦੀ ਤਰ੍ਹਾਂ ਉਚੀ ਪਦਵੀ ਦੇ ਕੇ ਵਿਆਪਕ ਬਣਾ ਦਿੱਤਾ ਹੈ। ਰੱਬ ਮਾਂ ਦੀ ਸਿਰਜਨਾ ਕਰਕੇ ਆਪ ਕਿਸੇ ਪਹਾੜ ਦੀ ਕੰਦਰ ਵਿਚ ਬੇਫਿਕਰਰ ਹੋਇਆ ਬੈਠਾ ਹੋਵੇਗਾ। ਮਾਂ ਦੀ ਸਿਰਜਨਾ ਮਾਲਕ ਦਾ ਸਭ ਤੋਂ ਉਚਾ, ਸੁੱਚਾ ਤੇ ਪਵਿੱਤਰ ਕਾਰਜ ਹੈ। ਮਾਂ ਦੀ ਹੋਂਦ ਨਾਲ ਮਨੁੱਖ ਨੂੰ ਰਚਨਹਾਰ ਦਾ ਚੇਤਾ ਭੁੱਲ ਜਾਂਦਾ ਹੈ। ਉਚੀ ਕੋਟੀ ਦੇ ਧਾਰਮਿਕ ਵਿਅਕਤੀ ਨੇ ਮਾਂ ਦਾ ਕਰਜ ਉਤਾਰਨ ਲਈ ਬੜੇ ਸਤਿਕਾਰ ਨਾਲ ਕਿਹਾ, "ਧਰਤੀ 'ਤੇ ਜੰਨਤ ਮਾਂ ਕਰਕੇ ਹੈ ਅਤੇ ਅਕਾਸ਼ 'ਤੇ ਜੰਨਤ ਖੁਦਾ ਕਰਕੇ ਹੈ।' ਇਹ ਵਿਚਾਰ ਮਾਂ ਦੀ ਤੁਲਨਾ ਪ੍ਰਮਾਤਮਾ ਨਾਲ ਕਰਦੇ ਹਨ। ਜੋ ਕੁਝ ਪ੍ਰਮਾਤਮਾ ਕਰਨਾ ਚਾਹੁੰਦਾ ਹੈ ਮਾਂ ਨੂੰ ਉਹੋ ਕੁਝ ਕਰ ਸਕਣ ਦੀ ਸਮਰਥਾ ਨਾਲ ਵਰਸੋਇਆ ਹੋਇਆ ਹੈ। ਸੰਸਾਰ ਦਾ ਕੰਮ ਨਿਰਵਿਘਨ ਚਲਦਾ ਰੱਖਣ ਲਈ ਮਾਂ ਨੂੰ ਜ਼ਿੰਮੇਵਾਰ ਬਣਾਇਆ ਗਿਆ ਹੈ।

ਮਾਂ ਦਾ ਪਿਆਰ ਅਧਿਆਤਮਕ ਪੱਧਰ 'ਤੇ ਇਸ ਲਈ ਹੁੰਦਾ ਹੈ ਕਿ ਹੰਕਾਰ ਲਈ ਉਸ ਦੇ ਹਿਰਦੇ ਵਿਚ ਕੋਈ ਥਾਂ ਨਹੀਂ ਹੁੰਦੀ। ਬੱਚਿਆਂ ਲਈ ਹੰਕਾਰ ਨੂੰ ਮਾਰ ਲੈਂਦੀ ਹੈ। ਪਿਆਰ ਕਰਨ ਦਾ ਸਭ ਤੋਂ ਉਤਮ ਢੰਗ ਹੰਕਾਰ ਦੀ ਅਣਦੇਖੀ ਕਰਨਾ ਹੁੰਦਾ ਹੈ। ਸੱਚਾ ਪਿਆਰ ਕਰਨ ਲਈ ਧਿਆਨ ਅੰਦਰ ਲਿਜਾਣਾ ਪੈਂਦਾ ਹੈ। ਧਿਆਨ ਅੰਦਰ ਲਿਜਾਏ ਬਿਨਾ ਔਲਾਦ ਦੀ ਸਿਰਜਨਾ ਅਸੰਭਵ ਹੁੰਦੀ ਹੈ। ਕਿਸੇ ਦੀ ਗੱਲ ਸੁਣਨ ਲਈ ਧਿਆਨ ਅੰਦਰ ਲਿਜਾਣਾ ਪੈਂਦਾ ਹੈ। ਆਪਣੇ ਆਪ ਦੇ ਨੇੜੇ ਹੋਣਾ ਪੈਂਦਾ ਹੈ। ਦੂਜਿਆਂ ਨੂੰ ਗੱਲ ਸੁਣਾਉਣੀ ਹੋਵੇ ਤਾਂ ਧਿਆਨ ਉਨ੍ਹਾਂ ਦੁਆਲੇ ਘੁੰਮਦਾ ਰਹਿੰਦਾ ਹੈ। ਬੱਚਿਆਂ ਵੱਲ ਧਿਆਨ ਦਿੱਤੇ ਬਿਨਾ ਕੋਈ ਗੱਲ ਦੱਸੀ ਨਹੀਂ ਜਾ ਸਕਦੀ ਤੇ ਉਨ੍ਹਾਂ ਨੂੰ ਸੁਣਨ ਲਈ ਧਿਆਨ ਅੰਦਰ ਹੁੰਦਾ ਹੈ। ਬੱਚਿਆਂ ਦੀ ਹਰੇਕ ਹਰਕਤ ਮਾਂ

ਬਿਨਾਂ ਬੋਲੇ ਵੀ ਸੁਣ ਲੈਂਦੀ ਹੈ। ਬੱਚਿਆਂ ਨਾਲ ਸੁੱਤੀ ਪਈ ਮਾਂ ਨੂੰ ਬਿਜਲੀ ਗੜਕਣ, ਮੀਂਹ ਪੈਣ ਤੇ ਜ਼ਿਆਦਾ ਸ਼ੋਰ ਹੋਣ 'ਤੇ ਜਾਗ ਨਹੀਂ ਆਉਂਦੀ, ਪਰ ਜਦੋਂ ਬੱਚਾ ਰੋਂਦਾ ਹੈ ਤਾਂ ਫੱਟ ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ ਅਤੇ ਹੱਥ ਬੱਚੇ ਦੇ ਸੀਨੇ 'ਤੇ ਆਪਣੇ ਆਪ ਜਾ ਟਿਕਦਾ ਹੈ।

ਮਾਂ ਦਾ ਮਨ ਔਲਾਦ ਦੀਆਂ ਲੋੜਾਂ ਪੂਰੀਆਂ ਕਰਨ ਲਈ ਤੇ ਪਿਆਰ ਦੀ ਵਫ਼ਾਦਾਰੀ ਲਈ ਸੁਮੇਰ ਪਰਬਤ ਜਿੰਨੇ ਉਚੇ ਆਪਣੇ ਮਨ ਦੀਆਂ ਲੱਖਾਂ ਇੱਛਾਵਾਂ ਨਿਛਾਵਰ ਕਰ ਦਿੰਦਾ ਹੈ। ਮਨ ਮਾਰ ਲੈਂਦੀ ਹੈ ਤੇ ਬੱਚਿਆਂ ਵਿਚ ਹੀ ਸਮਾਅ ਜਾਂਦੀ ਹੈ। ਬੱਚਿਆਂ ਦੀ ਇੱਛਾ ਮਾਂ ਦੀ ਇੱਛਾ ਹੁੰਦੀ ਹੈ। ਮਾਂ ਭਾਵੇਂ ਕਿੰਨੀ ਔਖੀ ਹੋਵੇ ਪਰ ਬੱਚਿਆਂ ਦੀ 'ਹਾਂ' ਵਿਚ 'ਹਾਂ' ਜ਼ਰੂਰ ਮਿਲਾਏਗੀ। ਮਾਂ ਦੇ ਰੂਪ ਵਿਚ ਔਰਤ ਮਿੱਠੀ ਹੁੰਦੀ ਹੈ ਤੇ ਸਾਰੀ ਉਮਰ ਮਿਠਾਸ ਮੱਠੀ ਨਹੀਂ ਪੈਂਦੀ। ਬਾਕੀ ਸਭ ਰਿਸ਼ਤਿਆਂ 'ਚ ਔਰਤ ਦਾ ਵਿਵਹਾਰ ਬਦਲਦਾ ਰਹਿੰਦਾ ਹੈ। ਮਾਂ ਤੋਂ ਬਿਨਾਂ ਬੱਚਾ ਅਪਾਹਜ ਹੋ ਜਾਂਦਾ ਹੈ। ਜ਼ੁਬਾਨ ਦਾ ਰਸ ਖੁੱਸ ਜਾਂਦਾ ਹੈ। ਨੈਤਿਕ ਪਤਨ ਦੀ ਸੰਭਾਵਨਾ ਹੀ ਨਹੀਂ ਬਣਦੀ ਸਗੋਂ ਪੈਰ-ਪੈਰ 'ਤੇ ਆਚਰਨਕ ਪੱਧਰ ਨੀਵਾਂ ਹੋਣ ਲੱਗਦਾ ਹੈ। ਇਹ ਦੂਰੀ ਉਸ ਨੂੰ ਰੁੱਖਾਂ, ਕੁਰੱਖਤ, ਸਖਤ, ਕਰੂਰ ਤੇ ਕਰੂਪ ਬਣਾ ਦਿੰਦੀ ਹੈ। ਉਸ ਦੇ ਅੰਦਰ ਖਲਾਅ ਪੈਦਾ ਹੋ ਜਾਂਦਾ ਹੈ। ਇਹ ਥੱਪਾ ਭਰਨਾ ਔਖਾ ਹੋ ਜਾਂਦਾ ਹੈ। ਸਾਰੀ ਉਮਰ ਇਸ ਟੋਏ ਨੂੰ ਓਪਰਿਆਂ ਵਿਚੋਂ ਭਰਨ ਦਾ ਯਤਨ ਕਰਦਾ-ਕਰਦਾ ਬੁੱਢਾ ਹੋ ਜਾਂਦਾ ਹੈ। ਇਸ ਦੀ ਪੂਰਤੀ ਬਚਪਨ 'ਚ ਮਾਂ ਹੀ ਬਣ ਸਕਦੀ ਸੀ ਜੋ ਸਦਾ ਲਈ ਛੁੱਟ ਗਿਆ ਤੇ ਉਮਰਾਂ ਦੇ ਘਾਟੇ ਪਾ ਗਿਆ।

ਮਾਂ ਦਾ ਮੋਹ ਸਦਾ ਜਵਾਨ ਰਹਿੰਦਾ ਹੈ। ਚਾਨਣੀਆਂ ਰਾਤਾਂ, ਨ੍ਰਿਤ ਕਰਦੀਆਂ ਮੁਟਿਆਰਾਂ ਦੀ ਮੁਸਕਰਾਹਟ, ਫੁੱਲਾਂ ਦੀ ਸੁਗੰਧ ਵਰਗਾ ਹੁੰਦਾ ਹੈ। ਇਹ ਉਡਦੀ ਦੁਆ ਹੁੰਦਾ ਹੈ। ਠੰਢੀਆਂ ਰਾਤਾਂ ਵਿੱਚ ਅੱਗ ਦੀਆਂ ਲਾਟਾਂ ਵਰਗਾ ਨਿੱਘ ਹੁੰਦਾ ਹੈ। ਪਹੁਫੁਟਾਲੇ ਦੀ ਰੋਸ਼ਨੀ ਦਾ ਪ੍ਰਤੀਕ ਹੁੰਦਾ ਹੈ। ਇਹ ਵਹਿੰਦਾ ਦਰਿਆ ਤੇ ਕਲਕਲ ਕਰਦਾ ਝਰਨਾ ਆਪਣੀ ਤੋਰ ਮੱਠੀ ਨਹੀਂ ਕਰਦਾ। ਮਾਂ ਦੇ ਪਿਆਰ ਦੀ ਡੂੰਘਾਈ ਦਾ ਉਦੋਂ ਪਤਾ ਲਗਦਾ ਹੈ, ਜਦੋਂ ਬੰਦਾ ਉਮਰ ਦਾ ਪੰਧ ਤਹਿ ਕਰਦਾ ਤੀਜੇ ਪਹਿਰ ਵਿਚ ਪਹੁੰਚ ਜਾਂਦਾ ਹੈ। ਮਾਂ ਦੇ ਪਿਆਰ ਨੂੰ ਸਵੀਕਾਰ ਕਰਦਿਆਂ ਖ਼ਲੀਲ ਜਿਬਰਾਨ ਦਾ ਸੁਖਨ ਕਾਬਲੇ ਤਾਰੀਫ਼ ਹੈ, "ਮੈਨੂੰ ਆਪਣੀ ਮਾਂ ਦੇ ਦਰਸ਼ਨ ਕਰਾਓ, ਮੈਂ ਤੁਹਾਨੂੰ ਦੱਸ ਦਿਆਂਗਾ ਕਿ ਤੁਸੀਂ ਕੌਣ ਹੋ?'

ਮਾਂ ਦਾ ਪਿਆਰ ਰੱਬੀ ਰਹਿਮਤ ਹੁੰਦੀ ਹੈ। ਇਹ ਨਹੀਂ ਕਿ ਮਾਂ ਔਲਾਦ ਨਾਲ ਵਿਤਕਰਾ ਕਰੇ। ਇਕ ਨੂੰ ਘੱਟ ਤੇ ਦੂਜੇ ਨੂੰ ਵੱਧ ਪਿਆਰ ਕਰੇ। ਹਰ ਉਮਰ ਦਾ ਪੁੱਤ, ਧੀ ਨਿਆਣਾ ਹੀ ਲਗਦਾ ਹੈ। ਉਸ ਦੀਆਂ ਭੁੱਲਾਂ, ਗਲਤੀਆਂ, ਜ਼ਿਆਦਤੀਆਂ, ਵਧਕਿਆਂ ਕਰਕੇ ਘ੍ਰਿਣਾ ਨਹੀਂ ਕਰਦੀ। ਸਗੋਂ ਪਿਆਰ ਵੱਧ ਕਰਦੀ ਹੈ। ਭਾਵੇਂ ਗਾਲਾਂ ਕੱਢੇ, ਉਚਾ-ਨੀਵਾਂ ਬੋਲੇ, ਠੱਗੀ, ਚੋਰੀ ਕਰੇ, ਪਰ ਮਾਂ ਦੀ ਰਹਿਮਤ ਵਿਚ ਕੋਈ ਫਰਕ ਨਹੀਂ ਪੈਂਦਾ।

ਮਾਂ ਬੱਚੇ ਲਈ ਹਰ ਕੁਰਬਾਨੀ ਕਰ ਸਕਦੀ ਹੈ। ਆਪਣਾ ਜੀਵਨ ਦਾਅ 'ਤੇ ਲਾ ਸਕਦੀ ਹੈ। ਉਸ ਦਾ ਤਨ, ਮਨ, ਧਨ ਬੱਚਿਆਂ ਨੂੰ ਸਮਰਪਿਤ ਹੁੰਦਾ ਹੈ। ਇਕ ਅੱਸੀ-ਪਚਾਸੀ ਸਾਲਾਂ ਦੀ ਬਿਰਧ ਔਰਤ ਦੇ ਦੋ ਪੁੱਤਰ ਸਨ। ਮਾਂ ਦੇ ਨਾਂ ਜਾਇਦਾਦ ਲੱਗੀ ਹੋਈ ਸੀ। ਸ਼ਰਾਬੀ-ਕਬਾਬੀ ਪੁੱਤਰਾਂ ਨੇ ਜ਼ਮੀਨ ਦੇ ਲਾਲਚ ਵਿਚ ਆ ਕੇ ਮਾਂ ਨੂੰ ਦਵਾਈ ਦਿਵਾਉਣ ਦੇ ਬਹਾਨੇ ਘਰੋਂ ਲਿਆ ਕੇ ਨਹਿਰ ਵਿਚ ਸੁੱਟ ਗਏ। ਮਾਈ ਸਰੀਰਕ ਤੌਰ 'ਤੇ ਤਕੜੀ ਸੀ। ਹੱਥ ਪੈਰ ਮਾਰਨ ਲੱਗੀ। ਪਟੜੀ 'ਤੇ ਜਾ ਰਹੇ ਦੋ ਪੁਲਸੀਆਂ ਨੇ ਸਹੀ ਸਲਾਮਤ ਬਾਹਰ ਕੱਢ ਲਿਆ ਤੇ ਪੁੱਛਣ ਲੱਗੇ, "ਦੱਸ ਮਾਈ! ਤੈਨੂੰ ਨਹਿਰ ਵਿਚ ਕਿਸ ਨੇ ਸੁੱਟਿਆ?" ਭਾਈ! ਹੋਰ ਕੀਹਨੇ ਸੁੱਟਣਾ ਸੀ। ਮੇਰੇ ਪੁੱਤਰਾਂ ਨੇ ਹੀ ਧੱਕਾ ਦੇ ਦਿੱਤਾ। ਚੰਗਾ ਮਾਈ! ਉਨ੍ਹਾਂ ਦਾ ਨਾਂ ਲਿਖਾ। ਕੇਸ ਬਣਾਈਏ। ਕੇਸ ਬਣਾਉਣ ਦਾ ਨਾਂ ਸੁਣ ਕੇ ਮਾਈ ਸਾਵਧਾਨ ਹੋ ਗਈ। ਭਾਈ ਜੇ ਕੇਸ ਬਣਾਉਣਾ ਹੈ

ਤਾਂ ਬੇਸ਼ੱਕ ਮੈਨੂੰ ਦੁਬਾਰਾ ਨਹਿਰ ਵਿਚ ਸੁੱਟ ਦਿਓ। ਕੀ ਰੱਬ ਐਨੀ ਜੁਰਅਤ ਕਰ ਸਕਦਾ ਹੈ। ਪਰ ਮਾਂ ਕੁਰਬਾਨੀ ਦੀ ਪੁਤਲੀ ਬਣੀ ਹੋਈ ਹੈ।

ਇਕ ਹੋਰ ਵਾਰਤਾ ਵੀ ਮਾਂ ਦੀ ਕੁਰਬਾਨੀ ਦੇ ਸਿਖਰ ਨੂੰ ਦੱਸਦੀ ਹੈ। ਕਿਸੇ ਔਰਤ ਨੇ ਦੂਜੇ ਦੇ ਮਾਸੂਮ ਬੱਚੇ ਨੂੰ ਚੁੱਕ ਲਿਆ। ਪਤਾ ਲੱਗਣ 'ਤੇ ਦੋਹਾਂ ਦਾ ਝਗੜਾ ਰਾਜੇ ਦੇ ਦਰਬਾਰ ਵਿਚ ਪਹੁੰਚ ਗਿਆ। ਰਾਜੇ ਦੇ ਸਾਹਮਣੇ ਦੋਵੇਂ ਜਾਰੋ-ਜਾਰ ਰੋਣ ਪਿੱਟਣ ਤੇ ਕੁਰਲਾਉਣ ਲੱਗੀਆਂ, ਦੋਵੇਂ ਬੱਚੇ 'ਤੇ ਆਪੋ ਆਪਣਾ ਹੱਕ ਜਤਾਉਣ ਲੱਗੀਆਂ। ਜਿਸ ਦਾ ਬੱਚਾ ਨਹੀਂ ਸੀ ਉਹ ਆਪਣੇ ਪੱਟਾਂ 'ਤੇ ਹੱਥ ਜ਼ਿਆਦਾ ਮਾਰੇ। ਰਾਜਾ ਧਰਮੀ ਸੀ। ਉਸ ਨੂੰ ਬੜਾ ਫਿਕਰ ਲੱਗਿਆ। ਜੇ ਕਿਤੇ ਫ਼ੈਸਲਾ ਗਲਤ ਹੋ ਗਿਆ ਤਾਂ ਮਾਂ ਦੀ 'ਮਮਤਾ' ਕੂਕਦੀ ਰਹਿ ਜਾਏਗੀ। ਡੂੰਘੀ ਸੋਚ-ਵਿਚਾਰ ਕਰਨ ਪਿੱਛੋਂ ਰਾਜੇ ਨੂੰ ਇਕ ਤਰਕੀਬ ਸੁੱਝੀ। ਜਲਾਦ ਸੱਦ ਲਏ ਗਏ। ਰਾਜੇ ਨੇ ਕਿਹਾ, "ਬੱਚਾ ਜਲਾਦਾਂ ਨੂੰ ਸੌਂਪ ਦਿਓ ਤਾਂ ਜੋ ਇਸ ਦੇ ਟੋਟੇ ਕਰਕੇ ਇਕ ਇਕ ਹਿੱਸਾ ਤੁਹਾਡੇ ਵਿਚ ਵੰਡ ਦਿੱਤਾ ਜਾਵੇ। ਇਹ ਸੁਣ ਕੇ ਝੱਟ ਇਕ ਔਰਤ ਰੋਂਦੀ-ਰੋਂਦੀ ਚੁੱਪ ਕਰ ਗਈ। ਹੱਥ ਜੋੜ ਰਾਜੇ ਅੱਗੇ ਅਰਜ ਕਰਨ ਲੱਗੀ। "ਹਜ਼ੂਰ! ਮੈਂ ਝੂਠ ਬੋਲਦੀ ਹਾਂ। ਇਹ ਮੇਰਾ ਬੱਚਾ ਨਹੀਂ। ਮੈਂ ਇਸ ਦਾ ਬੱਚਾ ਚੁਰਾਇਆ ਹੈ। ਮੈਂ ਦੋਸ਼ੀ ਹਾਂ। ਬੱਚੇ ਨੂੰ ਨਾ ਮਾਰਿਆ ਜਾਵੇ। ਉਸ ਦੀ ਥਾਂ ਮੈਨੂੰ ਮੌਤ ਦੇ ਘਾਟ ਉਤਾਰ ਦਿਓ। ਪਰ ਇਹ ਬੱਚਾ ਇਸ ਨੂੰ ਦੇ ਦਿਓ।" ਰਾਜੇ ਨੂੰ ਫ਼ੈਸਲਾ ਕਰਨ ਵਿਚ ਦੇਰ ਨਾ ਲੱਗੀ ਤੇ ਸਮਝ ਆ ਗਈ ਕ ਬੱਚਾ ਕਿਸ ਦਾ ਹੈ। ਸੋ ਮਾਂ ਆਪਣੀਆਂ ਅੱਖਾਂ ਸਾਹਮਣੇ ਬੱਚੇ ਨੂੰ ਕਤਲ ਨਹੀਂ ਕਰਵਾ ਸਕਦੀ। ਬੰਦ-ਬੰਦ ਕਟਵਾ ਸਕਦੀ ਹੈ। ਪਰ ਬੱਚੇ ਦਾ ਦੁੱਖ ਨਹੀਂ ਸਹਾਰ ਸਕਦੀ।

ਇਹ ਸੱਚ ਹੈ ਕਿ ਮਾਂ ਦੀ ਮਮਤਾ ਬਿਨਾ ਜੰਨਤ ਦੀ ਕਲਪਨਾ ਕਰਨਾ ਗੁਸਤਾਖੀ ਹੋਵੇਗੀ। ਮਮਤਾ ਦੇ ਕਦਰਦਾਨ ਦਿਨੋ-ਦਿਨ ਘਟ ਰਹੇ ਹਨ। ਜੇ ਆਦਮੀ ਨੇ ਇਸ ਕਦਰ ਨੂੰ ਪਛਾਣਿਆ ਹੁੰਦਾ ਤਾਂ ਔਰਤ 'ਤੇ ਹੋ ਰਹੇ ਅਪਰਾਧਾਂ ਨੂੰ ਜ਼ਰੂਰ ਠੱਲ੍ਹ ਪੈ ਜਾਂਦੀ। ਇਹ ਆਏ ਦਿਨ ਵੱਧ ਰਹੇ ਹਨ ਮਮਤਾ ਬੇਘਰ ਹੋਈ ਬਿਗਾਨੇ ਆਸਰੇ ਤੱਕਦੀ ਹੈ ਜਾਂ ਬਿਰਧ ਘਰਾਂ ਵਿਚ ਬਿਰ-ਬਿਰ ਕਰਦੀ ਸਿਸਕੀਆਂ ਲੈ ਰਹੀ ਹੈ। ਪਰ ਮਾਵਾਂ ਬਿਨਾਂ ਪਿਆਰ ਦਾ ਰੱਜ ਨਹੀਂ ਆਉਂਦਾ ਤੇ ਜੰਨਤ ਦਾ ਹੋਣਾ ਨਾ ਮੁਮਕਿਨ ਹੈ।

# ਮਾਂ ਦੀ ਸਿੱਖਿਆ

ਮਾਂ ਧੀ ਵਿਚ ਪੂਰਨ ਰੂਪ ਵਿੱਚ ਹੁੰਦੀ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਮਾਂ ਧੀ ਦਾ ਪਰਦਾ ਸਾਂਝਾ ਹੁੰਦਾ ਹੈ। ਇਕ ਦੂਜੀ ਦੀ ਸੈਨਤ ਨੂੰ ਵੀ ਛੇਤੀ ਸਮਝ ਲੈਂਦੀਆਂ ਹਨ। ਮਾਂ ਮੁੱਢ ਤੋਂ ਹੀ ਥੱਬਾ ਧੀਆਂ, ਦਾ ਫਿਕਰ ਕਰਦੀ ਹੋਈ ਵਾਰ ਵਾਰ ਯਾਦ ਕਰਾਉਂਦੀ ਕਿ ਧੀਆਂ ਨੂੰ ਤਾਂ ਜੰਮਦੀਆਂ ਨੂੰ ਨੰਗੇਜ ਢਕਣ ਲਈ ਕਪੜੇ ਦੀ ਲੋੜ ਪੈਂਦੀ ਹੈ। ਪੁੱਤ ਭਾਵੇਂ ਨੰਗਾ ਅਗਾੜਾ ਨਿਕਰ ਪਾ ਕੇ ਫਿਰਦਾ ਰਹੇ ਫਿਰ ਵੀ ਸੁਹਣਾ ਲੱਗਦਾ ਹੈ। ਪਰ ਧੀਆਂ ਤਾਂ ਕਪੜਿਆਂ ਵਿੱਚ ਪਲੇਟੀਆਂ ਸੁਹੰਦੀਆਂ ਹਨ। ਸਿਰ ਤੇ ਚੁੰਨੀ ਲਈ ਹੋਵੇ ਤਾਂ ਰਕਾਨਾਂ 'ਚ ਕੋਈ ਫਰਕ ਨਹੀਂ ਰਹਿੰਦਾ ਚੁੰਨੀ ਧੀ ਦੀ ਇੱਜਤ ਹੁੰਦੀ ਹੈ ਤੇ ਧੀ ਪਿਓ ਦੀ ਪੱਗ ਹੁੰਦੀ ਹੈ। ਇਸ ਨੂੰ ਹਮੇਸ਼ਾ ਦਾਗ ਲੱਗਣ ਤੋਂ ਬਚਾਉਣਾ ਚਾਹੀਦਾ ਹੈ ਤਾਂ ਜੋ ਕੋਈ ਉਂਗਲ ਨਾ ਉਠਾਅ ਸਕੇ। ਨੂੰਹਾਂ ਨੂੰ ਘਗਰੇ ਦੀ ਵੀ ਚਿੰਤਾ ਹੋਣੀ ਚਾਹੀਦੀ ਹੈ।

ਬਿਗਾਨੇ ਘਰ ਜਾਣ ਲਈ ਧੀਆਂ ਨੂੰ ਚੰਗੀ ਸਿੱਖਿਆ ਦੇਣ ਲਈ ਚਿੰਤਤ ਰਹਿੰਦੀ। ਪਹਿਲੀ ਤਰਜੀਹ ਘਰ ਦੀ ਸਫਾਈ ਤੇ ਮਿੱਠਾ ਬੋਲਣ ਨੂੰ ਦਿੰਦੀ। ਆਏ ਗਏ ਨੇ ਪਹਿਲਾਂ ਘਰ ਹੀ ਮੱਥੇ ਲਗਦਾ ਹੈ।

ਜੇ ਘਰ 'ਚ ਸਫਾਈ ਨਾ ਹੋਵੇ ਤਾਂ ਔਰਤਾਂ ਨੂੰ ਆਲਸੀ, ਵਿਹਲੜ, ਕੰਮਚੋਰ ਗਿਣਿਆ ਜਾਂਦਾ ਹੈ ਤੇ ਪ੍ਰਭਾਵ ਬੁਰਾ ਪੈਂਦਾ ਹੈ। ਵਿਹੜੇ ਨੂੰ ਸੰਵਾਰਨ ਲਈ ਸਵੇਰ ਦਾ ਸਮਾਂ ਢੁਕਵਾਂ ਹੁੰਦਾ ਹੈ। ਧੂੜ ਘੱਟ ਉਡਦੀ ਹੈ। ਝਾੜੂ ਦੇਣ ਵੇਲੇ ਹਵਾ ਦਾ ਖਿਆਲ ਰੱਖਿਆ ਜਾਵੇ। ਜਿੱਧਰ ਨੂੰ ਹਵਾ ਦਾ ਰੁੱਖ ਹੋਵੇ, ਉਧਰ ਨੂੰ ਕੂੜਾ ਇਕੱਠਾ ਕਰਕੇ ਲਿਜਾਈਏ ਤਾਂ ਕੂੜਾ ਛੇਤੀ ਇਕੱਠਾ ਹੁੰਦਾ ਹੈ ਤੇ ਖਿਲਰਦਾ ਵੀ ਨਹੀਂ।

ਮਿੱਠੀ ਜ਼ਬਾਨ ਵਿਗੜੇ ਕੰਮਾਂ ਨੂੰ ਸੰਵਾਰ ਦਿੰਦੀ ਹੈ। ਜ਼ਬਾਨ ਤੇ ਕਾਬੂ ਰੱਖੋ। ਬਾਹਰੋਂ ਬੰਦਾ ਅੱਕਿਆ, ਥੱਕਿਆ, ਭੁੱਖਾ, ਤਿਹਾਇਆ, ਵੇਲੇ ਕੁਵੇਲੇ ਘਰ ਆਵੇ ਤੇ ਜਨਾਨੀ ਅੱਗੋਂ ਰੁੱਖਾ ਬੋਲੇ। ਚਾਰੇ ਚੁੱਕ ਕੇ ਪਵੇ ਤਾਂ ਵਿਵਾਦ ਖੜ੍ਹਾ ਹੋ ਜਾਂਦਾ ਹੈ। ਚਾਹ ਪਾਣੀ ਪੁੱਛਣਾ ਚਾਹੀਦਾ ਹੈ। ਜੇ ਕੁਝ ਦੱਸਣਾ ਪੈ ਜਾਵੇ ਤਾਂ ਹੌਲੀ ਹੌਲੀ, ਠਰ੍ਹੰਮੇ ਤੇ ਸਹਿਜ ਮਤੇ ਨਾਲ ਜਿਕਰ ਕਰਨਾ ਦੋਵਾਂ ਦੀ ਜ਼ਿੰਦਗੀ ਨੂੰ ਸੁਖਾਲਾ ਬਣਾ ਦਿੰਦਾ ਹੈ ਤੇ ਸਮੱਸਿਆ ਦਾ ਹੱਲ ਵੀ ਨਿਕਲ ਆਉਂਦਾ ਹੈ।

ਆਏ ਗਏ ਮਹਿਮਾਨਾਂ ਦੀ ਸੇਵਾ ਵੀ ਘਰ ਦੀਆਂ ਔਰਤਾਂ ਨੇ ਕਰਨੀ ਹੁੰਦੀ ਹੈ ਜਿੰਨ੍ਹਾਂ ਤੋਂ ਪਰਿਵਾਰਕ ਮੁਖੀ ਦਾ ਨਾਂ ਉੱਚਾ ਹੋਣਾ ਹੁੰਦਾ ਹੈ। ਬੰਦੇ ਨੇ ਤਾਂ ਬਾਹਰੋਂ ਚੀਜ਼ ਲਿਆਉਣੀ ਹੁੰਦੀਐ। ਘਰ ਦੀਆਂ ਜਨਾਨੀਆਂ ਨੇ ਲੋੜ ਵੇਲੇ ਵਰਤਣਾ ਹੁੰਦਾ ਹੈ। ਘਰ ਆਏ ਨੂੰ ਰੋਟੀ ਵੇਲੇ ਰੋਟੀ ਖਵਾਓ। ਲੱਸੀਆਂ ਵੇਲੇ ਲੱਸੀ ਪਿਲਾਓ। ਬਿਨਾਂ ਖਾਧੇ ਪੀਤੇਘਰੋਂ ਨਹੀਂ ਜਾਣ ਦੇਣਾ ਚਾਹੀਦਾ। ਅਗਲਾ ਆਪਣੇ ਕਰਮਾਂ 'ਚ ਲਿਖਿਆ ਹੀ ਖਾ ਕੇ ਜਾਂਦਾ ਹੈ। ਸਬੱਬ ਨਾਲ ਮੇਲ ਹੁੰਦਾ ਹੈ। ਇਸ ਨੂੰ ਸਪੱਸ਼ਟ ਕਰਨ ਲਈ ਸਿਆਣੀ ਧੀ ਦੀ ਕਹਾਣੀ ਵਲ ਫੇਰ ਪਾ ਕੇ ਸਾਂਝੀ ਕਰਦੀ। ਧੀਆਂ ਵੀ ਪੂਰੇ ਧਿਆਨ ਨਾਲ ਸੁਣਦੀਆਂ। ਮਾਂ ਨੂੰ ਵੀ ਚਾਅ ਚੜ੍ਹ ਜਾਂਦਾ।

ਦੂਰ ਪਿੰਡ ਦਾ ਬੰਦਾ ਮਹਿੰ (ਬਿਮਾਰ) ਹੋਣ ਤੇ ਆਪਣੇ ਪਿੰਡ ਦੇ ਡੰਗਰ ਡਾਕਟਰ ਨੂੰ ਲੈਣ ਆਇਆ। ਦੋਵੇਂ ਸਕੂਟਰ ਤੇ ਸਵਾਰ ਹੋ ਕੇ ਰਸਤੇ ਪੈ ਗਏ। ਰਾਹ ਵਿੱਚ ਡਾਕਟਰ ਕਹਿੰਦਾ, "ਇਸ ਪਿੰਡ ਵਿੱਚ ਇੱਕ ਬੰਦੇ ਨੂੰ ਮਿਲ ਕੇ ਜਾਣਾ ਹੈ।" ਅੱਗੇ ਇਕੱਲੀ ਲੜਕੀ ਘਰੇ ਸੀ। ਉਸ ਨੇ ਦਰਵਾਜੇ 'ਚ ਮੰਜੇ ਡਾਹ ਦਿੱਤੇ ਤੇ ਆਪ ਪਾਣੀ ਲੈਣ ਚਲੀ ਗਈ ਤੇ ਚਾਹ ਧਰ ਆਈ। ਪਾਣੀ ਪੀ ਕੇ ਡਾਕਟਰ ਨੇ ਪੁੱਛਿਆ, "ਬੇਟਾ! ਤੇਰੇ ਬਾਪੂ ਜੀ ਨੀ ਦਿਸਦੇ।" "ਆਉਂਦੇ ਨੇ। ਤੁਸੀਂ ਬੈਠੋ।" ਲੜਕੀ ਨੇ ਜਵਾਬ ਦਿੱਤਾ। ਇੰਨੇ ਵਿੱਚ ਚਾਹ ਲੈ ਆਈ। ਚਾਹ ਪੀ ਕੇ ਡਾਕਟਰ ਨੇ ਫਿਰ ਕਿਹਾ, "ਬੇਟਾ! ਤੇਰੇ ਪਿਤਾ ਜੀ ਆਏ ਨਹੀਂ।" "ਅੰਕਲ ਉਹ ਬਾਹਰ ਗਏ ਹੋਏ ਨੇ।" "ਤੁਸੀਂ ਪਹਿਲਾਂ ਕਿਉਂ ਨਹੀਂ ਦੱਸਿਆ।" "ਫਿਰ ਤੁਸੀਂ ਚਾਹ ਪੀ ਕੇ ਨਹੀਂ ਜਾਣਾ ਸੀ।" ਲੜਕੀ ਨੇ ਆਦਰ ਪ੍ਰਗਟਾਉਂਦਿਆਂ ਕਿਹਾ।

ਰਸਤੇ 'ਚ ਆਦਮੀ ਨੇ ਕਿਹਾ, "ਡਾਕਟਰ ਸਾਹਿਬ! ਇਸ ਲੜਕੀ ਦਾ ਰਿਸ਼ਤਾ ਮੇਰੇ ਪੁੱਤ ਨੂੰ ਕਰਾ ਦਿਓ। ਐਮ.ਏ. ਪਾਸ ਹੈ। ਤੇ ਵੀਹ ਕਿੱਲੇ ਧਰਤੀ ਐ।" ਇਹ ਤਾਂ ਗਰੀਬ ਘਰ ਹੈ। ਤੇਰੇ ਨਾਲ ਮੁਕਾਬਲਾ ਨਹੀਂ।" ਡਾਕਟਰ ਨੇ ਕਿਹਾ। ਆਦਮੀ ਨੇ ਨਿਮਰਤਾ ਨਾਲ ਕਿਹਾ, "ਸਵਾ ਰੁਪਏ ਨਾਲ ਰਿਸ਼ਤਾ ਮਨਜ਼ੂਰ। ਸਾਡੀ ਕੁਲ ਸੁਧਰ ਜਾਵੇਗੀ। ਸਾਡੀਆਂ ਜਨਾਨੀਆਂ ਨੂੰ ਬੋਲ ਮਾਰਦਿਆਂ ਸੰਘ ਸੁੱਕ ਜਾਂਦਾ ਹੈ। ਪਾਣੀ ਦਾ ਗਲਾਸ ਨਹੀਂ ਫੜਾਉਂਦੀਆਂ। ਘਰੇ ਕੋਈ ਬੰਦਾ ਨਾਂ ਹੋਣ ਤੇ ਇਸ ਸਿਆਣੀ ਲੜਕੀ ਨੇ ਢੰਗ ਨਾਲ ਚਾਹ ਪਿਆ ਦਿੱਤੀ।"

ਮਾਂ ਵਰਤਾਉ ਤੇ ਜ਼ੋਰ ਦਿੰਦੀ। ਜਦੋਂ ਕਿਤੇ ਕੁਤਾਹੀ ਕਰਦੀਆਂ ਤਾਂ ਝਿੜਕ ਦਿੰਦੀ। ਸਲੀਕੇ ਦਾ ਸਬਕ ਪਕਾਇਆ ਹੋਇਆ ਸੀ। ਧੀਆਂ ਨੂੰ ਜੇ ਕਿਸੇ ਕੰਮ ਨੂੰ ਕਹਿਣਾ ਤਾਂ ਪਹਿਲਾਂ ਕੰਮ ਅਧੂਰਾ ਛੱਡ ਕੇ ਦੂਜਾ ਸ਼ੁਰੂ ਕਰ ਲੈਂਦੀਆਂ। ਪੰਜੇ ਧੀਆਂ ਆਪਸ ਵਿੱਚ ਤੇ ਕਿਸੇ ਹੋਰ ਨਾਲ ਕਦੇ ਫਿੱਕਾ ਨਹੀਂ ਬੋਲੀਆਂ ਸਨ।

ਕਬੀਲਦਾਰੀ ਦੇ ਕੰਮਾਂ ਵਿੱਚ ਨਿਪੁੰਨ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਤਾਂ ਜੋ ਬਿਗਾਨੇ ਘਰ ਜਾ ਕੇ ਕਿਸੇ ਨੂੰ ਪੁੱਛਣਾ ਨਾ ਪਵੇ। ਘਰ ਖੁੱਲ੍ਹੇ ਵਿਹੜੇ ਵਾਲੇ ਹੁੰਦੇ। ਪਸ਼ੂ ਢਾਂਡਾ ਆਮ ਹੀ ਰੱਖਿਆ ਹੁੰਦਾ। ਉਹਨਾਂ

ਦਾ ਗੋਹਾ ਕੂੜਾ ਕਰ ਕੇ ਸਫਾਈ ਰੱਖਣਾ ਘਰੇਲੂ ਔਰਤਾਂ ਦੀ ਜ਼ਿੰਮੇਵਾਰੀ ਹੁੰਦੀ। ਤਰਦਾ ਤਰਦਾ ਗੋਹਾ ਇਕੱਠਾ ਕਰ ਕੇ ਪਾਥੀਆਂ ਪੱਥਣੀਆਂ ਸਿਖਾਉਂਦੀਆਂ। ਬਾਲਣ ਲਈ ਵਰਤੀਆਂ ਜਾਣ ਵਾਲੀਆਂ ਪਾਥੀਆਂ ਵਿੱਚ ਘੁੰਡੀਆਂ ਰਲਾ ਕੇ ਪੱਥਣ ਦੀ ਸਲਾਹ ਦਿੰਦੀ ਤਾਂ ਜੋ ਮਸ਼ਾਲ ਵਾਂਗੂੰ ਅੱਗ ਦਾ ਸੇਕ ਹੋਵੇ। ਛੋਟੀਆਂ ਧੀਆਂ ਨੂੰ ਪਥੂਲੀਆਂ ਪੱਥਣ ਲਈ ਆਖਦੀ। ਗਿੱਲੀਆਂ ਪਾਥੀਆਂ ਨੂੰ ਕਿਵੇਂ ਖੜਾ ਕਰਨਾ ਹੈ ਤੇ ਸੁੱਕੀਆਂ ਪਾਥੀਆਂ ਦੀ ਧੜ ਕਿਵੇਂ ਲਾਉਣਾ ਹੈ? ਆਦਿ ਲਈ ਆਪ ਨਮੂਨਾ ਪੇਸ਼ ਕਰਦੀ। ਸਿਆਲ ਵਿੱਚ ਪਾਥੀਆਂ ਛੇਤੀ ਸੁੱਕਦੀਆਂ ਨਹੀਂ ਜੇ ਮੀਂਹ ਪੈ ਜਾਂਦਾ ਤਾਂ ਬਾਲਣ ਗਿੱਲਾ ਹੋ ਜਾਂਦਾ। ਇਸ ਸਮੱਸਿਆ ਨੂੰ ਹੱਲ ਕਰਨ ਲਈ ਗਹੀਰਾ ਲਾਉਣ ਦਾ ਵੱਲ ਸਿਖਾਉਂਦੀ। ਗਹੀਰਾ ਲਾਉਣਾ, ਲਿਪਣਾ, ਪਾੜ ਲਾਉਣਾ ਸਿਰਫ ਤਜੱਰਬਕਾਰ ਔਰਤਾਂ ਨੂੰ ਹੀ ਆਉਂਦਾ ਹੁੰਦਾ ਸੀ। ਅਣਜਾਣ ਗਹੀਰਾ ਲਾਉਣ ਲੱਗ ਜਾਂਦੀ ਤਾਂ ਸਿਖਰ ਤੇ ਜਾਣ ਤੋਂ ਪਹਿਲਾਂ ਹੀ ਡਿਗ ਪੈਂਦਾ। ਥੱਲਿਉਂ ਵਰਗ ਰੂਪ ਵਿੱਚ ਹੁੰਦਾ ਤੇ ਉਪਰ ਨੂੰ ਸ਼ੰਕੂ ਦੀ ਸ਼ਕਲ ਬਣਦੀ ਜਾਂਦੀ। ਸੁੱਕੀਆਂ ਪਾਥੀਆਂ ਦਾ ਗਹੀਰਾ ਲਾਉਣਾ ਜ਼ਰੂਰੀ ਹੁੰਦਾ, ਕਿਉਂਕਿ ਵੰਡ ਵੜੇਵਾਂ, ਧਰਨ, ਦੁੱਧ ਤੱਤਾ ਧਰਨ ਤੇ ਚੁੱਲ੍ਹੇ ਦੀ ਅੱਗ ਲਈ ਪਾਥੀਆਂ ਦੀ ਲੋੜ ਲਗਾਤਾਰ ਬਣੀ ਰਹਿੰਦੀ। ਕਿਹਾ ਵੀ ਜਾਂਦਾ ਪਿੰਡ ਗਹੀਰਿਆਂ ਤੋਂ ਪਛਾਣਿਆ ਜਾਂਦਾ ਹੈ। ਇੱਕ ਕਤਾਰ 'ਚ ਲੱਗੇ ਗਹੀਰੇ ਤਪੱਸਵੀ ਰਿਸ਼ੀਆਂ ਵਰਗੇ ਲਗਦੇ। ਭਾਵੇਂ ਗਹੀਰੇ ਲਾਉਣ ਦੀ ਕਲਾ ਅਲੋਪ ਹੋ ਗਈ ਹੈ, ਪਰ ਇਸ ਨਾਲ ਔਰਤਾਂ ਦਾ ਸਚਆਰ-ਪੁਣਾ ਜ਼ਰੂਰ ਪਰਖਿਆ ਜਾਂਦਾ ਸੀ। ਚਾਰ ਪੰਜ ਜਣੀਆਂ ਇਕੱਠੀਆਂ ਹੋ ਕੇ ਗਹੀਰੇ ਦਾ ਕੰਮ ਵਿਢਦੀਆਂ ਪਾਸੀਂ ਪਾਥੀਆਂ ਦੀ ਕੰਧ ਬਣਾਈ ਜਾਂਦੀਆਂ। ਉਪਰ ਨੂੰ ਦਾਇਰਾ ਘੱਟ ਕਰਦੀਆਂ ਜਾਂਦੀਆਂ। ਵਿਚਕਾਰੋਂ ਸੁੱਕੇ ਗੋਹਿਆਂ ਜਾਂ ਵਾਧੂ ਪਾਥੀਆਂ ਨਾਲ ਭਰ ਦਿੰਦੀਆਂ। ਪਾਸਿਆਂ ਤੋਂ ਪੋਲੇ ਹੱਥ ਨਾਲ ਗੋਹੇ ਦੀ ਪਤਲੀ ਤਹਿ ਚੜ੍ਹਾਅ ਦਿੰਦੀਆਂ। ਜਦੋਂ ਉਹ ਸੁੱਕ ਜਾਂਦੀ ਤਾਂ ਹੋਰ ਲੇਪਣ ਲਾ ਦਿੰਦੀਆਂ। ਅਖੀਰਲੀ ਤਹ ਮੋਟੀ ਮੋਟੀ ਲਾਈ ਜਾਂਦੀ ਤਾਂ ਜੋ ਝੜੀਆਂ ਲੱਗਣ ਤੇ ਪਾਥੀਆਂ ਤੱਕ ਸਿੱਲ੍ਹ ਨਾ ਜਾਵੇ। ਤਿਆਰ ਹੋਏ ਗਹੀਰੇ ਉਪਰ ਡੰਡੇ ਨਾਲ ਕਾਲੀ ਲੀਰ ਬੰਨਕੇ ਗੱਡ ਦਿੰਦੀ ਤਾਂ ਜੋ ਕੋਈ ਜਾਨਵਰ ਗਿੱਲਾ ਗੋਹਾ ਨਾ ਫਰੋਲੇ।

ਮਾਂ ਆਖਿਆ ਕਰਦੀ ਬੁੜੀਆਂ ਦੇ ਕੰਮ ਤਾਂ ਸਾਰਾ ਦਿਨ ਹੀ ਨਹੀਂ ਮੁੱਕਦੇ। ਕੱਚੇ ਕੋਠਿਆਂ, ਕੰਧਾਂ, ਕੰਧੋਲੀਆਂ, ਚੁੱਲ੍ਹੇ, ਹਾਰਿਆਂ, ਹਾਰੀਆਂ, ਚੌਂਤਰਿਆਂ, ਆਲਿਆਂ, ਟਾਂਢਾਂ, ਉਖਲੀਆਂ, ਬਖਾਰੀਆਂ ਆਦਿ ਨੂੰ ਗੁੰਨੀ ਹੋਈ ਮਿੱਟੀ ਨਾਲ ਲਿਪਦਾ ਤੇ ਪਾਂਡੂ ਮਿੱਟੀ ਨਾਲ ਪੋਚਣਾ ਹਾਰੀ ਸਾਰੀ ਦਾ ਕੰਮ ਨਹੀਂ ਸੀ ਹੁੰਦਾ। ਸਫਾਈ ਨਾ ਆਉਣ ਤੇ ਕੁੱਡਰ ਅਖਵਾਉਣਾ ਪੈਂਦਾ ਸੀ। ਇਸ ਤੋਂ ਬਿਨਾਂ ਕੱਚੀਆਂ ਬੈਠਕਾਂ, ਕੰਧੋਲੀਆਂ, ਹਾਰਿਆਂ, ਟਾਂਢਾ ਤੇ ਡੀਜ਼ਾਈਨ ਬਣਾ ਕੇ ਸਜਾਉਣਾ ਕਿਸੇ ਮਾਹਿਰ ਤੋਂ ਬਿਨਾਂ ਅਸੰਭਵ ਹੁੰਦਾ ਸੀ। ਮੀਹਾਂ ਨਾਲ ਜੇ ਕੰਧਾਂ ਦੇ ਲਿਉੜ ਡਿੱਗ ਪੈਂਦੇ ਤਾਂ ਅਣਜਾਣ ਨੂੰ ਖੋਬੇ ਮਾਰਨੇ ਨਹੀਂ ਆਉਂਦੇ ਸਨ। ਸਫਾਈ ਲਿਆਉਣੀ ਤਾਂ ਬਹੁਤ ਦੂਰ ਦੀ ਗੱਲ ਹੁੰਦੀ ਸੀ। ਜ਼ਿੰਦਗੀ ਦੀਆਂ ਠੋਕਰਾਂ ਨੇ ਮਾਂ ਨੂੰ ਇਹ ਸਬਕ ਚੰਗੀ ਤਰ੍ਹਾਂ ਯਾਦ ਕਰਾਇਆ ਹੋਇਆ ਸੀ ਅਤੇ ਧੀਆਂ ਨੂੰ ਪੱਕਾ ਕਰਵਾਉਣ ਲਈ ਮੌਕਾ ਪੈਣ ਤੇ ਆਪਣਾ ਦਾਅ ਪੇਚ ਵਰਤ ਲਿਆ ਕਰਦੀ।

ਸਿਰਾਂ ਤੇ ਲਾਲ ਮਿੱਟੀ ਢੋਣ ਲਈ ਧੀਆਂ ਨੂੰ ਨਾਲ ਲੈ ਜਾਇਆ ਕਰਦੀ। ਟੀਸੀ ਲਾਵੇਂ ਬੈਠਲਾਂ ਨਾਲ ਮਸਾਂ ਘਰੇ ਪਹੁੰਚਦੀਆਂ। ਉਸ ਵਿੱਚ ਮਲ੍ਹਣ ਪਾ ਕੇ ਕਰੜੀ ਪਤਲੀ ਰੱਖਿਆ ਜਾਂਦਾ। ਧੀਆਂ ਵਿੱਚੋਂ ਇਕ ਨੂੰ ਖੋਬੇਫੜਾਉਣ ਲਾ ਲੈਂਦੀ ਤੇ ਆਪ ਹੱਥ ਦੀ ਤਲੀ ਨਾਲ, ਕਰੰਡੀ ਵਾਂਗੂੰ ਕੰਧ ਤੇ ਚੇਪਦੀ ਜਾਂਦੀ। ਇੱਕ ਹੱਥ ਦੀ ਲੱਗੀ ਮਿੱਟੀ ਇਉਂ ਲਗਦੀ ਜਿਵੇਂ ਰਾਜ ਮਿਸਤਰੀ ਨੇ ਗਜ ਮਾਰ ਕੇ ਪੱਧਰ ਕੀਤੀ ਹੋਵੇ। ਗੁੰਮਿਆਂ ਦੀ ਕੰਧ ਵੀ ਇਉਂ ਲਗਦੀ ਜਿਵੇਂ ਸੰਚੇ ਦੀਆਂ ਕੱਚੀਆਂ ਇੱਟਾਂ ਦੀ ਬਣੀ ਹੋਵੇ। ਪਾਲੀ ਦੀਆਂ ਇੱਟਾਂ ਦੀ ਕੰਧ ਲਿਪਣੀ ਹੋਰ ਵੀ ਔਖੀ ਹੁੰਦੀ। ਨਾਲ ਨਾਲ ਧੀਆਂ ਨੂੰ ਮਿੱਟੀ ਦੀ ਵੱਤਰ ਤੋਂ ਜਾਣੂ ਕਰਵਾਉਂਦੀ। ਜੇ ਕਰੜੀ

ਹੋਵੇ ਤਾਂ ਪਾਣੀ ਨਾਲ ਹੱਥ ਗਿੱਲਾ ਕਰ ਲਈਏ ਜਾਂ ਬੱਠਲ ਵਿੱਚ ਪਾਣੀ ਛਿੜਕ ਲਈਏ। ਫਿਰ ਮਿੱਟੀ ਬੱਠਲ ਨਾਲ ਘੱਟ ਚਿਪਦੀ ਹੈ। ਜੇ ਇਕ ਜਾਨ ਕੀਤੀ ਹੋਵੇ ਤਾਂ ਕੰਧ ਤੇ ਪਾਣੀ ਛਿੜਕ ਲਈਏ ਫਿਰ ਥੋਬਾ ਵੀ ਥੱਲੇ ਨਹੀਂ ਡਿਗਦਾ। ਪਤਲੀ ਮਿੱਟੀ ਫੇਰੀਏ ਤਾਂ ਸਫਾਈ ਜ਼ਿਆਦਾ ਆਉਂਦੀ ਹੈ। ਲਿਪਿਆ ਪੋਚਿਆ ਘਰ ਸੁਹਣਾ ਲਗਦਾ ਹੈ। ਔਰਤਾਂ ਦੇ ਸਦਿਆਰਪੁਣੇ ਦੀ ਪਰਖ ਵੀ ਹੋ ਜਾਂਦੀ।

ਚੁੱਲ੍ਹੇ ਤੇ ਹਾਰਿਆਂ ਦੀ ਬਣਤਰ ਬਾਰੇ ਸਬਕ ਦਿੰਦੀ। ਕੱਚੀਆਂ ਪੰਜ ਇੱਟਾਂ ਗੋਲ ਦਾਅ ਖੜੀਆਂ ਕਰ ਕੇ ਛੋਟਾ ਚੁੱਲ੍ਹਾ ਬਣਾਉਣਾ ਚਾਹੀਦਾ ਹੈ। ਜੇ ਵੱਡਾ ਬਣਾਉਣਾ ਹੋਵੇ ਤਾਂ ਤਬਦੀਲੀ ਕੀਤੀ ਜਾ ਸਕਦੀ ਹੈ। ਪਰ ਵੱਡਾ ਬਣਾਉਣ ਦੀ ਥਾਂ ਚੁਰ ਬਣਾਈ ਜਾਵੇ ਤਾਂ ਤਵੀ ਤੇ ਰੋਟੀਆਂ ਪਕਾਈਆਂ ਜਾ ਸਕਦੀਆਂ ਹਨ। ਜ਼ਿਆਦਾ ਭਾਰ ਨਾਲ ਛੋਟਾ ਚੁੱਲ੍ਹਾ ਡਿੱਗ ਪੈਂਦਾ ਹੈ। ਵੱਡੇ ਚੁੱਲ੍ਹੇ 'ਚ ਸੇਕ ਘੱਟ ਲਗਦਾ ਹੈ। ਚੁੱਲ੍ਹੇ, ਹਾਰਿਆਂ, ਕੰਧੋਲੀਆਂ ਦੀ ਮਿੱਟੀ ਡਿਗ ਪਵੇ ਤਾਂ ਬੁਰੀ ਲਗਦੀ ਹੈ। ਵੇਖਣ ਵਾਲੇ ਦੀਆਂ ਨਜ਼ਰਾਂ ਨੂੰ ਚੁੱਭਦੀ ਹੈ।

ਹਾਰੇ ਹਾਰੀਆਂ ਬਣਾਉਣ ਲਈ ਟੁੱਟੇ ਘੜੇ ਦੇ ਗਲ ਨੂੰ ਵਰਤ ਲਈਏ। ਉਪਰਾਲਾ ਗਲ ਜੇ ਸਾਬਤ ਹੋਵੇ ਤਾਂ ਸੰਭਾਲ ਕੇ ਰੱਖੀਏ। ਹਾਰੇ ਬਣਾਉਣ ਵੇਲੇ ਥੱਲਾ ਉਸ ਦਾ ਲਾ ਲਈਏ। ਹਾਰੀ ਬਣਾਉਣ ਲਈ ਮੱਘੇ ਦਾ ਛੋਟਾ ਗਲ (ਕਲੀਡਲ) ਰਾਖਵਾਂ ਰੱਖੀਏ। ਕੰਧੋਲੀਆਂ, ਹਾਰੀਆਂ ਨੂੰ, ਚਿੜੀਆਂ, ਤੋਤਿਆਂ, ਕਬੂਤਰਾਂ ਨਾਲ ਸਜਾਅ ਦੇਈਏ। ਟਾਂਡਾਂ ਤੇ ਕਾਨਿਆਂ ਨਾਲ ਨਮੂਨੇ ਬਣਾ ਕੇ ਆਪਣੀ ਕਲਾ ਦਾ ਰੰਗ ਪ੍ਰਗਟ ਕਰ ਦੇਈਏ। ਪੋਚਾ ਦੇਣਾ, ਚੌਂਤਰੇ ਤੇ ਗੋਹਾ ਮਿੱਟੀ ਫੇਰਨਾ ਵੀ ਸਿਖਲਾਈ ਅਧਿਕਾਰ ਖੇਤਰ ਵਿੱਚ ਆਉਂਦਾ। ਬਖਾਰੀ ਤੇ ਉੱਖਲੀ ਵੱਲ ਵਿਸ਼ੇਸ਼ ਧਿਆਨ ਦੇਣ ਲਈ ਆਖਦੀ॥ ਉੱਖਲੀ ਦੇ ਦਾਇਰੇ ਤੇ ਬਾੜ ਨਾ ਹੁੰਦੀ ਤਾਂ ਮੀਹਾਂ ਵੇਲੇ, ਬੱਠਲ ਮੂਧਾ ਮਾਰਨ ਦੇ ਬਾਵਜੂਦ ਵੀ ਪਾਣੀ ਪੈ ਜਾਂਦਾ। ਜੇ ਮੂਹਲੀ ਪਾਸੇ ਵੱਜ ਜਾਂਦੀ ਤਦ ਵੀ ਬਾੜ ਟੁੱਟ ਜਾਂਦੀ। ਬਖਾਰੀ ਦੀਆਂ ਖੱਡਾਂ ਨਾ ਮਾਰੀਆਂ ਹੁੰਦੀਆਂ ਤਾਂ ਚੂਹੇ ਸਾਰਾ ਸਾਲ ਅਨਾਜ ਖਰਾਬ ਕਰਦੇ ਰਹਿੰਦੇ ਤੇ ਦਾਣਿਆਂ ਨਾਲ ਰੱਜ ਕੇ ਮਨ ਆਈਆਂ ਕਲੋਲਾਂ ਕਰਦੇ। ਨਵੀਂ ਫਸਲ ਆਉਣ ਤੋਂ ਪਹਿਲਾਂ ਕੰਧਾਂ ਲਿਪਣੀਆਂ ਬਹੁਤ ਜ਼ਰੂਰੀ ਹੁੰਦੀਆਂ ਜੇ ਇਹ ਮਾੜੀਆਂ ਮੋਟੀਆਂ ਗਿੱਲੀਆਂ ਰਹਿ ਜਾਂਦੀਆਂ ਤਾਂ ਅਨਾਜ ਨੂੰ ਕੀੜੇ ਲਗਣ ਦੀ ਸੰਭਾਵਨਾ ਵਧ ਜਾਂਦੀ।

ਤੰਦੂਰ ਬਣਾਉਣ ਤੇ ਰੋਟੀਆਂ ਲਾਉਣੀਆਂ ਹਰੇਕ ਔਰਤ ਨੂੰ ਨਹੀਂ ਆਉਂਦਾ ਸੀ। ਹਰ ਰੋਜ਼ ਵਾਰ ਦੇ ਕੇ ਚਾਰੇ ਪਾਸੀਂ ਗੋਲ ਬਾੜ (ਕੰਧ) ਖੜੀ ਕਰਨੀ ਔਖਾ ਕੰਮ ਹੁੰਦਾ। ਘੁਮਿਆਰ ਮਿੱਟੀ ਲਿਆ ਕੇ ਧੀਆਂ ਦੀ ਨਿਗਰਾਨੀ ਵਿੱਚ ਰੀਣ ਪਾ ਕੇ ਮਧਦੀ ਤੇ ਬਣਾਉਣਾ ਸ਼ੁਰੂ ਕਰਦੀ। ਚੰਗੀ ਤਰ੍ਹਾਂ ਸੁੱਕਣ ਤੇ ਘਰ ਦੇ ਕਿਸੇ ਖੂੰਜੇ ਵਿੱਚ ਢੁਕਵੀਂ ਥਾਂ ਗੱਡਦੀ। ਰੋਟੀਆਂ ਪਕਾਉਣ ਤਾਂ ਤਪਾਉਣ ਤੋਂ ਪਹਿਲਾਂ ਵਾਥੂ ਜਾਂ ਸ਼ਰੀਂਹ ਦੇ ਹਰੇ ਪੱਤਿਆਂ ਦਾ ਪੋਚਾ ਦਿੰਦੀ। ਧੀਆਂ ਨੂੰ ਸਿਖਾਉਂਦੀ ਕਿ ਜੇ ਘੱਟ ਤਪਿਆ ਹੋਵੇ ਤਾਂ ਰੋਟੀਆਂ ਨਾਲ ਮਿੱਟੀ ਆਉਣ ਲੱਗ ਜਾਂਦੀ ਹੈ। ਜੇ ਥੋੜ੍ਹਾ ਤਪੇ ਤੇ ਰੋਟੀ ਲੱਗ ਜਾਵੇ ਤਾਂ ਵਿੱਚੋਂ ਅੱਗ ਫਰੋਲ ਕੇ ਉਪਰੋਂ ਢਕ ਦੇਈਏ। ਤਾਅ ਚੜ੍ਹ ਜਾਂਦਾ ਹੈ ਤੇ ਰੋਟੀ ਕੱਚੀ ਨਹੀਂ ਰਹਿੰਦੀ। ਬਾਂਹ ਤੇ ਪੋਣਾ ਵਲੇਟ ਕੇ ਤਪੇ ਹੋਏ ਵਿੱਚੋਂ ਰੜੀ ਹੋਈ ਰੋਟੀ ਬਾਹਰ ਕੱਢੀਏ। ਹਨੇਰੀ ਬੁੱਲ੍ਹੇ ਤੋਂ ਅੱਗ ਉੱਡਣ ਦਾ ਬਚਾਅ ਵੀ ਰੱਖੀਏ।

ਤਵੀ ਅਤੇ ਚੁੱਲ੍ਹੇ ਵਿੱਚ ਪਾਥੀਆਂ ਦੀ ਅੱਗ ਮਚਾਉਣ ਤੋਂ ਸੁਚੇਤ ਕਰਦੀ। ਅਣਜਾਣਾ ਫੂਕਾਂ ਮਾਰਦੀਆਂ ਰਹਿ ਜਾਂਦੀਆਂ। ਤਵੇ ਤੇ ਪਾਈ ਰੋਟੀ ਸੁੱਕ ਕੇ ਮਨੂਰ ਬਣ ਜਾਂਦੀ ਹੈ। ਕੋਈ ਚੀਜ਼ ਧਰਨ ਤੋਂ ਪਹਿਲਾਂ ਚੁੱਲ੍ਹੇ ਅੱਗੇ ਬਾਲਣ ਰੱਖੀਏ। ਅੱਗ ਨੂੰ ਰੱਖਣ ਲਈ ਸੁਆਹ 'ਚ ਪਾਥੀ ਨੱਪ ਦੇਈਏ। ਉਹ ਛੇਤੀ ਬੁਝਦੀ ਨਹੀਂ। ਵੇਲੇ ਕੁਵੇਲੇ ਆਂਢੋਂ ਗੁਆਂਢੋਂ ਅੱਗ ਮੰਗਣ ਜਾਣਾ ਚੰਗਾ ਨਹੀਂ ਲਗਦਾ।

ਖਿਚੜੀ ਤੇ ਘਾਠ ਕੁੱਠਣੀ ਵੀ ਸਿਖਾਉਂਦੀ। ਕਿਉਂਕਿ ਇਹਨਾਂ ਦਾ ਕੁੱਟਣਾ ਸੌਖਾ ਨਹੀਂ। ਇਹਨਾਂ ਦੇ ਕੁੱਟੇ ਜਾਣ ਦੀ ਪਰਖ ਕਰਨ ਵਿੱਚ ਵੀ ਪਰਪੱਕ ਬਣਾਉਂਦੀ। ਖਿਚੜੀ ਰਿੰਨ੍ਹਣ ਦਾ ਅਤੇ ਤਿਉੜ ਬਣਾਉਣ

ਦਾ ਕੰਮ ਧੀਆਂ ਨੂੰ ਸੌਂਪਦੀ। ਧਾਰ ਕੱਢਣ ਸਮੇਂ ਖੱਟੀ ਲੱਸੀ ਵਿੱਚ ਕੱਚੇ ਦੁੱਧ ਦੀਆਂ ਧਾਰਾਂ ਮਾਰ ਲਿਆਉਂਦੀਆਂ, ਸਵੇਰ ਸਮੇਂ ਦਹੀਂ ਪਾ ਕੇ ਖਾਧੀ ਜਾਂਦੀ।

ਤਿਉਹਾਰਾਂ ਨੂੰ ਮਨਾਉਣ ਤੇ ਖਾਸ ਚੀਜ਼ਾਂ ਬਣਾਉਣ ਬਾਰੇ ਆਪ ਵੀ ਦਸਦੀ ਤੇ ਧੀਆਂ ਤੋਂ ਵੀ ਕੰਮ ਕਰਵਾਉਂਦੀ। ਲੋਹੜੀ ਨੂੰ ਭੂਤ ਪਿੰਨੇ, ਮਰੂੰਡੇ, ਚੌਲਾਂ ਦੀਆਂ ਪਿੰਨੀਆਂ ਬਣਾਉਣ ਤੇ ਲਾਉਂਦੀ। ਆਪ ਨਜ਼ਰਸਾਨੀ ਕਰਦੀ। ਆਮ ਤੌਰ ਤੇ ਦੋ, ਚਾਰ ਕੁੜੀਆਂ ਇਕੱਠੀਆਂ ਹੋ ਕੇ ਸਵਾਰ, ਬਾਜਰਾ, ਕਣਕ, ਮੱਕੀ ਆਦਿ ਦੇ ਦਾਣੇ ਭੱਠੀ ਤੋਂ ਭੰਨਾਉਣ ਲਈ ਜਾਂਦੀਆਂ। ਤੱਤੇ ਤੱਤੇ ਦਾਣਿਆਂ 'ਚ ਗੁੜ ਰਲਾ ਕੇ ਪਿੰਨੇ ਬਣਾਉਣੇ ਦਸਦੀ। ਦਾਣਿਆਂ ਨੂੰ ਬਿਨਾਂ ਭੁੰਨਾਏ ਹੀ ਉਬਾਲ ਕੇ ਬਹੁਤ ਵਧੀਆ ਮਰੂੰਡੇ ਬਣਦੇ। ਜਿੰਨ੍ਹਾਂ ਨੂੰ ਜੁਆਕ ਹੱਥ ਫੜੀ ਗਲੀਆਂ ਵਿੱਚ ਲੋਹੜੀ ਤੇ ਬੈਠੇ ਖਾਈ ਜਾਂਦੇ। ਆਰਥਿਕ ਹਾਲਤ ਅਨੁਸਾਰ ਤਿੱਥ ਤਿਉਹਾਰ ਨੂੰ ਗੁਲਗਲੇ, ਮੱਠੀਆਂ, ਪੂੜੇ, ਮਾਹਲ ਪੂੜੇ, ਖੀਰ, ਪ੍ਰਸ਼ਾਦ ਆਦਿ ਹੀ ਪ੍ਰਧਾਨ ਹੁੰਦਾ ਅਤੇ ਧੀਆਂ ਦਾ ਸਹਿਯੋਗ ਵੀ ਲਿਆ ਜਾਂਦਾ। ਇਹਨਾਂ ਦੀ ਵਿਉਂਤਬੰਦੀ ਤੇ ਗਿਣਤੀ, ਮਿਣਤੀ, ਮਾਪ, ਤੋਲ ਤੇ ਧੀਆਂ ਦੀ ਡਿਉਟੀ ਲਾਈ ਜਾਂਦੀ। ਕੋਈ ਗੁੜ ਤੋਲਦੀ, ਕੋਈ ਆਟਾ ਮਿਣਦੀ ਤੇ ਕੋਈ ਚੱਲ੍ਹੇ 'ਚ ਅੱਗ ਮਚਾਉਂਦੀ।

ਲਵੇਰਿਆਂ ਦੀ ਦੇਖ ਭਾਲ ਕਰਨਾ, ਮੱਝਾਂ, ਗਊਆਂ, ਬੋਤੀਆਂ, ਬਕਰੀਆਂ ਦੀਆਂ ਧਾਰਾਂ ਕੱਢਣੀਆਂ ਤੇ ਦੁੱਧ ਦੀ ਸਾਂਭ ਸੰਭਾਲ ਲਈ ਧੀਆਂ ਨੂੰ ਸਿਖਿਅਤ ਕਰਨਾ, ਘਰ ਦੀਆਂ ਸੁਆਣੀਆਂ ਦੇ ਜ਼ਿੰਮੇ ਹੁੰਦਾ ਸੀ। ਜਿਸ ਜੱਟ ਦੀ ਧੀ ਨੂੰ ਧਾਰ ਕੱਢਣੀ ਨਾ ਆਉਂਦੀ ਤਾਂ ਰਿਸ਼ਤਾ ਕਰਨਾ ਮੁਸ਼ਕਿਲ ਹੋ ਜਾਂਦਾ। ਰਿਸ਼ਤਾ ਲੈਣ ਤੋਂ ਪਹਿਲਾਂ ਸਹੁਰੇ ਪੁੱਛਦੇ ਕਿ ਲੜਕੀ ਨੂੰ ਘਰੇਲੂ ਕੰਮ ਕਰਨੇ ਆਉਂਦੇ ਹਨ। ਖੂਹ ਤੋਂ ਪਾਣੀ ਭਰਨਾ, ਤਵੇ, ਤੰਦੂਰ, ਤਵੀ ਤੇ ਕਣਕ, ਬਾਜਰੇ, ਮੱਕੀ, ਜੌਂਆਂ, ਜਵਾਰ ਦੀਆਂ ਰੋਟੀਆਂ ਪਕਾਉਣ, ਖੇਤ ਭੱਤਾ ਲੈ ਕੇ ਜਾਣਾ ਆਦਿ ਵਿੱਚ ਧੀਆਂ ਦੀ ਸ਼ਮੂਲੀਅਤ ਜ਼ੋਰ ਸ਼ੋਰ ਨਾਲ ਹੁੰਦੀ। ਭਾਂਡਿਆਂ ਨੂੰ ਸ਼ੱਕ ਮਾਂਜ ਕਰਨਾ ਪੋਣਿਆਂ, ਪਰਾਤਾਂ, ਚੁੱਲ੍ਹੇ, ਚੌਂਕਿਆਂ, ਝਲਾਨੀਆਂ ਦੀ ਸਫਾਈ ਲਈ ਮਾਂ ਦੀਆਂ ਹਦਾਇਤਾਂ ਦਾ ਇੰਨ ਬਿੰਨ ਧੀਆਂ ਪਾਲਣ ਕਰਦੀਆਂ। ਇਸ ਤੋਂ ਬਿਨਾਂ ਜੇ ਕੱਢਣਾਮ ਕੱਤਣਾ, ਸਿਉਣਾ, ਪਰੋਣਾ ਨਾ ਸਿਖਾਇਆ ਜਾਂਦਾ ਤਾਂ ਧੀ ਸਾਰੀ ਉਮਰ ਮਾਪਿਆਂ ਨੂੰ ਕੋਸਦੀ ਰਹਿੰਦੀ।

ਧੀਆਂ ਨੂੰ ਸਿੱਖਿਅਤ ਕਰਨਾ ਮਾਂ ਦੀ ਜ਼ਿੰਮੇਵਾਰੀ ਹੁੰਦੀ ਹੈ, ਤਾਂ ਜੋ ਬਿਗਾਨੇ ਘਰ 'ਚ ਧੀ ਦਾ ਸਤਿਕਾਰ ਹੁੰਦਾ ਬਣਿਆ ਰਹੇ ਅਤੇ ਕਬੀਲਦਾਰੀ ਦੀਆਂ ਘੁੰਮਣ ਘੇਰੀਆਂ ਦਾ ਮੁਕਾਬਲਾ ਕਰ ਸਕੇ। ਮਾਂ ਪੂਰੀ ਵਫ਼ਾਦਾਰੀ ਨਾਲ ਜ਼ਿੰਮੇਵਾਰੀ ਨਿਭਾਈ।

# ਸੁੱਤਾ ਪਿਆ ਬਰਖੁਰਦਾਰ, ਮਾਂ ਬਣੀ ਪਹਿਰੇਦਾਰ

ਮਾਸੂਮ ਬੱਚੇ ਦੇ ਚਿਹਰੇ ਵੱਲ ਵੇਖ ਕੇ ਮਾਂ ਐਨੀ ਮਸਤੀ 'ਚ ਆ ਜਾਂਦੀ ਹੈ, ਜਿਵੇਂ ਸੌਣ ਮਹੀਨੇ ਕਾਲੀਆਂ ਘਨਘੋਰ ਘਟਨਾਵਾਂ ਦੀ ਗਰਜ ਸੁਣ ਕੇ ਮੋਰ ਪੈਲਾਂ ਪਾਉਣ ਲੱਗ ਜਾਂਦਾ ਹੈ। ਚਿਹਰੇ ਨੂੰ ਪਤਲੇ ਕੱਪੜੇ ਨਾਲ ਢਕ ਦਿੰਦੀ ਹੈ ਤਾਂ ਜੋ ਓਪਰੋ ਦੀ ਨਜ਼ਰ ਨਾ ਪੈ ਜਾਵੇ। ਬੱਚਾ ਬਿਮਾਰ ਹੋ ਜਾਵੇ। ਮਾਂ ਗੁਣ-ਗੁਣਾਉਣ ਲਗਦੀ ਹੈ। ਇਸ ਦੀ ਪ੍ਰਤੱਖ ਮਿਸਾਲ ਉਦੋਂ ਮਿਲਦੀ ਹੈ ਜਦੋਂ ਉਹ ਸੁੱਤੇ ਹੋਏ ਨੂੰ ਆਪਣੇ ਹੱਥੀਂ ਜਗਾਉਂਦੀ ਹੈ। "ਮੇਰਾ ਲਾਡਲਾ, ਪਿਆਰਾ, ਸੋਹਣਾ ਪੁੱਤ। ਮੇਰੀ ਚੰਦ ਵਰਗੀ ਧੀ, ਰਾਣੀ ਧੀ, ਆਦਿ ਵਿਸ਼ੇਸ਼ਣਾਂ ਦੀ ਗਿਣਤੀ ਨਹੀਂ ਰਹਿੰਦੀ। ਵੈਸੇ ਕੋਈ ਮਾਂ ਸੁੱਤੇ ਹੋਏ ਬੱਚੇ ਨੂੰ ਜਗਾਉਣਾ ਨਹੀਂ ਚਾਹੁੰਦੀ। ਜ਼ਿਆਦਾ ਦੇਰ ਤੋਂ ਸੁੱਤਾ ਪਿਆ ਹੋਵੇ ਤਾਂ ਮਜ਼ਬੂਰੀ ਵੱਸ ਨੀਂਦ ਭੰਗ ਕਰਨੀ ਪੈਂਦੀ ਹੈ। ਉਸ ਦੇ ਮਨ ਵਿੱਚ

ਅੰਦੇਸਾ ਬਣਿਆ ਰਹਿੰਦਾ ਹੈ ਕਿ ਜੇ ਕੱਚੀ ਨੀਂਦ ਜਗਾਅ ਲਿਆ ਤਾਂ ਦੁਬਾਰਾ ਸੌਣ ਤੇ ਰੀਂ ਰੀਂ ਕਰੇਗਾ ਤੇ ਰਿਹਾੜ ਵੀ ਪੈ ਸਕਦਾ ਹੈ। ਬਹੁਤੀ ਦੇਰ ਜਾਗਦੇ ਨੂੰ ਵੀ ਜ਼ਰ ਨਹੀਂ ਸਕਦੀ। ਮਾਂ ਦੇ ਮਨ ਵਿੱਚ ਸ਼ੰਕਾ ਆਉਂਦਾ ਹੈ, ਕਿਤੇ ਕੁਝ ਦੁਖਦਾ ਨਾ ਹੋਵੇ। ਬੱਚੇ ਦਾ ਕੁਝ ਦੁਖਣ ਲੱਗ ਜਾਵੇ ਤਾਂ ਮਾਂ ਦੀ ਰੋਟੀ ਛੁੱਟ ਜਾਂਦੀ ਹੈ। ਦੁਖਦਾ ਬੱਚੇ ਦਾ ਹੁੰਦਾ ਹੈ ਦਰਦ ਮਾਂ ਨੂੰ ਹੁੰਦਾ ਹੈ।

ਜੇ ਬੱਚਾ ਮਾਂ ਦੀ ਗੋਦ ਵਿੱਚ ਸੌਂ ਜਾਵੇ ਤਾਂ ਉਸ ਨੂੰ ਪੰਘੂੜੇ 'ਚ ਨਹੀਂ ਪਾਉਣਾ ਚਾਹੁੰਦੀ ਕਿਉਂਕਿ ਜਾਗ ਪਵੇਗਾ ਤੇ ਨੀਂਦ ਵਿੱਚ ਵਿਘਨ ਪਵੇਗਾ। ਨਾ ਹੀ ਕਿਸੇ ਹੋਰ ਨੂੰ ਅਜਿਹਾ ਕਰਨ ਦੀ ਆਗਿਆ ਦਿੰਦੀ ਹੈ। ਸੁੱਤੇ ਪਏ ਬੱਚੇ ਨੂੰ ਚੁੰਮਣਾ ਵਰਜਿਤ ਹੈ। ਇਸ ਨੂੰ ਮਾੜਾ ਗਿਣਿਆ ਜਾਦਾ ਹੈ। ਗੂੜੀ ਨੀਂਦ ਸੁੱਤਾ ਪਿਆ ਜੇ ਜਾਗ ਪਵੇ ਤਾਂ ਮਾਂ ਦੇ ਸੱਚੇ ਸੁੱਚੇ ਪਿਆਰ ਨੂੰ ਠੇਸ ਵਜਦੀ ਹੈ। ਸਭ ਤੋ ਪਿਆਰੀ ਵਸਤੂ ਨਾਲ ਐਰ ਗੈਰ ਦੀ ਛੇੜਛਾੜ ਨੂੰ ਬਰਦਾਸ਼ਤ ਨਹੀਂ ਕਰਦੀ। ਜਾਨਵਰ ਵੀ ਅਜਿਹਾ ਵਰਤਾਓ ਕਰਦੇ ਹਨ। ਅਕਸਰ ਪਿਆਰ ਕੀ ਹੋਇਆ "ਜੋ ਦੂਜੈ ਲੱਗੇ ਜਾਇ।" ਸਵੱਰਗ ਵਿੱਚ ਪਏ ਲਾਡਲੇ, ਲਾਡਲੀ ਨੂੰ ਜਗਾਉਣਾ ਪਿਆਰ ਵਿੱਚ ਖਿਆਨਤ ਤਸੱਵਰ ਕਰਦੀ ਹੈ। ਹਰੇਕ ਨੂੰ ਖੜਕਾ ਕਰਨ ਤੋਂ ਰੋਕਦੀ ਹੈ। ਅਚਾਨਕ ਖੜਕਾ ਹੋਣ ਤੇ ਮਾਸੂਮ ਤ੍ਰਭਕ ਪੈਂਦਾ ਹੈ ਤਾਂ ਭੱਜ ਕੇ ਉਸ ਦੀ ਛਾਤੀ ਤੇ ਹੱਥ ਰਖਦੀ ਹੋਈ ਕਹਿੰਦੀ ਹੈ, "ਵੇਖੋ! ਦਿਲ ਕਿਵੇਂ ਧੱਕ ਧੱਕ ਵੱਜ ਰਿਹਾ ਹੈ।" ਚੁੱਕ ਕੇ ਛਾਤੀ ਨਾਲ ਲਾ ਕੇ ਚੈਨ ਆਉਂਦਾ ਹੈ।

ਦੁੱਧ ਲੈਂਦਿਆਂ ਮਾਂ ਦੀ ਛਾਤੀ ਤੇ ਬੱਚਾ ਪਲਸੇਟੇ ਮਾਰਦਾ ਹੋਵੇ ਤਾਂ ਉਹ ਸਵੱਰਗ ਵਿੱਚ ਪਹੁੰਚ ਜਾਂਦੀ ਹੈ। ਤਣਾਓ ਅਤੇ ਚਿੰਤਾ ਮੁਕਤ ਹੁੰਦੀ ਹੈ। ਮਾਂ ਦਾ ਪਿਆਰ ਆਤਮਕ ਪੱਧਰ ਤੇ ਪਹੁੰਚਿਆ ਹੋਇਆ ਹੁੰਦਾ ਹੈ। ਲੰਘਦੇ ਸਮੇਂ ਦਾ ਪਤਾ ਨਹੀਂ ਲਗਦਾ। ਜੇ ਛਾਤੀ ਤੇ ਸੌਂ ਜਾਵੇ ਤਾਂ ਪੀਂਘੇ ਵਿਚ ਨਹੀਂ ਪਾਉਂਦੀ। ਘੰਟਿਆਂ ਬੱਧੀ ਇਸ ਸਥਿਤੀ ਵਿੱਚ ਊਂਘਦੀ ਰਹਿੰਦੀ ਹੈ। ਆਪਣੀ ਨੀਂਦ ਨਾਲੋਂ ਬੱਚੇ ਦੀ ਨੀਂਦ ਪਿਆਰੀ ਹੁੰਦੀ ਹੈ। ਬੱਚੇ ਦੀ ਨੀਂਦ ਹੀ ਮਾਂ ਦੀ ਨੀਂਦ ਬਣ ਜਾਂਦੀ ਹੈ। ਨੀਂਦ ਦੇ ਝੂਟੇ ਲੈ ਰਹੀ ਮਾਂ ਇਉਂ ਲਗਦੀ ਹੈ ਜਿਵੇਂ ਅਗੰਮੀ ਰੂਹ ਨਾਲ ਉਸ ਦੀ ਸੁਰ ਮਿਲ ਗਈ ਹੋਵੇ। ਕੰਧ ਨਾਲ ਢੋਅ ਲਾ ਕੇ ਆਪਣੇ ਆਪ ਨੂੰ ਭੁੱਲ ਜਾਂਦੀ ਹੈ ਤੇ ਇਕੱਲਾ ਬੱਚਾ ਹੀ ਰਹਿ ਜਾਂਦਾ ਹੈ। ਭਾਵ ਆਪ ਵੀ ਬੱਚਾ ਬਣ ਜਾਂਦੀ ਹੈ। ਸਵੱਰਗ ਦੀ ਝਲਕ ਪਾਉਣ ਵਾਲੇ ਅਜਿਹੇ ਪਲ ਜ਼ਿੰਦਗੀ 'ਚ ਕਿਸਮਤ ਵਾਲਿਆਂ ਨੂੰ ਪ੍ਰਾਪਤ ਹੁੰਦੇ ਹਨ। ਜਿੰਨ੍ਹਾਂ ਵਿਚ ਬੰਦਾ ਆਤਮਕ ਜੋਤ ਨਾਲ ਜੁੜ ਜਾਵੇ। ਇਹ ਅੰਨਦ ਸ਼ਬਦਾਂ ਵਿੱਚ ਬਿਆਨ ਕਰਨ ਦੀ ਸੀਮਾ ਵਿੱਚ ਨਹੀਂ ਆਉਂਦਾ। ਇਸ ਦੇ ਅੱਗੇ ਹੋਰ ਖੁਸ਼ੀਆਂ ਸਭ ਫਿੱਕੀਆਂ ਪੈ ਜਾਂਦੀਆਂ ਹਨ। ਤਨ ਤੇ ਹੰਢਾਇਆਂ ਹੀ ਇਹ ਪਲ ਮਾਣੇ ਜਾ ਸਕਦੇ ਹਨ।

ਇੱਕ ਹੋਰ ਸਥਿਤੀ ਅਜਿਹੀ ਆਉਂਦੀ ਹੈ ਜਦੋਂ ਮਾਂ ਤੇ ਬੱਚਾ ਇੱਕ ਰੂਪ ਵਿੱਚ ਹੋਏ ਹੁੰਦੇ ਹਨ। ਮਾਂ ਦੀਆਂ ਹਰਕਤਾਂ ਉਹਲੇ ਖੜ ਕੇ ਵੇਖਣ ਵਾਲੀਆਂ ਹੁੰਦੀਆਂ ਹਨ। ਵਾਸ਼ਨਾ ਤੇ ਪਿਆਰ ਦਾ ਪ੍ਰਗਟਾਵਾ ਸਿਖਰਾਂ ਤੇ ਹੁੰਦਾ ਹੈ। ਸਿਆਣੇ ਆਖਦੇ ਹਨ ਜੋ ਗੱਲ ਬੱਚੇ ਨਾਲ ਕੀਤੀ ਜਾਂਦੀ ਹੈ ਅਤੇ ਜੋ ਹਰਕਤ ਅਸੀਂ ਕਰਦੇ ਹਾਂ, ਉਹ ਹੋਰ ਕਿਸੇ ਸਮੇਂ ਸੰਭਵ ਨਹੀਂ ਹੁੰਦੀ। ਦਰਪਣ ਵਿੱਚ ਵੀ ਆਪਣਾ ਚਿਹਰਾ ਤਕਦਿਆਂ ਜੋ ਹਰਕਤ ਤੇ ਚਿਹਰੇ ਦੇ ਹਾਵ-ਭਾਵ ਹੁੰਦੇ ਹਨ ਉਹ ਕਿਸੇ ਹੋਰ ਸਮੇਂ ਕਰਨੇ ਅਸੰਭਵ ਹੁੰਦੇ ਹਨ। ਇਹਨਾਂ ਦੋਵਾਂ ਸਥਿਤੀਆਂ ਵਿੱਚ ਤਣਾਓ ਮੁਕਤ ਵੀ ਹੁੰਦੇ ਹਾਂ ਤੇ ਆਪਣੀ ਉਮਰ ਨੂੰ ਭੁੱਲ ਕੇ ਨਿਆਣੇ ਬਣੇ ਹੋਏ ਹੁੰਦੇ ਹਾਂ। ਨਿਆਣੇ ਨਾਲ ਨਿਆਣਾ ਬਣ ਕੇ ਹੀ ਲਾਡ ਕੀਤਾ ਜਾ ਸਕਦਾ ਹੈ। ਸਿਆਣੇ ਬਣ ਕੇ ਤਾਂ ਗੱਲ ਬਾਤ ਕੀਤੀ ਜਾ ਸਕਦੀ ਹੈ। ਕਿਉਂਕਿ ਲਾਡ ਕਰਨ ਤੇ ਕੋਈ ਕਾਇਦਾ ਕਾਨੂੰਨ ਲਾਗੂ ਨਹੀਂ ਹੁੰਦਾ। ਕੋਈ ਵਿਧਾਨ ਲਾਗੂ ਨਹੀਂ ਹੁੰਦਾ।

ਪਰ ਗੱਲ ਬਾਤ ਕਰਨ ਸਮੇਂ ਸਾਡਾ ਸਲੀਕਾ, ਸਮਾਜਕ ਬੰਧਨ, ਰੀਤੀ, ਰਿਵਾਜ ਤੇ ਉਮਰ ਥੰਮ

ਬਣ ਕੇ ਖਲੋਅ ਜਾਂਦੇ ਹਨ ਜਿੱਥੇ ਸਾਡੀ ਮਰਜ਼ੀ ਨਹੀਂ ਚਲਦੀ। ਪਰ ਇਥੇ ਬੱਚਾ ਤੇ ਲਾਡ ਕਰਨ ਵਾਲੇ ਦੋਵੇਂ ਅਜਾਦ ਹੁੰਦੇ ਹਨ। ਦੋਵਾਂ ਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਪੂਰੀ ਖੁੱਲ੍ਹ ਹੁੰਦੀ ਹੈ। ਸਾਡੀ ਹਰ ਅਦਾ ਨੂੰ ਬੱਚਾ ਸਵੀਕਾਰ ਕਰਦਾ ਹੈ। ਖੁਸ਼ੀ ਦਾ ਪ੍ਰਗਟਾਵਾ ਕਰਦਾ ਹੋਇਆ ਖਿੜ ਖਿੜ ਕਰ ਕੇ ਹਸਦਾ ਹੈ। ਅੱਖਾ ਤੇ ਚਿਹਰੇ ਤੋਂ ਪਾਕ ਪਵਿਤਰ ਭਾਅ ਮਾਰ ਰਹੀ ਹੁੰਦੀ ਹੈ। ਜੋ ਬੰਦੇ ਨੂੰ ਖੁਸ਼ੀ ਦਿੰਦੀ ਹੈ। ਇਸ ਖੁਸ਼ੀ ਵਿੱਚੋਂ ਹਿੱਸਾ ਵੰਡਾਉਣਾ ਹਰੇਕ ਦੇ ਵੱਸ ਵਿੱਚ ਨਹੀਂ ਹੁੰਦਾ। ਜਿੰਨਾਂ ਪਰਿਵਾਰਾਂ ਵਿੱਚ ਇਹ ਪ੍ਰਸੰਨਤਾ ਪ੍ਰਾਪਤ ਕਰਨੀ ਨਸੀਬਾਂ 'ਚ ਨਹੀਂ ਹੁੰਦੀ ਜਾਂ ਇਹ ਅਵੱਸਰ ਹੱਥੋਂ ਛੁੱਟ ਜਾਂਦਾ ਹੈ ਤਾਂ ਉਹ ਬੰਜਰ ਧਰਤੀ ਵਰਗੇ ਹੋ ਜਾਂਦੇ ਹਨ। ਜਿਵੇਂ ਪੰਛੀਆਂ, ਰੁੱਖਾਂ, ਨਦੀਆਂ, ਨਾਲਿਆਂ, ਵਾਦੀਆਂ, ਪਹਾੜਾਂ, ਜੰਗਲਾਂ ਆਦਿ ਨਾਲ ਧਰਤੀ ਪਿਆਰੀ ਲਗਦੀ ਹੈ ਤੇ ਮਨੁੱਖੀ ਦਖਲ ਦੇਣ ਤੋਂ ਬਿਨਾਂ ਵੀ ਰੌਣਕ ਬਣੀ ਰਹਿੰਦੀ। ਸੁੰਦਰ ਵੀ ਲਗਦੀ ਹੈ। ਇਸ ਤਰ੍ਹਾਂ ਗੁਲਾਬ ਦੀਆਂ ਪੱਤੀਆਂ ਵਰਗੇ ਕੋਮਲ ਫੁੱਲ ਹਰ ਥਾਂ ਖੁਸ਼ਬੋਈ ਵੰਡਦੇ ਰਹਿੰਦੇ ਹਨ, ਪਿਆਰੇ ਪਿਆਰੇ ਤੇ ਅਣਭੋਲ ਬੱਚੇ। ਤੋਤਲੀ ਅਵਾਜ਼ ਘਰ ਘਰ ਪਹੁੰਚਾਅ ਕੇ ਸ਼ਾਂਤੀ, ਸ਼ੀਤਲਤਾ, ਇਕੱਸਾਰਤਾ ਪ੍ਰਦਾਨ ਕਰਦੇ ਹਨ। ਬੱਚਿਆਂ ਦੀ ਸੰਗਤ ਫੁਹਾਰੇ ਵਰਗੀ ਹੁੰਦੀ ਹੈ। ਜਿੰਨ੍ਹਾਂ ਦਾ ਪਿਆਰ ਅੰਦਰੋਂ ਫੁੱਟਦਾ ਹੈ ਬਿਨਾਂ ਵੈਰ, ਵਿਰੋਧ, ਈਰਖਾ ਤੇ ਚਾਰ ਚੁਫੇਰੇ ਸੁਗੰਧੀਆਂ ਬਿਖੇਰ ਦਿੰਦਾ ਹੈ। ਹਰ ਇਕ ਤੇ ਨਜ਼ਰ ਇੱਕੋ ਜਿਹੀ ਪੈਂਦੀ ਹੈ। ਇਸ ਨਜ਼ਰ ਨੂੰ ਸਮਦ੍ਰਿਸ਼ਟੀ ਆਖਿਆ ਜਾਂਦਾ ਹੈ। ਇਸ ਲਈ ਹੀ ਬੱਚੇ ਨੂੰ ਰੱਬ ਦਾ ਰੂਪ ਆਖਿਆ ਗਿਆ ਹੈ।

# ਮਾਂ ਵੀ ਉਦਾਸ ਹੈ

ਮਾਂ ਤੂੰ ਮਹਾਨ ਹੈਂ! ਤਾਹੀਂਓ ਤਾਂ ਜ਼ਿੰਦਗੀ ਦੀਆਂ ਸ਼ੈਤਾਨੀਆਂ, ਪਸ਼ੇਮਾਨੀਆਂ, ਪ੍ਰੇਸ਼ਾਨੀਆਂ ਦਾ ਮੁਕਾਬਲਾ ਕਰਨ ਦਾ ਤਾਣ ਹੈ। ਵੰਗਾਰਾਂ ਨੂੰ ਜੀ ਅਇਆਂ ਆਖਦੀ। ਚਣੌਤੀਆਂ ਨੂੰ ਗਲੇ ਲਾਉਂਦੀ। ਤੂੰ ਧਰਮੀ ਹੈਂ। ਸਕਰਮੀ ਹੈਂ। ਰੱਬ ਤੇ ਭਰੋਸਾ ਹੈ। ਨਾ ਕਿਸੇ ਨਾਲ ਰੋਸਾ ਹੈ। ਧਰਮ ਨਿਭਾਉਂਦੀ ਤੇ ਕਰਮ ਕਮਾਉਂਦੀ। ਧਰਮ ਨੂੰ ਸਾਂਭਦੀ। ਪਰਿਵਾਰ ਨੂੰ ਪਾਲਦੀ। ਇਨਸਾਨੀਅਤ ਦੀ ਮੂਰਤ। ਮੈਲੇ ਕਪੜਿਆਂ 'ਚ ਵੀ ਖੂਬਸੂਰਤ। ਮਾਨਵੀ ਮੁੱਲਾਂ ਤੇ ਉਤਰਦੀ ਖਰਾ। ਅਧਾਰਮਿਕਤਾ ਤੋਂ ਰਹਿੰਦੀ ਪਰਾਂ। ਜੇ ਅਧਾਰਮਿਕ ਹੁੰਦੀ ਤਾਂ ਸਮਾਜ ਦੀ ਸਿਰਜਣਾ ਨਹੀਂ ਹੋ ਸਕਣੀ ਸੀ। ਨਾ ਹੀ ਨਰੋਏ ਸਮਾਜ ਦੀ ਆਭਾ ਬਚਣੀ ਸੀ। ਬੱਚੇ ਪਾਲਣਾ ਤੇਰਾ ਧਰਮ। ਨਾ ਇਸ ਤੋਂ ਵੱਡਾ ਕੋਈ ਕਰਮ। ਜਨਮ ਦੀ ਮੁਢਲੀ ਪ੍ਰਕਿਰਿਆ ਤੋਂ ਬਾਅਦ ਪਿਤਾ ਦਾ ਸਬੰਧ ਅੰਦਰੂਨੀ ਤੌਰ ਤੇ ਟੁੱਟ ਜਾਂਦਾ ਹੈ। ਪਿਤਾ ਅਲੱਗ ਹੋ ਕੇ ਵਿਚਰਦਾ ਹੈ। ਪਰ ਕਿਵੇਂ ਨਾ ਕਿਵੇਂ, ਔਖੀ ਸੌਖੀ ਹੋ ਕੇ ਬਿਨਾਂ ਗਿਲੇ ਸ਼ਿਕਵੇ ਦੇ, ਚਾਅ ਨਾਲ ਨੌ ਮਹੀਨੇ ਪਤੀ ਦੇ ਧਰਮ ਦੀ ਰਾਖੀ ਕਰ ਕੇ ਵਧਿਆ ਫੁੱਲਿਆ ਵੇਖਣ ਦੀ ਤਾਂਘ 'ਚ ਭੱਜੀ ਫਿਰਦੀ ਹੈ। ਕੁੱਖ ਵਿੱਚ ਇਉਂ ਚਾਖੀ ਕਰਦੀ ਹੈ ਜਿਵੇਂ ਸਰਹੱਦਾਂ ਤੇ ਸਿਰਲੱਥ ਯੋਧੇ ਆਪਣਾ ਧਰਮ ਨਿਭਾਉਣ ਤੋਂ ਕਦੇ ਵੀ ਪਿੱਛੇ ਨਹੀਂ ਹਟਦੇ ਤੇ ਦਗਾ ਦੇਣਾ ਉਹਨਾਂ ਦੀ ਭਾਸ਼ਾ ਦਾ ਸ਼ਬਦ ਨਹੀਂ ਹੁੰਦਾ। ਸਾਰੀਆਂ ਸ਼ਰਤਾਂ ਤੇ ਫੁੱਲ ਚੜ੍ਹਾਉਂਦੀ, ਨਾ ਕੰਨੀ ਕਤਰਾਉਂਦੀ। ਨਾ ਮੁਨਕਰ ਹੁੰਦੀ। ਨਾ ਬਾਗੀ ਹੁੰਦੀ। ਸਾਰੀਆਂ ਮਾਵਾਂ ਨੂੰ ਇਹ ਧਰਮ ਆਹਰੇ ਲਾਈ ਫਿਰਦਾ ਅਤੇ ਨਾ ਹੀ ਨਿਰਾਸ, ਉਦਾਸ ਤੇ ਉਪਰਾਮ ਹੋਣ ਦਿੰਦਾ।

ਸਿਰਫ ਐਨਾ ਹੀ ਨਹੀਂ, ਸਗੋਂ ਮਹਾਨ ਮਾਵਾਂ ਨੇ ਧਰਮ ਨੂੰ ਪਹਿਚਾਣ ਕੇ ਦੁਨੀਆਂ ਹੈਰਾਨ ਕਰ

ਦਿੱਤੀ। ਆਪ ਸਮਝਿਆ ਤੇ ਲੋਕਾਂ ਦੇ ਰੂਹਾਨੀ ਪੱਧਰ ਨੂੰ ਉੱਥੋਂ ਤਕ ਅਪੜਾਉਣ ਵਿੱਚ ਯੋਗਦਾਨ ਪਾਇਆ। ਧਰਮ ਦੀ ਪਹਿਚਾਣ ਕਰਨ ਵਾਲੀ ਸਭ ਤੋਂ ਪਹਿਲੀ ਸਿੱਖ ਇਸਤਰੀ ਬੇਬੇ ਨਾਨਕੀ ਸੀ। ਜਿਸ ਦੇ ਅਟੁੱਟ ਵਿਸ਼ਵਾਸ ਨੇ ਅੰਦਰੋਂ ਅਵਾਜ਼ ਦਿੱਤੀ। "ਦੁਨੀਆਂ ਨੂੰ ਡੁੱਬਣ ਤੋਂ ਬਚਾਉਣ ਵਾਲਾ ਮੇਰਾ ਵੀਰ ਕਦੇ ਡੁੱਬ ਨਹੀਂ ਸਕਦਾ।" ਜਦੋਂ ਕਿ ਵੇਈਂ ਨਦੀ ਵਿੱਚ ਡੁੱਬਣ ਦੀਆਂ ਕਿਆਸ ਅਰਾਈਆਂ ਜੋਰਾਂ ਤੇ ਸਨ। ਧਰਮ ਤੇ ਪਹਿਰਾ ਦੇਣ ਵਾਲੀ ਪ੍ਰਸੰਸਾ ਦੀ ਪਾਤਰ ਬੇਬੇ ਨਾਨਕੀ ਨੇ ਪਿਤਾ ਨੂੰ ਕਿਹਾ ਕਿ ਨਾਨਕ ਰੱਬੀ ਰੂਹ ਹੈ। ਇਸ ਨੂੰ ਸਜ਼ਾ ਦੇਣਾ ਵਾਜਬ ਨਹੀਂ। ਹਜ਼ਰਤ ਮੁਹੰਮਦ ਸਾਹਿਬ ਦੀ ਬੀਵੀ ਖਤੀਜਾ ਜੋ ਉਹਨਾਂ ਤੋਂ ਪੰਦਰਾਂ ਸਾਲ ਵੱਡੀ ਸੀ, ਕੁਰਾਨ ਦੀਆਂ ਆਇਤਾਂ ਨੂੰ ਸਮਝ ਸਕੀ ਤੇ ਆਖਿਆ, "ਇਹ ਤੇਰੇ ਬੋਲ ਨਹੀਂ ਸਗੋਂ ਅੱਲਾ ਦੀ ਬਾਣੀ ਹੈ।" ਅਣਪੜ੍ਹ ਹਜ਼ਰਤ ਮੁਹੰਮਦ ਸਾਹਿਬ ਖਤੀਜਾ ਨਾਲ ਸਹਿਮਤ ਹੋ ਗਏ। ਮਹਾਤਮਾ ਬੁੱਧ ਦੇ ਧਰਮ ਨੂੰ ਗ੍ਰਹਿਣ ਕਰਨ ਵਾਲੀ ਪਹਿਲੀ ਭਿਕਸ਼ੂ ਔਰਤ ਯਸ਼ੋਧਾ ਸੀ। ਧਰਮ ਦੀ ਰੱਖਿਆ ਤੇ ਕਲਾ ਨੂੰ ਸਾਂਭਣ ਵਾਲੀ ਵੀ ਔਰਤ ਸੀ। ਹੁਨਰ, ਕਲਾ ਦੀ ਪਾਰਖੂ ਵੀ ਇਸਤਰੀ ਹੀ ਸੀ। ਅੱਜ ਵੀ ਇਹ ਵਰਤਾਰਾ ਦੇਖਿਆ ਜਾ ਸਕਦਾ ਹੈ।

ਕਿਰਤ 'ਚ ਭਰੋਸਾ, ਵੰਡ ਜੇ ਛੱਕਣ ਦਾ ਗੁਰ, ਨਾਮ ਜਪਣ ਦੀ ਵਿਧੀ ਤੋਂ ਮਾਂ ਜਾਣੂ ਸੀ। ਤਦ ਹੀ ਪ੍ਰਲਾਦ ਭਗਤ, ਧਰੂ ਭਗਤ ਬਣੇ। ਨਹੀਂ ਤਾਂ ਉਹਨਾਂ ਦੇ ਨਾਂ ਨੂੰ ਕੀਹਨੇ ਜਾਣਨਾ ਸੀ। ਉਹਨਾਂ ਦੇ ਨਾਵਾਂ ਨੂੰ ਅਮਰ ਕੀਤਾ। ਧਰਮੀ ਹੋਣ ਦੇ ਨਾਤੇ ਹੀ ਇੱਕ ਮਾਂ ਧਰੂ ਨੂੰ ਆਖ ਸਕੀ ਕਿ ਤੇਰੇ ਪਿਤਾ ਨਾਲੋਂ ਵੀ ਵੱਡਾ ਤੇ ਸਮਰੱਥ ਹੈ, ਜਿਸ ਕੋਲ ਦੌਲਤਾਂ ਦੇ ਅਮੁੱਕ ਭੰਡਾਰ ਭਰੇ ਪਏ ਹਨ। ਗੋਪੀ ਚੰਦ ਨੂੰ ਫਕੀਰੀ ਦਾ ਤੁਹਫ਼ਾ ਲੈ ਕੇ ਦੇਣ ਵਾਲੀ ਵੀ ਤੂੰ ਹੀ ਸੀ।

ਬਾਲ ਮਨੋਵਿਗਿਆਨ ਦੀ ਮੁੱਢਲੀ ਜਾਣਕਾਰੀ ਤੇਰੇ ਕੋਲ ਹੈ। ਬੱਚੇ ਨੂੰ ਪਰਖਦੀ, ਨਿਰਖਦੀ, ਨਤੀਜਾ ਕੱਢਦੀ। ਰੁਚੀਆਂ ਖੁਸ਼ੀਆਂ ਪਛਾਣਦੀ। ਸਮੇਂ ਦੀ ਨਬਜ਼ ਫੜਦੀ। ਬਾਬੇ ਫਰੀਦ ਦਾ ਅਸੀਮ ਸ਼ਕਤੀ ਅੱਲਾ, ਵਾਹਿਗੁਰੂ, ਪ੍ਰਮੇਸਰ, ਰਾਮ ਵਿੱਚ ਭਰੋਸਾ ਪੈਦਾ ਕੀਤਾ। ਭਗਤੀ ਨੂੰ ਸਿਖਰ ਤੇ ਪਹੁੰਚਾਇਆ। ਨ ਾਲ ਹੀ ਮਿੱਠੀ ਬੋਲੀ ਪੰਜਾਬੀ ਦਾ ਸਿਰਮੌਰ ਲੇਖਕ ਬਣਿਆ। ਫਰੀਦ ਦੇ ਸਲੋਕਾਂ ਵਿੱਚੋਂ ਮਾਂ ਦੇ ਪਿਆਰ ਵਰਗਾ ਰਸ ਆਉਂਦਾ ਹੈ। ਆਤਮਾ ਪ੍ਰਮਾਤਮਾ ਦੇ ਉੱਚੇ ਮੰਡਲਾਂ ਤੱਕ ਦੋਸਤੀ ਪਵਾਉਣ ਵਾਲੀ ਤੂੰ ਹੀ ਸੀ।

ਜਿਵੇਂ ਬਾਗ਼ ਦੇ ਮਾਲੀ ਨੂੰ ਪੌਦਿਆਂ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ ਕਿ ਕਿਹੜੇ ਪੌਦੇ ਨੂੰ ਪਾਣੀ ਜਾਂ ਖਾਦ ਦੀ ਲੋੜ ਹੁੰਦੀ ਹੈ। ਕਾਂਟ ਛਾਂਟ ਵੀ ਕਰਦਾ ਹੈ। ਇਸ ਤਰ੍ਹਾਂ ਬੱਚਿਆਂ ਦੀ ਦੇਖ ਭਾਲ ਕਰਨੀ ਤੇ ਸਿੱਖਿਆ ਦੇਣੀ ਮਾਂ ਤੋਂ ਵੱਧ ਕੋਈ ਨਹੀਂ ਜਾਣ ਸਕਦਾ। ਬਚਪਨ ਸਿੱਖਿਆ ਦਾ ਮੁਢਲਾ ਖੇਤਰ ਹੁੰਦਾ ਹੈ। ਇਸ ਉਪਰ ਵਿੱਚ ਮਨ ਤੇ ਉਕਰੀਆਂ ਗੱਲਾਂ ਦਾ ਪ੍ਰਭਾਵ ਇਉਂ ਪੈਂਦਾ ਹੈ ਜਿਵੇਂ ਪੂਰਨ ਭਗਤ, ਪ੍ਰਲਾਦ ਭਗਤ ਤੇ ਧਰੂ ਭਗਤ ਤੇ ਪਿਆ। ਬੱਚੇ ਦਾ ਮਾਂ ਵਿੱਚ ਭਰੋਸਾ ਰੱਬ ਵਰਗਾ ਹੁੰਦਾ ਹੈ। ਮ ਾਂ ਰੱਬ ਦਾ ਦੂਜਾ ਰੂਪ ਹੈ। ਇਸ ਲਈ ਸਮਾਜ ਦੀ ਸਿਰਜਨਾ ਦਾ ਕੰਮ ਮਾਂ ਨੂੰ ਸੌਂਪ ਕਿ ਆਪ ਵਿਹਲਾ ਹੋ ਗਿਆ ਹੈ।

ਮਾਂ ਤੇਰੇ ਸੰਗ ਤੋਂ ਬਿਨਾਂ ਨਾ ਬੰਦਾ ਤਰੱਕੀ ਕਰ ਸਕਦਾ ਹੈ ਤੇ ਨਾ ਸਮਾਜ। ਬਲਕਿ ਚੂਲ ਵਿੰਗੀ ਹੋ ਜਾਵੇ ਤਾਂ ਧਰਤੀ ਹਿੱਲ ਜਾਂਦੀ ਹੈ। ਮਾਂ ਬਿਨਾਂ ਦੁਨੀਆਂ ਕੁਝ ਨਹੀਂ। ਪਿਆਰ ਬਿਨਾਂ ਜੀਵਨ ਬੰਜਰ ਧਰਤੀ ਹੈ। ਪਿਆਰ ਦੁਨੀਆਂ ਦਾ ਸੰਚਾਲਕ ਹੈ। ਪਿਆਰ ਕਰਨ ਦੀ ਜਾਚ ਸਿਰਫ ਮਾਂ ਦੇ ਨਿਰਸਵਾਰਥ ਪਿਆਰ ਤੋਂ ਹੀ ਸਿੱਖੀ ਜਾ ਸਕਦੀ ਹੈ। ਕਿਉਂਕਿ ਮਾਂ ਦਾ ਇੱਕ ਵਖਰਾ ਸੰਸਾਰ ਹੁੰਦਾ। ਉਸ ਦਾ ਸੰਤੁਲਨ ਰੱਖਣਾ ਮਹਾਨ ਮਾਵਾਂ ਦੇ ਹਿੱਸੇ ਆਇਆ ਹੈ।

ਪਰ ਮਾਵਾਂ ਰਾਹ ਭੁੱਲ ਗਈਆਂ ਹਨ। ਇਸ ਕਰਕੇ ਤਲਾਕ, ਭ੍ਰਿਸ਼ਟਾਚਾਰ, ਆਚਰਨਹੀਣਤਾ, ਲੜਾਈ ਝਗੜੇ ਉਤਪੰਨ ਹੋ ਗਏ ਹਨ। ਮਾਂ ਦੀ ਗੋਦ ਉਡੀਕਦੀ ਹੈ ਕਿ ਕੋਈ ਮਾਸੂਮ ਉਸ ਦੀ ਛਾਤੀ ਨਾਲ

ਲੱਗ ਕੇ ਇਛਾਵਾਂ ਪੂਰੀਆਂ ਕਰੇ। ਪਰ ਉਹ ਤਾਂ ਬਿਗਾਨੇ ਹੱਥਾਂ ਵਿੱਚ ਪਲਣ ਦੇ ਸ਼ੁਕੀਨ ਹੋ ਗਏ ਹਨ। ਮਾਂ ਨੇ ਆਪਣੀ ਕੁੱਖ ਵੀ ਬਿਗਾਨੀ ਕਰ ਰੱਖੀ ਹੈ। ਮਾਂ ਦੀਆਂ ਸਧਰਾਂ ਤੇ ਪਿਆਰ ਪਰਦੇ ਵਾਲੀਆਂ ਕੋਠੀਆਂ ਦੀਆਂ ਨੀਹਾਂ ਵਿੱਚ ਦਫ਼ਨ ਹੋ ਗਿਆ ਹੈ। ਮਮਤਾ ਟੀ. ਵੀ., ਇੰਟਰਨੈੱਟ ਨੇ ਖੋਹ ਲਈ ਹੈ। ਕਿਸੇ ਖੂੰਜੇ ਬੈਠੀ ਉਦਾਸ ਮਾਂ ਸ਼ਾਇਦ ਬੀਤੇ ਦੀ ਉਡੀਕ ਕਰ ਰਹੀ ਹੋਵੇ।

# ਮਾਂ ਦੇ ਘਰੇਲੂ ਨੁਸਖੇ

ਚੜ੍ਹਦੀ ਜਵਾਨੀ 'ਚ ਲੱਗੀ ਬਿਮਾਰੀ ਨੇ ਮਾਂ ਨੂੰ ਵੈਦ ਬਣਾ ਦਿੱਤਾ। ਆਪਣੀ ਸਿਹਤ ਦਾ ਖਿਆਲ ਤਾਂ ਰੱਖਣਾ ਪੈਣਾ ਸੀ। ਪਰ ਦੂਜਿਆਂ ਦੀ ਚੰਗੀ ਸਿਹਤ ਨੂੰ ਬਰਕਰਾਰ ਰੱਖਣ ਲਈ ਬਹੁਤ ਸੁਚੇਤ ਰਹਿੰਦੀ ਕਿਉਂਕਿ ਉਸ ਨੂੰ ਦੂਜਾ ਜੀਵਨ ਮਿਲਿਆ ਸੀ। ਅੱਜ ਤੋਂ ਸੌ ਸਾਲ ਪਹਿਲਾਂ ਡਾਕਟਰੀ ਸਹੂਲਤਾਂ ਨਾ ਮਾਤਰ ਹੁੰਦੀਆਂ ਸਨ। ਖਾਸ ਤੌਰ ਤੇ ਪਿੰਡਾਂ ਵਿੱਚ ਬਿਮਾਰ ਨੂੰ ਤੁਰੰਤ ਡਾਕਟਰੀ ਸਹਾਇਤਾ ਪਹੁੰਚਾਣੀ ਅਸੰਭਵ ਹੁੰਦੀ ਸੀ। ਵੇਲੇ, ਕੁਵੇਲੇ, ਰਾਤ, ਬਰਾਤੇ ਬਿਮਾਰੀ ਦਾ ਸਾਹਮਣਾ ਕਰ ਰਹੇ ਮਰੀਜ਼ ਨੂੰ ਘਰੇਲੂ ਨੁਸਖੇ ਤੇ ਓਹੜ-ਪੋਹੜ ਹੀ ਰਾਹਤ ਦਿਵਾਉਣ ਦਾ ਨੇੜੇ ਦਾ ਸਹਾਰਾ ਹੋਇਆ ਕਰਦੇ ਸਨ।

ਦੋ ਤਿੰਨ ਸਾਲ ਬਿਮਾਰ ਰਹਿਣ ਕਰ ਕੇ ਮਾਂ ਨੂੰ ਵੈਦਾਂ ਜਾਂ ਦੇਸੀ ਹਕੀਮਾਂ ਦੀ ਰਾਇ ਅਨੁਸਾਰ ਦਵਾਈ ਖਾਣੀ ਪੈਂਦੀ। ਦਿਨ ਵੇਲੇ ਦਵਾਈਆਂ ਰਗੜਨੀਆਂ ਪੈਂਦੀਆਂ। ਇਹਨਾਂ ਹਕੀਮਾਂ ਨੇ ਨਿੱਕੇ, ਮੋਟੇ ਮਰੀਜ਼ਾਂ ਨੂੰ ਜੋ ਦੇਸੀ ਨੁਸਖੇ ਦੱਸਣੇ, ਮਾਂ ਨੇ ਆਪਣੇ ਹਿਰਦੇ ਵਿੱਚ ਵਸਾ ਲੈਣੇ। ਔਰਤਾਂ ਆਮ ਤੌਰ ਤੇ ਬੱਚਿਆਂ ਦੀ ਸਾਂਭ ਸੰਭਾਲ ਬਾਰੇ ਜ਼ਿਆਦਾ ਸੁਚੇਤ ਹੁੰਦੀਆਂ ਹਨ। ਆਂਢ ਗੁਆਂਢ ਦੀਆਂ ਔਰਤਾਂ ਮਾਂ ਨਾਲ ਹਮਦਰਦੀ ਪ੍ਰਗਟ ਕਰਦੀਆਂ। ਉਸ ਦੀ ਬਿਮਾਰੀ ਦਾ ਹਾਲ ਚਾਲ ਪੁੱਛਦੀਆਂ। ਇਹ ਆਪਸੀ ਸਬੰਧ ਲਗਭਗ ਸਾਰੀ ਉਮਰ ਲਈ ਜੁੜ ਗਿਆ। ਹਰੇਕ ਕੰਮ 'ਚ ਮਾਂ ਦੀ ਰਾਇ ਲੈਣ ਲੱਗ ਪਈਆਂ। ਮਾਂ ਦੇ ਉਮਰ 'ਚ ਵੱਡੀ ਹੋਣ ਦਾ ਵੀ ਪ੍ਰਭਾਵ ਚੰਗਾ ਪੈਂਦਾ।

ਰਾਤ ਨੂੰ ਕਿਸੇ ਬੱਚੇ ਦਾ ਕੁਝ ਦੁਖਣ ਲੱਗ ਜਾਂਦਾ ਤਾਂ ਝੱਟ ਮਾਂ ਕੋਲ ਆ ਫਟਕਦੀਆਂ। "ਕੁੜੇ ਭਗਵਾਨ ਕਰੇ! ਆਹ ਮੁੰਡੇ ਦੇ ਕੰਨ ਵਿੱਚ ਟਾਟ ਵਜਦੀਐ। ਰਾਤ ਇਹਨੇ ਸੌਣ ਨੀ ਦਿੱਤਾ।" "ਲੈ! ਇਹ ਵੀ ਕੋਈ ਬਿਮਾਈ ਐ। ਤੂੰ ਮੇਰੇ ਕੋਲ ਉਦੋਂ ਹੀ ਆ ਜਾਣਾ ਸੀ। ਤੁਰੰਤ ਹੀ ਅਰਾਮ ਆ ਜਾਂਦਾ ਤੇ ਮੁੰਡਾ ਸੁਸਰੀ ਵਾਂਗੂੰ ਸੌਂ ਜਾਂਦਾ। ਹੁਣੇ ਹੀ ਖੋਲ੍ਹਿਆ ਤੋਂ ਅੱਕ ਦਾ ਕਿਰਿਆ ਪੱਤਾ ਲਿਆ ਕੇ ਦੇਸੀ ਸਰੋਂ ਦੇ ਤੇਲ ਵਿੱਚ ਚੰਗੀ ਤਰ੍ਹਾਂ ਕਲਕਾਅ ਲੈਣਾ ਤੇ ਕੋਸੇ ਕੋਸੇ ਤੇਲ ਦੀਆਂ ਬੂੰਦਾਂ ਦੋ ਵਾਰੀ ਪਾ ਦੇਣੀਆਂ। ਵੱਸ! ਚੀਸ ਵੱਜਣੀ ਛੂ-ਮੰਤਰ ਹੋ ਜਾਵੇਗੀ।" ਮਾਂ ਪੂਰੀ ਤਸੱਲੀ ਕਰਾ ਕੇ ਤੋਰਦੀ। ਅੱਧੀ ਪੀੜ ਤਾਂ ਮਾਂ ਦੀ ਹੌਂਸਲੇ ਭਰੀ ਗੱਲ ਸੁਣ ਕੇ ਦੂਰ ਹੋ ਜਾਂਦੀ। ਆਪ ਬਿਮਾਰ ਰਹਿਣ ਕਰ ਕੇ ਮਰੀਜ਼ਾਂ ਪ੍ਰਤੀ ਹਮਦਰਦੀ ਵਾਲਾ ਵਤੀਰਾ ਹੋਣ ਲੱਗ ਪਿਆ। ਉਸ ਦਾ ਦਿਲ ਪਤਲਾ ਹੋ ਚੁੱਕਿਆ ਸੀ। ਕਿਸੇ ਬੱਚੇ ਨੂੰ ਰੋਂਦਾ ਸੁਣ ਕੇ ਰੋਟੀ ਖਾਣੀ ਛੱਡ ਦਿੰਦੀ। ਅੱਖਾਂ ਭਰ ਆਉਂਦੀਆਂ। ਜਿੰਨਾਂ ਚਿਰ ਬੱਚੇ ਦਾ ਕੁਝ ਦੁਖਦਾ ਹੁੰਦਾ, ਉਨ੍ਹਾਂ ਚਿਰ ਸਿਰ੍ਹਾਣੇ ਬੈਠੀ ਰਹਿੰਦੀ।

ਗਰਮੀਆਂ ਵਿੱਚ ਬੱਚਿਆਂ ਦੀਆਂ ਅੱਖਾਂ ਦੁਖਣ ਲੱਗ ਜਾਂਦੀਆਂ। ਰੜਕ ਪੈਣ ਲੱਗ ਜਾਂਦੀ। ਲਾਲੀ ਆ ਜਾਂਦੀ। ਟੋਪੀਆਂ ਸੁੱਜ ਜਾਂਦੀਆਂ। ਗਿੱਡ ਬਹੁਤ ਆਉਂਦੀ। ਖੁਲਦੀਆਂ ਨਾ। ਕਿਉਂਕਿ ਉਸ ਵੇਲੇ ਖੁਰਾਕ ਵਾਈ ਵਾਲੀ ਬੱਚੇ ਖਾਂਦੇ। ਫੱਗਣ, ਚੇਤ ਮਹੀਨੇ ਲਗਾਤਾਰ ਛੋਲੂਏ ਦੀ ਸਬਜੀ ਬਣਦੀ। ਬੇਰਾਂ ਦੀਆਂ ਝੋਲੀਆਂ ਭਰ ਲਿਆਉਂਦੇ। ਸਾਰਾ ਸਾਰਾ ਦਿਨ ਖਾਈ ਜਾਂਦੇ। ਹੋਲਾਂ ਡਡਰੇ ਚਬਦੇ। ਅੱਖਾਂ ਦੀ ਬਿਮਾਰੀ ਇੱਕ

ਤੋਂ ਦੂਜੇ ਨੂੰ ਲੱਗ ਜਾਂਦੀ। ਜਦੋਂ ਬੱਚਾ ਰਾਤ ਨੂੰ ਨਾ ਸੌਂਦਾ ਤਾਂ ਅੱਧੀ ਅੱਧੀ ਰਾਤੀਂ 'ਖਿੜਕ' ਖੜਕਾਅ ਦਿੰਦੀਆਂ। "ਲੈ ਇਹਦਾ ਕੀ ਐ। ਜੇ ਤੂੰ ਪਹਿਲਾਂ ਆ ਜਾਂਦੀ ਤਾਂ ਰੜਕ ਪੈਂਦੀ ਹੀ ਨਹੀਂ ਸੀ। ਫਟਾਫਟ ਜਾ ਕੇ ਬਕਰੀ ਦੇ ਕੱਚੇ ਦੁੱਧ ਵਿੱਚ ਫਹੇ ਭਿਉਂ ਕੇ ਅੱਖਾਂ ਉਪਰ ਰੱਖ ਪੋਲੀ ਜਿਹੀ ਸਾਫ ਪੱਟੀ ਬੰਨ ਦੇਣੀ। ਨਹੀਂ ਤਾਂ ਰਸੌਂਤ ਰਗੜ ਕੇ ਟੋਪੀਆਂ ਉਪਰ ਲੇਪ ਕਰ ਦੇਣਾ। ਰੜਕ ਵੀ ਬੰਦ ਹੋ ਜਾਵੇਗੀ। ਸੋਜ ਉਤਰ ਜਾਵੇਗੀ। ਲਾਲੀ ਚੱਕੀ ਜਾਵੇਗੀ। ਇਹ ਗਰਮੀ 'ਚ ਫਿਰਦਾ ਰਿਹਾ ਹੋਣੈ। ਫਹੇ ਠੰਢ ਪਾਉਣਗੇ। ਸੌਂ ਵੀ ਜਾਵੇਗਾ। ਜੇ ਫਿਰ ਵੀ ਆਰਾਮ ਨਾ ਆਵੇ ਤਾਂ ਚਾਹ ਉਬਾਲ ਕੇ, ਉਬਲੀ ਪੱਤੀ ਦੀ ਪੋਟਲੀ ਬਣਾ ਕੇ ਅੱਖਾਂ ਬੰਦ ਕਰਕੇ ਟਕੋਰ ਕਰਨੀ। ਵਾਰ ਵਾਰ ਪੋਟਲੀ ਉਬਲੇ ਪਾਣੀ 'ਚ ਡਬੋਨੀ ਹੈ।" ਮਾਂ ਘਰੇਲੂ ਨੁਸਖਾ ਸਮਝਾਅ ਕੇ ਹਮਦਰਦੀ ਪ੍ਰਗਟ ਕਰਦੀ। ਕਿਸੇ ਨੂੰ ਇਹ ਵੀ ਦੱਸ ਦਿੰਦੀ ਕਿ ਠੇਕੇ ਦੀ ਚੰਗੀ ਅਫ਼ੀਮ ਨੂੰ ਚੱਪਣ ਤੇ ਖੋਰ ਕੇ ਉਪਰ ਲੇਪ ਕਰ ਦੇਣਾ।

ਦੁਪਹਿਰ ਸਮੇਂ ਹਮ ਉਮਰਾਂ ਗਲੀ ਤੇ ਪਾਏ ਦਰਵਾਜੇ ਵਿਚ ਜਦੋਂ ਇਕੱਠੀਆਂ ਜਾਂ ਸ਼ਾਮ ਦੇ ਵਕਤ ਕੋਈ ਅੱਗ ਦੀ ਕੜਛੀ ਲੈ ਆਉਂਦੀ ਤਾਂ ਉਸ ਦੀ ਸੁਸਤ ਚਾਲ ਵੇਖ ਕੇ ਤੇ ਉਦਾਸ ਚਿਹਰੇ ਦੀ ਪਛਾਣ ਕਰ ਕੇ ਆਖਦੀ, "ਕੁੜੇ! ਕੀ ਗੱਲ ਐ। ਅੱਜ ਕੁਝ ਢਿੱਲੀ ਐ। ਤੋਰ 'ਚ ਬਰਕਤ ਈ ਹੈ ਨੀ।" "ਕੀ ਦੱਸਾਂ ਭਗਵਾਨ ਕੁਰੇ। ਕੱਲ ਦੁਪਹਿਰੇ ਖੇਤ ਚਲੀ ਗਈ। ਸ਼ਾਇਦ ਗਰਮੀ ਲੱਗ ਗਈ। ਦੋਸਤਾਂ ਨੇ ਸੂਤ ਛੱਡਿਐ।" ਗੁਆਂਢਣ ਰੋਣਾ ਰੋਂਦੀ। "ਤੇਰੇ ਘਰ ਜੰਡੀ ਐ। ਖੋਖੇ ਬਹੁਤ ਲੱਗੇ ਐ। ਕੱਚੀਆਂ ਕੱਚੀਆਂ ਫਲੀਆਂ ਤੋੜ ਕੇ ਰੈਤਾ ਬਣਾ ਕੇ ਰੱਜ ਕੇ ਖਾਹ। ਤੇਰੀ ਸਾਰੀ ਗਰਮੀ ਚੱਕੀ ਜਾਊ। ਜਿਹੜੇ ਦਸਤ ਲੱਗੇ ਐ, ਉਹ ਵੀ ਬੰਦ ਹੋ ਜਾਣਗੇ।" ਵੈਦਾਂ ਵਾਂਗੂੰ ਉਸ ਦਾ ਦਿਲ ਕਰੜਾ ਕਰ ਕੇ ਤੋਰ ਦਿੰਦੀ।

ਗਰਮੀ ਸਰਦੀ ਵਿੱਚ ਕਿਸੇ ਨੂੰ ਜ਼ੁਕਾਮ ਲੱਗ ਜਾਂਦਾ ਤੇ ਪਾਣੀ ਵਗਦਾ ਵੇਖ ਲੈਂਦੀ ਤਾਂ ਝੱਟ ਬਿਆਨ ਦਾਗ ਦਿੰਦੀ। "ਤੁਲਸੀ ਦੀ ਹੱਟੀ ਤੋਂ ਛਟਾਂਕ ਖਸਖਸ ਲਿਆ ਕੇ ਕੂੰਡੇ 'ਚ ਚੰਗੀ ਤਰ੍ਹਾਂ ਰਗੜ ਲੈ। ਚਾਹ ਵਿੱਚ ਦੁੱਧ ਦੀ ਥਾਂ ਰਗੜੀ ਹੋਈ ਖਸਖਸ ਪਾ ਕੇ ਖਾਹ। ਜਾਂ ਬਨੱਖਸ਼ਾ ਵੀ ਚੰਗੀਆਂ ਨੇ। ਜੇ ਗਲਾ ਖਰਾਬ ਐ ਤਾਂ ਮੁਲੱਠੀ ਮੂੰਹ 'ਚ ਰੱਖ ਕੇ ਚੱਬੀ ਜਾਹ। ਗਲਾ ਠੀਕ ਹੋ ਜਾਵੇਗਾ ਤੇ ਅਸਰ ਪ੍ਰਤੱਖ ਦਿਸੇਗਾ। ਤੱਤੀ ਰੋਟੀ ਖਾ ਕੇ ਠੰਡਾ ਪਾਣੀ ਨਹੀਂ ਪੀਣਾ। ਸਰਦੀ ਵਿੱਚ ਦੁੱਧ ਵਿੱਚ ਛੁਹਾਰੇ ਉਬਾਲ ਕੇ ਖਾਣ ਲਈ ਆਖਦੀ ਤਾਂ ਜੋ ਸਰਦੀ ਤੋਂ ਬਚਿਆ ਜਾ ਸਕੇ।" ਮਾਂ ਦੀ ਵੈਦਗੀ ਮੁਫਤੋਂ ਮੁਫਤੀ ਇਲਾਜ ਕਰਦੀ।

ਜੇ ਜੁਕਾਮ ਜ਼ਿਆਦਾ ਬੀਰਿਆ ਹੁੰਦਾ। ਜ਼ਿਆਦਾ ਵਿਗੜਿਆ ਹੁੰਦਾ ਤਾਂ ਖਸਖਸ ਦਾ ਤੜਕਾ ਲੱਗੀ ਕੋਸੀ ਕੋਸੀ ਚਾਹ ਪੀਣ ਨੂੰ ਆਖਦੀ ਅਤੇ ਖੇਸ ਲੈ ਕੇ ਅਰਾਮ ਕਰਨ ਦੀ ਤਾਕੀਦ ਕਰਦੀ ਤਾਂ ਜੋ ਮੁੜ੍ਹਕਾ ਆ ਕੇ ਸਰੀਰ ਖੁੱਲ੍ਹ ਜਾਵੇ ਤੇ ਗਰਮ ਸਰਦ ਹੋਏ ਦਾ ਅਕੜੇਵਾਂ ਵੀ ਦੂਰ ਹੋ ਜਾਏ। ਜ਼ੁਕਾਮ ਵਿੱਚ ਇਸ ਤਰ੍ਹਾਂ ਦਾ ਇਲਾਜ ਬਹੁਤ ਮੁਫੀਦ ਰਹਿੰਦਾ।

ਕਬਜ਼ ਹੋ ਜਾਂਦੀ ਤੇ ਮੂੰਹ ਪੱਕ ਜਾਂਦੇ। ਛਾਲੇ ਹੋ ਜਾਂਦੇ। ਰੋਟੀ ਨਾ ਖਾਧੀ ਜਾਂਦੀ ਤਾਂ ਤਵਾਸੀਰ ਜੀਭ ਤੇ ਲਾਉਣੀ ਦਸਦੀ ਹੋਈ ਕਹਿੰਦੀ, "ਲਾਉਣ ਸਾਰ ਠੰਢ ਪੈ ਜਾਵੇਗੀ"। ਤ੍ਰਿਫਲੇ ਦਾ ਪ੍ਰਯੋਗ ਕਬਜ਼ ਖੋਲ੍ਹ ਦਿੰਦਾ। ਔਲੇ, ਬਹੇੜੇ ਤੇ ਹਰੜਾਂ ਨੂੰ ਇੱਕੋ ਜਿਹੀ ਮਾਤਰਾ 'ਚ ਲੈ ਕੇ ਚੰਗਾ ਰਗੜ ਕੇ, ਇਕ ਚਮਚਾ ਕੋਰੇ ਕੁੱਜੇ ਵਿੱਚ ਸ਼ਾਮ ਨੂੰ ਭਿਉਂ ਦਿਓ ਤੇ ਸਵੇਰੇ ਉੱਠ ਕੇ ਪੀਓ ਤਾਂ ਕਬਜ਼ ਵੀ ਦੂਰ ਤੇ ਮਿਹਦੇ ਦੀ ਗਰਮੀ ਵੀ ਟਿਕ ਨਹੀਂ ਸਕਦੀ।

ਸਿਕਰੀ ਤੇ ਵਾਲਾਂ ਨੂੰ ਝੜਨ ਤੋਂ ਬਚਾਉਣ ਲਈ ਖੱਟੀ ਲੱਸੀ ਨਾਲ ਨਹਾਉਣ ਦੀ ਸਲਾਹ ਦਿੰਦੀ। ਰੀਠੇ ਕੁਟ ਕੇ, ਗਰਮ ਪਾਣੀ 'ਚ ਪਾ ਕੇਸੀ ਇਸ਼ਨਾਨ ਕਰਨ ਨਾਲ ਸਿਕਰੀ ਤੋਂ ਰਾਹਤ ਮਿਲ ਜਾਂਦੀ ਹੈ ਅਤੇ ਮੈਲ ਵਾਲੇ ਕੇਸ ਤੁੰਦ ਵਾਂਗੂੰ ਨਿਖਰ ਵੀ ਜਾਂਦੇ ਹਨ। ਸਿੱਕਾਕਾਈ ਦੀਆਂ ਫਲੀਆਂ ਰਗੜ ਕੇ ਸਿਰ ਖੋਣ ਨਾਲ

ਸਭ ਠੀਕ ਹੋ ਜਾਂਦਾ ਹੈ। ਉਹਨਾਂ ਵੇਲਿਆਂ 'ਚ ਸਾਬਣਾਂ, ਛੇਪੂੰਆਂ ਦਾ ਬੋਲਬਾਲਾ ਨਹੀਂ ਸੀ ਤੇ ਕੰਮ ਕਾਜ਼ੀ ਔਰਤ ਤੰਦੂਰ ਦੀ ਖਾਰ ਦੇ ਪਾਣੀ ਨਾਲ ਵਾਲਾਂ ਦੀ ਸਫ਼ਾਈ ਕਰ ਲੈਂਦੀਆਂ ਸਨ।

ਤਵੀ, ਤੰਦੂਰ ਜਾਂ ਚੁੱਲ੍ਹੇ ਤੇ ਰੋਟੀਆਂ ਪਕਾਉਂਦੀਆਂ ਔਰਤਾਂ ਦੇ ਸਰੀਰ ਦੇ ਕਿਸੇ ਅੰਗ ਨੂੰ ਸੇਕ ਲੱਗ ਜਾਂਦਾ ਜਾਂ ਜ਼ਿਆਦਾ ਮੱਚ ਜਾਂਦਾ ਤਾਂ ਮਾਂ ਤੁਰੰਤ ਹੀ ਗੁੱਝਿਆ ਹੋਇਆ ਆਟਾ ਚਪੇਅ ਦਿੰਦੀ। ਠੰਡ ਪੈ ਜਾਂਦੀ। ਮੱਚਣ ਦਾ ਦਰਦ ਘੱਟ ਜਾਂਦਾ। ਕੰਮ ਕਰਦਿਆਂ ਬੰਦਿਆਂ ਦੇ ਜਖਮ ਹੋ ਜਾਂਦਾ, ਆਡ ਘੜਦਿਆਂ ਦੇ ਕਹੀ ਪੈਰ ਤੇ ਵੱਜ ਜਾਂਦੀ, ਗੋਡੀ ਕਰਦਿਆਂ ਦੇ ਖੁਰਪਾ ਜਾਂ ਕਸੀਆ ਵੱਜ ਜਾਂਦਾ, ਵਾਢੀ ਕਰਦਿਆਂ ਦੇ ਦਾਤੀ ਜਖਮ ਕਰ ਜਾਂਦੀ। ਖੇਤ ਨੰਗੇ ਪੈਰੀਂ ਫਿਰਦਿਆਂ ਦੇ ਕਰਚਾ ਵੱਜ ਜਾਂਦਾ ਤੇ ਛੇਤੀ ਅੰਗੂਰ ਨਾ ਆਉਂਦਾ ਤਾਂ ਮਾਂ ਚਿੰਤਤ ਹੋ ਜਾਂਦੀ। ਹਲਦੀ ਦਾ ਚਮਚਾ ਖਾਲਸ ਸਰੋਂ ਦੇ ਤੇਲ ਵਿੱਚ ਕਲਕਾਅ ਕੇ ਤੇ ਰੂੰ ਦਾ ਫੰਬਾ ਭਿਉਂਕੇ ਜਖਮ ਉਪਰ ਲਾ ਕੇ ਪੱਟੀ ਬੰਨ੍ਹ ਦਿੰਦੀ ਤਾਂ ਜੋ ਰੇਤਾ ਮਿੱਟੀ ਪੈਣ ਤੋਂ ਬਚਾਅ ਹੋ ਜਾਵੇ। ਥੋੜ੍ਹੇ ਦਿਨ ਵਿਚ ਹੀ ਜਖਮ ਰਾਜੀ ਹੋ ਜਾਂਦਾ।

ਜੁਆਕਾਂ ਦੇ ਫੋੜੇ ਫਿਨਸੀ ਆਮ ਹੀ ਹੋ ਜਾਇਆ ਕਰਦੇ ਕਿਉਂ ਕਿ ਪੀਲਾਂ, ਬੇਰ, ਗੁੜ ਜ਼ਿਆਦਾ ਖਾਇਆ ਕਰਦੇ। ਅੰਦਰ ਦੀ ਗਰਮੀ ਨਾਲ ਇਹ ਛੇਤੀ ਹਟਦੇ ਵੀ ਨਹੀਂ ਸਨ ਤਾਂ ਮਾਂ ਗਲੋਅ ਦਾ ਅਰਕ ਮੁਫ਼ੀਦ ਸਮਝਦੀ ਗਲੋਅ ਲੱਗਭੱਗ ਘਰ ਘਰ ਹੀ ਲੱਗੀ ਹੁੰਦੀ। ਵੈਦ ਹਕੀਮ ਵੀ ਗਲੋਅ ਦਾ ਅਰਕ ਪਿਆ ਕੇ ਤਾਪ ਉਤਾਰ ਦੇਇਆ ਕਰਦੇ ਸਨ।

ਖੈਰ! ਹੁਣ ਤਾਂ ਕਿਸੇ ਦੇ ਪਾਂ ਨਹੀਂ ਪੈਂਦੀ। ਉਹਨਾਂ ਵੇਲਿਆਂ ਸਫਾਈ ਦੀ ਘਾਟ ਕਰ ਕੇ, ਖੁਰਕ ਪੈ ਜਾਂਦੀ। ਖੁਰਕ ਖੁਰਕ ਮਰੀਜ਼ ਚਮੜੀ ਤੇ ਜਖਮ ਕਰ ਲੈਂਦਾ। ਕਿੰਨਾਂ ਕਿੰਨਾਂ ਚਿਰ ਖੁਰਕ ਪਿੱਛਾ ਨਾ ਛੱਡਦੀ ਤਾਂ ਮਾਂ ਮੱਖਣੀ ਨੂੰ ਕੋਤਰ ਸੌ ਵਾਰੀ ਧੋਂਦੀ। ਉਸ ਨੂੰ ਪਿੰਡੇ ਤੇ ਚੰਗੀ ਤਰ੍ਹਾਂ ਮਲ ਕੇ ਜੁਆਕਾਂ ਨੂੰ ਧੁੱਪੇ ਬੈਠਣ ਦੀ ਸਲਾਹ ਦੇ ਕੇ ਬਿਮਾਰੀ ਤੋਂ ਰਾਹਤ ਦਿਵਾਉਣ ਦੀ ਗਰੰਟੀ ਕਰਦੀ। ਆਮ ਤੌਰ ਤੇ ਇਹ ਸਰਦੀਆਂ ਵਿੱਚ ਜ਼ਿਆਦਾ ਹੋਇਆ ਕਰਦੀ। ਇਹ ਛੂਤ ਦੀ ਬਿਮਾਰੀ ਕਰਕੇ ਅੱਗੇ ਫੈਲ ਜਾਂਦੀ। ਸੌਣ ਵਾਲੇ ਅਤੇ ਪਾਉਣ ਵਾਲੇ ਕਪੜੇ ਧੁੱਪੇ ਸੁਟਦੀ। ਖਟਮਲ ਤੇ ਜੂੰਆਂ ਵੀ ਪੈ ਜਾਂਦੀਆਂ ਸਨ। ਅੱਜ ਕੱਲ੍ਹ ਚਮੜੀ ਦੀਆਂ ਬਿਮਾਰੀਆਂ ਫਿਰ ਵਧ ਗਈਆਂ ਹਨ। ਪ੍ਰਦੂਸ਼ਿਤ ਵਾਤਾਵਰਨ ਆਪਣਾ ਅਸਰ ਦਿਖਾ ਰਿਹਾ ਹੈ।

ਮਾਸੂਮ ਬੱਚਾ ਜੇ ਖੰਘਦਾ ਹੁੰਦਾ ਤਾਂ ਹੋਵੇ ਤੇ ਫਟਕੜੀ ਖਿਲ ਕਰ ਕੇ ਵਿੱਚ ਥੋੜ੍ਹਾ ਜਿਹਾ ਸੁਹਾਗਾ ਮਿਲਾਅ ਕੇ, ਉਂਗਲ ਲਿਬੇੜ ਕੇ ਤਾਲੂਏ ਨਾਲ ਲਾ ਦਿੰਦੀ। ਜਾਂ ਸ਼ਹਿਦ ਦੀਆਂ ਬੂੰਦਾਂ ਚਮਚੇ 'ਚ ਗਰਮ ਕਰਕੇ ਉਂਗਲ ਲਿਬੇੜ ਕੇ ਸੰਘ ਨਾਲ ਲਾ ਦਿੰਦੀ। ਮਿੱਠਾ ਹੋਣ ਕਰ ਕੇ ਬੱਚਾ ਜੀਭ ਮਾਰਦਾ ਤੇ ਸੁੱਕੀ ਖੰਘ ਹਟ ਜਾਂਦੀ। ਰਾਤ ਬਰਾਤੇ ਜੇ ਵੱਡਾ ਜੁਆਕ ਜ਼ਿਆਦਾ ਖੰਘਦਾ ਹੁੰਦਾ ਤਾਂ ਦੇਸੀ ਲੂਣ ਦੀ ਛੋਟੀ ਜਿਹੀ ਡਲੀ ਮੂੰਹ 'ਚ ਰੱਖਣ ਲਈ ਆਖਦੀ ਤੇ ਖਾਂਸੀ ਰੁਕ ਜਾਂਦੀ। ਜੁਆਕ ਅਰਾਮ ਨਾਲ ਸੌਂ ਜਾਂਦਾ। ਦੇਸੀ ਖੰਡ ਦੇਸੀ ਘਿਓ ਵਿੱਚ ਕਲਕਾਅ ਕੇ ਖਾਣ ਨਾਲ ਦੂਜੀ ਖੰਘ ਵੀ ਨਹੀਂ ਰਹਿੰਦੀ। ਠੰਢ ਲੱਗੀ ਤੋਂ ਜਾਫ਼ਲ ਦਿੰਦੀ। ਥੋੜ੍ਹੇ ਖਰਖਰੇ ਉਹ ਕਿਸੇ ਨੂੰ ਵੈਦ, ਹਕੀਮ ਡਾਕਟਰ ਕੋਲ ਜਾਣ ਨਹੀਂ ਦਿੰਦੀ ਸੀ।

ਪੁਰਾਣੇ ਸਮੇਂ ਵਿਚ ਨਿਆਣੇ ਪੰਜ ਪੰਜ ਸਾਲਾਂ ਦੀ ਉਮਰ ਤੱਕ ਮਾਂ ਦਾ ਦੁੱਧ ਲੈਂਦੇ ਰਹਿੰਦੇ ਸਨ। ਭਾਵੇਂ ਦੁੱਧ ਨਾ ਵੀ ਆਉਂਦਾ ਪਰ ਥਣ ਨੂੰ ਮੂੰਹ 'ਚ ਲੈ ਕੇ ਚਪ ਚਪ ਕਰੀ ਜਾਂਦੇ। ਇਸ ਨਾਲ ਮਾਵਾਂ ਅੱਕ ਜਾਂਦੀਆਂ। ਚਿੱਤ ਨੂੰ ਘੇਰ ਪੈਣ ਲੱਗ ਜਾਂਦੀ। ਮਾਂ ਕੋਲ ਆਉਂਦੀਆਂ। "ਕੁੜੇ ਭੈਣੇ, ਕੀ ਕਰਾਂ ਆਹ ਨਿਡੜਾ ਦੁੱਧ ਲੈਣੋਂ ਈ ਨਹੀਂ ਹਟਦਾ"। "ਤਾਂ ਫਿਰ ਤੂੰ ਇਉਂ ਕਰ ਕਿ ਛਾਤੀ ਤੇ ਕੌੜ ਤੁੰਮਾਂ ਲਾਉਣਾ ਸ਼ੁਰੂ ਕਰਦੇ। ਜਦੋਂ ਉਸ ਨੂੰ ਕੌੜਾ ਲੱਗਿਆ ਤਾਂ ਉਹ ਬਿਲਕੁਲ ਦੁੱਧ ਵੱਲ ਨਹੀਂ ਝਾਕੇਗਾ। ਮਿਰਚਾ ਲਾਉਣ ਦੀ ਸਲਾਹ ਦਿੰਦੀ। ਇੱਕ ਵੇਰ ਬੱਚੇ ਦਾ ਮੂੰਹ ਕੌੜਾ ਹੋ ਜਾਵੇ ਫਿਰ ਉਧਰ ਉਹ ਮੂੰਹ ਵੀ ਨਹੀਂ ਕਰਦਾ।" ਜੇ ਬੱਚੇ ਦਾ

ਪੇਟ ਦੁੱਖਦਾ ਹੁੰਦਾ ਤਾਂ ਭੇਡ ਦਾ ਦੁੱਧ ਹਫ਼ਤਾ ਭਰ ਪਿਆਉਣ ਲਈ ਜ਼ੋਰ ਪਾਉਂਦੀ ਤਾਂ ਲਾਗ ਦੂਰ ਹੋ ਜਾਵੇ।

ਕੁੜੀ ਕੱਤਰੀ ਜਾਂ ਨੂੰਹ ਦੇ ਪਾਣੀ ਭਰਦੀ, ਗੋਹਾ ਕੂੜਾ ਕਰਦੀ ਖੇਤ ਭੱਤਾ ਲੈ ਕੇ ਜਾਂਦੀ ਦਾ ਪੈਰ ਉੱਚੇ ਨੀਵੇਂ ਥਾਂ ਜ਼ੋਰ ਦੀ ਵਜਦਾ ਤਾਂ ਧਰਨ ਪੈ ਜਾਂਦੀ ਤਾਂ ਪੋਲਾ ਪੋਲਾ, ਢਿਡ ਪਿੰਜਣੀਆਂ, ਬਾਹਾਂ ਸਰੋਂ ਦੇ ਤੇਲ ਨਾਲ ਮਲ ਕੇ ਦਰਦ ਦੂਰ ਕਰ ਦਿੰਦੀ। ਜ਼ਿਆਦਾ ਭਾਰ ਚੁੱਕਣ ਜਾਂ ਖਾਲਾ ਟਪਦੇ ਦੇ ਚੁੱਕ ਪੈ ਜਾਂਦੀ ਤੇ ਨਿਉਂ ਕੇ ਕੰਮ ਕਰਨਾ ਔਖਾ ਹੋ ਜਾਂਦਾ ਤਾਂ ਧਰਤੀ ਤੇ ਮੂਧਾ ਪਾ ਕੇ, ਚੂਕਣੇ ਦੇ ਵਿਚਕਾਰ ਰੀੜ ਦੀ ਹੱਡੀ ਤੇ ਅੱਡੀ ਰੱਖ ਕੇ ਖੱਬਾ ਪੈਰ ਤੇ ਸੱਜੀ ਬਾਂਹ ਫੜ ਕੇ ਤਿੰਨ ਵਾਰ ਉਪਰ ਨੂੰ ਹੁਜਕਾ ਮਾਰਦੀ। ਫਿਰ ਦੂਜੀ ਬਾਂਹ ਤੇ ਪੈਰ ਫੜ ਇਸ ਕਿਰਿਆ ਨੂੰ ਦੁਹਰਾਉਂਦੀ। ਤਿੰਨ ਕੁ ਡੰਗ ਇਉਂ ਕਰਨ ਨਾਲ ਚੁੱਕ ਠੀਕ ਹੋ ਜਾਂਦੀ। ਦੋ ਚਾਰ ਦਿਨ ਨਿਉਂ ਕੇ ਕੰਮ ਕਰਨ ਤੋਂ ਵਰਜਿਤ ਕਰ ਦਿੰਦੀ।

ਭਾਵੇਂ ਇਹਨਾਂ ਘਰੇਲੂ ਨੁਸਖਿਆਂ ਦੀ ਸਾਰਥਕਤਾ ਬਹੁਤ ਘੱਟ ਹੈ। ਪਰ ਪੁਰਾਣੇ ਸਮੇਂ 'ਚ ਇਹਨਾਂ ਦੀ ਬਹੁਤ ਲੋੜ ਸੀ। ਉਹ ਲੋਕ ਕਿੰਨੇ ਸਿਆਣੇ ਤੇ ਹਿੰਮਤੀ ਸਨ ਜਿਹੜੇ ਨਿੱਕੀ ਮੋਟੀ ਬਿਮਾਰੀ ਦਾ ਇਲਾਜ ਆਪ ਹੀ ਕਰ ਲਿਆ ਕਰਦੇ ਸਨ ਉਹਨਾਂ ਮਰਦਾਂ, ਔਰਤਾਂ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਿਆ ਹੋਇਆ ਸੀ।

# ਬੁੜੀ ਬੰਦਾ ਤੇ ਬੰਦਾ ਬੁੜੀ ਬਣ ਜਾਵੇ

ਫ਼ੁਰਸਤ ਦੇ ਪਲ ਮਿਲਦੇ ਤਾਂ ਪਿਤਾ ਜੀ ਨਾਲ ਹੌਲੀ ਹੌਲੀ ਦੁਨੀਆਂਦਾਰੀ ਦੀਆਂ ਬਾਤਾਂ ਛੇੜ ਲੈਂਦੀ। ਕਦੇ ਕਦੇ ਮਾਂ ਦੇ ਮੂੰਹੋਂ ਸੁਣਨ ਨੂੰ ਮਿਲਦਾ ਕਿ ਧੰਨੋ ਤਾਂ ਬੰਦਾ ਬਣ ਗਈ। ਹੁਣ ਕੋਈ ਡਰ ਨਹੀਂ। "ਪਿਤਾ ਜੀ ਦਾ ਉੱਤਰ ਹੁੰਦਾ", ਚੰਗਾ ਹੋਇਆ। ਐਨੇਂ ਜੁਆਕਾਂ ਤੋਂ ਕੀ ਕਰਾਉਣੈ। ਦਸ ਦਸ ਨਿਆਣਿਆਂ ਦੇ ਝੱਗੇ ਬਣਾਉਣੇ ਔਖੇ ਹੋ ਜਾਂਦੇ ਨੇ। ਬਹੁਤੀ ਔਲਾਦ ਪਾਲਣੀ ਤੇ ਸੰਭਾਲਣੀ ਕਿਹੜਾ ਸੌਖੀ ਐ। ਮਾਂ ਪਿਉ ਲਈ ਸਮੱਸਿਆ ਬਣ ਜਾਂਦੀਹੈ। ਬਣਪਨ ਹੋਣ ਕਰਕੇ ਕੋਈ ਸਮਝ ਨਾ ਪੈਂਦੀ। ਹੈਰਾਨੀ ਹੁੰਦੀ ਕਿ ਬੁੜੀ ਬੰਦਾ ਕਿਵੇਂ ਬਣ ਗਈ? ਕੀ ਉਸ ਦੇ ਦਾੜੀ ਆ ਗਈ? ਉਮਰ ਦੇ ਤੀਜੇ ਪਹਿਰ ਵਿੱਚ ਜਾ ਕੇ ਮਾਂ ਦੀ ਪਾਈ ਬੁਝਾਰਤ ਦੀ ਸਮਝ ਆਉਣ ਲੱਗੀ। ਜ਼ਿਆਦਾ ਔਲਾਦ ਵਾਲੀ 'ਤੇ ਵਿਅੰਗ ਕਿਉਂ ਕਸਿਆ ਜਾਂਦਾ। ਉਸ ਸਮੇਂ ਬੇਲੋੜੇ ਬੱਚੇ ਪੈਦਾ ਕਰਨ ਤੋਂ ਬਚਣ ਲਈ ਭਾਵ ਸੰਤਾਨ ਸੰਜਮ ਦੇ ਕੁਦਰਤੀ ਸਾਧਨ ਤੋਂ ਬਿਨਾਂ ਹੋਰ ਕੋਈ ਢੰਗ ਉਪਲਬਧ ਨਹੀਂ ਹੁੰਦਾ ਸੀ। ਵੈਦ ਹਕੀਮ ਇਸ ਮਰਜ ਦਾ ਇਲਾਜ ਕਰਿਆ ਕਰਦੇ। ਉਹ ਵੀ ਸੌਖਾ ਕੰਮ ਨਹੀਂ ਸੀ। ਦਵਾਈ ਰੀਐਕਸ਼ਨ ਕਰ ਜਾਂਦੀ ਤਾਂ ਸਾਰਾ ਸਰੀਰ ਸੁੱਜ ਜਾਂਦਾ। ਉਸ ਸਮੇਂ ਔਰਤਾਂ ਨੂੰ ਸੰਤਾਨ ਸੰਜਮ ਦੀ ਜਾਣਕਾਰੀ ਬਹੁਤ ਘੱਟ ਸੀ। ਸ਼ਰਮ ਵੀ ਮੰਨਦੀਆਂ। ਸੰਤਾਨ ਸੰਜਮ ਦੇ ਬਾਰੇ ਸੋਚਣ ਵਾਲੇ ਲੋਕ ਆਟੇ ਵਿੱਚ ਲੂਣ ਸਮਾਨ ਹੋਇਆ ਕਰਦੇ।

ਜਦੋਂ ਔਰਤ ਬੱਚੇ ਪੈਦਾ ਕਰਨ ਦੀ ਲਕੀਰ ਤੋਂ ਬਾਹਰ ਹੋ ਜਾਂਦੀ। ਚਾਲੀ ਪੰਜਾਹ ਸਾਲ ਦੀ ਉਮਰ ਹੋਣ ਤੇ ਮਹੀਨਾ ਆਉਣਾ ਬੰਦ ਜਾਂਦਾ ਤੇ ਨਿਸ਼ਾ ਹੋ ਜਾਂਦੀ। ਭਾਵੇਂ ਬੇਫਿਕਰ ਹੋ ਕੇ ਗ੍ਰਹਿਸਤੀ ਜੀਵਨ ਨੂੰ ਅਪਣਾਈ ਜਾਵੋ। ਉਸ ਸਮੇਂ ਔਰਤ ਬੰਦਿਆਂ ਦੇ ਬਰਾਬਰ ਖਲੋਣ ਗੋਚਰੀ ਹੋ ਜਾਇਆ ਕਰਦੀ।

ਹੋਰ ਗੱਲਾਂ ਬਿਨਾਂ ਦੱਸਿਆਂ ਧਿਆਨ 'ਚ ਆਉਣ ਲੱਗ ਪਈਆਂ। ਬੰਦਾ ਬਣਨ ਤੇ ਔਰਤ ਦੇ ਸਰੀਰ ਤੇ ਵਤੀਰੇ ਵਿੱਚ ਪਰਿਵਰਤਨ ਆਉਣ ਲੱਗ ਪੈਂਦਾ ਹੈ। ਕੀਤੇ ਗਏ ਕੰਮਾਂ ਦਾ ਪੁੱਤਾਂ ਧੀਆਂ ਨੂੰ ਅਹਿਸਾਨ ਵੱਧ ਦੇਣ ਲੱਗ ਪੈਂਦੀ ਹੈ। ਵਤੀਰੇ 'ਚ ਸਖਤੀ ਆ ਜਾਂਦੀ ਹੈ। ਰੁੱਖਾ ਬੋਲਣ ਤੇ ਮੂੰਹ 'ਤੇ ਗੱਲ ਕਹਿਣ ਦੀ ਹਿੰਮਤ

ਜੁਟਾਉਣ ਦੇ ਕਾਬਲ ਹੋ ਜਾਂਦੀ ਹੈ। ਔਲਾਦ ਸ਼ਿਲੇ ਤੋਂ ਬਾਹਰ ਹੋ ਜਾਂਦੀ। ਪੁੱਤ ਗਭਰੂ ਹੋ ਜਾਂਦੇ। ਆਰਥਿਕ ਸਮੱਸਿਆ ਦਾ ਫਿਕਰ ਘਟ ਜਾਂਦਾ। ਪਤੀ ਦਾ ਦਬਾਅ ਸਹਿਣ ਨਹੀਂ ਕਰਦੀ। ਉਸ ਤੱਕ ਗਰਜ ਘਟ ਜਾਂਦੀ। ਮਮਤਾ ਔਲਾਦ ਵਿੱਚ ਵੰਡੀ ਜਾਂਦੀ ਹੈ। ਪਤੀ ਵੱਲ ਧਿਆਨ ਬਹੁਤ ਘੱਟ ਜਾਂਦਾ ਹੈ। ਆਪਣੇ ਆਪ ਨੂੰ ਅਜਾਦ ਸਮਝਦੀ। ਕਿਉਂਕਿ ਜ਼ਿੰਮੇਵਾਰੀਆਂ ਦਾ ਬੋਝ ਹੌਲਾ ਹੋ ਜਾਂਦਾ। ਖਪਣ ਖਿਝਣ ਤੇ ਹੋ ਜਾਂਦੀ। ਸਹਿਨਸ਼ੀਲਤਾ 'ਚ ਕਮੀ ਆ ਜਾਂਦੀ ਹੈ। ਤਦ ਚਿਹਰੇ ਤੇ ਝੁਰੜੀਆਂ ਥਾਂ ਬਣਾ ਲੈਨਦੀਆਂ। ਪਰ ਵਿਰਲੀਆਂ ਔਰਤਾਂ ਬੁਢਾਪੇ ਵਿੱਚ ਜਾ ਕੇ ਸੁੰਦਰ ਲੱਗਣ ਲੱਗ ਜਾਂਦੀਆਂ ਹਨ। ਚਿਹਰੇ ਤੇ ਚਮਕ ਆ ਜਾਂਦੀ ਹੈ। ਜਵਾਨੀ ਵੇਲੇ ਜਿਹੜੇ ਚਿਹਰੇ ਤੇ ਕਲਾਇਸ਼ ਹੁੰਦੀ ਸੀ ਉਹ ਮਿਟ ਜਾਂਦੀ ਹੈ। ਕਿਉਂਕਿ ਵਤੀਰਾ ਹੀ ਬਦਲ ਜਾਂਦਾ ਹੈ। ਜ਼ਿੰਦਗੀ ਤੋਂ ਸੰਤੁਸ਼ਟ ਹੋ ਜਾਂਦੀਆਂ ਹਨ। ਜੋ ਕੁਝ ਹੋਇਆ ਹੈ ਜੋ ਕੁਝ ਹੋਵਗਾ, ਜੋ ਕੁਝ ਹੋ ਰਿਹਾ ਹੈ, ਸਭ ਚੰਗਾ ਹੈ। ਉਸ ਨਾਲ ਸਹੇਲਪੁਣਾ ਗੰਢ ਲੈਂਦੀਆਂ ਹਨ। ਪਰ ਐਸੀਆਂ ਜ਼ਨਾਨੀਆਂ ਬਹੁਤ ਘੱਟ ਹੁੰਦੀਆਂ ਹਨ।

ਕਦੇ ਕਦੇ ਇਹ ਵੀ ਆਖਿਆ ਕਰਦੀ, "ਵੱਸ! ਹੁਣ ਬੰਦਾ ਤਾਂ ਬੁਵੀ ਬਣ ਗਿਆ। ਇਸ ਦੇ ਤੇ ਬੁੜੀਆਂ ਵਿੱਚ ਕੋਈ ਫਰਕ ਨਹੀਂ। ਜਦੋਂ ਇਹ ਤੱਥ ਆਪਣੇ ਤੇ ਲਾਗੂ ਹੋਏ ਤਾਂ ਜਾਣਕਾਰੀ ਮਿਲੀ ਕਿ ਬੰਦਾ ਵੀ ਔਲਾਦ ਪੈਦਾ ਕਰਨ ਦੇ ਯੋਗ ਨਹੀਂ ਰਹਿੰਦਾ। ਤਸਵੀਰ ਸਪੱਸ਼ਟ ਹੋ ਗਈ ਕਿ ਬੰਦੇ ਦਾ ਮਰਦਉਪੁਣਾ ਅੰਤ ਤੇ ਆ ਗਿਆ ਹੈ। ਇੰਦਰੀ ਰਸ ਜਿਉਂ ਜਿਉਂ ਕਮਜ਼ੋਰ ਹੁੰਦਾ ਜਾਂਦਾ ਹੈ ਤਿਉਂ ਤਿਉਂ ਹੰਕਾਰ ਟੁੱਟਣ ਲਗਦਾ ਹੈ। ਮੋਮ ਵਾਂਗੂੰ ਪਿਘਲ ਜਾਂਦਾ ਹੈ। ਵਾਸ਼ਨਾ ਮਰ ਜਾਂਦੀ ਹੈ। ਮੜਕ ਰੜਕ ਤੇ ਬੜਕ ਸਭ ਆਪਣਾ ਫਰਜ ਨਿਭਾਅ ਚੁੱਕੀਆਂ ਹੁੰਦੀਆਂ ਹਨ। ਜਵਾਨੀ ਵੇਲੇ ਦੀਆਂ ਉੱਚੀਆਂ ਨਜ਼ਰਾਂ ਪੈਰਾਂ ਵੱਲ ਵੇਖਣ ਲੱਗ ਜਾਂਦੀਆਂ ਹਨ। ਸਰੀਰਕ ਖਿੱਚ ਘੱਟ ਜਾਂਦੀ ਹੈ। ਪਿਆਰ ਰੂਹਾਨੀ ਪੱਧਰ ਤੇ ਰਾਹ ਪੈਣ ਦੀ ਕੋਸ਼ਿਸ਼ ਕਰਦਾ ਹੈ ਤੇ ਬੰਦਾ ਧਰਮ ਦੇ ਰਾਹ ਤੁਰਨ ਨੂੰ ਚੰਗਾ ਸਮਝਣ ਲੱਗ ਪੈਂਦਾ ਹੈ। ਮਨੋਵਿਗਿਆਨੀ ਫਰਾਇਡ ਨੇ ਵਾਸ਼ਨਾ ਨੂੰ ਜੀਵਨ ਦੀ 'ਚੂਲ' ਆਖਿਆ ਹੈ। ਜਿਸ ਦੁਆਲੇ ਬੰਦਾ ਸਫਰ ਤਹਿ ਕਰਨ 'ਚ ਜੁਟਿਆ ਰਹਿੰਦਾ ਹੈ। ਪਰ ਜਦੋਂ ਇਹ ਜਾਮ ਹੋ ਜਾਂਦੀ ਹੈ, ਤਦ ਸਹਿਜਤਾ, ਸਰਲਤਾ, ਸਪੱਸ਼ਟਤਾ ਜੀਵਨਸ਼ੈਲੀ ਦਾ ਅੰਗ ਬਣਾਉਣ ਦਾ ਯਤਨ ਕਰਨ ਲੱਗ ਜਾਂਦਾ ਹੈ।

ਜਬਾਨ ਵਿੱਚ ਰਸੀਲਾਪਣ ਆ ਜਾਂਦਾ ਹੈ। 'ਹਉਮੈਂ' ਵੀ ਕਮਜੋਰ ਪੈ ਜਾਂਦੀ ਹੈ। ਚਿਹਰੇ ਤੇ ਮਾਸੂਮੀਅਤ ਦੇ ਲੱਛਣ ਪ੍ਰਗਟ ਹੋਣ ਲੱਗ ਜਾਂਦੇ ਹਨ। ਰੁੱਖੇ ਤੇ ਖੁਸ਼ਕ ਸੁਭਾਓ ਵਿੱਚ ਨਿਮਰਤਾ ਆ ਜਾਂਦੀ ਹੈ। ਦਿਆਲਤਾ, ਤਰਸ, ਰਹਿਮ ਦਾ ਪਾਤਰ ਬਣ ਜਾਂਦਾ ਹੈ। ਵੈਰ, ਵਿਰੋਧ, ਈਰਖਾ, ਸਾੜਾ, ਸ਼ਿਕਵੇ, ਸ਼ਿਕਾਇਤਾਂ ਦਾ ਨਿਪਟਾਰਾ ਹੋ ਜਾਂਦਾ ਹੈ। ਕਾਹਲ ਘਟ ਜਾਂਦੀ ਹੈ। ਦੂਜਿਆਂ ਨੂੰ ਅਜਿਹਾ ਕਰਨ ਦੀ ਪ੍ਰੇਰਨਾ ਦੇਣੀ ਚਾਹੁੰਦਾ ਹੈ। ਸੋਚਦਾ ਹੈ ਕਿ ਕਿਸੇ ਨੂੰ ਬੋਲੇ ਗਏ ਅਸੱਭਿਆ ਸ਼ਬਦ ਜ਼ਿੰਦਗੀ ਦੇ ਅਖੀਰਲੇ ਸ਼ਬਦ ਨਾ ਬਣ ਜਾਣ ਤੇ ਸਾਰੀ ਉਮਰ ਦਾ ਵੈਰਾਗ ਲੈ ਕੇ ਮਰ ਜਾਵਾਂ।

# ਚਾਂਦੀ ਦਾ ਰਿੜਕਣਾ ਸੋਨੇ ਦੀ ਮਧਾਣੀ

ਦੁੱਧ ਤੇ ਪੁੱਤ ਦਾ ਜ਼ਿਕਰ ਕੀਤੇ ਬਿਨਾਂ ਪੰਜਾਬੀ ਵਿਰਸੇ ਦਾ ਘਰ ਪੂਰਾ ਨਹੀਂ ਹੁੰਦਾ। ਇਹਨਾਂ ਦੋਵੇਂ ਚੀਜ਼ਾਂ ਨੂੰ ਪ੍ਰਮਾਤਮਾ ਦੀ ਬਖਸ਼ਿਸ਼ ਸਮਝਿਆ ਜਾਂਦਾ। ਵਿਸ਼ਵਾਸ ਸੀ ਕਿ ਇਹਨਾਂ ਨੂੰ ਨਜ਼ਰ ਵੀ ਜ਼ਿਆਦਾ ਲਗਦੀ ਹੈ। ਦੁੱਧ ਨੂੰ ਵੇਚਣਾ ਪੁੱਤ ਵੇਚਣ ਦੇ ਬਰਾਬਰ ਗਿਣਿਆ ਜਾਂਦਾ। ਸਿਆਣੇ ਆਖਦੇ, "ਜਿਸ ਨੇ ਦੁੱਧ

ਹੀ ਵੇਚ ਦਿੱਤਾ, ਉਸ ਕੋਲ ਬਾਕੀ ਕੀ ਰਹਿ ਗਿਆ।" ਆਏ ਗਏ ਮਹਿਮਾਨ ਦੀ ਇਸ ਪਦਾਰਥ ਨਾਲ ਸੇਵਾ ਕੀਤੀ ਜਾਂਦੀ। ਕੱਚਾ ਦੁੱਧ ਗਰਮ ਕਰ ਕੇ ਵਿਚ ਘਿਓ ਦੀ ਕੜਛੀ ਪਾ ਕੇ ਛੰਨਾ ਭਰ ਕੇ ਪਰੋਸਿਆ ਜਾਂਦਾ। ਸਾਧਾਂ ਸੰਤਾਂ, ਫਕੀਰਾਂ, ਜਪੀਆਂ ਦੀ ਇਹ ਸਭ ਤੋਂ ਵਧੀਆ ਖੁਰਾਕ ਹੁੰਦੀ। ਮਾਈ ਕੜੇ ਦੁੱਧ ਤੋਂ ਮਲਾਈ ਪਾਸੇ ਕਰਕੇ ਸਾਧ ਲਈ ਛੰਨਾ ਭਰਨ ਲੱਗੀ ਤਾਂ ਸਾਧ ਨੇ ਵਿਅੰਗ ਕਸਦਿਆਂ ਆਪਣੇ ਦਿਲ ਦੀ ਭਾਸ਼ਾ ਵਿਚ ਕਿਹਾ, "ਆਉਣ ਦੇ ਮਾਈ, ਸਣੇ ਮਲਾਈ, ਸਾਧਾਂ ਨੂੰ ਕੀ ਸੁਆਦਾਂ ਤਾਂਈ।"

ਲਵੇਰਿਆਂ ਅਤੇ ਪੁੱਤਾਂ ਨਾਲ ਰੌਣਕ ਬਣੀ ਰਹਿੰਦੀ। ਘਰ ਵਸਦਾ ਲਗਦਾ। ਇਹਨਾਂ ਦੀ ਪੂਰਤੀ ਲਈ ਔਰਤਾਂ ਵਿਸ਼ੇਸ਼ ਯਤਨ ਵੀ ਕਰਦੀਆਂ ਰਹੀਆਂ ਹਨ। ਪੁੱਤਾਂ ਨੂੰ ਵੀ ਸੁਆਣੀਆਂ ਸਾਂਭਦੀਆਂ ਅਤੇ ਲਵੇਰਿਆਂ ਨੂੰ ਪੱਠੇ ਪਾਉਣ ਤੇ ਚੋਣ ਤੱਕ ਜ਼ਿੰਮੇਵਾਰੀ ਔਰਤਾਂ ਦੇ ਹਿੱਸੇ ਹੀ ਆਉਂਦੀ ਰਹੀ ਹੈ। ਜਿਸ ਔਰਤ ਜਾਂ ਪਰਿਵਾਰ ਕੋਲ ਇਹਨਾਂ ਦੀ ਕਮੀ ਹੁੰਦੀ ਤਾਂ ਖਾਲੀ ਥਾਂ ਪੂਰਨ ਲਈ ਹੱਥ ਪੱਲਾ ਹਿਲਾਉਂਦੇ=। ਇਕ ਜੋੜੇ ਦੇ ਘਰੇ ਨਾ ਦੁੱਧ ਸੀ ਤੇ ਨਾ ਪੁੱਤ ਸੀ। ਬਹੁਤ ਗਰੀਬ ਸਨ। ਔਰਤ ਨੇ ਕਰਨੀ ਵਾਲੇ ਸੰਤ ਦੀ ਮਨ ਲਾ ਕੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਕੁਝ ਸਮਾਂ ਬੀਤਣ ਤੇ ਫਕੀਰ ਨੇ ਕਿਹਾ "ਮਾਈ! ਮੰਗ ਜੋ ਕੁਝ ਮੰਗਣਾ ਹੈ। ਅੱਜ ਸੰਤ ਤੇਰੇ ਤੇ ਪ੍ਰਸੰਨ ਹਨ।" ਔਰਤ ਸੋਚੀਂ ਪੈ ਗਈ ਉਸ ਨੂੰ ਦੁੱਧ ਦੀ ਵੀ ਲੋੜ ਸੀ। ਸੰਸਾਰ ਨਾਲ ਗੰਢ ਪਾਉਣ ਲਈ ਪੁੱਤ ਪੋਤਿਆਂ ਦੀ ਲੋੜ ਸੀ। ਧਨ ਦੀ ਵੀ ਕਮੀ ਸੀ। ਉਹਨਾਂ ਵੇਲਿਆਂ 'ਚ ਤੀਬਰ ਇੱਛਾ ਨੂੰ ਲੁਕਵੇਂ ਰੂਪ ਵਿੱਚ ਰੌਚਿਕ ਢੰਗ ਨਾਲ ਪ੍ਰਗਟਾਇਆ ਜਾਂਦਾ। ਭਾਵੇਂ ਤੁਕਬੰਦੀ ਕਰ ਕੇ ਅਰਥ ਭਰਪੂਰ ਬੁਝਾਰਤ ਪਾਈ ਜਾਂਦੀ ਜੋ ਅਗਲੇ ਨੂੰ ਹਲੂਣ ਕੇ ਰੱਖ ਦਿੰਦੀ। ਅਗਲੇ ਦੀ ਅਕਲ ਦੀ ਪਰਖ ਵੀ ਹੋ ਜਾਂਦੀ।

"ਚਾਂਦੀ ਦਾ ਰਿੜਕਣਾ ਹੋਵੇ, ਸੋਨੇ ਦੀ ਮਧਾਣੀ ਹੋਵੇ।
ਖਾਣ ਵਾਲੇ ਬਾਲ ਬੱਚੇ , ਪਰੋਸਣ ਵਾਲੀ ਸੁਆਣੀ ਹੋਵੇ।

ਮਧਾਣੀ ਨਾਲ ਲੋਕ ਵਿਸ਼ਵਾਸ ਜੁੜਿਆ ਹੋਇਆ ਹੈ। ਜੇ ਮਧਾਣੀ ਦਿਲ ਲਾ ਕੇ ਸਾਫ਼ ਕੀਤੀ ਜਾਵੇ ਤਾਂ ਨੂੰਹ ਸੋਹਣੀ ਸੁਨੱਖੀ ਆਉਂਦੀ ਹੈ। ਇਸ ਲਈ ਤਾਂ ਮਧਾਣੀ ਤੇ ਰਿੜਕਣੇ ਨੂੰ ਸੱਜ ਵਿਆਹੀ ਦੇ ਚਿਹਰੇ ਵਾਂਗੂੰ ਨਿਖਾਰ ਦਿੰਦੀਆਂ। ਦੁੱਧ ਤੇ ਪੁੱਤ ਮਰਦਾਂ ਨਾਲੋਂ ਔਰਤਾਂ ਨੂੰ ਵੱਧ ਪਿਆਰੇ ਹੁੰਦੇ। ਦੁੱਧ ਦਾ ਜੰਮਣਾ ਤੇ ਪੁੱਤ ਦਾ ਪੈਦਾ ਹੋਣਾ ਬੜਾ ਸ਼ੁਭ ਸ਼ਗਨ ਸਮਝਿਆ ਜਾਂਦਾ। ਸਵੇਰ ਸਮੇਂ ਜੇ ਕਿਸੇ ਨੇ ਜ਼ਰੂਰੀ ਕੰਮ ਜਾਣਾ ਹੁੰਦਾ ਤਾਂ ਪਹਿਲਾਂ ਦੁੱਧ ਨੂੰ ਵੇਖਿਆ ਜਾਂਦਾ ਜੇ ਜੰਮਿਆ ਹੁੰਦਾ ਤਾਂ ਕੰਮ ਹੋਣ ਦੀ ਉਮੀਦ ਬੱਝ ਜਾਂਦੀ। ਅਸਲ ਵਿੱਚ ਜਾਣ ਵਾਲਾ ਦਹੀਂ ਖਾ ਕੇ ਤੁਰਦਾ। ਦੁੱਧ, ਦਹੀਂ, ਮੱਖਣ, ਲੱਸੀ ਆਦਿ ਪ੍ਰਾਪਤ ਕਰਨ ਲਈ ਮੁਸ਼ੱਕਤ ਕਰਨੀ ਪੈਂਦੀ। ਪਸ਼ੂਆਂ ਦੀ ਸੇਵਾ ਕਰ ਕੇ ਦੁੱਧ ਪ੍ਰਾਪਤ ਹੁੰਦਾ। ਭੁੱਖਾ ਲਵੇਰਾ ਬਾਲਦੀ, ਤੇ ਲੱਤ ਮਾਰ ਦਿੰਦਾ। ਦੁੱਧ ਨੂੰ ਘਿਓ ਤੱਕ ਪਹੁੰਚਣ ਲਈ ਕਈ ਰੁਕਾਵਟਾਂ ਨੂੰ ਪਾਰ ਕਰਨਾ ਪੈਂਦਾ। ਇਸ ਕੰਮ ਲਈ ਕਾਫੀ ਸੰਦ ਸੰਦੇੜੇ ਦੀ ਲੋੜ ਹੁੰਦੀ। ਰਿੜਕਣਾ, ਕਾਹੜੀ, ਮਧਾਣੀ, ਨੇਹੀ, ਨੇਤਰਾ, ਕੁੜ ਕੂਚੀ, ਖੁਰਚਣੀ, ਗਿੜਬਣ ਆਦਿ ਚੀਜ਼ਾਂ ਦੀ ਖਾਸ ਤੌਰ ਤੇ ਸੰਭਾਲ ਕਰਨੀ ਪੈਂਦੀ। ਇਹਨਾਂ ਵਿੱਚੋਂ ਰਿੜਕਣੇ ਤੇ ਕਾੜਨੀ ਦੀ ਸਫਾਈ ਵੱਲ ਤਜੱਰਬਾਕਾਰ ਸੁਆਣੀਆਂ ਹੀ ਗੌਰ ਕਰਦੀਆਂ। ਦੁੱਧ ਸੰਭਾਲਣ ਦੀ ਤਕਨੀਕ ਹਰੇਕ ਕੋਲ ਨਹੀਂ ਹੁੰਦੀ ਸੀ। ਪਰ ਤਜਰਬੇ ਨਾਲ ਪਰਪੱਕ ਬਣਿਆ ਜਾ ਸਕਦਾ ਸੀ।

ਤੌੜੀ (ਕਾੜ੍ਹਨੀ) ਹਾਰੇ 'ਚੋਂ ਕੱਢ ਕੇ ਥੱਲੇ ਨਹੀਂ ਰੱਖੀ ਜਾਂਦੀ ਸੀ। ਸਗੋਂ ਗਿੜਬਣ ਤੇ ਰੱਖੀ ਜਾਂਦੀ। ਤਾਂ ਜੋ ਕੱਚੇ ਤੇ ਠੰਡੇ ਚੌਂਤਰੇ ਤੇ ਟਿਕ ਕੇ ਥੱਲਿਓਂ ਤਿੜਕ ਨਾ ਜਾਵੇ ਅਤੇ ਇਧਰ ਉਧਰ ਰਿੜਨ ਦਾ ਡਰ ਵੀ ਨਵਿਰਤ ਹੋ ਜਾਵੇ। ਦੁੱਧ ਜਦੋਂ ਵਧਾਅ ਦਿੱਤਾ ਜਾਂਦਾ। ਭਾਵ ਉਤੋਂ ਉਤੋਂ ਮਲਾਈ ਲਾਹ ਕੇ ਰਿੜਕਣੇ ਵਿੱਚ ਪਾ ਦਿੱਤੀ ਜਾਂਦੀ ਤੇ ਪਿੱਛੇ ਤਿਰਮਰੇ ਵਾਲਾ ਦੁੱਧ ਪਰਿਵਾਰ ਦੇ ਪੀਣ ਲਈ ਰਹਿ ਜਾਂਦਾ। ਹੁਣ ਖਾਲੀ ਤੌੜੀ ਨੂੰ ਖੁਰਚਣੀ ਨਾਲ ਸਾਫ਼ ਕਰਨ ਲਈ ਜਾਣਕਾਰ ਦੀ ਲੋੜ ਪੈਂਦੀ ਤਾਂ ਜੋ ਆਸਿਆਂ ਪਾਸਿਆਂ ਤੋ ਮਲਾਈ

ਖੁਰਚਣ ਵੇਲੇ ਥੱਲਾ ਜ਼ਿਆਦਾ ਨਾ ਖੁਰਚਿਆ ਜਾਵੇ ਤੇ ਹੋਰ ਕਮਜ਼ੋਰ ਹੋ ਜਾਵੇ। ਸੇਕ ਨਾਲ ਥੱਲਾ ਪਤਲਾ ਤੇ ਨਰਮ ਹੋਇਆ ਹੁੰਦਾ ਹੈ। ਡਰ ਰਹਿੰਦਾ ਹੈ ਕਿ ਤੌੜੀ ਹੱਥੋਂ ਨਾ ਗੁਆ ਬੈਠੀਏ। ਜਟ ਗਰਮ ਦੁੱਧ ਕੱਢ ਕੇ ਠੰਡਾ ਪਾਣੀ ਪਾ ਦਿੱਤਾ ਜਾਂਦਾ, ਤਦ ਵੀ ਥੱਲਾ ਤਿੜਕ ਜਾਂਦਾ। ਕੰਮ ਸਿਖਾਉਣ ਲਈ ਜੇ ਕੰਵਾਰੀ ਧੀ ਨੂੰ ਲਾ ਦਿੱਤਾ ਜਾਂਦਾ ਤੇ ਲਾਡਲੀ ਖੁਰਚੀ ਹੋਈ ਖੁਰਚਣ ਖਾਣ ਲੱਗ ਜਾਂਦੀ ਤਾਂ ਸਿਆਣੀਆਂ ਬੁੜੀਆਂ ਆਖ ਦਿੰਦੀਆਂ ਤੇਰੇ ਕਾਰਜ ਵੇਲੇ ਹਨੇਰੀ ਆਊਗੀ। ਖੁਰਚਣ ਨਹੀਂ ਖਾਂਦੀਆਂ। ਛੋਟੇ ਬੱਚੇ ਤੌੜੀ ਦੁਆਲੇ ਖੁਰਚਣ ਖਾਣ ਦੇ ਮਾਰੇ ਜ਼ਰੂਰ ਇਕੱਠੇ ਹੋ ਜਾਇਆ ਕਰਦੇ। ਖੁਸ਼ਕ ਹੱਥਾਂ ਪੈਰਾਂ ਤੇ ਜ਼ਰੂਰ ਮਲ ਲਿਆ ਜਾਂਦਾ ਤਾਂ ਜੋ ਬਿਆਈਆਂ ਜਾਂ ਚਮੜੀ ਪਾਟਣ ਆਦਿ ਤੋਂ ਬਚ ਜਾਵੇ।

ਦੁੱਧ ਤੱਤਾ ਧਰਨ ਤੇ ਹਾਰੇ 'ਚ ਗੋਹੇ ਪਾਉਣ ਦਾ ਹਿਸਾਬ ਕਿਤਾਬ ਵੀ ਪੁਰਾਣੀ ਉਮਰ ਦੀਆਂ ਔਰਤਾਂ ਨੂੰ ਹੁੰਦਾ ਜਿਹੜੀਆਂ ਕਿਤੇ ਬਾਹਰ ਜਾਣ ਸਮੇਂ ਅਣਜਾਣਾਂ ਨੂੰ ਦੱਸ ਕੇ ਜਾਂਦੀਆਂ ਕਿ ਐਨੀਆਂ ਕੁ ਪਾਥੀਆਂ ਭੰਨ ਕੇ ਪਾਉਣੀਆਂ ਹਨ। ਜੇ ਗੋਹੇ ਜ਼ਿਆਦਾ ਪੈ ਗਏ ਤਾਂ ਸੇਕ ਨਾਲ ਤੌੜੀ ਦਾ ਪਟਾਖਾ ਪੈ ਜਾਵੇਗਾ। ਜ਼ਿਆਦਾ ਸੇਕ ਨਾਲ ਤੌੜੀ ਦੀ ਉਮਰ ਘੱਟ ਜਾਂਦੀ ਹੈ। ਦੁੱਧ ਨੂੰ ਉਬਲਣ ਤੋਂ ਬਚਾਉਣ ਲਈ ਚੱਪਣ ਟੇਡਾ ਕਰਨਾ ਪੈਂਦਾ। ਦੁੱਧ ਧਰਨ ਤੇ ਲਾਹੁਣ ਦਾ ਸਮਾਂ ਵੀ ਨਿਸ਼ਚਿਤ ਹੁੰਦਾ। ਦੁੱਧ ਦੀ ਸੰਭਾਲ ਕਰ ਕੇ ਔਰਤਾਂ ਬਹੁਤ ਖੁਸ਼ ਰਹਿੰਦੀਆਂ।

ਹੁਣ ਰਿੜਕਣਾ ਸਾਫ ਕਰਨ ਲਈ ਕੂਚੀ ਦੀ ਲੋੜ ਪੈਂਦੀ। ਇਹ ਮਕਾਨਾਂ ਨੂੰ ਕਲੀ ਕਰਨ ਵਾਲੀ ਕੂਚੀ ਨਹੀਂ ਹੁੰਦੀ। ਸਗੋਂ ਝਾੜੂ ਦੀਆਂ ਚਾਰ ਉਂਗਲਾਂ ਲੰਮੀਆਂ ਸੀਖਾਂ ਲੈ ਕੇ ਵਿਚਕਾਰੋਂ ਅਲਸੀ ਦੀ ਰੱਸੀ ਨਾਲ ਬੰਨੀਆਂ ਜਾਂਦੀਆਂ। ਵਿਚਕਾਰੋਂ ਫੜ ਕੇ ਸਿਰਿਆਂ ਨਾਲ ਚਾਰ ਚੁਫੇਰਿਓਂ ਕੂਚਿਆ ਜਾਂਦਾ ਤਾਂ ਜੋ ਲੱਸੀ ਦਾ ਭੋਰਾ ਵੀ ਨਾ ਰਹੇ। ਰਿੜਕਣਾ ਰੱਖਣ ਲਈ ਸਪੈਸ਼ਲ ਨੇਹੀ ਬਣੀ ਹੁੰਦੀ ਸੀ। ਰਿੜਕਣਾ ਤੌੜੀ ਨਾਲੋਂ ਵੱਡਾ ਤੇ ਸਖ਼ਤ ਹੁੰਦਾ। ਇਸ ਦੇ ਟੁੱਟਣ ਦਾ ਵੀ ਧਿਆਨ ਰੱਖਣਾ ਪੈਂਦਾ।

ਕਈ ਸੱਸਾਂ ਨੂੰਹਾਂ ਤੇ ਇਤਬਾਰ ਘੱਟ ਕਰਦੀਆਂ। ਕਿਤੇ ਦੁੱਧ ਤੋਂ ਮਲਾਈ ਨਿਤਾਰਨ ਸਮੇਂ ਮਲਾਈ ਖੋਰ ਨਾ ਦੇਣ। ਫਿਰ ਘਿਓ ਕਾਹਦਾ ਬਣੇਗਾ। ਜਿਹੜੀਆਂ ਮਾਹਿਰ ਹੁੰਦੀਆਂ, ਹੌਲੀ ਹੌਲੀ ਸਾਰੀ ਮਲਾਈ ਲਾਹ ਕੇ ਰਿੜਕਣੇ 'ਚ ਪਾ ਦਿੰਦੀਆਂ। ਫਿਰ ਧਾਰਾਂ ਕੱਢ ਕੇ ਕੱਚਾ ਦੁੱਧ ਪਾ ਦਿੱਤਾ ਜਾਂਦਾ। ਜਾਗ ਲਾਇਆ ਜਾਂਦਾ। ਜੇ ਜਾਗ ਜ਼ਿਆਦਾ ਲੱਗ ਜਾਂਦਾ ਤਾਂ ਲੱਸੀ ਜ਼ਿਆਦਾ ਖੱਟੀ ਹੋ ਜਾਂਦੀ। ਇਸ ਦਾ ਵੀ ਹਿਸਾਬ ਰੱਖਣਾ ਪੈਂਦਾ। ਜੇ ਸਰਦੀ ਦਾ ਮੌਸਮ ਹੁੰਦਾ ਤਾਂ ਬੋਰੀ ਨਾਲ ਢਕ ਦਿੰਦੀਆਂ। ਜਾਗ ਲਾਉਣ ਲਈ ਸਿਆਣੀਆਂ ਬੁੜੀਆਂ ਖੱਟੀ ਲੱਸੀ ਸਾਂਭ ਰਖਦੀਆਂ। ਪਰ ਕੁਡਰਾ ਸ਼ਾਮ ਦੇ ਵਕਤ ਆਂਢ ਗੁਆਂਢ 'ਚੋਂ ਮੰਗ ਕੇ ਲਿਆਉਂਦੀਆਂ। ਦੁੱਧ ਜੰਮਾਉਣ ਲਈ ਚਹੇੜੂ ਵੀ ਪਾ ਲਿਆ ਜਾਂਦਾ ਸੀ।

ਇਹ ਵਿਸ਼ਵਾਸ ਸੀ ਕਿ ਜੇ ਦੁੱਧ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਰਿੜਕਿਆ ਜਾਵੇ ਤਾਂ ਘਿਓ ਵੱਧ ਆਉਂਦਾ ਹੈ। ਸਭ ਤੋਂ ਪਹਿਲਾਂ ਸਵੇਰੇ ਉੱਠ ਕੇ ਮਧਾਣੀ ਰਿੜਕਣੇ 'ਚ ਪਾਈ ਜਾਂਦੀ। ਰਾਜਸਥਾਨ ਵਿੱਚ ਗਊਆਂ ਦਾ ਦੁੱਧ ਰਿੜਕਣ ਲਈ ਝੇਰਨਾ ਵੀ ਵਰਤਿਆ ਜਾਂਦਾ ਸੀ। ਇਹ ਬਬੂਲ ਦੀ ਲੱਕੜ ਦਾ ਬਣਾਇਆ ਜਾਂਦਾ ਸੀ। ਵਡੇਰੀ ਉਮਰ ਦੀਆਂ ਸੁਆਣੀਆਂ ਜਿੰਨ੍ਹਾਂ ਤੋਂ ਬਹੁਤੇ ਜ਼ੋਰ ਦਾ ਕੰਮ ਨਾ ਹੁੰਦਾ, ਹੌਲੀ ਹੌਲੀ ਦੁੱਧ ਰਿੜਕਣ ਦੀ ਡਿਊਟੀ ਸੰਭਾਲ ਲੈਂਦੀਆਂ। ਪਹਿਲਾਂ ਵਤਰ ਵੇਖਦੀਆਂ। ਦੁੱਧ ਜੰਮ ਗਿਆ ਹੈ ਜਾਂ ਨਹੀਂ। ਜੰਮਿਆ ਹੋਇਆ ਦੁੱਧ ਹੀ ਰਿੜਕਣ ਦੇ ਜੋਗ ਹੁੰਦਾ। ਨਾ ਜੰਮਿਆ ਹੋਇਆ ਦੁੱਧ ਜਾਗ ਪਾ ਦਿੰਦੀਆਂ। ਅੱਜ ਕਲ੍ਹ ਨਿੰਬੂ ਨਿਚੋੜ ਕੇ ਦੁੱਧ ਤੋਂ ਦਹੀਂ ਬਣਾਉਣ ਲਈ ਕਨਾਲੀ 'ਚ ਪਾ ਦਿੱਤਾ ਜਾਂਦਾ ਹੈ। ਧੀਰੇ ਧੀਰ ਮਧਾਣੀ ਫਿਰਦੀ ਰਹਿੰਦੀ। ਜੇ ਸਰਦੀ ਹੁੰਦੀ ਤਾਂ ਤੱਤਾ ਪਾਣੀ ਪਾਉਣਾ ਪੈਂਦਾ। ਗਰਮੀ ਹੁੰਦੀ ਤਾਂ ਕਣੀ ਬੰਨਣ ਲਈ ਕੋਰੇ ਘੜੇ ਦਾ ਠੰਡਾ ਪਾਣੀ ਪਾਉਣਾ ਪੈਂਦਾ। ਅਜਿਹਾ ਦੁੱਧ ਦਾ ਵਤਰ ਵੇਖ ਕੇ ਕੀਤਾ ਜਾਂਦਾ। ਜੇ

ਮੁਟਿਆਰ ਰਿੜਕਣ ਬੈਠਦੀ ਤੇ ਪੂਰੇ ਜ਼ੋਰ ਨਾਲ ਮਧਾਣੀ ਦੀ ਘੁੰਮਘਾਰ ਪਾਉਣ ਲਗਦੀ ਤਾਂ ਇਸ ਕੰਮ ਵਿੱਚ ਨਿਪੁੰਨ ਆਖ ਦਿੰਦੀਆਂ, "ਕੁੜੇ! ਹੌਲੀ ਰਿੜਕ ਸਾਰੀ ਕਣੀ ਖੁਰ ਜਾਵੇਗੀ।" ਉਂਗਲ ਨਾਲ ਕਣੀ ਚੁੱਕ ਕੇ ਵੇਖਦੀਆਂ। "ਕੁੜੇ! ਘਿਓ ਤਾਂ ਆਇਆ ਪਿਐ। ਵੱਸ!ਚਾਰ ਕੁ ਗੇੜੇ ਦੇ ਕੇ ਬੰਦ ਕਰ ਦੇਹ। ਕਣੀ ਚੰਗੀ ਤਰ੍ਹਾਂ ਵੱਜ ਜਾਵੇਗੀ।"

ਮੱਖਣੀ ਗਰਮ ਕਰਕੇ ਘਿਓ ਨਿਤਾਰਨ ਦਾ ਕੰਮ ਵੀ ਜਾਣਕਾਰਾਂ ਨੂੰ ਸੌਂਪਿਆ ਜਾਂਦਾ। ਜੇ ਲੱਸੀ ਦਾ ਤੁਪਕਾ ਰਹਿ ਤਾਂ ਘਿਓ ਮੁਸਕ ਜਾਵੇਗਾ। ਲੱਸੀ ਪੀਣ ਵਾਲਿਆਂ ਨੂੰ ਝੁਬਕ ਮਾਰ ਕੇ ਛੰਨਾ ਭਰ ਦਿੰਦੀਆਂ ਤਾਂ ਜੋ ਮੱਖਣੀ ਦਾ ਭੋਰਾ ਛੰਨੇ ਵਿੱਚ ਆ ਜਾਵੇ। ਘਿਓ ਵਰਤਾਉਣ ਲਈ ਪਲੀ ਤੇ ਦੁੱਧ ਵਰਤਾਉਣ ਲਈ ਪਲਾ ਵਰਤਿਆ ਜਾਂਦਾ। ਸਚਿਆਰੀਆਂ ਸੱਸਾਂ, ਨੂੰਹਾਂ ਦੀ ਦੇਖ ਰੇਖ ਵਿੱਚ ਘਿਓ ਦੇ ਕੁੱਪੇ ਭਰ ਕੇ ਆਉਣ ਵਾਲੇ ਸਮੇਂ ਲਈ ਰਾਖਵੇਂ ਰੱਖ ਲਏ ਜਾਂਦੇ ਤਾਂ ਜੋ ਕੁੜਾਪਾ ਆਉਣ ਤੇ ਗਿਜ਼ਾ ਵਾਲੀ ਖੁਰਾਕ ਦੀ ਕਮੀ ਨਾ ਰਹੇ।

ਪਰਪੱਕ ਔਰਤਾਂ ਨੂੰ ਲਵੇਰੇ ਦੇ ਗੁਣ ਔਗੁਣਾ ਦਾ ਪਤਾ ਵੀ ਲੱਗ ਜਾਂਦਾ। ਜਿਸ ਮੱਝ ਦਾ ਦੁੱਧ ਸੰਘਣਾ ਹੁੰਦਾ, ਵੰਡ ਵੜੇਵਾਂ ਚੰਗਾ ਪੈਂਦਾ ਤੇ ਕਰੜ ਹੁੰਦੀ ਉਸ ਹੇਠਾਂ ਸੇਰ, ਸੇਰ ਘਿਓ ਹੁੰਦਾ ਤੇ ਰਿੜਕਣ ਸਮੇਂ ਥੋੜ੍ਹਾ ਸਮਾਂ ਲਗਦਾ। ਬੂਰੀ ਮੱਝ ਦੇ ਘਿਓ ਨੂੰ ਤਾਕਤਵਰ ਮੰਨਿਆ ਜਾਂਦਾ। ਜਿਹੜੀ ਦਾ ਦੁੱਧ ਪਤਲਾ ਹੁੰਦਾ, ਉਸ ਹੇਠਾਂ ਘਿਓ ਘੱਟ ਹੁੰਦਾ। ਵੈਸੇ ਸਿਆਣੇ ਬਜ਼ੁਰਗ ਮੱਝ ਦੇ ਦੁੱਧ ਨੂੰ ਆਖ ਦਿੰਦੇ ਕਿ ਇਸ ਨਾਲ ਬੁੱਧੀ ਮੋਟੀ ਬਣਦੀ ਹੈ। ਸਿਹਤ ਤੇ ਦਿਮਾਗ ਲਈ ਗਊਆਂ ਦੇ ਦੁੱਧ ਘਿਓ ਨੂੰ ਤਰਜੀਹ ਦਿੱਤੀ ਜਾਂਦੀ। ਇਕ ਗੂੜੇ ਨੇ ਕਿੰਨਾਂ ਕੁਝ ਲਿਖਣ ਦੀ ਪ੍ਰੇਰਨਾ ਦਿੱਤੀ ਤੇ ਇਸ ਨੂੰ ਸਾਂਭਣ ਦੀ ਲੋੜ ਪਈ।

# ਮਮਤਾ ਬਣਦੀ ਹੈ ਆਹਾਰ

ਮਾਂ ਤੇਰਾ ਆਪਣੇ ਬੱਚਿਆਂ ਨਾਲ ਬਹੁਤ ਗੂੜਾ ਤੇ ਅਟੁੱਟ ਸਬੰਧ ਹੁੰਦਾ ਹੈ। ਸੌਣ ਦੇ ਛਟਾਕੇਦਾਰ ਮੀਂਹ ਵਾਂਗ, ਅਸੀਸਾਂ, ਬਖ਼ਸ਼ਿਸ਼ਾਂ ਤੇ ਛੁੱਵ ਇੱਛਾਵਾਂ ਦੀ ਨਿਰਵਿਘਨ ਬੁਛਾੜ ਹੁੰਦੀ ਰਹਿੰਦੀ ਹੈ। ਬੱਦਲ ਭਾਵੇਂ ਕਿਸੇ ਨਾਲ ਬੇਵਫਾਈ ਕਰ ਜਾਵੇ, ਜਿਵੇਂ ਕਿਤੇ ਬਹੁਤਾ, ਕਿਤੇ ਥੋੜ੍ਹਾ, ਕਿਤੇ ਝੜੀ, ਕਿਤੇ ਕਿਣਮਿਣ, ਕਿਤੇ ਹੜ, ਕਿਤੇ ਸੋਕਾ ਤੇ ਕਿਤੇ ਬੂੰਦ ਬੂੰਦ ਨੂੰ ਤਰਸਦੇ ਲੋਕਾ ਵਾਂਝੇ ਰਹਿ ਜਾਂਦੇ ਹਨ। ਪਰ ਤੂੰ ਕਿਸੇ ਨਾਲ ਵਿਤਕਰਾ ਨਹੀਂ ਕਰਦੀ। ਤੈਨੂੰ ਲੰਗੜੇ, ਲੂਲੇ, ਅੰਗਹੀਣ, ਅਪਾਹਜ ਤੇ ਸਰੂ ਵਰਗੇ ਕੱਦ ਵਾਲੇ ਸਭ ਬਰਾਬਰ ਲਗਦੇ ਹਨ। ਪਿਆਰਾ ਦਾ ਝਰਨਾ ਸਿੰਮਦਾ ਰਹਿੰਦਾ ਹੈ। ਆਪਣੇ ਅੰਦਰ ਬੱਚਿਆਂ ਦਾ ਸਿਮਰਨ ਕਰਨਾ ਭਾਵ ਸੁਰਤ ਵਿਚ ਬਿਠਾਅ ਲੈਣਾ ਤੇਰਾ ਸਭ ਤੋਂ ਵੱਡਾ ਕਾਰਜ ਤੇ ਜੀਵਨ ਦਾ ਅਹਿਮ ਨਿਸ਼ਾਨਾ ਹੁੰਦਾ ਹੈ। ਇਹੀ ਮਾਂ ਦਾ ਧਰਮ ਹੁੰਦਾ ਹੈ। ਸਿਮਰਨ ਦਾ ਕੰਮ ਬੜਾ ਔਖਾ ਹੈ। ਕਿਸੇ ਨੂੰ ਸੁਰਤ ਵਿੱਚ ਜੋੜਨ ਲਈ, ਰੋਮ ਰੋਮ ਵਿਚ ਰਮਾਉਣ ਲਈ, ਦਿਨ ਰਾਤ ਨਿਰਸਵਾਰਥ ਮਿਹਨਤ ਕਰਨੀ ਪੈਂਦੀ ਹੈ। ਇੱਕ ਪਲ ਲਈ ਹਿਰਦੇ ਤੋਂ ਵਿਸਾਰਨਾ, ਬੇਵਫਾਈ, ਕੁਤਾਹੀ, ਅਸ਼ਰਧਾ ਹੋ ਜਾਂਦੀ ਹੈ। ਮਿਹਨਤ ਕਰੀ ਕਰਾਈ ਰਹਿ ਜਾਂਦੀ ਹੈ। ਮਾਂ ਦਾ ਹਿਰਦਾ ਬਹੁਤ ਵਿਸ਼ਾਲ ਹੁੰਦਾ ਹੈ। ਕੰਮ ਕਰਦਿਆਂ, ਉਠਦਿਆਂ, ਬੈਠਦਿਆਂ, ਜਾਗਦਿਆਂ, ਸੌਂਦਿਆਂ, ਦੂਰ ਨੇੜੇ ਹੁੰਦਿਆਂ, ਹਿਰਦੇ ਵਿੱਚ ਯਾਦ ਕਰਦੀ ਰਹਿੰਦੀ ਹੈ। ਸਗੋਂ ਤਾਜੀ ਰਹਿੰਦੀ ਹੈ। ਬਲਕਿ ਦੂਰ ਗਿਆਂ, ਸੰਸਾਰ ਤੋਂ ਵਿਛੜੇ ਬੱਚਿਆਂ ਨੂੰ ਮਾਂ ਜ਼ਿਆਦਾ ਚਿਤਾਰਦੀ ਰਹਿੰਦੀ ਹੈ। ਇਸ ਤਰ੍ਹਾਂ ਸਿਮਰਨ ਦਾ ਕਾਰਜ ਇੱਕ ਦੂਜੇ ਨੂੰ ਬੰਨ੍ਹ ਕੇ ਰੱਖਦਾ ਹੈ। ਬੱਚਿਆਂ ਦਾ ਸੁਨੇਹਾ ਬਿਨਾਂ ਬੋਲਿਆਂ ਵੀ ਮਾਂ ਤੱਕ ਪਹੁੰਚਦਾ ਰਹਿੰਦਾ ਹੈ। ਜੇ ਬੱਚਾ ਸੁੱਤਾ ਪਿਆ ਹੈ ਤੇ ਉਸ ਨੂੰ ਭੁੱਖ ਲੱਗੀ ਹੋਈ ਹੈ ਤਾਂ ਮਾਂ ਦੀ ਛਾਤੀ ਵਿੱਚ ਕੰਪਨ ਪੈਦਾ

ਹੁੰਦਾ ਹੈ। ਫਟ ਆਖਦੀ ਹੈ, "ਕਦੋਂ ਦਾ ਸੁੱਤਾ ਪਿਆ ਹੈ। ਭੁੱਖ ਲੱਗੀ ਹੋਵੇਗੀ। ਗੋਦ ਵਿੱਚ ਲੈ ਕੇ ਦੁੱਧ ਦੇਣਾ ਸ਼ੁਰੂ ਕਰ ਦਿੰਦੀ ਹੈ। ਮਾਂ ਨੂੰ ਸੁਪਨੇ ਵੀ ਬੱਚਿਆਂ ਦੇ ਆਉਂਦੇ ਹਨ। ਬੱਚਿਆਂ ਦੇ ਜਾਗਣ ਨਾਲ ਮਾਂ ਦੀ ਨੀਂਦ ਵਿਚ ਵਿਘਨ ਨਹੀਂ ਪੈਂਦਾ। ਸਗੋਂ ਬੱਚੇ ਨੂੰ ਛਾਤੀ ਤੇ ਲਿਟਾਅ ਕੇ ਇਸ ਤਰ੍ਹਾਂ ਨੀਂਦ ਆਉਂਦੀ ਹੈ ਜਿਵੇਂ ਸਵੱਰਗ ਵਿੱਚ ਪਹੁੰਚੀ ਹੋਵੇ ਤੇ ਅਲੌਕਿਕ ਅਨੰਦ ਦੀ ਪ੍ਰਾਪਤੀ ਹੋਈ ਹੋਵੇ। ਇਸ ਤਰ੍ਹਾਂ ਦੀ ਪ੍ਰਕਿਰਿਆ ਪਸ਼ੂਆਂ ਵੱਚ ਵੀ ਦੇਖੀ ਗਈ ਹੈ।

ਗਊ ਬਹੁਤ ਹੇਜਲਾ ਤੇ ਪਿਆਰ ਕਰਨ ਵਾਲਾ ਪਸ਼ੂ ਹੈ। ਮਨੁੱਖ ਤੇ ਧਿਜ ਜਾਂਦਾ ਹੈ। ਸੱਜਰ ਸੂਈ ਗਊ ਨੂੰ ਖੇਤਾਂ ਵੱਲ ਚਾਰਨ ਲਿਜਾਇਆ ਜਾਂਦਾ ਤੇ ਬੱਚਾ ਘਰੇ ਛੱਡਿਆ ਹੁੰਦਾ ਹੈ। ਜਦੋਂ ਬਛਰੂ ਦੇ ਦੁੱਧ ਪੀਣ ਦਾ ਸਮਾਂ ਆਉਂਦਾ ਹੈ ਤਾਂ ਕੰਨ ਖੜੇ ਕਰਕੇ ਬੂਥ ਉੱਪਰ ਚੁੱਕ ਲੈਂਦੀ ਹੈ ਜਿਵੇਂ ਅਵਾਜ਼ ਸੁਣਦੀ ਹੋਵੇ ਅਤੇ ਰੰਭਣ ਲੱਗ ਜਾਂਦੀ ਹੈ। ਕੁਦਾੜਾ ਦੇ ਕੇ ਘਰ ਨੂੰ ਭੱਜ ਆਉਂਦੀ ਹੈ। ਬਾਂਦਰੀ ਮਰੇ ਬੱਚੇ ਦੇ ਕਰੰਗ ਨੂੰ ਹਿਕ ਨਾਲ ਲਾਈ ਫਿਰਦੀ ਰਹਿੰਦੀ ਹੈ। ਪਸ਼ੂ ਲਈ  ਵੀ ਆਪਣੇ ਬੱਚੇ ਨੂੰ ਭੁੱਲਣਾ ਔਖਾ ਹੁੰਦਾ ਹੈ। ਮਾਂ ਲਈ ਤਾਂ ਉਸ ਤੋਂ ਵੀ ਅਸਹਿ ਹੋ ਜਾਂਦਾ ਹੈ। ਪੁੱਤਾਂ ਦੇ ਵਿਛੋੜੇ ਮਾਂਵਾਂ ਤੇ ਕਹਿਰ ਢਾਹ ਦਿੰਦੇ ਹਨ ਤੇ ਉਮਰਾਂ ਦਾ ਰੋਗ ਲਾ ਜਾਂਦੇ ਹਨ।

ਬੱਚੇ ਦਾ ਰੁਸਣਾ ਮਾਂ ਲਈ ਕਹਿਰ ਢਾਹੁੰਦਾ ਹੈ। ਵੈਸੇ ਤਾਂ ਕਿਸੇ ਦਾ ਰੁਸਣਾ ਵੀ ਚੰਗਾ ਨਹੀਂ ਹੁੰਦਾ। ਪਰ ਫਿਰ ਵੀ ਕਦੇ ਕਦੇ ਪਿਆਰ ਦੇ ਰੋਸੇ ਅਨੰਦਿਤ ਕਰ ਜਾਂਦੇ ਹਨ। ਆਪਣੀ ਜਿਦ ਪੁਗਾਉਣ ਲਈ ਬੱਚੇ ਰੁੱਸ ਜਾਂਦੇ ਹਨ। ਮਾਂ ਦਾ ਯਤਨ ਹੁੰਦਾ ਹੈ ਕਿ ਛੇਤੀ ਤੋਂ ਛੇਤੀ ਮਨਾਇਆ ਜਾਵੇ। ਉਸ ਦਾ ਰੁਸਣਾ ਮਾਂ ਬਰਦਾਸ਼ਤ ਨਹੀਂ ਕਰ ਸਕਦੀ। ਮਾਂ ਵਾਰਨੇ ਜਾਂਦੀ ਹੈ। ਇਸ ਦੇ ਨਾਲ ਜੁੜਵਾਂ ਵਿਚਾਰ ਹੈ ਕਿ ਰੁਸਦੇ ਵੀ ਓਹੀ ਹਨ ਜਿੰਨ੍ਹਾਂ ਦੀਆਂ ਮਾਵਾਂ ਹੁੰਦੀਆਂ ਹਨ। ਪਿਆਰ ਕਰਨ ਵਾਲਿਆਂ ਨਾਲ ਹੀ ਰੁੱਸਿਆ ਜਾ ਸਕਦਾ ਹੈ। ਮਾਵਾਂ ਬਾਹਰੇ ਰੋਸਾ ਨਹੀਂ ਕਰਦੇ ਕਿਉਂਕਿ ਉਹਨਾਂ ਨੂੰ ਪਤਾ ਹੁੰਦਾ ਹੈ ਕਿ ਸਾਨੂੰ ਮਨਾਉਣ ਵਾਲਾ ਵੀ ਕੋਈ ਨਹੀਂ ਤੇ ਪਿਆਰ ਕਰਨ ਵਾਲਾ ਵੀ ਕੋਈ ਨਹੀਂ। ਯਤੀਮ ਬੱਚੇ ਰੋਸਾ ਕਿਸ ਕੋਲ ਪ੍ਰਗਟ ਕਰਨ। ਬੇਵਾ ਔਰਤਾਂ ਵੀ ਨਹੀਂ ਰੁਸਦੀਆਂ। ਮਾਂ ਨਾ ਹੋਣ ਤੇ ਬੱਚੇ ਹੱਸਣਾ ਭੁੱਲ ਜਾਂਦੇ ਹਨ।

ਰੋਸੇ ਨਾਲ ਹੰਝੂ ਆਉਂਦੇ ਹਨ। ਵੈਰਾਗ ਉਤਪੰਨ ਹੁੰਦਾ ਹੈ ਤੇ ਸਿਮਰਨ ਦੀ ਸਹੀ ਸਥਿਤੀ ਆ ਜਾਂਦੀ ਹੈ। ਮਾਂ ਦੇ ਵੈਰਾਗ ਨੂੰ ਕੂੰਜਾਂ ਚੰਗੀ ਤਰ੍ਹਾਂ ਜਾਣਦੀਆਂ ਹਨ। ਹੱਡਬੀਤੀ ਪੇਸ਼ ਕਰਦੀਆਂ ਹਨ। ਅਕਤੂਬਰ ਮਹੀਨੇ ਸਾਇਬੇਰੀਆ ਦੇ ਠੰਡੇ ਇਲਾਕੇ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ ਤਹਿ ਕਰ ਕੇ ਭਾਰਤ ਪਹੁੰਚਦੀਆਂ ਹਨ। ਪਰ ਬੱਚੇ ਕਿਥੇ ਛੱਡ ਕੇ ਆਉਂਦੀਆਂ ਹਨ? ਇਸ ਦਾ ਉੱਤਰ ਦੋ ਤਰ੍ਹਾਂ ਦਿੱਤਾ ਜਾ ਸਕਦਾ ਹੈ। ਪਹਿਲਾ ਇਹ ਕਿ ਬੱਚੇ ਪਿੱਛੇ ਛੱਡ ਆਉਂਦੀਆਂ ਹਨ। ਇਸ ਵਿੱਚ ਕੋਈ ਭੁਲੇਖਾ ਨਹੀਂ। ਦੂਜਾ ਨਾਲ ਲੈ ਕੇ ਆਉਂਦੀਆਂ ਹਨ। ਇਸ ਸਥਿਤੀ ਨੂੰ ਸਿਮਰਨ ਦੁਆਰਾ ਸਮਝਿਆ ਜਾ ਸਕਦਾ ਹੈ। ਮਾਸੂਮ ਬੱਚੇ ਜਿੰਨਾਂ ਦੇ ਪੰਖ ਨਹੀਂ ਆਏ ਹੁੰਦੇ। ਅੱਖਾਂ ਨਹੀਂ ਖੁੱਲ੍ਹੀਆਂ ਹੁੰਦੀਆਂ। ਆਂਡੇ ਵੀ ਦਿੱਤੇ ਹੋਏ ਹੁੰਦੇ ਹਨ ਤਾਂ ਉਹਨਾਂ ਦੀ ਸਾਂਭ ਸੰਭਾਲ ਕਰਨ ਦਾ ਉਤਰ ਗੁਰਬਾਣੀ ਸਪੱਸ਼ਟ ਕਰਦੀ ਹੈ:- "ਊਡੈ ਊਡ ਆਵੈ ਸੈ ਕੋਸਾਂ ਤਿਸ ਪਾਛੈ ਬਚਰੇ ਛਰਿਆ। ਤਿਨਾਂ ਕਵਣ ਖਿਲਾਵੈ, ਕਵਨ ਚੁਗਾਵੈ ਮਨ ਮਹਿ ਸਿਮਰਨ ਕਰਿਆ।" ਸਿਮਰਨ ਦੁਆਰਾ ਉਹਨਾਂ ਦੀ ਦੇਖ ਭਾਲ ਹੁੰਦੀ ਰਹਿੰਦੀ ਹੈ। ਕੂੰਜਾਂ ਉਹਨਾਂ ਨੂੰ ਆਪਣੇ ਅੰਗ ਸੰਗ ਸਮਝਦੀਆਂ ਹਨ। ਕੂੰਜ ਜਦੋਂ ਦਾਣਾ ਚੁਗਦੀ ਹੈ ਤਾਂ ਧਿਆਨ ਬੱਚੇ ਵਿੱਚ ਰਹਿੰਦਾ ਹੈ। ਫਿਰ ਦਾਣੇ ਨੂੰ ਚੁੰਜ ਪਾਉਂਦੀ ਹੈ ਤਾਂ ਵੈਰਾਗ ਉਤਪੰਨ ਹੁੰਦਾ ਹੈ। ਜਦੋਂ ਫਿਰ ਚੁੰਜ ਪਾਉਂਦੀ ਹੈ ਤਾਂ ਇਉਂ ਲਗਦਾ ਹੈ ਜਿਵੇਂ ਦਾਣਾ ਬੱਚੇ ਦੇ ਮੂੰਹ ਵਿਚ ਪਾ ਰਹੀ ਹੋਵੇ। ਕਿਉਂਕਿ ਪੰਛੀ ਬੱਚਿਆਂ ਨੂੰ ਚੁੰਜ ਰਾਹੀਂ ਖੁਰਾਕ ਦਿੰਦੇ ਹਨ। ਜਿਵੇਂ ਭਗਤ, ਰੱਬ ਦਾ ਰੂਪ ਹੋ ਜਾਂਦੇ ਹਨ। ਰੁਮਾਂਸ ਵਿੱਚ ਇਹ ਜ਼ਿਕਰ ਆਉਂਦਾ ਹੈ, ਰਾਂਝਾ ਰਾਂਝਾ ਕਰਦੀ ਨੀ ਮੈਂ

ਆਪੇ ਰਾਂਝਾ ਹੋਈ। ਆਖੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ। ਆਪਣੀ ਸੁਧ ਬੁਧ ਹੀ ਭੁੱਲ ਜਾਂਦੀ ਹੈ ਤੇ ਇੱਕੋ ਚੀਜ਼ ਰਹਿ ਜਾਂਦੀ ਹੈ, ਸਿਰਫ ਸਿਮਰਨ ਕਰਨਾ ਤੇ ਸਿਮਰਤੀ 'ਚ ਬਿਠਾਉਣਾ।

ਵਿਗਿਆਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਵਿਚਾਰ ਹਜ਼ਾਰਾਂ ਮੀਲ ਪਹੁੰਚ ਜਾਂਦੇ ਹਨ। ਪਰ ਚਿੰਤਨ ਉਸ ਤੋਂ ਜ਼ਿਆਦਾ ਤੇਜੀ ਨਾਲ, ਜ਼ਿਆਦਾ ਦੂਰੀ ਤਹਿ ਕਰਦਾ ਹੈ। ਵਾਰ ਵਾਰ ਕੀਤਾ ਗਿਆ ਚਿੰਤਨ ਆਹਾਰ ਵੀ ਬਣਦਾ ਹੈ। ਇਹ ਕਿਵੇਂ ਬਣਦਾ ਹੈ? ਇਸ ਦਾ ਉੱਤਰ ਗੁਰਬਾਣੀ ਦਿੰਦੀ ਹੈ। ਕੂੰਜ ਦਾਣਾ ਚੁਗਦੀ ਹੈ ਤੇ ਬੱਚੇ ਨੂੰ ਚਿਤਾਰਦੀ ਹੈ। ਇਹ ਮਮਤਾ ਆਹਾਰ ਬਣ ਜਾਂਦੀ ਹੈ। ਵਾਰ ਵਾਰ ਅਜਿਹਾ ਕਰਨ ਤੇ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਬੱਚੇ ਨੂੰ ਚੋਗਾ ਦੇ ਰਹੀ ਹੈ। ਚਿੰਤਨ ਨਾਲ ਅਹਿਸਾਸ ਹੁੰਦਾ ਹੈ ਕਿ ਬੱਚਾ ਮੈਥੋਂ ਜੁਦਾ ਨਹੀਂ ਹੋਇਆ। ਮਾਂ ਵਿੱਚ ਵੀ ਪ੍ਰਮਾਤਮਾ ਨੇ ਸਿਮਰਨ ਦੀ ਬਖ਼ਸ਼ਿਸ਼ ਕੀਤੀ ਹੋਈ ਹੈ।

# ਦੁਖੀ ਹੈ ਜਗ ਜਣਨੀ

ਮੇਰੀ ਮਾਂ ਹੈ। ਸਭ ਦੀ ਮਾਂ ਹੈ। ਜਗ ਦੀ ਮਾਂ ਹੈ। ਸਭ ਦਾ ਭਲਾ ਚਹੁੰਦੀ। ਨੇਕੀ ਕਮਾਉਂਦੀ। ਪਰ ਔਲਾਦ ਤੈਨੂੰ ਸਤਾਉਂਦੀ। ਸਭ ਕੁਝ ਹੁੰਦਿਆਂ ਸੁੰਦਿਆਂ ਤੂੰ ਦੁਖੀ। ਤੇਰੀ ਕਮਰ ਝੁਕੀ ਦੀ ਝੁਕੀ। ਮਰਿਆਂ ਤੋਂ ਵੀ ਦੁਖੀ। ਜਿਉਂਦਿਆਂ ਤੋਂ ਵੀ ਦੁਖੀ। ਨਾ ਤੂੰ ਸੁਖੀ, ਨਾ ਤੇਰੇ ਜਾਏ। ਨਾ ਆਪਣੇ ਤੇ ਨਾ ਪਰਾਏ। ਪੁੱਤਾਂ ਨੂੰ ਨਸ਼ਿਆਂ ਨੇ ਘੇਰ ਲਿਆ ਤੇ ਤੈਥੋਂ ਮੁੱਖ ਫੇਰ ਲਿਆ। ਨਸ਼ੇ ਨਿਗਲ ਗਏ ਤੇ ਘਰੋਂ ਨਿਕਲ ਗਏ। ਨਸ਼ਿਆਂ ਨੇ ਜਵਾਨੀ ਹੜੱਪ ਕਰ ਲਈ। ਮਨੋਬਿਰਤੀ ਅਪਰਾਧੀ ਹੋ ਗਈ। ਜਿੰਨ੍ਹਾਂ ਨੂੰ ਖੂਹੀ ਟੋਭੀ ਪੈ ਕੇ, ਜੰਮਣ ਪੀੜਾਂ ਸਹਿ ਕੇ ਜਗ ਵਿਖਾਇਆ। ਜਿੰਨਾਂ ਦੀ ਘਰੋਂ ਜਾਂਦਿਆਂ ਦੀ ਪਿੱਠ ਵੇਖਦੀ ਤੇ ਮੁੜਦਿਆਂ ਦਾ ਮੂੰਹ ਵੇਖਦੀ। ਉਹੋ ਪੁੱਤ ਕਪੁੱਤ ਹੋ ਗਏ। ਨਖੱਟੂ ਬਣ ਗਏ। ਕਿਰਤ ਛੱਡ ਗਏ। ਮਾਂ ਨੂੰ ਨਰਕ ਵਿੱਚ ਛੱਡ ਗਏ।

ਮਾਵਾਂ, ਧੀਆਂ, ਭੈਣਾਂ, ਭਰਜਾਈਆਂ, ਪਤਨੀਆਂ, ਨਾਨੀਆਂ, ਦਾਦੀਆਂ ਤੋਂ ਲੈ ਕੇ ਪੋਤੜਿਆਂ 'ਚ ਪਲ ਰਹੀਆਂ, ਅੰਗੂਠਾ ਚੂਸਦੀਆਂ ਬੱਚੀਆਂ ਨਾਲ ਵਾਪਰਦੀਆਂ ਅਣਹੋਣੀਆਂ ਨੇਮਾਂ ਤੇਰਾ ਚੈਨ ਖੋਹਿਆ ਹੋਇਆ ਹੈ। ਪੰਘੂੜੇ 'ਚ ਖੇਡਦੀਆਂ, ਸੁਪਨੇ ਪਾਲਦੀਆਂ, ਮਾਸੂਮ ਬੱਚੀਆਂ ਘਰਾਂ ਵਿੱਚ ਵੀ ਜ਼ੋਰ-ਜਬਰੀਆਂ ਤੋਂ ਮਹਿਫੂਜ ਨਹੀਂ। ਨਾ ਦਿਨ, ਨਾ ਰਾਤ, ਨਾ ਆਪਣੇ, ਨਾ ਪਰਾਏ, ਨਾ ਨੌਜਵਾਨ, ਨਾ ਬੁੱਢੇ ਠੇਰੇ ਧੌਲੀਆਂ ਦਾੜੀਆਂ ਵਾਲੇ ਵੀ ਕੁਝ ਨਹੀਂ ਵੇਖਦੇ। ਸੁੱਤੀਆਂ ਨੂੰ ਮੋਢੇ ਲਾ ਕੇ ਸੁੰਨਸਾਨ ਥਾਵਾਂ ਤੇ ਇਨਸਾਨੀਅਤ ਨੂੰ ਕਲੰਕ ਲਾਇਆ ਜਾਂਦਾ ਹੈ। ਬੇਪਤ ਹੋਈ ਨਿਧਾਨ ਆਖਰੀ ਸਾਹ ਲੈ ਰਹੀ ਹੁੰਦੀ ਹੈ। ਜ਼ਿੰਦਗੀ ਦੇ ਵੱਡੇ ਆਸ਼ੇ ਮਿੱਥਦੀਆਂ, ਚੋਹਲ ਮੋਹਲ ਕਰਦੀਆਂ, ਮਾਪਿਆਂ ਦੀਆਂ ਲਾਡਲੀਆਂ ਜਦੋਂ ਕਿਸੇ ਦਰਿੰਦੇ ਹੱਥ ਆ ਜਾਂਦੀਆਂ ਹਨ ਤਾਂ ਮਾਂ ਤੇਰੀ ਮਮਤਾ ਛਣ ਨੂੰ ਹੋ ਜਾਂਦੀ ਹੈ। ਧੀ ਦੀ ਕੋਮਲ ਕਾਇਆ ਵਲੂੰਧਰੀ ਜਾਂਦੀ ਹੈ। ਮਾਂ ਤੇਰੇ ਹੰਝੂ ਰੋਕੇ ਨਹੀਂ ਜਾ ਸਕਦੇ। ਸੋਚਦੀ ਹੈ ਕਿ ਅਜਿਹੀ ਅਣਹੋਣੀ ਕਿਸੇ ਨਾਲ ਨਾ ਹੋਵੇ। ਜਦੋਂ ਉਸ ਦੀ ਲਾਸ਼ ਪਿਤਾ ਦੇ ਮੋਢਿਆਂ ਤੇ ਆਉਂਦੀ ਹੈ ਤਾਂ ਮਾਂ ਧਰਤੀ 'ਚ ਗਰਕ ਹੋਣ ਨੂੰ ਜੀਆ ਕਰਦਾ ਹੋਵੇਗਾ। ਲੀਰੋ ਲੀਰ ਹੋਈ ਬੱਚੀ ਜੇ ਬਚ ਜਾਵੇ ਤਾਂ ਕੋਈ ਵੀ ਸਹਾਰਾ ਨਹੀਂ ਦਿੰਦਾ। ਰਹਿੰਦੀ ਕਸਰ ਅਖ਼ਬਾਰਾਂ, ਟੀ. ਵੀ. ਵਾਲੇ ਕੱਢ ਦਿੰਦੇ ਹਨ। ਮਸਾਲੇ ਲਾ ਲਾ ਕੇ ਤੇਰੇ ਜ਼ਖ਼ਮਾਂ ਤੇ ਲੂਣ ਛਿੜਕਦੇ ਹਨ। ਨਾਸੂਰ ਬਣੇ ਜ਼ਖ਼ਮ ਫਿਰ ਰਿਸਣ ਲੱਗ ਜਾਂਦੇ ਹਨ। ਔਲਾਦ ਹੱਥੋਂ ਤੇਰਾ ਅਪਮਾਨ। ਉਸ ਹੱਥੋਂ ਇੱਜ਼ਤ ਵੀਰਾਨ। ਕੀ ਤੇਰਾ ਦੁੱਧ ਫਿੱਟ ਗਿਆ। ਤੇਰੇ ਜਾਏ ਹੈਵਾਨ ਬਣ ਗਏ। ਮਾਂ ਤੂੰ ਕਦੇ ਵੀ ਨਹੀਂ ਚਿਤਵਿਆ ਹੋਵੇਗਾ ਕਿ ਮੇਰੇ ਲਾਡਲੇ ਮੇਰੀ ਇੱਜ਼ਤ ਨੂੰ ਹੱਥ ਪਾਉਣ। ਤੂੰ ਤਾਂ ਉਹਨਾਂ ਦੀ ਤਰੱਕੀ ਲਈ ਦੁਆਵਾਂ ਕੀਤੀਆਂ। ਧਾਰਮਿਕ ਸਥਾਨਾਂ ਤੇ ਮੱਥੇ ਰਗੜੇ।

ਨਿਕੰਮਿਆਂ ਨੇ ਛੇੜ ਲਏ ਨਿੱਤ ਦੇ ਝਗੜੇ।

ਮਾਨਵੀ ਮੁੱਲਾ ਤੋਂ ਗਿਰੇ ਇਹਨਾਂ ਅਪਰਾਧੀਆਂ ਨੂੰ ਪੁੱਛਿਆ ਜਾਵੇ ਕਿ ਤੁਹਾਡੀ ਮਾਂ ਕੌਣ ਹੈ? ਪਤਨੀ ਕੌਣ ਹੈ? ਭੈਣ ਕੌਣ ਹੈ? ਉਹ ਵੀ ਕੋਈ ਔਰਤ ਹੀ ਹੋਵੇਗੀ। ਜਿਸ ਦੀ ਗੋਦ ਦਾ ਜਜ਼ਬਾਤੀ ਨਿਘ ਮਾਣ ਕੇ ਗਭਰੂ ਬਣੇ ਹੋ। ਪਰ ਇਹਨਾਂ ਨੂੰ ਬੁਰਾਈ ਕਰਨ ਵਿੱਚ ਸੁਆਦ ਆਉਂਦਾ ਹੈ। ਅਜਿਹੇ ਲੋਕ ਇਤਿਹਾਸ ਵਿੱਚ ਬਹੁਤ ਮਿਲਦੇ ਹਨ। ਜਿੰਨਾਂ ਨੂੰ ਮਨੁੱਖ ਕਹਿਣਾ ਆਪਣੀ ਜੀਭ ਨੂੰ ਅਪਵਿੱਤਰ ਕਰਨਾ ਹੈ। ਇਹਨਾਂ ਨਾਲੋਂ ਤਾਂ ਪਸ਼ੂ ਕਈ ਗੁਣਾ ਬਹੁਤ ਚੰਗੇ ਹਨ। ਮਾਂ! ਔਰਤ ਦਾ ਅਪਮਾਨ ਸ੍ਰਿਸ਼ਟੀ ਦਾ ਅਪਮਾਨ ਹੁੰਦਾ ਹੈ ਕਿਉਂਕਿ ਸਿਰਜਨਾ ਮਾਂ ਬਿਨਾਂ ਨਹੀਂ ਹੋ ਸਕਦੀ।

ਮਾਂ! ਤੂੰ ਧਾਰਮਿਕ ਅਸਥਾਨਾਂ ਨੂੰ ਇਹਨਾਂ ਅਪਰਾਧਾਂ ਤੋਂ ਮੁਕਤ ਸਮਝਦੀ ਹੋਵੇਗੀ। ਤੈਨੂੰ ਭੁਲੇਖਾ ਹੈ। ਮਾਂ ਜਿੱਥੇ ਪੂਜਾ ਪਾਠ ਹੁੰਦਾ ਹੈ। ਜਿਸ ਥਾਂ ਨੂੰ ਪਵਿੱਤਰ ਸਮਝਿਆ ਜਾਂਦਾ ਹੈ। ਜਿੱਥੇ ਦੁੱਖ ਟੁੱਟਣ ਦਾ ਢੌਂਗ ਰਚਿਆ ਜਾਂਦਾ ਹੈ ਉੱਥੇ ਹੀ ਤੂੰ ਜਾ ਕੇ ਅਰਜਾਂ ਬੇਨਤੀਆਂ ਕਰਦੀ ਹੈ। ਅਪਰਾਧੀ ਬਿਰਤੀ ਦੇ ਲੋਕ ਉੱਥੇ ਹੀ ਹਾਜ਼ਰ ਹੁੰਦੇ ਹਨ। ਇਹ ਥਾਵਾਂ ਵੀ ਦੋਸ਼ ਮੁਕਤ ਨਹੀਂ। ਮਨੋਵਿਕਾਰ ਇੱਥੇ ਵੀ ਪਲਦੇ ਹਨ। ਦੁਸ਼ਕਰਮ ਕਰਨ ਵਾਲਿਆਂ ਦੇ, ਅਜਿਹੇ ਅਸਥਾਨ ਨਿਸ਼ਾਨੇ ਤੇ ਹੁੰਦੇ ਹਨ। ਸੋਚੀ ਸਮਝੀ ਸਾਜ਼ਸ਼ ਨਾਲ ਬਾਬੇ ਬਣ ਕੇ ਦਰ ਪਰਦਾ ਕਾਮ ਦੇ ਹਮਾਮ ਵਿੱਚ ਡੁਬਕੀ ਲਾਉਂਦੇ ਰਹਿੰਦੇ ਹਨ। ਆਸਾ ਰਾਮ ਵਰਗੇ ਹੋਰ ਵਧੇਰੇ ਹਨ ਜਿੰਨ੍ਹਾਂ ਦਾ ਨੰਗੇਜ਼ ਪ੍ਰਗਟ ਕਰਦਿਆਂ ਸ਼ਰਮ ਆਉਂਦੀ ਹੈ। ਇਹਨਾਂ ਲੋਕਾਂ ਨੂੰ ਲੱਖਾਂ ਦੀ ਭੀੜ ਮੋਢਿਆਂ ਤੇ ਚੁਕਦੀ ਹੈ। ਪਰ ਅਜਿਹੇ ਕਿਸੇ ਬੰਦੇ ਦਾ ਨਾੜੂਆ ਫਰੋਲਿਆ ਜਾਵੇ ਤਾਂ ਬਲਾਤਕਾਰਾਂ ਦੀਆਂ ਸ਼ਿਕਾਰ ਹੋਈਆਂ ਕੋਮਲ ਕਲੀਆਂ ਦੀਆਂ ਕੁਰਲਾਉਂਦੀਆਂ ਰੂਹਾਂ ਗਲ ਨੂੰ ਗਲਵਕੜੀਆਂ ਪਾ ਕੇ ਦੁੱਖ ਦਸਣਾ ਚਾਹੁੰਦੀਆਂ ਹਨ ਕਿ ਦਰ ਪਰਦਾ ਉਹਨਾਂ ਨਾਲ ਕਿੰਨਾਂ ਜ਼ੁਲਮ ਹੋਇਆ ਹੈ ਰਾਜਨੀਤਕ ਹਲਕਿਆਂ ਵਿੱਚ ਵੀ ਸਭ ਅੱਛਾ ਨਹੀਂ। ਉਹਨਾਂ ਦੀਆਂ ਸੇਜਾਂ ਜ਼ਿਆਦਾ ਸ਼ਿੰਗਾਰੀਆਂ ਹੁੰਦੀਆਂ ਹਨ ਅਤੇ ਟੀਸੀ ਦੇ ਫੁੱਲ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਨ। ਕਈ ਖਬਰਾਂ ਅਖ਼ਬਾਰਾਂ ਵਿੱਚ ਛਪ ਕੇ ਆਪਣੀਆਂ ਹੱਡ ਬੀਤੀਆਂ ਬਿਆਨ ਕਰ ਚੁੱਕੀਆਂ ਹਨ।

ਮਾਂ! ਇਹ ਵਹਿਸ਼ੀ ਦਰਿੰਦਾ ਕੋਈ ਓਪਰਾ ਨਹੀਂ। ਅਜਨਬੀ ਨਹੀਂ। ਇਹ ਓਹੀ ਹੈ ਜਿਸ ਨੂੰ ਉਗਾਲੀ ਕੱਢ ਕੇ ਦਿੰਦੀ ਰਹੀ। ਜਿਸ ਦੀ ਖਾਤਰ ਖੂਹਾਂ 'ਚ ਰੋਟੀਆਂ ਪਕਾਈਆਂ। ਜਿਸ ਦੀ ਹਰ ਖੁਸ਼ੀ ਤੇ ਕੁਰਬਾਨ ਹੁੰਦੀ ਰਹੀ। ਸਾਹ ਸੁਕਾਉਂਦੀ ਰਹੀ। ਉਹੀ ਦੁਸ਼ਮਣ ਹੋ ਕੇ ਮਿਲਿਆ ਹੈ। ਕਿਸੇ ਮਾਂ ਦਾ ਪੁੱਤ ਹੈ। ਭੈਣ ਦਾ ਵੀਰ ਹੈ। ਪਤਨੀ ਦਾ ਖਾਵੰਦ ਹੈ। ਧੀ ਦਾ ਪਿਓ ਵੀ ਹੈ। ਇਹ ਪੁੱਤ ਹੀ ਕਪੁੱਤ ਬਣ ਕੇ ਨਹੀਂ ਆਇਆ ਸਗੋਂ ਆਵਾ ਹੀ ਊਤਿਆ ਪਿਆ ਹੈ।

ਮਾਂ ਤੂੰ ਸਮਝਦੀ ਹੋਵੇਗੀ ਕਿ ਦੁੱਖਾਂ ਨਾਲ ਪਾਲ਼ਿਆ ਮੇਰਾ ਪੁੱਤ ਬੁਢਾਪੇ ਵਿੱਚ ਮੇਰੀ ਡੰਗੋਰੀ ਫੜੇਗਾ। ਐਸਾ ਵਿਚਾਰ ਭੁੱਲ ਕੇ ਵੀ ਨਾ ਰੱਖੀ। ਇਹਨਾਂ ਤੋਂ ਤਾਂ ਆਪਣਾ ਆਪ ਸਾਂਭਿਆ ਨਹੀਂ ਜਾਂਦਾ। ਟੂਲੇ ਖਾਂਦੇ ਫਿਰਦੇ ਹਨ। ਇਸ ਕਰਕੇ ਤੇਰੀ ਨੂੰਹ ਉਦਾਸ ਨਿਰਾਸ, ਬੇਚੈਨ ਘਰ ਛੱਡਣ ਨੂੰ ਤਿਆਰ ਹੀ ਨਹੀਂ ਸਗੋਂ ਇਸ ਸੰਸਾਰ ਨੂੰ ਅਲਵਿਦਾ ਕਹਿਣ ਲਈ ਤਰਲੋ ਮੱਛੀ ਹੋ ਰਹੀ ਹੈ। ਪਰ ਬੱਚਿਆਂ ਦੇ ਰੁਲਣ ਡਰੋਂ ਅਜਿਹਾ ਨਹੀਂ ਕਰਦੀ। ਤੇਰੇ ਪੁੱਤ ਨੂੰ ਨਾ ਬੱਚਿਆਂ ਦਾ ਫਿਕਰ ਹੈ ਤੇ ਨਾ ਤੇਰੀ ਨੂੰਹ ਦਾ। ਨਸ਼ੇ 'ਚ ਟੱਲੀ ਹੋਇਆ ਰਾਤ ਨੂੰ ਘਰੇ ਵੜਦਾ ਹੈ। ਆਉਣ ਸਾਰ ਗਾਲਾਂ ਦੀ ਬੁਛਾੜ ਕਰਦਾ ਹੈ। ਉੱਚਾ-ਨੀਵਾਂ, ਅਵਾ-ਤਵਾ ਬੋਲਦਾ ਹੈ। ਚੀਕ ਚਿਹਾੜਾ ਪੈ ਜਾਂਦਾ ਹੈ। ਨਿੱਤ ਦੇ ਝਗੜਿਆਂ ਦੀ ਨਪੀੜੀ ਮਾਨਸਿਕ ਪੀੜਾ ਨੂੰ ਕਿਸੇ ਹਮਦਰਦੀ ਕੋਲ ਦੱਸਣ ਗੋਚਰੀ ਵੀ ਮਾਂ ਤੂੰ ਨਹੀਂ। ਆਪਣਾ ਆਪ ਵਗੋਇਆ ਤੇ ਆਪੇ ਖੱਜਲ ਹੋਇਆ। ਝਗੜੇ, ਝੇੜੇ, ਬੇਚੈਨੀ ਹਰ ਘਰ ਵਿੱਚ ਵੇਖਣ ਸੁਣਨ ਨੂੰ ਮਿਲਦੇ ਹਨ। ਨਸ਼ਿਆਂ ਵਾਲਿਆਂ ਦੀਆਂ ਸਤਾਈਆਂ, ਦੁਖੀ

ਕੀਤੀਆਂ ਧੀਆਂ, ਭੈਣਾਂ, ਪਤਨੀਆਂ, ਮਾਵਾਂ, ਆਪਣੇ ਆਪ ਨੂੰ ਸੌਖਿਆਂ ਕਰਨ ਲਈ ਜ਼ਹਿਰਾਂ ਪੀ ਕੇ ਸੁਰਖਰੂ ਹੋ ਰਹੀਆਂ ਹਨ। ਅੱਗਾਂ ਲਾ ਕੇ ਸੜਨ ਬਲਨ ਤੇ ਮੱਚਣ ਵਿੱਚ ਵੀ ਸੇਕ ਖੰਡ ਵਰਗਾ ਲਗਦਾ ਹੈ। ਬਹੁਤੀ ਵਾਰ ਢਿੱਡੋਂ ਜਾਏ ਮਾਸੂਮਾਂ ਨੂੰ ਉਂਗਲੀ ਲਾ ਕੇ ਨਾਲ ਲੈ ਜਾਂਦੀਆਂ ਹਨ ਤੇ ਕਹਿੰਦੀਆਂ ਆਓ ਆਪਾਂ ਸੁਖੀ ਹੋਣ ਚਲੀਏ। ਇਸ ਨਰਕ ਭਰੇ ਜੀਵਨ ਨਾਲੋਂ ਨਾਤਾ ਤੋੜਨ ਲਈ ਨਹਿਰਾਂ, ਝੀਲਾਂ ਵਿੱਚ ਅਭੇਦ ਹੋ ਜਾਂਦੀਆਂ ਹਨ। ਬਲਾਤਕਾਰ ਦੀਆਂ ਸ਼ਿਕਾਰ ਹੋਈਆਂ ਵੀ ਦੁਖੀ ਹੋਈਆਂ, ਸਾਰੀ ਉਮਰ ਜਲੀਲ ਹੋਣ ਨਾਲੋਂ ਗਲ ਫੰਧਾ ਪਾ ਕੇ ਦੁੱਖਾਂ ਦੀ ਅਲਖ ਮੁਕਾ ਰਹੀਆਂ ਹਨ।

ਇਹ ਦੁਸਟ ਮਾਵਾਂ ਨਾਲ ਕਿਹੜਾ ਘੱਟ ਕਰਦੇ ਹਨ। ਉਹਨਾਂ ਦੇ ਗਲੇ ਘੁੱਟੇ ਜਾਂਦੇ ਹਨ। ਨਹਿਰਾਂ ਵਿੱਚ ਡਬੋਇਆ ਜਾਂਦਾ ਹੈ। ਕਤਲ ਕੀਤਾ ਜਾਂਦਾ ਹੈ। ਇਹਨਾਂ ਵਹਿਸ਼ੀਆਂ ਦਾ ਵਰਤਾਰਾ ਕਦੋਂ ਤਕ ਚਲਦਾ ਰਹੇਗਾ? ਮਾਂ! ਤੂੰ ਸੋਚਦੀ ਹੋਵੇਂਗੀ ਕਿ ਮੇਰਾ ਪਿਆਰਾ ਪੁੱਤਰ, ਸਪੁੱਤਰ ਬਣੇਗਾ। ਕਿਉਂਕਿ ਤੇਰੇ ਕੋਲ ਸਬਰ, ਸੰਤੋਖ ਦਾ ਅਮੁੱਕ ਭੰਡਾਰ ਹੈ। ਤੂੰ ਆਸ ਨੂੰ ਹੱਥੋਂ ਨਹੀਂ ਛੱਡਦੀ।

ਮਾਂ! ਇਹ ਵੀ ਨਾ ਸੋਚੀਂ ਕਿ ਸੌਖੀ ਹੋ ਜਾਵਾਂਗੀ। ਤੇਰਾ ਤਾਂ ਬਿਰਧ ਘਰ ਵਿੱਚ ਜਾ ਕੇ ਛੁਟਕਾਰਾ ਹੋਣਾ ਹੈ। ਜਾਂ ਫਿਰ ਪ੍ਰਮਾਤਮਾ ਸੰਮਣ ਭੇਜੇ ਤਾਂ ਭੋਰਾ ਦੁੱਖ ਨਹੀਂ ਆਵੇਗਾ। ਮਾਂ ਜਦੋਂ ਘਰ ਤਬਾਹ ਹੋ ਜਾਂਦਾ ਹੈ। ਕੋਈ ਸਹਾਰਾ ਨਹੀਂ ਰਹਿੰਦਾ। ਕਿਸੇ ਤੀਲੇ ਨੂੰ ਹੱਥ ਨਹੀਂ ਪੈਂਦਾ। ਸਭ ਕੁਝ ਲੁੱਟਿਆ ਪੁੱਟਿਆ ਜਾਂਦਾ ਹੈ ਤਾਂ ਤੇਰਾ ਪੁੱਤ ਵੀ ਝੰਬਿਆ ਹੰਭਾਇਆ ਆਤਮ ਹੱਤਿਆ ਵੱਲ ਤੁਰ ਪੈਂਦਾ ਹੈ। ਨਹਿਰਾਂ, ਗੱਡੀਆਂ, ਸਲਫਾਸ ਇਹਨਾਂ ਲਈ ਰਾਖਵੀਆਂ ਹਨ। ਅਜਿਹੇ ਲੋਕਾਂ ਨੂੰ ਸੜਕਾਂ ਵੀ ਬਾਹਾਂ ਫ਼ੈਲਾਅ ਕੇ ਜੀ ਆਇਆਂ ਨੂੰ ਆਖਦੀਆਂ ਹਨ। ਅਖ਼ਬਾਰਾਂ ਦੇ ਸਫੇ ਰੋਜ਼ ਹੀ ਭਰਦੇ ਹਨ।

ਮਾਂ ਤੂੰ ਕਿੰਨਾਂ ਚਿਰ ਪਰਦਾ ਰੱਖੇਗੀ। ਅਜਿਹੀ ਔਲਾਦ ਤੋਂ ਤੋਬਾ ਕਰਨੀ ਪਵੇਗੀ। ਭਾਵੇਂ ਕਦੋਂ ਹੀ ਕਰ ਲਵੇ। ਪੁੱਤਾਂ ਵਾਲਾ ਸਿਲਸਿਲਾ ਤੈਨੂੰ ਤਿਆਗਣਾ ਪਵੇਗਾ। ਧੀਆਂ ਦੀ ਹੱਤਿਆ ਕਰ ਕੇ ਪੁੱਤਾਂ ਨੂੰ ਜਨਮ ਦਿੰਦੀ ਹੈ। ਪੁੱਤਾਂ ਕਰ ਕੇ ਹੀ ਦੁਖੀ ਹੈ। ਪੁੱਤਾਂ ਦੀ ਸਤਾਈ ਧੀਆਂ ਕੋਲ ਜਾ ਕੇ ਦਿਨ ਤੋੜਦੀ ਹੈ। ਤੇਰੇ ਬਿਮਾਰ ਹੋਈ ਦਾ ਪਤਾ ਧੀ ਲੈਣ ਆਉਂਦੀ ਹੈ। ਇਲਾਜ ਵੀ ਉਹੀ ਕਰਵਾਉਂਦੀ ਹੈ। ਫਿਰ ਵੀ ਪੁੱਤਾਂ ਨੂੰ ਮਾੜਾ ਨਹੀਂ ਆਖਦੀ। ਸਗੋਂ ਚਹੁੰਦੀ ਹੈ ਕਿ ਉਸ ਦਾ ਵਾਲ ਵਿੰਗਾ ਨਾ ਹੋਵੇ। ਉਹਦੀ ਥਾਂ ਰੱਬ ਮੈਨੂੰ ਚੁੱਕ ਲਵੇ। ਮੇਰੀ ਮਾਂ ਦੁਖੀ ਹੈ। ਸਭ ਦੀ ਮਾਂ ਦੁਖੀ ਹੈ। ਜਗ ਦੀ ਮਾਂ ਦੁਖੀ ਹੈ।

# ਮਾਂ ਦਾ ਚਰਖਾ ਕਰੇ ਵਿਰਲਾਪ
# ਨਾ ਕੋਈ ਕੱਤਣ ਵਾਲੀ, ਨਾ ਮਾਂ ਆਪ

ਪੇਕਿਆਂ ਤੋਂ ਲਿਆਂਦੇ ਚਰਖੇ ਦੀ ਤਾਰੀਫ ਕਰਦੀ ਨਾ ਥੱਕਦੀ। ਇਸ ਨੂੰ ਰਹੂੜੇ ਦੀ ਲੱਕੜ ਲੱਗੀ ਹੋਈ ਹੈ। ਇਸ ਲੱਕੜ ਦਾ ਬਣਿਆ ਚਰਖਾ ਚੁੱਕਣ ਵਿੱਚ ਹੌਲਾ ਫੁੱਲ ਤੇ ਚੱਲਣ ਵਿੱਚ ਤੇਜ। ਭੋਰਾ ਜ਼ੋਰ ਨਹੀਂ ਲਗਦਾ। ਬਾਹਾਂ ਨਹੀਂ ਥਕਦੀਆਂ। ਗੁੱਝ ਕਰੀਰ ਦੀ ਲੱਕੜ ਦੀ ਬਣੀ ਹੋਈ ਹੈ। ਨਾ ਘਸੇ ਤੇ ਨਾ ਟੁੱਟੇ। ਨਾ ਕੋਈ ਚੱਲ ਪਵੇ। ਤੇਲ ਦਾ ਫੰਬਾ ਲਾਉ ਤੇ ਹੱਥੜਾ ਫੇਰੋ ਮਾੜਾ ਜਿਹਾ ਟੁਲ ਲਾਣ ਤੇ ਘੂਕ ਬੰਨ ਦਿੰਦਾ ਹੈ। ਇਸ ਨੂੰ ਬਣਾਉਣ ਵਾਲੇ ਕਾਰੀਗਰ ਚਰਖੇ ਬਣਾਉਣ ਵਿੱਚ ਮਾਹਿਰ ਸਨ ਅਤੇ ਆਲੇ ਦੁਆਲੇ ਦੇ ਪਿੰਡਾਂ ਵਿੱਚ ਮਸ਼ਹੂਰ ਸਨ। ਅਣਜਾਣ ਕਾਰੀਗਰ ਦੇ ਬਣਾਏ ਚਰਖੇ ਚਲਣ ਵਿੱਚ ਭਾਰੀ ਹੁੰਦੇ ਹਨ। ਉਹਨਾਂ ਦੇ ਘਰੇ

ਖਰਾਦ ਲੱਗੀ ਹੋਈ ਹੈ। ਮੁੰਨੇ, ਗੁੱਡੀਆਂ ਆਪ ਖਰਾਦ ਦੇ। ਫੱਲੜ ਪੂਰੇ ਮੇਚੇ ਦਾ ਬਣਾਇਆ ਜਾਂਦਾ। ਚਰਖੀ ਬਣਾਉਣ ਲਈ ਇਸ ਦਾ ਸਾਈਜ਼ ਵੱਖਰਾ ਹੁੰਦਾ। ਛੋਟੀਆਂ ਬੱਚੀਆਂ ਨੂੰ ਕੱਤਣਾ ਸਿਖਾਉਣ ਤੇ ਕਮਜ਼ੋਰ ਬੁੱਢੀਆਂ ਦੇ ਕੱਤਣ ਲਈ ਉਹ ਚਰਖੀਆਂ ਵੀ ਬਣਾਉਂਦੇ। ਚਰਖੇ ਦੇ ਫੱਟ ਖਾਸ ਗੁਲਾਈ ਵਿਚ ਬਣਾਏ ਜਾਂਦੇ ਤੇ ਚਮਕਦੀਆਂ ਮੇਖਾਂ ਕੋਕਿਆਂ ਨਾਲ ਸਜਾਏ ਜਾਂਦੇ। ਪਿਤਲ ਦੇ ਪੱਤਰੇ ਤੇ ਜਾਨਵਰਾਂ ਦੀਆਂ ਤਸਵੀਰਾਂ ਬਣਾ ਕੇ, ਦਿਲਖਿਚਵਾਂ ਬਣਾਇਆ। ਕੱਤਣ ਵਾਲੀ ਨੂੰ ਨੀਂਦ ਨਾ ਆਵੇ ਤੇ ਘੂਕਰ ਵੀ ਸੁਣਦੀ ਰਹੇ, ਇਸ ਮੰਤਵ ਲਈ ਮਝੇਰੂ ਉਪਰ ਤਿੰਨ ਕੁ ਥਾਂਈਂ ਪਤਲੀ ਚਾਦਰ ਜਾਂ ਡੱਬੇ ਦੇ ਗੋਲ ਪਤਰੇ ਬਣਾ ਕੇ ਮੇਖਾਂ ਨਾਲ ਜੜ ਦਿੰਦੇ। ਚਰਖੇ ਦੇ ਗੇੜੇ ਨਾਲ ਜਦੋਂ ਆਪਸ ਵਿੱਚ ਵਜਦੇ ਤਾਂ ਤਾਲ ਪੈਦਾ ਕਰਦੇ। ਚਰਖੇ ਦੀ ਘੂਕਰ ਤਾਂ ਪਹਾੜਾਂ ਤੱਕ ਪਹੁੰਚ ਜਾਂਦੀ। "ਚਰਖੇ ਦੀ ਘੂਕ ਸੁਣ ਕੇ ਜੋਗੀ ਉੱਤਰ ਪਹਾੜੋਂ ਆਇਆ।" ਇਹ ਰਾਗ ਜੋਗੀਆਂ ਨੂੰ ਵੀ ਪ੍ਰਭਾਵਿਤ ਕਰਿਆ ਕਰਦਾ। ਮੁਕਦੀ ਗੱਲ ਰੰਗ ਰੋਗਨ ਕਰ ਕੇ ਸਜ ਵਿਆਹੀ ਔਰਤ ਦੇ ਹੁਸਨ ਵਰਗਾ ਬਣਾ ਦਿੱਤਾ ਜਾਂਦਾ। ਗੋਰਾ ਗੋਰਾ ਹੱਥ ਹੱਥੜੇ ਨੂੰ ਪਾਇਆ ਚਰਖਾ ਕਹਾਣੀਆਂ ਸੁਣਾਉਣ ਲੱਗ ਜਾਂਦਾ। ਚਰਖੇ ਦਾ ਵਰਣਨ ਕਰਨ ਵੇਲੇ ਮਾਂ ਤੂੰ ਇੱਕ ਗੱਲ ਦੱਸਣੀ ਕਦੇ ਵੀ ਨਹੀਂ ਭੁੱਲਦੀ ਸੀ ਕਿ ਦਾਜ ਵਿੱਚ ਦਿੱਤੇ ਚਰਖੇ ਦੇ ਤਕਲਾ ਨਹੀਂ ਹੁੰਦਾ ਸੀ। ਤਵਾ ਤੇ ਤਾਲਾ ਵੀ ਪੇਕੇ ਨਹੀਂ ਦਿੰਦੇ ਸਨ। ਲੋਹਾ ਦੇਣਾ ਧੀ ਲਈ ਅਸ਼ੁੱਭ ਸ਼ਗਨ ਹੁੰਦਾ ਸੀ।

ਮਾਂ ਮਾਹਲ ਤੇ ਕਸਣ ਦਾ ਪੂਰਾ ਖਿਆਲ ਰਖਦੀ। ਕਿਹਾ ਕਰਦੀ, 'ਜੇ ਕਸਣ ਕਸੀ ਹੋਵੇ ਤਾਂ ਫੱਟ ਵਿੰਗੇ ਨਹੀਂ ਹੁੰਦੇ। ਮਾਹਲ ਘੱਟ ਟੁੱਟਦੀ ਹੈ। ਸਿਰ ਦੇ ਵਾਹੇ ਵਾਲਾਂ ਦੀ ਬਣਾਈ ਕਸਣ ਨੂੰ ਤਰਜੀਹ ਦਿੰਦੀ। ਕਿਉਂਕਿ ਇਹ ਕੂਲੀ ਵੀ ਹੁੰਦੀ। ਹੰਡਦੀ ਵੀ ਜ਼ਿਆਦਾ। ਸੁਹਣੀ ਵੀ ਲਗਦੀ।

ਸੂਤ ਗਿੱਲਾ ਕਰ ਕੇ ਮਾਹਲ ਆਪਣੇ ਹੱਥੀਂ ਵਟਦੀ। ਵੱਟ ਦੇਣ ਸਮੇਂ ਇੱਕ ਸਿਰਾ ਮੇਰੇ ਹੱਥ ਤੇ ਦੂਜਾ ਤੇਰੇ ਹੱਥ ਵਿੱਚ ਹੁੰਦਾ। ਪਰ ਜਦੋਂ ਕਦੇ ਸਿਰਾ ਮੇਰੇ ਕੋਲੋਂ ਛੁੱਟ ਜਾਂਦਾ ਤਾਂ ਗੁੱਸੇ ਹੋਣ ਦੀ ਬਜਾਏ ਮੇਰੇ ਹੱਥਾਂ ਦੀ ਤਾਕਤ ਆਂਕਦੀ। "ਤੇਰੇ ਹੱਥਾਂ ਵਿੱਚ ਜਾਨ ਨਹੀਂ। ਘੁੱਟ ਕੇ ਫੜਨੀ ਸੀ", ਇਸ ਤਰ੍ਹਾਂ ਬੀੜਾ ਬੰਨਣ ਵੇਲੇ ਧਾਗੇ ਤੇ ਤਕਲੇ ਦਾ ਪੂਰਾ ਧਿਆਨ ਹੁੰਦਾ। ਚਰਮਖਾ ਕਿਸੇ ਦੀਆਂ ਲਿਆਂਦੀਆਂ ਤੇਰੇ ਪਸੰਦ ਨਹੀਂ ਆਉਂਦੀਆਂ ਸਨ। ਦਮਕੜਾ ਤੇ ਚਮਮਖਾਂ ਮੋਟੇ ਚਮੜੇ ਦੀਆਂ, ਮੋਚੀ ਤੋਂ ਆਪ ਬਣਵਾ ਕੇ ਲਿਆਉਂਦੀ। ਦਮਕੜਾ ਵੀ ਵੱਡਾ ਛੋਟਾ ਹੁੰਦਾ। ਸੂਤ ਕਤਣ ਸਮੇਂ ਛੋਟਾ ਤੇ ਨੜੇ ਵੱਟਣ ਜਾਂ ਦਰੀਆਂ ਦਾ ਸੂਤ ਬਣਾਉਣ ਵੇਲੇ ਵੱਡਾ ਪਾਇਆ ਜਾਂਦਾ। ਤਾਂ ਜੋ ਤੰਦ ਪਾਉਣ ਵੇਲੇ ਕਿਤੇ ਬੀੜੇ ਨਾਲ ਨਾ ਵਲਿਆ ਜਾਵੇ। ਤਾਣਾ ਤਣਨ ਸਮੇਂ ਨੜਾ ਪਾਉਣ ਵਾਲੀ ਸਿਲਾਈ ਹੇਠਾਂ ਵੱਡਾ ਦਮਕੜਾ ਵਰਤਿਆ ਜਾਂਦਾ।

ਚਰਖੇ ਨੂੰ ਗਰੀਸ ਕਰਨ ਦੀ ਘੌਲ ਨਹੀਂ ਕਰਦੀ ਸੀ। ਫੇਰਨ ਵਿੱਚ ਭਾਰਾ ਹੋਣ ਤੋਂ ਬਚਾਉਣ ਤੇ ਰਫ਼ਤਾਰ ਤੇਜ਼ ਕਰਨ ਲਈ ਬਹੁਕਰ ਦੇ ਡੱਕੇ ਜਾਂ ਸਰਕੜੇ ਦੀ ਤੀਲ ਦੇ ਸਿਰੇ ਤੇ ਰੂੰ ਦਾ ਫੰਬਾ ਵਲੇਟ ਕੇ, ਸਰੋਂ ਦੇ ਤੇਲ 'ਚ ਭਿਉਂ ਕੇ, ਮੁੰਨਿਆਂ ਦੇ ਅੰਦਰ ਅਤੇ ਬਾਹਰ ਲਾਕੇ ਤਕਲੇ ਨੂੰ ਕੂਲਾ ਕਰਦੀ। ਚਰਮਖਾ ਤੇ ਗੁੱਡੀਆਂ ਦੇ ਸੰਨਾਂ ਵਿੱਚ ਲਾ ਕੇ ਤਕਲੇ ਨੂੰ ਕੂਲਾਂ ਕਰਦੀ। ਅਖੀਰ ਥੰਦਾ ਫੰਬਾ ਆਪਣੇ ਪਾਸੇ ਹੱਥੜੇ ਅਤੇ ਗੁੱਝ ਦੇ ਸੰਨ ਵਿੱਚ ਦੇ ਕੰਮ ਮੁਕਾਅ ਦਿੰਦੀ। ਚਰਖਾ ਭੰਬੀਰੀ ਬਣਿਆ ਰਾਗ ਪੈਦਾ ਕਰੀ ਜਾਂਦਾ। ਚਰਖਾ ਕਤਦੀ ਮਾਂ ਤੂੰ ਤਣਾਓ ਮੁਕਤ ਹੋ ਜਾਂਦੀ।

ਸਰਦੀਆਂ ਦੀਆਂ ਲੰਮੀਆਂ ਰਾਤਾਂ ਨੂੰ ਵਿਰਥਾ ਨਾ ਜਾਣ ਦਿੰਦੀ। ਰੋਟੀ ਟੁੱਕ ਖਾਣ ਤੋਂ ਮਗਰੋਂ ਸਾਰੇ ਜੀਅ ਇੱਕ ਸਬਾਤ ਵਿੱਚ ਬੈਠ ਕੇ ਦੁੱਖ-ਸੁੱਖ ਵੀ ਕਰਦੇ ਤੇ ਤੂੰ ਚਰਖੇ ਦੀ ਘੂਕਰ ਨਾਲ ਰੌਣਕ ਲਾ ਦਿੰਦੀ। ਬਚਪਨ ਦੀਆਂ ਗੱਲਾਂ ਸਾਨੂੰ ਹਸਣ ਲਈ ਮਜ਼ਬੂਰ ਕਰ ਦਿੰਦੀਆਂ। ਜਦੋਂ ਦਸਦੀ ਛੋਟੀ ਹੁੰਦੀ ਕੰਧ ਤੇ ਬੈਠ ਜਾਂਦੀ। ਡੰਡੇ ਨਾਲ ਕੁੱਟੀ ਜਾਂਦੀ। ਚੱਲ ਮੇਰਾ ਘੋੜਾ ਤੇਜ਼ ਚੱਲ। ਥਲੀ ਵਲ ਛੂਟ ਵੱਟ ਲੈ।" ਥਲੀ ਤੂੰ

ਰਾਜਸਥਾਨ ਦੀ ਧਰਤੀ ਨੂੰ ਆਖਿਆ ਕਰਦੀ। ਮਾਰੂ ਧਰਤੀ ਨੂੰ ਥਲੀ ਦਸਦੇ। ਉਹ ਪਿੰਡ ਮੇਰੇ ਬਾਪਨੇ ਬੰਨਿਆ ਸੀ ਤੇ ਅੱਧਾ ਪਰਿਵਾਰ ਉੱਥੇ ਰਹਿੰਦਾ ਸੀ। "ਇਕ ਵਾਰ ਸੂਰਜ ਨੂੰ ਗ੍ਰਹਿਣ ਲੱਗ ਗਿਆ ਤੇ ਰਾਤ ਪੈ ਗਈ। ਸਾਰਾ ਪਰਿਵਾਰ ਥਲੀ ਵਿੱਚ ਗਿਆ ਹੋਇਆ ਸੀ। ਮੰਗਤੇ ਦਾਨ ਮੰਗਣ ਆਉਣ ਲੱਗੇ। ਮੈਂ ਬਾਜਰੇ ਦੇ ਭਰ ਭਰ ਬੱਠਲ ਪਾਈ ਜਾਂਈ ਤੇ ਬਾਜਰੇ ਦੀਆਂ ਭਰੀਆਂ ਸੱਤ ਤੌੜੀਆਂ ਖਾਲੀ ਕਰ ਕੇ ਮੂਧੀਆਂ ਮਾਰ ਦਿੱਤੀਆਂ। ਮਾਂ ਨੇ ਪੁੱਛਿਆ, "ਆਹ! ਕੀ ਕੀਤੈ! ਬਾਜਰਾ ਕਿਧਰ ਗਿਆ।" "ਮਾਂ! ਮੈਂ ਕੀ ਕਰਦੀ ਰਾਤ ਪੈ ਗਈ ਸੀ। ਦਿਨ ਚੜ੍ਹਾਉਣ ਲਈ ਦਾਨ ਕਰੀ ਗਈ। ਜੇ ਬਾਜਰਾ ਨਾ ਪਾਉਂਦੀ ਤੇ ਦਿਨ ਕਿਵੇਂ ਚੜ੍ਹਦਾ।" ਪਰਿਵਾਰ ਦਾ ਹਾਸੜ ਪੈ ਜਾਂਦਾ। ਚਰਖੇ ਦੀ ਘੂਕਰ ਤੇ ਬਾਤਾਂ ਸੁਣਦੇ ਅਸੀਂ ਸੌਂ ਜਾਂਦੇ। ਮਾਂ ਦਾ ਸਰੋਂ ਦੇ ਤੇਲ ਦਾ ਦੀਵਾ ਅਜੇ ਵੀ ਜਗਦਾ ਹੁੰਦਾ। ਬੱਤੀ ਅਗਾਸ ਕੇ ਉਤਾਂਹਾ ਕਰ ਲੈਂਦੀ ਤੇ ਫਲੂਹੇ ਝਾੜ ਦਿੰਦੀ।

ਚਰਖੇ ਨਾਲ ਜੁੜੀਆਂ ਤੇਰੀਆਂ ਯਾਦਾਂ ਵੀ ਪੈਨਸ਼ਨ ਪਾ ਗਈਆਂ ਹਨ। ਉਸ ਦੀ ਬੁਰੀ ਹਾਲਤ ਹੋਈ ਪਈ ਹੈ। ਪੁਰਜਾ ਪੁਰਜਾ ਤੇ ਧੜ ਰੁਲਦੀ ਪਈ ਹੈ। ਅੰਗ ਸੰਗ ਵਿਲਕ ਰਿਹਾ ਹੈ। ਬੱਚੇ ਗੁੱਡੀਆਂ ਫੜ ਕੇ ਫੱਟਾਂ ਦੇ ਸਹਾਰੇ ਪਹੀਆ ਬਣਾ ਕੇ ਦਬੱਲਦੇ ਹਨ। ਮੁੰਨੇ, ਗੁੱਡੀਆਂ ਹਿੱਲਣ ਤੇ ਅੱਗ ਦੇ ਭੇਟ ਹੋ ਰਹੀਆਂ ਹਨ। ਫਿਰ ਇਕੱਲੇ ਫੱਟਾਂ ਦੀ ਕਿਆਮਤ ਆ ਜਾਂਦੀ ਹੈ। ਉਹਨਾਂ ਦਾ ਪਹੀਆ ਬਣਦਾ ਹੈ। ਫੱਲੜ ਵਿਚਾਰਾ ਇਸ ਤਰ੍ਹਾਂ ਰੋਡਾ ਹੋਇਆ ਪਿਆ ਹੈ ਜਿਵੇਂ ਕਿਸੇ ਸੰਤ ਨੇ ਸਿਰ ਦੇ ਵਾਲ ਮੁੰਨ ਕੇ ਰੜਾ ਪਟੰਕ ਕੱਢਿਆ ਹੋਵੇ। ਕਿਸੇ ਪਰਿਵਾਰ ਨੇ ਕੋਠੇ ਤੇ ਸੁੱਟ ਕੇ ਚਰਖੇ ਤੋਂ ਖਹਿੜਾ ਛੁਡਾਇਆ ਹੈ। ਜੇ ਕਿਸੇ ਜੱਟ ਪਰਿਵਾਰ ਦੀਆਂ ਸੁਆਣੀਆਂ ਨੇ ਸਾਂਭਿਆ ਹੋਵੇ ਤਾਂ ਉਸ ਦੀ ਰਿਹਾਇਸ਼ ਤੂੜੀ ਵਾਲੇ ਕੋਠੇ ਵਿੱਚ ਮਿਲੇਗੀ। ਉਸ ਦੀ ਸਾਥਣ ਹੱਥ ਚੱਕੀ ਵੀ ਕਿਸੇ ਖੂੰਜੇ ਪਈ ਰੁਦਨ ਕਰ ਰਹੀ ਹੋਵੇਗੀ।

ਮਾਂ ਤੇਰੇ ਵੇਲੇ ਜੇ ਕਿਸੇ ਸੁਆਣੀ ਨੂੰ ਕੱਢਣਾ, ਕੱਤਣਾ, ਸਿਉਣਾ, ਪਰੋਣਾ ਨਾ ਆਉਂਦਾ ਹੁੰਦਾ ਤਾਂ ਅਸੱਭਿਆ ਸਮਝਿਆ ਜਾਂਦਾ। ਇਹ ਵੀ ਮਿਹਣਾ ਆਮ ਹੀ ਦਿੱਤਾ ਜਾਂਦਾ ਕਿ ਇਸ ਦੀ ਮਾਂ ਕੁਡਰ ਹੈ ਜਿਸ ਨੇ ਕਬੀਲਦਾਰੀ ਦੀਆਂ ਅਜਿਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਸਿੱਖਿਆ ਨਹੀਂ ਦਿੱਤੀ। ਵਿਆਹੁਣ ਯੋਗ ਸਾਰੀਆਂ ਮੁਟਿਆਰਾਂ ਘਰ ਦੇ ਕੰਮਾਂ ਕਾਰਾਂ ਵਿੱਚ ਮਾਹਿਰ ਬਣਾਉਣ ਦਾ ਗੁਰ ਸਮੇਂ ਦੀ ਜ਼ਰੂਰੀ ਲੋੜ ਹੋਇਆ ਕਰਦਾ ਸੀ।

ਕਿਸੇ ਹੁਸਨ ਭਰੀ ਮੁਟਿਆਰ ਨੂੰ ਕਤਦੀ ਵੇਖਦੀ ਤਾਂ ਉਹ ਸੁਹਣੀ ਲਗਦੀ ਤਾਂ ਆਖਿਆ ਕਰਦੀ, "ਚਰਖਾ ਰਾਜ ਕਸੀਦਾ ਰਾਣੀ। ਚੱਕੀ ਝੋਵੇ ਦੋਜ਼ਖ਼ ਜਾਣੀ।

ਮਾਂ ਅੱਜ ਕੱਤਣਾ ਵੀ ਖੁੱਸਿਆ ਤੇ ਰੰਗਲਾ ਚਰਖਾ ਵੀ ਰੁੱਸਿਆ। ਦੋਜ਼ਖ਼ ਜਾਣ ਦਾ ਟੈਂਟਾ ਵੀ ਚੱਕੀਆਂ ਨੇ ਮੁਕਾਅ ਦਿੱਤਾ। ਨਾ ਕਸੀਦਾ, ਨਾ ਕਸੀਦੇ ਵਾਲੀ ਰਾਣੀ। ਖਤਮ ਹੋਈ ਸਭ ਕਹਾਣੀ। ਨਾ ਕਿਸੇ ਨੂੰ ਪੂਣੀ ਫੜਨੀ ਆਵੇ। ਜੇ ਫੜੇ ਤਾਂ ਤੰਦ ਟੁੱਟ ਟੁੱਟ ਜਾਵੇ।

ਅੱਜ ਨਾ ਪੂਣੀਆਂ, ਨਾ ਗਲੋਟਾ। ਨਾ ਸੂਤ ਬਰੀਕ ਤੇ ਨਾ ਮੋਟਾ। ਨਾ ਚਰਖੇ ਦਾ ਹੱਥੜਾ, ਨਾ ਬੀੜਾ, ਨਾ ਨੜਾ, ਨਾ ਮਾਹਲ, ਨਾ ਅਟੇਰਨ, ਨਾ ਊਰੀਆਂ, ਨਾ ਸ਼ਿਬਾਂ, ਨਾ ਅੱਟੀਆਂ, ਨਾ ਪੂਣ ਸਿਲਾਈਆਂ, ਨਾ ਚਰਮਖਾ, ਨਾ ਗੁੱਝ। ਨਵੀਂ ਪੀੜ੍ਹੀ ਇਹਨਾਂ ਨੂੰ ਕਿਵੇਂ ਲਵੇਗੀ ਬੁੱਝ।

ਅੱਜ ਸੱਭਿਆਚਾਰਕ ਪ੍ਰੋਗਰਾਮ ਚਰਖੇ ਦਾ ਮਾਡਲ ਰੱਖ ਕੇ ਪ੍ਰਭਾਵ ਨਹੀਂ ਪਾ ਸਕਦੇ। ਰੱਖਣ ਨਾਲ ਨਹੀਂ ਸਗੋਂ ਕੱਤਣ ਨਾਲ ਪੈਂਦਾ ਹੈ। ਚਰਖੇ ਨਾਲ ਮਿਲਦੀ ਜੁਲਦੀ ਰਹਿਤਲ ਵੀ ਚਾਹੀਦੀ ਹੈ।

ਵਿਰਸੇ ਦੀ ਪਛਾਣ ਗੁਆਚ ਗਈ।

ਸਭਨਾਂ ਨੂੰ ਆਪੋ ਆਪਣੀ ਪਈ।

# ਭਾਵਨਾਵਾਂ ਨਾਲ ਜੁੜੀਆਂ, ਤ੍ਰਿੰਵਣੀ ਕੁੜੀਆਂ

ਤ੍ਰਿੰਞਣ ਸਿਰਫ ਚਰਖਾ ਕਤਦੀਆਂ ਕੁੜੀਆਂ, ਬੁੜੀਆਂ, ਬਹੂ, ਬੇਟੀਆਂ, ਅਲੜਾਂ, ਮੁਟਿਆਰਾਂ ਦਾ ਸਮੂਹ ਨਹੀਂ ਹੁੰਦਾ। ਸਗੋਂ ਪੇਂਡੂ ਸੱਭਿਆਚਾਰ ਦੀ ਸੋਹਣੀ, ਸੁੰਦਰ, ਆਕਰਸ਼ਕ, ਜਿਉਂਦੀ ਜਾਗਦੀ ਮੂੰਹੋਂ ਬੋਲਦੀ ਤਸਵੀਰ ਪੇਸ਼ ਕਰਿਆ ਕਰਦਾ। ਉਹਨਾਂ ਦੇ ਜ਼ਜ਼ਬਾਤਾਂ ਦੀ ਬਾਤ ਪਾਉਣ, ਦਿਲ ਦੇ ਗੁੱਝੇ ਭੇਦਾਂ ਨੂੰ ਪ੍ਰਗਟ ਕਰਨ, ਮਨ ਦਾ ਭਾਰ ਹੌਲਾ ਕਰਨ, ਮਾਨਸਿਕ ਬੋਝ ਤੋਂ ਛੁਟਕਾਰਾ ਪਾਉਣ ਦਾ ਬਹੁਮੁੱਲਾ ਸਾਧਨ ਹੋਇਆ ਕਰਦਾ। ਬਚਪਨ ਅਤੇ ਅੱਲੜ ਜਵਾਨੀ ਦੀਆਂ ਰਸ ਭਿੰਨੀਆਂ ਕਹਾਣੀਆਂ ਦਾ ਖੇਤਰ ਬਣਿਆ ਕਰਦਾ। ਅੱਲੜਾਂ ਦੇ ਚਾਅ ਪੂਰੇ ਕਰਿਆ ਕਰਦਾ। ਵਿਆਹੀਆਂ ਦੇ ਗਮ ਤੇ ਖੁਸ਼ੀਆਂ ਸਾਂਝੀਆਂ ਕਰਵਾਉਣ, ਅਧੂਰੀਆਂ ਤੇ ਅਣਬੋਲੀਆਂ ਬਾਤਾਂ ਨਾਲ ਨਰੋਏ ਸਮਾਜ ਦੀ ਸਿਰਜਨਾ ਵਿੱਚ ਸਹਾਈ ਹੁੰਦਾ। ਦੰਪਤੀ ਜੀਵਨ ਦੇ ਖੱਟੇ, ਮਿੱਠੇ, ਸੁਆਦੀ ਤੇ ਬੇਰਸ ਤਜੱਰਬਿਆਂ ਦੀ ਤਰਜਮਾਨੀ ਵੀ ਕਰਿਆ ਕਰਦਾ।

ਨਾਲੇ ਪੁੰਨ ਨਾਲੇ ਫਲੀਆਂ। ਮੁੰਜ ਪਕੜ ਦਾ ਸੌਦਾ ਤੇ ਗੰਗਾ ਦੇਵੀ ਦਾ ਇਸ਼ਨਾਨ, ਇਹ ਦੋਵੇਂ ਕੰਮ ਬਿਨਾਂ ਟੂਲ ਲਾਇਆ ਹੋ ਜਾਂਦੇ। ਵਿਹਲ ਦਾ ਸਦਉਪਯੋਗ ਵੀ ਹੋ ਜਾਂਦਾ। ਨਤੀਜਾ ਵੀ ਕੁਝ ਫਲ ਲੈ ਕੇ ਆਉਂਦਾ। ਕੰਮ ਸੱਭਿਆਚਾਰ ਨੂੰ ਵਡੱਤਣ ਮਿਲਦੀ ਕਿਉਂਕਿ ਵਿਹਲਾ ਮਨ ਹਮੇਸ਼ਾ ਸ਼ੈਤਾਨ ਦਾ ਚਰਖਾ ਹੁੰਦਾ ਹੈ। ਖਾਸ ਤੌਰ ਤੇ ਨੌਜਵਾਨੀ ਵਿੱਚ ਟਿਕ ਕੇ ਬੈਠਣਾ ਅਲੱੜਾਂ ਦੇ ਵੱਸ ਵਿੱਚ ਨਹੀਂ ਰਹਿੰਦਾ।

ਵਡੇਰੀ ਉਮਰ ਦੀਆਂ ਜਨਾਨੀਆਂ, ਮਾਵਾਂ, ਦਾਦੀਆਂ, ਪੜਦਾਦੀਆਂ, ਨਾਨੀਆਂ ਆਦਿ ਉਸ ਅਵੱਸਥਾ ਵਿੱਚ ਪਹੁੰਚ ਜਾਂਦੀਆਂ, ਜਿਸ ਵਿੱਚ ਮਨ ਦੀ ਘੁੰਡੀ ਖੋਹਲਣ, ਪੜ੍ਹਦੇ ਵਾਲੀ ਗੱਲ ਦੱਸਣ ਜਾਂ ਪੁੱਛਣ ਲਈ, ਆਪਣੀਆਂ ਹਾਨਣਾਂ ਤੋਂ ਲੋੜ ਪੈਣ ਵੇਲੇ ਵਿਚਾਰ ਵਟਾਂਦਰਾ ਕਰਨ ਵਿੱਚ ਝਿਜਕ ਮਹਿਸੂਸ ਨਹੀਂ ਕਰਦੀਆਂ ਸਨ। ਪਰਿਵਾਰਕ ਸਮੱਸਿਆ ਦਾ ਹੱਲ ਦੀ ਤਾਲ ਮੇਲ ਨਾਲ ਸਾਂਭ ਲੈਂਦੀਆਂ। ਪਰ ਅਲੱੜਾਂ ਵਿੱਚ ਕਬੀਲਦਾਰੀ ਤੇ ਵਿਆਹੁਤਾ ਜੀਵਨ ਦੇ ਤਜੱਰਬਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਜਗਿਆਸਾ ਹੁੰਦੀ ਸਿੱਖਿਆ ਦੇਣ ਦੀ ਲੋੜ ਵੀ ਹੁੰਦੀ। ਸਹੀ ਸੇਧ ਨਾ ਮਿਲਣ ਕਰ ਕੇ ਜਦੋਂ ਰਾਹ ਨਾ ਲੱਭਦਾ ਤਾਂ ਕੁਰਾਹੇ ਪੈਣ ਦੀ ਜ਼ਿਆਦਾ ਸੰਭਾਵਨਾ ਹੁੰਦੀ। ਵਿਆਹੀਆਂ ਤੇ ਦੂਜੀਆਂ ਪ੍ਰੌਢ ਮਟਿਆਰਾਂ ਨਾਲ ਤਾਲਮੇਲ ਬਣਦਾ, ਇਕੱਠੀਆਂ ਬੈਠਣ ਦਾ ਮੌਕਾ ਮਿਲਦਾ ਤਾਂ ਉਹਨਾਂ ਦੇ ਤਜੱਰਬਿਆਂ ਬਾਰੇ ਜਾਣ ਲੈਂਦੀਆਂ। ਉਹ ਅਜਿਹੀਆਂ ਗੱਲਾਂ ਕਰਦੀਆਂ ਜਿਹੜੀਆਂ ਕਿ ਮਾਂ ਬਾਪ ਕੋਲ ਕਰਨ ਤੋਂ ਪਾਸਾ ਵਟਦੀਆਂ ਹੁੰਦੀਆਂ ਜਦੋਂ ਸਾਰੀਆਂ ਦੀ ਚਾਲ ਫਿੱਟ ਹੋ ਜਾਂਦੀ ਤਾਂ ਨਰੋਏ ਸਮਾਜ ਲਈ ਮਾਹੌਲ ਤਿਆਰ ਹੋ ਜਾਂਦਾ।

ਪਿੰਡ ਵਿਚ ਹਾੜੀ, ਸੌਣੀ ਦੀ ਫਸਲ ਸਾਂਭ ਕੇ ਹੀ ਵਿਹਲ ਮਿਲਦੀ। ਵਿਹਲ ਵਿਚ ਹੀ ਕੁੜੀਆਂ ਪੇਕੀਂ ਆਉਂਦੀਆਂ ਕਿਉਂਕਿ ਕੰਮ ਦੀ ਰੁੱਤ ਵਿੱਚ ਸਹੁਰਿਆਂ ਨੂੰ ਕੰਮ ਕਰਵਾਉਣ ਦਾ ਲਾਲਚ ਹੁੰਦਾ। ਪੇਕਿਆਂ ਦੀ ਜ਼ਿੰਮੇਵਾਰੀ ਵੀ ਬਣਦੀ ਸੀ ਧੀ ਨੂੰ ਲਿਆਉਣਾ। ਸਮਾਜਕ ਬੰਧਨ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੁੰਦੀ। ਨਹੀਂ ਤਾਂ ਸੱਸ ਨਿਹੋਰਾ ਮਾਰ ਦਿੰਦੀ-'ਬਹੁਤੇ ਭਰਾਵਾਂ ਵਾਲੀਏ ਤੈਨੂੰ ਤੀਆਂ ਨੂੰ ਲੈਣ ਨਾ ਆਏ।'

ਦੁੱਖ-ਸੁੱਖ ਸਾਂਝਾ ਕਰਨ ਲਈ ਪੇਕੀਂ ਆਈਆਂ ਸਹੇਲੀਆਂ ਇਕੱਠੀਆਂ ਹੁੰਦੀਆਂ ਦਿਲੀ ਇੱਛਾ ਹੁੰਦੀ ਕਿ ਮਾਪਿਆਂ ਨਾਲ ਹੱਥ ਪੜੱਥੀ ਪਵਾ ਕੇ ਉਹਨਾਂ ਦਾ ਕੁਝ ਸੰਵਾਰਿਆ ਜਾਵੇ। ਆਪਣੀ ਦਿਲਚਸਪੀ ਵਾਲਾ ਕੰਮ ਚੁਣ ਲੈਂਦੀਆਂ। ਸਹੇਲੀਆਂ ਨਾਲ ਮਤਾ ਪਕਾਉਂਦੀਆਂ। ਆਪਾਂ ਕੰਮ ਵੀ ਕਰਾਂਗੀਆਂ ਤੇ ਮਨ ਚਹੁੰਦੀਆਂ ਗੱਲਾਂ ਵੀ ਕਰਾਂਗੀਆਂ। ਰਾਤ ਨੂੰ ਤ੍ਰਿੰਞਣ ਕੱਤੀਏ। ਅੱਲੜਾਂ ਨੂੰ ਚਾਅ ਚੜ੍ਹ ਜਾਂਦਾ। ਹਰੇਕ ਆਖਦੀ-ਸਾਡੇ ਘਰੇ ਪਾ ਲਵੋ। ਪਰ ਜਿਸ ਘਰੇ ਕੁੜੀਆਂ ਵੱਧ ਹੁੰਦੀਆਂ ਤੇ ਆਂਢ-ਗੁਆਂਢ ਦੀਆਂ ਕੁੜੀਆਂ

ਨੂੰ ਵੇਲੇ ਕੁਵੇਲੇ ਆਉਣਾ ਸੌਖਾ ਹੁੰਦਾ ਤਾਂ ਉਸ ਦੀ ਚੋਣ ਕਰ ਲਈ ਜਾਂਦੀ। ਗਰਮੀਆਂ 'ਚ ਚੰਨ ਚਾਨਣੀਆਂ ਰਾਤਾਂ ਨੂੰ ਵਿਹੜੇ 'ਚ ਖੁੱਲ੍ਹੇ ਥਾਂ ਚਰਖੇ ਡਾਹ ਲਏ ਜਾਂਦੇ। ਕੋਠੇ ਤੇ ਵੀ ਪ੍ਰਬੰਧ ਹੋ ਜਾਂਦਾ। ਸਰਦੀਆਂ 'ਚ ਖਾਲੀ ਪਈਆਂ ਕੱਚੀਆਂ ਸਬਾਤਾਂ ਜੋ ਘਰ ਦੇ ਕਿਸੇ ਕੋਨੇ 'ਚ ਬਣੀਆਂ ਹੁੰਦੀਆਂ ਤ੍ਰਿੰਝਣ ਲਈ ਢੁਕਵੀਆਂ ਹੁੰਦੀਆਂ। ਉਸ ਵੇਲੇ ਮੰਨਿਆ ਜਾਂਦਾ ਸੀ ਕਿ ਕੁੜੀਆਂ ਤੇ ਕਬੂਤਰ ਇਕਾਂਤ ਭਾਲਦੇ ਹਨ। ਔਰਤਾਂ ਤੇ ਜ਼ਿਆਦਾ ਬੰਦਸ਼ਾਂ ਹੋਣ ਕਰਕੇ ਚੋਹਲ ਮੋਹਲ ਕਰਨ ਲਈ ਮੌਕਾ ਘੱਟ ਮਿਲਦਾ। ਕੋਸ਼ਿਸ਼ ਹੁੰਦੀ ਕਿ ਨਿਵੇਕਲਾ ਥਾਂ ਹੋਵੇ, ਜਿੱਥੇ ਉਹਨਾਂ ਦੇ ਮਨੋਰੰਜਨ ਵਿੱਚ ਵਿਘਨ ਨਾ ਪਵੇ। ਤ੍ਰਿੰਝਣ ਅਕਸਰ ਰਾਤ ਨੂੰ ਕੱਤਿਆ ਜਾਂਦਾ। ਜੇਠ ਹਾੜ ਦੀਆਂ ਸਿਖਰ ਦੁਪਹਿਰਾਂ ਵਿੱਚ ਕਿਸੇ ਦਰਵਾਜੇ ਵਿੱਚ ਪਾਇਆ ਜਾਂਦਾ। ਇਸ ਦਾ ਇੱਕ ਛੋਟਾ ਰੂਪ ਸੀ ਜਿਸ ਨੂੰ 'ਛੋਪ ਪਾਉਣਾ' ਆਖਿਆ ਜਾਂਦਾ। ਆਂਢ ਗੁਆਂਢ ਦੀਆਂ ਕੁੜੀਆਂ ਇਕੱਠੀਆਂ ਹੋ ਕੇ ਥੋੜ੍ਹੇ ਸਮੇਂ ਲਈ ਇਕੱਠੀਆਂ ਕੱਤਣ ਦਾ ਜੁਗਾੜ ਕਰ ਲੈਂਦੀਆਂ ਸਨ।

ਚਰਖੇ ਨੂੰ ਸ਼ਿੰਗਾਰ ਕੇ ਰੱਖਣਾ ਉਸ ਵੇਲੇ ਔਰਤ ਦੀ ਜੀਵਨ ਸ਼ੈਲੀ ਦਾ ਅਨਿਖੜਵਾਂ ਅੰਗ ਹੁੰਦਾ ਸੀ। ਹਰੇਕ ਘਰੇ ਚਰਖਾ ਜਾਂ ਚਰਖੀ ਤੇ ਪੀੜਾ ਮਿਲ ਜਾਂਦਾ। ਮਾਵਾਂ ਨੇ ਪਹਿਲਾਂ ਹੀ ਪੂਣੀਆਂ ਦੀਆਂ ਥਹੀਆਂ ਬਣਾ ਕੇ ਰੱਖੀਆਂ ਹੁੰਦੀਆਂ ਸਨ। ਗਿਣਤੀ ਨਿਸਚਿਤ ਨਹੀਂ ਸੀ। ਪਰ ਇੱਕੋ ਜਿਹੇ ਵਿਚਾਰ ਰੱਖਣ ਵਾਲੀਆਂ ਪੰਜ ਸੱਤ ਕੁੜੀਆਂ ਚਰਖੇ ਚੁੱਕ ਲਿਆਂਉਂਦੀਆਂ। ਜੇ ਕੋਈ ਕੁੜੀ ਰਹਿ ਜਾਂਦੀ ਤਾਂ ਉਹਨਾਂ ਦੀ ਸੇਵਾ ਤੇ ਲਗ ਜਾਂਦੀ, ਸੇਵਾ ਮਾਵਾਂ ਵੀ ਕਰਦੀਆਂ। ਸੇਵੀਆਂ ਬਣਾ ਕੇ ਲਿਆਉਂਦੀਆਂ। ਰਿੰਨਣੀਆਂ ਸੌਖੀਆਂ ਹੁੰਦੀਆਂ ਤੇ ਥੋੜ੍ਹੇ ਸਮੇਂ 'ਚ ਬਣ ਜਾਂਦੀਆਂ। ਹਲਾਵਾ ਲਗਭਗ ਹਰੇਕ ਘਰੇ ਹੁੰਦਾ। ਦੁੱਧ ਵਿੱਚ ਸੁੱਟੀਆਂ, ਉਬਾਲਾ ਦਿੱਤਾ ਤੇ ਘੱਟ ਖੇਚਲ ਨਾਲ ਸਵੀਟ ਡਿਸ਼ ਤਿਆਰ। ਤਿੰਨ ਮੇਲ ਦਾ ਜਾਂ ਖੀਰ ਬਣਾ ਕੇ ਵੀ ਲਿਆਂਦੀ ਜਾਂਦੀ। ਸਾਰੀਆਂ ਦੇ ਮਾਪੇ ਇਸ ਵਿੱਚ ਯਥਾਜੋਗ ਹਿੱਸਾ ਬਿਨਾਂ ਆਖੇ ਤੋਂ ਪਾਉਂਦੇ। ਜੇ ਨਾਗਾ ਪੈਂਦਾ ਦਿਸਦਾ ਤਾਂ ਕੱਤਣ ਵਾਲੀਆਂ ਅਤਪਣੇ ਘਰੋਂ ਥੋੜ੍ਹੀ ਥੋੜ੍ਹੀ ਚੀਜ਼ ਲਿਆ ਕੇ ਗੁਲਗੁਲੇ ਮੱਠੀਆਂ ਤਿਆਰ ਕਰ ਕੇ ਆਪਣੀਆਂ ਵੋਹਟੀਆਂ ਵਿੱਚ ਰੱਖ ਲੈਂਦੀਆਂ ਤੇ ਜਦੋਂ ਭੁੱਖ ਲਗਦੀ ਖਾ ਲੈਂਦੀਆਂ। ਵੋਹਟੀਆਂ 'ਚ ਰਿਉੜੀਆਂ ਰੱਖਣ ਦਾ ਰਿਵਾਜ਼ ਸੀ। ਤ੍ਰਿੰਝਣ ਭਾਵਨਾਵਾਂ ਦੀ ਸਾਂਝ ਨੂੰ ਬਲ ਪ੍ਰਦਾਨ ਕਰਨ ਲਈ ਕੀਮੀਆਂ ਹੁੰਦਾ। ਇਸ ਮੌਕੇ ਪਈਆਂ ਲਿਹਾਜ਼ਾਂ ਤੇ ਸਹੇਲਪੁਣਾ ਪੱਕੇ ਰਿਸ਼ਤਿਆਂ ਨੂੰ ਜਨਮ ਦਿੰਦਾ।

ਆਪੋ ਆਪਣੇ ਘਰਾਂ ਤੋਂ ਲਿਆਦੀਆਂ ਪੂਣੀਆਂ ਦਾ ਛੋਪ ਪਾਉਣ ਲਈ ਛੱਜ ਜਾਂ ਚਪੇਤਲੀ ਟੋਕਰੀ ਦਾ ਪ੍ਰਬੰਧ ਕੀਤਾ ਜਾਂਦਾ। ਸਹੀ ਤਰਤੀਬ ਵਿੱਚ ਚਰਖੇ ਡਾਹੇ ਹੁੰਦੇ ਉਸੇ ਤਰਤੀਬ ਨਾਲ ਹੇਠਾ ਉੱਤੇ ਪੂਣੀਆਂ ਰੱਖੀਆਂ ਜਾਂਦੀਆਂ। ਲੋੜ ਅਨੁਸਾਰ ਪੰਜ, ਪੰਜ ਜਾਂ ਸੱਤ ਸੱਤ ਪੂਣੀਆਂ ਵਾਰੀ ਸਿਰ ਉਪਰੋਂ ਥਲੀ ਵਿਰੋਧੀ ਦਿਸ਼ਾ ਵਿੱਚ ਰੱਖ ਕੇ ਕਤਾਰਾਂ ਬਣਾ ਲਈਆਂ ਜਾਂਦੀਆਂ। ਜੇ ਛੋਪ ਮੁੱਕ ਜਾਂਦਾ ਤਾਂ ਦੋਬਾਰਾ ਪਾ ਲਿਆ ਜਾਂਦਾ। ਜਿਹੜੀ ਲੜਕੀ ਕੱਤਣ ਦੀ ਰਫ਼ਤਾਰ ਤੇਜ਼ ਹੁੰਦੀ ਜਾਂ ਵਿਚਕਾਰ ਬੈਠੀ ਹੁੰਦੀ, ਪੂਣੀਆਂ ਸੁੱਟਣ ਦੀ ਜ਼ਿੰਮੇਵਾਰੀ ਲੈ ਲੈਂਦੀ।

ਇੱਕ ਗੁੱਡਾ ਕੱਤਣ ਤੇ ਦੂਜਾ ਗੁੱਡਾ ਸਾਰੀਆਂ ਨੂੰ ਵੰਡ ਦਿੱਤਾ ਜਾਂਦਾ। ਕਿਸੇ ਦਾ ਤੰਦ ਵਾਰ ਵਾਰ ਟੁੱਟਦਾ। ਕਿਸੇ ਦੀ ਮਾਹਲ ਢਿੱਲੀ ਹੋ ਜਾਂਦੀ। ਕਿਸੇ ਦਾ ਚਰਖਾ ਚੀਕੂ ਚੀਕੂ ਕਰਦਾ। ਕੋਈ ਆਖਦੀ, "ਭੈਣੇ ਮੇਰਾ ਤਾਂ ਤੱਕਲਾ ਵਿੰਗਾ ਹੈ",ਤਾਂ ਦੂਜੀ ਵਿਅੰਗ ਕਰਦੀ, "ਭੈਣੇ ਸਪੂਰੀ ਮਿਸਤਰੀ ਕੋਲ ਲੈ ਜਾਹ। ਸਿੱਧਾ ਕਰਨ ਲੱਗਿਆਂ ਮਿੰਟ ਨੀ ਲਾਉਂਦਾ।" ਦੂਜੀਆਂ ਸਾਰੀਆਂ ਖਿੜ ਖਿੜ ਕਰ ਕੇ ਹੱਸ ਪੈਂਦੀਆਂ ਕੋਈ ਆਖਦੀ, "ਨਾ ਕੁੜੇ!ਨਾਂ ਜਾਈਂ। ਉਹ ਤਾਂ ਬੁੜਾ ਐ। ਉਸ ਨੂੰ ਦਿਸਦਾ ਘੱਟ ਐ।" ਸਾਰੀਆਂ ਦੀਆਂ ਹੱਸਦੀਆਂ ਦੀਆਂ ਵੱਖੀਆਂ ਟੁੱਟ ਜਾਂਦੀਆਂ।

ਮਾਹਲ ਆਮ ਤੌਰ 'ਤੇ ਵੋਹਟੀ ਵਿੱਚ ਰੀਜ਼ਰਵ ਰਖਦੀਆਂ ਜਿਹੜੀਆਂ ਉਹਨਾਂ ਦੀਆਂ ਮਾਵਾਂ ਨੇ

ਵੱਟੀਆਂ ਹੁੰਦੀਆਂ ਸਨ। ਕਸਣ ਢਿੱਲੀ ਹੁੰਦੀ ਤਾਂ ਕਸ ਲੈਂਦੀਆਂ। ਸੂਤ ਦੀ ਪਰਖ ਕਰਦੀਆਂ। "ਕੁੜੇ ਤੂੰ ਤਾਂ ਦੋੜੇ ਬਣਾਉਣ ਵਾਲਾ ਸੂਤ ਕਤਦੀ ਹੈ। ਇਹ ਤਾਂ ਬਹੁਤ ਮੋਟਾ ਹੈ। ਤਾਹੀਂ ਪੂਣੀਆਂ ਛੇਤੀ ਮੁਕਾਅ ਲੈਂਦੀ ਹੈ।" ਕੋਈ ਅਣਜਾਣ ਗਲੋਟਾ ਬਿਨਾਂ ਦਮਕੜਾ ਖਿੱਚੇ ਤੋਂ ਲਾਹ ਲੈਂਦੀ ਤੇ ਘੂਰ ਕੱਢ ਲੈਂਦੀ। ਅਟੇਰਨਾ ਔਖਾਂ ਹੋ ਜਾਂਦਾ। ਕੋਈ ਆਖਦੀ, "ਤੂੰ ਤੰਦ ਕਸਕੇ ਪਾਈ ਗਈ ਤਾਂ ਹੀ ਗਲੋਟਾ ਲਾਹੁਣਾ ਔਖਾ ਹੋ ਗਿਆ।" ਕਿਸੇ ਨੇ ਸਹੇਲੀ ਦਾ ਚਰਖਾ ਮੰਗ ਕੇ ਲਿਆਂਦਾ ਹੁੰਦਾ ਤਾਂ ਆਖਦੀ, "ਇਹ ਨਵਾਂ ਹੈ। ਮੇਰੇ ਹੱਥ ਨੀ ਲੱਗਿਆ।" ਤਜੱਰਬਾਕਾਰ ਆਖਦੀ, "ਤੇਲ ਦਾ ਫੰਬਾ ਲਾ ਲੈ। ਕੂਲਾ ਹੋ ਜਾਵੇਗਾ।" ਫਿਰ ਹਾਸੜ ਮੱਚ ਜਾਂਦਾ। ਚਰਖੇ ਨੂੰ ਗਰੀਸ ਕਰਨ ਲਈ ਸਰੋਂ ਦੇ ਤੇਲ ਦੀ ਕੌਲੀ ਭਰ ਕੇ ਲਿਆਉਂਦੀਆਂ। ਜਾਂ ਤੇਲ ਵਾਲੇ ਦੀਵੇ 'ਚੋਂ ਫੰਬਾ ਭਿਉਂ ਲੈਂਦੀਆਂ। ਕਿਉਂਕਿ ਉਸ ਵੇਲੇ ਚਾਨਣ ਕਰਨ ਲਈ ਦੀਵੇ ਹੁੰਦੇ। ਫਿਰ ਮਿੱਟੀ ਦੇ ਤੇਲ ਵਾਲੇ ਦੀਵੇ ਹੁੰਦੇ ਤੇ ਉਸ ਮਗਰੋਂ ਲਾਲਟੈਣਾਂ ਆਮ ਹੋ ਗਈਆਂ।

ਜਿਹੜੀ ਆਪਣੀ ਵਾਰੀ ਦੀਆਂ ਪੂਣੀਆਂ ਪਹਿਲਾਂ ਕੱਤ ਲੈਂਦੀ ਤਾਂ ਕੋਈ ਕਹਾਣੀ ਛੇੜ ਲੈਂਦੀ। ਵੱਸ!ਜਾਗ ਲਾਉਣ ਦੀ ਲੋੜ ਸੀ। ਫਿਰ ਜੱਗ-ਬੀਤੀ, ਹੱਡਬੀਤੀ ਦੀਆਂ ਮਿੰਨੀ ਕਹਾਣੀਆਂ ਦੀ ਕਿਤਾਬ ਖੁੱਲ੍ਹ ਜਾਂਦੀ। ਵਿਆਹੀਆਂ ਤਾਂ ਜਿਉਂਦੇ ਜਾਗਦੇ ਪਾਤਰ ਹੁੰਦੀਆਂ ਤੇ ਕੰਵਾਰੀਆਂ ਸਰੋਤੇ ਬਣਦੀਆਂ ਨਵੀਂ ਗੱਲ ਸੁਣਨ ਲਈ ਸਾਹ ਘੁੱਟ ਲੈਂਦੀਆਂ। ਚਰਖੇ ਠੱਲ੍ਹ ਲੈਂਦੀਆਂ ਪੀੜ੍ਹੀਆਂ ਨੇੜ ਨੂੰ ਸਰਕ ਜਾਂਦੀਆਂ। ਪਰਦੇ ਵਾਲੀ ਗੱਲ ਹੁੰਦੀ ਤਾਂ ਹੌਲੀ ਕਰਦੀਆਂ ਤਾਂ ਜੋ ਕੋਈ ਬੰਦਾ ਨਾ ਸੁਣ ਲਵੇ। ਮਾਪਿਆਂ ਦੀਆਂ ਗੱਲਾਂ ਕੰਵਾਰੀ ਕੁੜੀ ਤਾਂ ਭਾਵੇਂ ਕਰ ਲੈਂਦੀ ਹੋਵੇ ਪਰ ਜ਼ਿਆਦਾ ਤਰ ਸੱਸ ਸਹੁਰੇ ਤੇ ਪਤੀ ਦੀਆਂ ਮਿੰਨੀ ਕਹਾਣੀਆਂ ਪੈਂਦੀਆਂ। ਨਵੀਂਆਂ ਵਿਆਹੀਆਂ ਪਤੀਆਂ ਦੇ ਸਜਰੇ ਪਿਆਰ ਨੂੰ ਮਸਾਲਾ ਲਾ ਲਾ ਕੇ ਅੱਲੜਾਂ ਦੇ ਮਨਾਂ ਨੂੰ ਖੋਹ ਪਾਉਣ ਲਾ ਦਿੰਦੀਆਂ। ਉਤਾਵਲੀ ਹੋਈ ਅਲੱੜ ਝੱਟ ਆਖ ਦਿੰਦੀ, "ਭੈਣੇ!ਤੂੰ ਮੇਰਾ ਸਾਕ ਆਪਣੇ ਦਿਉਰ ਨੂੰ ਲੈ ਜਾਹ। ਘਰ ਦੇ ਜਮਾਂ ਜਵਾਬ ਨੀ ਦਿੰਦੇ।" "ਕੋਈ ਨੀ! ਤੂੰ ਕਾਹਲੀ ਕਿਉਂ ਹੁੰਨੀ ਹੈ। ਪਾਣੀ ਤਾਂ ਪੁਲਾਂ ਹੇਠ ਦੀ ਲੰਘੂ।" ਆਖ ਕੇ ਗੱਲ ਦਾ ਭੋਗ ਪਾ ਦਿੰਦੀ। ਸੱਸ ਦੀ ਤੰਗ ਕੀਤੀ ਕੋਈ ਆਖਦੀ, "ਮੇਰੀ ਸੱਸ ਛੂਛਕ ਮੰਗਦੀ ਐ।" "ਕੁੜੇ! ਉਹਨੂੰ ਸੂਟ ਦੀ ਝਾਕ ਹੋਵੇਗੀ।" "ਕੀ ਦਸਾਂ! ਘਗਰੇ ਨਾਲ ਤਿਉਰ ਵੀ ਮੰਗਦੀ ਐ।" ਕੰਵਾਰੀ ਆਖਦੀ "ਮੈਂ ਹੁੰਦੀ ਤੇਰੀ ਥਾਂ। ਦਿੰਦੀ ਘਗਰੇ ਨਾਲ ਤਿਉਰ ਤੇ ਚਿਕਨ ਦੀ ਚਾਦਰ। ਜੇ ਸਾਰੀ ਉਮਰ ਯਾਦ ਨਾ ਰਖਦੀ, ਸੰਦੂਕਾਂ 'ਚ ਦੇ ਲੈਂਦੀ।" "ਕੋਈ ਨੀ! ਤੈਨੂੰ ਵੀ ਪਤਾ ਲੱਗ ਜੂ, ਜਦੋਂ ਵਿਆਹੀ ਗਈ।'" ਜੇ ਸਿਆਣੀ ਬੁੜੀ ਆ ਜਾਂਦੀ ਤਾਂ ਆਖ ਦਿੰਦੀ, "ਕੁੜੇ! ਤੁਸੀਂ ਸਾਰੀਆਂ ਚੁੱਪ ਕਰ ਗਈਆਂ ਕੋਈ ਕਬੀਲਦਾਰੀ ਦੀ ਗੱਲ ਛੇੜ ਲਵੋ।" ਪਰ ਕਬੀਲਦਾਰੀ ਦੀਆਂ ਗੱਲਾਂ ਕਰ ਕੇ ਉਹ ਫਿਕਰਾਂ ਵਿੱਚ ਨਹੀਂ ਪੈਣਾ ਚਾਹੁੰਦੀਆਂ ਸਨ। ਜਦੋਂ ਕੋਈ ਗੱਲ ਔੜਦੀ ਤਾਂ ਅਲੱੜ ਕੋਈ ਗੀਤ ਛੇੜ ਦਿੰਦੀ ਤੇ ਦੂਜੀਆਂ ਬੋਲ ਮਿਲਾਅ ਲੈਂਦੀਆਂ ਅਸਲ ਵਿੱਚ ਤ੍ਰਿੰਞਣ ਬਲਬਲਿਆਂ ਨੂੰ ਠੰਢ ਪਾਉਣ ਲਈ ਹੀ ਕੱਤਿਆ ਜਾਂਦਾ ਸੀ। ਤ੍ਰਿੰਞਣ ਦੀਆਂ ਕੁੜੀਆਂ ਲਈ ਖੁਸ਼ੀਆਂ ਦਾ ਤਿਉਹਾਰ ਹੀ ਹੁੰਦਾ ਸੀ। ਨਚੋੜ ਹੈ ਕਿ :- "ਪਾਣੀ ਅੱਜ ਜੋ ਪੱਤਣੋਂ ਲੰਘਦਾ, ਮੁੜ ਨਹੀਂ ਆਉਣ ਭਲਕੇ। ਬੇੜੀ ਦਾ ਪੂਰ ਤ੍ਰਿੰਞਣ ਕੁੜੀਆਂ ਮੁੜ ਨਾ ਬੈਠਣ ਰਲ ਕੇ।"

# ਮਾਵਾਂ ਦੀਆਂ ਸਿਆਣੀਆਂ ਗੱਲਾਂ

ਮਾਵਾਂ ਦਾ ਆਪਣੇ ਪੁੱਤਾਂ, ਧੀਆਂ ਤੇ ਪਰਿਵਾਰ ਨਾਲ ਗੱਲਾਂ ਕਰਨ ਅਤੇ ਸਿੱਖਿਆ ਦੇਣ ਦਾ ਅੰਦਾਜ ਵੱਖਰਾ ਹੁੰਦਾ। ਸੱਭਿਆਹੀਣ ਗੱਲ ਕਰਨਾ ਉਹਨਾਂ ਦੀ ਜੀਵਨਸ਼ੈਲੀ ਵਿੱਚ ਸ਼ਾਮਲ ਨਹੀਂ ਸੀ ਹੁੰਦਾ। ਮਾਵਾਂ ਤੇ ਵੱਡੀਆਂ ਮਾਵਾਂ ਗਭਰੂ ਪੁੱਤ ਧੀ ਨੂੰ ਬਹੁਤ ਘੱਟ ਝਿੜਕਦੀਆਂ। ਰੁੱਖਾ ਜਾਂ ਕੁਢੱਬਾ ਬੋਲ ਕੇ ਉਹਨਾਂ ਦੇ ਸਵੈ-ਮਾਨ ਨੂੰ ਸੱਟ ਨਹੀਂ ਮਾਰਦੀਆਂ ਸਨ। ਮਿੱਠੇ, ਮਿੱਠੇ, ਪਿਆਰੇ, ਪਿਆਰੇ ਰਸੀਲੇ ਸ਼ਬਦਾਂ 'ਚੋਂ ਮਮਤਾ ਦਾ ਪ੍ਰਗਟਾਵਾ ਹੋਣੋ ਨਹੀਂ ਰਹਿੰਦਾ ਸੀ। ਅਣਪੜ੍ਹ ਮਾਵਾਂ ਦਾਦੀਆਂ ਬੱਚਿਆਂ ਦੇ ਮਨੋਵਿਗਿਆਨ ਨੂੰ ਬੁੱਝ ਲੈਂਦੀਆਂ। ਪਤਾ ਲਾ ਲੈਂਦੀਆਂ ਕਿਹੜੀ ਗੱਲ ਕਦੋਂ, ਕਿਉਂ ਤੇ ਕਿਵੇਂ ਆਖਣੀ ਹੈ। ਫੜਾਹ ਸੋਟਾ ਨਹੀਂ ਮਾਰਦੀਆਂ ਤਾਂ ਜੋ ਉਹਨਾਂ ਦੀ ਸ਼ਖ਼ਸ਼ੀਅਤ ਨੂੰ ਧੱਕਾ ਨਾ ਵੱਜੇ। ਨਿੱਕੀਆਂ ਨਿੱਕੀਆਂ, ਅਰਥ ਭਰਪੂਰ ਬਾਤਾਂ ਵਿੱਚ ਸਿੱਖਿਆ ਦੇਣ ਦਾ ਨਿਸ਼ਾਨਾ ਗੈਰਹਾਜਰ ਨਹੀਂ ਹੁੰਦਾ ਸੀ। ਜਦੋਂ ਮਾਵਾਂ ਦੀਆਂ ਦਿਲਚਸਪ ਗੱਲਾਂ ਉਹਨਾਂ ਨੂੰ ਕੀਲ ਲੈਂਦੀਆਂ। ਲੋਹਾ ਗਰਮ ਹੁੰਦਾ ਤੇ ਲੋੜੀਂਦੀ ਸਿੱਖਿਆ ਦੇਣ ਜਾਂ ਗਲਤੀ ਮਹਿਸੂਸ ਕਰਵਾਉਣ ਲਈ ਮਾਹੌਲ ਠੀਕ ਹੁੰਦਾ, ਤਦ ਇਹਨਾਂ ਪਲਾਂ ਦੀ ਕਦਰ ਕੀਤੀ ਜਾਂਦੀ। ਅਜਿਹੇ ਸਮੇਂ ਨੂੰ ਹੱਥੋਂ ਗੁਆਉਣਾ ਪਰਿਵਾਰ ਦੀ ਲਾਪਰਵਾਹੀ ਗਰਦਾਨਿਆਂ ਜਾਂਦਾ। ਆਲਸੀ ਹੋਣ ਦਾ ਫ਼ਤਵਾ ਪਰਿਵਾਰ ਦੇ ਸਾਰੇ ਜੀਆਂ ਤੇ ਲਾ ਕੇ ਆਖਿਆ ਜਾਂਦਾ। "ਕੀ ਸਿਖਾਇਆ ਮਾਪਿਆਂ ਨੇ? ਬੋਲਣ ਦੀ ਜਮਾਂ ਈ ਅਕਲ ਨੀਂ।" ਸਿੱਖਿਆ ਦਾ ਕੇਂਦਰ ਬਿੰਦੂ ਪਰਿਵਾਰ ਹੋਇਆ ਕਰਦਾ ਅਤੇ ਬਜ਼ੁਰਗ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ ਕਰਦੇ।

ਰੋਟੀ ਟੁੱਕ ਪਕਾਉਣ, ਵਰਤਾਉਣ ਤੇ ਭਾਂਡੇ ਟੀਂਡੇ ਸਾਂਭ ਕੇ ਔਰਤਾਂ ਵਿਹਲੀਆਂ ਹੋ ਜਾਂਦੀਆਂ। ਸਿਆਲ ਦੀਆਂ ਲੰਮੀਆਂ ਰਾਤਾਂ ਦਾ ਲਾਭ ਲੈਣ ਲਈ ਪਰਿਵਾਰ ਦੇ ਸਾਰੇ ਜੀਅ ਇੱਕ ਸਬਾਤ ਵਿੱਚ ਬੈਠਿਆ ਕਰਦੇ। ਮਰਦ ਪਾਸੇ ਨੈਠ ਕੇ ਨਿੱਕੇ ਮੋਟੇ ਕੰਮ ਕਰਨ 'ਚ ਜੁਟ ਜਾਂਦੇ। ਔਰਤਾਂ ਬੱਚੇ ਇੱਕ ਥਾਂ ਜੁੜ ਜਾਂਦੇਪ ਦਿਨ ਵੇਲੇ ਕੀਤੇ ਗਏ ਕੰਮਾਂ ਤੇ ਪੜਤਾਲਵੀਂ ਨਜ਼ਰ ਮਾਰਦੇ ਹੋਏ, ਚੰਗੇ ਕੰਮਾਂ ਦੀ ਪ੍ਰਸੰਸਾ ਕਰਦੇ ਤੇ ਤਰੁੱਟੀ ਪਾਉਣ ਤੇ ਚੁਕੰਨਾ ਕਰਦੇ। ਔਰਤਾਂ ਆਪਣੇ ਕੰਮਾਂ ਦੀ ਵਿਉਂਤਬੰਦੀ ਕਰਦੀਆਂ ਕੋਈ ਕੰਮ ਤੋਰ ਲੈਂਦੀਆਂ। ਕੋਈ ਚਰਖਾ ਡਾਹ ਲੈਂਦੀ। ਕੁੜੀਆਂ ਪੂਣੀਆਂ ਵੱਟਣ ਲੱਗ ਜਾਂਦੀਆਂ। ਦਾਦੀ ਗਲੋਟੇ ਅਟੇਰਨ ਲੱਗ ਜਾਂਦੀ। ਅਣਜਾਣ ਨੂੰ ਨੜੇ ਵੱਟਣ ਲਾ ਦਿੱਤਾ ਜਾਂਦਾ।

ਬੱਚੇ ਬਾਤਾਂ ਸੁਣਨ ਦੀ ਜਿੱਦ ਕਰਨ ਲਗਦੇ। ਬੁਝਾਰਤਾਂ, ਬਾਤਾਂ, ਮਿੰਨੀ ਕਹਾਣੀਆਂ ਤੇ ਚੁਟਕਲਿਆਂ ਦਾ ਦੌਰ ਸ਼ੁਰੂ ਹੋ ਜਾਂਦਾ। ਗੱਪ ਸ਼ੱਪ ਆਪਣੀ ਥਾਂ ਬਣਾ ਲੈਂਦੇ। ਹਲਕੀਆਂ ਫੁਲਕੀਆਂ ਗੱਲਾਂ ਨਾਲ ਮਨੋਰੰਜਨ ਵੀ ਖੂਬ ਹੋ ਜਾਂਦਾ ਤੇ ਜੀਵਨ ਦੇ ਕੰਮ ਆਉਣ ਵਾਲੀ ਸਿੱਖਿਆ ਵੀ ਮਿਲ ਜਾਂਦੀ। ਛੋਟੇ ਬੱਚੇ ਬੁਝਾਰਤਾਂ ਦੇ ਅਟਕਲਪੱਚੂ ਲਾਉਂਦੇ ਜਦੋਂ ਥੱਕ ਜਾਂਦੇ। ਬਾਤ ਬੁੱਝੀ ਨਾ ਜਾਂਦੀ ਤਾਂ 'ਭਿਆਂ! ਆਖ ਕੇ ਖਹਿੜਾ ਛੁਡਾ ਲੈਂਦੇ। ਫਿਰ ਬੁਝਾਰਤ ਦੱਸ ਦਿੱਤੀ ਜਾਂਦੀ। ਜਾਗੋ ਮੀਟੀ ਹੁੰਦੇ ਹੋਏ ਜੁਆਕ ਘੂਕ ਸੌਂ ਜਾਂਦੇ। ਔਰਤਾਂ ਤੇ ਨੌਜਵਾਨ ਹੀ ਜਾਗਦੇ ਰਹਿ ਜਾਂਦੇ।

ਦਰਾਣੀਆਂ, ਜਿਠਾਣੀਆਂ, ਸੱਸਾਂ, ਦਾਦ ਸੱਸਾਂ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕਰਦੀਆਂ। ਤਜਰਬੇ ਸਾਂਝੇ ਕਰਦੀਆਂ। ਜੇਠੀ ਤੇ ਸਭ ਤੋਂ ਵੱਡੀ ਉਮਰ ਦੀ ਨੂੰਹ ਹੋਣ ਕਰਕੇ ਮਾਂ ਦਾ ਪ੍ਰਭਾਵ ਬਹੁਤ ਚੰਗਾ ਸੀ। ਉਸ ਦੀਆਂ ਗੱਲਾਂ ਨੂੰ ਸਾਰੇ ਧਿਆਨ ਨਾਲ ਸੁਣਦੇ। "ਪਹਿਲੀ ਉਮਰ 'ਚ ਔਲਾਦ ਹੋ ਜਾਵੇ ਤਾਂ ਬੰਦਾ ਭਾਗਾਂ ਵਾਲਾ ਹੁੰਦਾ ਹੈ। ਕਿਸਮਤ ਜਾਗ ਪੈਂਦੀ ਹੈ। ਮਾਂ ਬਾਪ ਸਰੀਰਕ ਤੌਰ ਤੇ ਤੰਦਰੁਸਤ ਹੁੰਦੇ ਹਨ। ਕਮਾਈ ਕਰ ਕੇ ਬੱਚਿਆਂ ਦਾ ਢਿੱਡ ਭਰ ਸਕਦੇ ਹਨ। ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਸੌਖੀਆਂ

ਹੁੰਦੀਆਂ ਹਨ। ਬੱਚੇ ਸੌਖੇ ਪਲ ਜਾਂਦੇ ਹਨ। ਬਹੁਤਾ ਤਰੱਦਦ ਕਰਨ ਦੀ ਲੋੜ ਨਹੀਂ ਪੈਂਦੀ। ਬੁਢਾਪੇ ਦੀ ਔਲਾਦ ਨਰਕ ਭੋਗਣ ਲਾ ਦਿੰਦੀ ਹੈ। ਗੋਦੀ ਚੁੱਕਣਾ ਵੀ ਔਖਾ ਹੋ ਜਾਂਦਾ ਹੈ। ਕਮਾਈ ਘੱਟ ਜਾਂਦੀ ਹੈ। ਖਰਚ ਵਧ ਜਾਂਦਾ ਹੈ। ਮਾਂ ਬਾਪ ਦਾ ਸਰੀਰ ਕਮਜ਼ੋਰ ਹੋ ਜਾਂਦਾ ਹੈ। ਨਾ ਇਧਰ ਦੇ, ਨਾ ਉਧਰ ਦੇ ਰਹਿੰਦੇ ਹਨ। ਨਾ ਬੱਚਿਆਂ ਨੂੰ ਇਕੱਲੇ ਛੱਡ ਸਕਦੇ ਹਨ। ਜਵਾਨੀ ਵੇਲੇ ਦੀ ਔਲਾਦ ਮਾਂ ਪਿਓ ਦੇ ਨਾਲ ਹੀ ਕਮਾਉਣ ਗੋਚਰੀ ਹੋ ਜਾਂਦੀ ਹੈ। ਆਪਣੇ ਪੈਰਾਂ ਸਿਰ ਖੜੇ ਹੋਣ ਦੀ ਸ਼ਕਤੀ ਪ੍ਰਾਪਤ ਕਰ ਲੈਂਦੀ ਹੈ। ਔਲਾਦ ਸੁਲੱਗ ਨਿਕਲ ਆਵੇ ਤਾਂ ਸੋਨੇ ਤੇ ਸੁਹਾਗਾ। ਮਾਂ ਬਾਪ ਸੁਖੀ। ਜੇ ਕੁਰਾਹੈ ਪੈ ਗਈ ਤਾਂ ਸਾਰੀ ਉਮਰ ਦੀ ਨਮੋਸ਼ੀ ਮਾਪਿਆਂ ਨੂੰ ਝੱਲਣੀ ਪੈ ਜਾਂਦੀ ਹੈ। ਜੋ ਮਾਂ ਬਾਪ ਦੀ ਸਾਰ ਵਿੱਚ ਹੋਣ ਤਾਂ ਫਾਇਦਾ। ਨਹੀਂ ਤਾਂ ਬਿਨਾਂ ਔਲਾਦ ਹੀ ਬੰਦਾ ਚੰਗਾ ਹੈ।"

ਦਰਾਣੀ ਜਿਠਾਣੀ ਵੀ ਖਾਤਾ ਖੋਹਲਦੀ। ਜਿਹੜੀ ਸਿੱਖਿਆ ਨਾਨਕਿਆਂ, ਦਾਦਕਿਆਂ ਤੋਂ ਲੈ ਕੇ ਆਈ ਹੁੰਦੀ ਤੇ ਜਿਸ ਦਾ ਰੰਗ ਜ਼ਿਆਦਾ ਗੋਰਾ ਹੁੰਦਾ। ਆਪਣੇ ਰੰਗ ਤੇ ਮਾਣ ਕਰਦੀ ਆਖਦੀ, "ਮੇਰੀ ਨਾਨੀ ਆਖਿਆ ਕਰਦੀ-ਕਾਲੇ ਰੰਗ ਦੀ ਲੜਕੀ ਦਾ ਰਿਸ਼ਤਾ ਪੁੱਤ ਨੂੰ ਕਦੇ ਨਾ ਲਈਏ। ਕਿਉਂਕਿ ਉਸ ਦੇ ਜਾਏ ਉਸ ਦਾ ਰੰਗ ਲੈ ਕੇ ਆਉਣਗੇ। ਚੰਗਾ ਹੋਵੇ ਅੰਨ੍ਹੀ ਕਾਣੀ ਦਾ ਰਿਸ਼ਤਾ ਪ੍ਰਵਾਨ ਕਰ ਲਈਏ। ਉਸ ਦੇ ਨਿਆਣੇ ਤਾਂ ਸੁਹਣੇ ਹੋਣਗੇ। ਕਾਲਾ ਰੰਗ ਨਸਲ ਵਿਗਾੜ ਦਿੰਦਾ ਹੈ।"

ਮਾਂ ਦਾ ਰੰਗ ਕਾਲਾ ਸੀ। ਉਹ ਟੀਕਾ ਟਿਪਣੀ ਕਰਦੀ ਦੋਹਾਂ ਰੰਗਾਂ ਨੂੰ ਰੱਦ ਕਰ ਦਿੰਦੀ। "ਮਾਂ ਦੀ ਤਾਂ ਕੁੱਖ ਸੁਲੱਖਣੀ ਹੋਣੀ ਚਾਹੀਦੀ ਹੈ। ਸੁਹਣੇ ਤਾਂ ਰੋਹੀਆਂ ਵਿੱਚ ਕੌੜ ਤੁੰਮੇ ਬਥੇਰੇ ਪਏ ਨੇ। ਉਹਨਾਂ ਵੱਲ ਕੋਈ ਝਾਕਦਾ ਵੀ ਨਹੀਂ ਬੀਰਬਲ ਦੀ ਮਾਂ ਦੀ ਕੁੱਖ ਵਰਗੀ ਕੁੱਖ ਹੋਣੀ ਚਾਹੀਦੀ ਹੈ। ਜਿਸ ਨੇ ਹੀਰੇ ਵਰਗੇ ਪੁੱਤਰ ਨੂੰ ਜਨਮ ਦਿੱਤਾ। ਗੋਰਾ ਰੰਗ ਕੀ ਕਰਨੈ ਜੇ ਔਲਾਦ ਹੀ ਕਮਲੀ ਜੰਮ ਪਈ।"

"ਗੱਲ ਤੇਰੀ ਵੀ ਕੁਝ ਹੱਦ ਤੱਕ ਠੀਕ ਮੰਨ ਲੈਂਦੀ ਹਾਂ। ਪਰ ਕਈ ਬੁੜੀਆਂ ਖੁਰਾਕ ਦਾ ਖਿਆਲ ਨਹੀਂ ਰੱਖਦੀਆਂ। ਖੁਰਾਕ ਦੇ ਸਿਰ ਤੇ ਹੀ ਬੱਚੇ ਨੇ ਰੰਗ ਵਟਾਉਣਾ ਹੁੰਦੈ। ਆਹ! ਆਪਣੇ ਗੁਆਂਢੀਆਂ ਦੀ ਵਹੁਟੀ ਕੋਠੇ ਤੋਂ ਰੋੜ ਚੁਗ ਚੁਗ ਕੁ ਫੱਕੇ ਮਾਰਦੀ ਰਹਿੰਦੀ ਐ। ਜੁਆਕਾਂ ਦਾ ਰੰਗ ਮਿੱਟੀ ਵਰਗੈ। ਕਈ ਗਾਜਨੀ ਜਾਂ ਪਾਂਡੋ ਮਿੱਟੀ ਖਾਣ ਲੱਗ ਜਾਂਦੀਆਂ ਨੇ। ਕੋਈ ਚੁੱਲ੍ਹੇ ਦੇ ਅੰਦਰਲੇ ਕੌਲੇ ਪੁੱਟ ਕੇ ਖਾਣ ਲੱਗ ਪੈਂਦੀਆਂ ਹਨ।" ਮਾਂ ਲੜੀ ਜੋੜਦੀ।

ਮਾਂ ਦਾ ਤਰਕ ਹੁੰਦਾ, "ਜਿਹੜੀਆਂ ਮਾਵਾਂ ਮਿੱਟੀ ਜਾਂ ਗਾਜਨੀ ਖਾਂਦੀਆਂ ਹਨ, ਇਹ ਉਹਨਾਂ ਦਾ ਸੁਆਦ ਨਹੀਂ ਹੁੰਦਾ। ਸਗੋਂ ਬੱਚੇ ਦਾ ਸੁਆਦ ਹੁੰਦਾ ਹੈਪ ਅਜਿਹੀਆਂ ਮਾਵਾਂ ਦੇ ਬੱਚੇ ਵੱਡੇ ਹੋ ਕੇ ਵੀ ਐਸੀਆਂ ਚੀਜ਼ਾਂ ਖਾਣ ਨੂੰ ਤਰਜੀਹ ਦਿੰਦੇ ਹਨ। ਕੁਝ ਮਾਵਾਂ ਦੀ ਆਦਤ ਪੱਕ ਜਾਂਦੀ ਹੈ। ਜਾਪੇ ਪਿੱਛੋਂ ਵੀ ਮਿੱਟੀ ਖਾਣੀ ਬੰਦ ਨਹੀਂ ਕਰਦੀਆਂ। ਇਸ ਆਦਤ ਦੇ ਸ਼ਿਕਾਰ ਹੋਏ ਬੱਚੇ ਖੋਜੀਆਂ ਨੇ ਲੱਭੇ ਹਨ।"

ਵੱਡੀ ਸੱਸ ਆਪਣਾ ਤਜੱਰਬਾ ਸਾਂਝਾ ਕਰਦੀ, "ਆਹ! ਜਦੋਂ ਵੱਡਾ ਹੋਇਐ। ਉਦੋਂ ਮੇਰੀ ਜੀਭ ਦਾ ਸੁਆਦ ਬਦਲ ਗਿਆ। ਮਿਰਚ ਮਸਾਲੇ ਵਾਲੀ ਕਰਾਰੀ ਚੀਜ਼ ਖਾਣ ਨੂੰ ਜੀਅ ਜ਼ਿਆਦਾ ਕਰਨ ਲੱਗ ਪਿਆ। ਖੁਸ਼ੀ ਦੇ ਸਮੇਂ ਨੂੰ ਦਿਲ ਲਾ ਕੇ ਮਾਣਦੀ ਤੇ ਹਰ ਵੇਲੇ ਚਿੱਤ ਪ੍ਰਸੰਨ ਰਹਿੰਦਾ। ਮੈਨੂੰ ਅੰਦਾਜ਼ਾ ਲੱਗ ਗਿਆ ਕਿ ਮੁੰਡਾ ਹੋਵੇਗਾ। ਵਡੇਰੀ ਉਮਰ ਦੀਆਂ ਤਜੱਰਬਾਕਾਰ ਔਰਤਾ ਨੂੰਹ ਧੀ ਦੇ ਪੈਰ ਭਾਰੀ ਹੋਣ ਤੇ ਉਹਨਾਂ ਦੇ ਖਾਣ ਪੀਣ ਤੋਂ ਜਨਮ ਲੈਣ ਵਾਲੇ ਬੱਚੇ ਦਾ ਲੱਖਣ ਲਾ ਲੈਂਦੀਆਂ। ਪਰਖ ਕਰਨ ਵਿੱਚ ਭੁੱਲ ਬਹੁਤ ਘੱਟ ਹੁੰਦੀ। ਖੁਰਾਕ ਵੱਲ ਪੂਰਾ ਧਿਆਨ ਦੇਣਾ ਚਾਹੀਦੈ ਤਾਂ ਜੋ ਹੋਣ ਵਾਲੇ ਮਾਸੂਮ ਦੀ ਸਿਹਤ ਕਮਜ਼ੋਰ ਨਾ ਹੋਵੇ ਤੇ ਪੈਦਾ ਕਰਨਾ ਵੀ ਸੌਖਾ ਰਹੇ।"

ਵਿਹਲੀਆਂ ਗੱਲਾਂ ਜਿੰਨ੍ਹਾਂ ਨੂੰ ਅਣਜਾਣ ਲੋਕ ਜਾਬੜਾਂ ਦਾ ਭੇੜ ਵੀ ਕਿਹਾ ਕਰਦੇ ਨੇ ਇਹਨਾਂ ਵਿੱਚ

ਮਾਂ ਐਸੇ ਨੁਕਤਿਆਂ ਨੂੰ ਖੋਹਲਦੀ ਜੋ ਸੁਣਨ ਵਾਲਿਆਂ ਤੇ ਪਾਰੇ ਵਾਂਗੂੰ ਅਸਰ ਕਰ ਜਾਂਦੇ। ਜਦੋਂ ਖਾਸ ਦਿਨ ਤੇ ਖਾਸ ਚੀਜ਼ ਬਣਵਾਉਣ ਦੀ ਜਿਦ ਕਰਦੇ। ਮਾਂ ਦੀ ਸਮਰੱਥਾ ਤੋਂ ਬਾਹਰ ਹੁੰਦੀ ਤਾਂ ਬਿਨਾਂ ਕਾਰਨ ਜਾਣੇ ਗੁੱਸੇ ਹੋ ਜਾਇਆ ਕਰਦੇ। ਮਾਵਾਂ ਕੋਲੋਂ ਰੁੱਸੇ ਹੋਏ ਬੱਚੇ ਜਰੇ ਨਹੀਂ ਜਾਂਦੇ। ਰੁੱਸਿਆਂ ਦੇ ਸਿਰ ਤੇ ਹੱਥ ਫੇਰਦੀ ਤੇ ਮਾਸੂਮੀਅਤ ਨਾਲ ਹੌਲੀ ਹੌਲੀ ਜਬਾਨ ਖੋਹਲਦੀ। "ਪੁੱਤ! ਜਿਹੜੀ ਚੀਜ਼ ਖਾਣ ਲਈ ਮਿਲੇ ਵਾਹਿਗੁਰੂ ਕਹਿ ਕੇ ਛਕ ਲੈਣੀ ਚਾਹੀਦੀ ਹੈ। ਜੇ ਇਹ ਵੀ ਨਾ ਮਿਲਦੀ ਤਾਂ ਕੀ ਕਰਦੇ। ਇਕੱਲਾ ਜੀਭ ਦੇ ਸੁਆਦ ਮਗਰ ਨਹੀਂ ਲਗਣਾ ਚਾਹੀਦਾ। ਸੰਘ ਤੋਂ ਥੱਲੇ ਉੱਤਰੇ ਛੱਤੀ ਪ੍ਰਕਾਰ ਦੇ ਭੋਜਨ ਵੀ ਇੱਕ ਹੋ ਜਾਂਦੇ ਹਨ। ਇਹ ਤਾਂ ਸਿਰਫ ਬਿੰਦ ਝੱਟ ਦਾ ਜੀਭ ਦਾ ਸੁਆਦ ਹੁੰਦਾ ਹੈ ਜੀਭ ਦੀ 'ਲਲਕ' ਦੇ ਪੱਟੇ ਘਰ ਅਜੇ ਤੱਕ ਰਾਸ ਨਹੀਂ ਆਏ। ਜੀਭ ਤਾਂ ਸਾਰਾ ਦਿਨ ਮੰਗਦੀ ਐ। ਨਾ ਇਹ ਰਜਦੀ ਐ। ਪੁਤ! ਇਹ ਸੁਆਦ ਜ਼ਿੰਦਗੀ ਖਰਾਬ ਕਰ ਦਿੰਦੇ ਨੇ।" ਬਚਪਨ ਵਿੱਚ ਸਮਝ ਆਉਂਦੀ ਕਿ ਮਾਂ ਬੇਵੱਸ ਹੈ। ਜੋ ਕੁਝ ਬਣਾਉਣਾ ਸੀ ਬਣਾ ਕੇ ਦੇ ਦਿੱਤਾ। ਮਾਂ ਦਾ ਕੀਤਾ ਗਿਆ ਯਤਨ ਸਫਲ ਹੁੰਦਾ। ਅਸੀਂ ਮੰਨ ਜਾਂਦੇ। ਮਾਂ ਦੇ ਚਿਹਰੇ ਤੇ ਵੀ ਮੁਸਕੁਰਾਹਟ ਆ ਜਾਂਦੀ।

ਨਿੱਕੇ ਹੁੰਦੇ ਕਿਸੇ ਕੰਮ ਤੋਂ ਜਵਾਬ ਦੇ ਦਿੰਦੇ। ਅਸੀਂ ਖੇਤੋਂ ਲਕੜਾਂ, ਮੁੱਢੀਆਂ, ਬੂਝੜ, ਛਟੀਆਂ, ਸਲਰੇ ਲੈ ਕੇ ਨਹੀਂ ਆਉਂਦੇ। ਬਾਲਣ ਸਿਰ ਤੇ ਚੁੱਕਦਿਆਂ ਨੂੰ ਸੰਗ ਲਗਦੀ ਐ। ਮਾਂ ਦਾ ਮਿੱਠਾ ਜਵਾਬ ਹੁੰਦਾ। "ਪੁੱਤ! ਕੰਮ ਤਾਂ ਕਰਮਾਂ ਵਾਲਿਆਂ ਨੂੰ ਮਿਲਦੈ। ਕੰਮ ਤੋਂ ਬਿਨਾਂ ਤਾਂ ਲੋਕ ਭੁੱਖੇ ਮਰ ਜਾਣ। ਕੋਈ ਕੰਮ ਚੰਗਾ ਮਾੜਾ ਨਹੀਂ ਹੁੰਦਾ। ਵੱਸ! ਤੁਹਾਡੇ ਕਰਨ ਦਾ ਢੰਗ ਵਧੀਆ ਹੋਣਾ ਚਾਹੀਦੈ। ਕੰਮ ਕਰਨ ਵਿੱਚ ਪੂਰੀ ਦਿਲਚਸਪੀ ਲਵੋ। ਜੀਅ ਲਾ ਕੇ ਕਰੋ। ਕੰਮ ਇਉਂ ਕਰੋ ਕਿ ਲੋਕ ਵੇਖਣ। ਤੁਹਾਡੇ 'ਚ ਕੋਈ ਨਾ ਕੋਈ ਗੁਣ ਜ਼ਰੂਰ ਹੋਣਾ ਚਾਹੀਦੈ। ਗੁਣ ਦਾ ਮੁੱਲ ਜਰੂਰ ਪੈਂਦਾ। ਸਿੱਖਿਆ ਕੰਮ ਔਖੇ ਵੇਲੇ ਕੰਮ ਆ ਜਾਂਦੈ। ਕੰਮ ਤੋਂ ਕਦੇ ਜਵਾਬ ਨਾ ਦਿਓ।" ਮਸੋਸੇ ਹੋਏ ਮਨ ਨਾਲ ਭੌਣੀ ਵਾਲਾ ਰੱਸਾ ਲੈ ਕੇ ਖੇਤ ਨੂੰ ਤੁਰ ਜਾਂਦੇ।

ਸਰਦ ਰੁੱਤ ਵਿੱਚ ਚੁੱਲ੍ਹੇ ਮੂਹਰੇ ਬੈਠੇ ਅੱਗ ਸੇਕਦਿਆਂ ਗੁਆਰੇ ਜਾਂ ਸਰੋਂ ਦੇ ਸਲਰਿਆਂ ਵਿੱਚੋਂ ਦੀ ਧੂੰਆਂ ਨਿਕਲਦਾ ਵੇਖ ਕੇ ਚੁੱਕ ਲੈਂਦੇ। ਇੱਕ ਪਾਸਾ ਮੂੰਹ 'ਚ ਲੈ ਕੇ ਸਿਗਰਟ ਵਾਂਗੂੰ ਧੂੰਆਂ ਅੰਦਰ ਖਿੱਚ ਕੇ ਬਾਹਰ ਕੱਢਦੇ ਛੱਲੇ ਬਣਾਉਂਦੇ ਤਾਂ ਮਾਂ ਝੱਟ ਰੋਕਦੀ। "ਨਾ ਪੁੱਤ! ਇਹ ਕੰਮ ਨੀ ਕਰਨਾ। ਗੁਆਰੇ ਦਾ ਧੂੰਆਂ ਕੌੜਾ ਹੁੰਦਾ ਹੈ। ਮਗ਼ਜ ਨੂੰ ਚੜ੍ਹ ਜਾਂਦੈ। ਆਬੂ ਆ ਜਾਂਦੈ। ਸਾਹ ਨੀ ਆਉਂਦਾ। ਬੰਦਾ ਮਰ ਜਾਦੈ। ਪੱਠਾ ਵੀ ਲੱਗ ਜਾਂਦੈ। ਇਹ ਕੰਮ ਤਾਂ ਵੈਲੀ ਕਰਦੇ ਹੁੰਦੇ ਨੇ। ਜਿੰਨ੍ਹਾਂ ਨੇ ਤਮਾਖੂ ਪੀਣਾ ਹੁੰਦੈ। ਸਿਆਣੇ ਪੁੱਤ ਧੀ ਨੀ ਇਹੋ ਜਿਹੀ ਇੱਲਤ ਕਰਿਆ ਕਰਦੇ। ਸਿਆਣੇ ਬਣੀ ਦਾ।" ਮਾਂ ਦੀ ਆਖੀ ਸੱਚ ਹੋ ਜਾਂਦੀ। ਖੰਘਦੇ ਖੰਘਦੇ ਚੁੱਲ੍ਹੇ ਅੱਗੋਂ ਉੱਠ ਕੇ ਦੂਰ ਚਲੇ ਜਾਂਦੇ।

ਮਾਂ ਦੀਆਂ ਸਿੱਖਿਆਵਾਂ ਅੱਜ ਵੀ ਬਹੁਤ ਯਾਦ ਆਉਂਦੀਆਂ ਹਨ। ਜਿਵੇਂ ਉਹ ਕੋਲ ਬੈਠੀ ਸਮਝੌਤੀਆਂ ਦੇ ਰਹੀ ਹੋਵੇ। "ਘਰੇ ਜੇ ਮੰਗਤਾ ਆ ਜਾਵੇ। ਖਾਲੀ ਨਾ ਮੋੜੋ। ਐਵੇਂ ਹਉਕਾ ਲਵੇਗਾ। ਘਰੇ ਭਾਵੇਂ ਕੁਝ ਵੀ ਨਾ ਹੋਵੇ, ਪਰ ਜਵਾਬ ਨਾ ਦਿਓ। ਛਾਬੇ 'ਚ ਹੱਥ ਮਾਰ ਕੇ ਆਖੋ-ਭਾਈ! ਰੋਟੀ ਖਾ ਲਈ ਹੈ। ਬਚੀ ਨਹੀਂ। ਮਟ ਵਿੱਚ ਹੱਥ ਮਾਰ ਕੇ ਆਖੋ-ਆਟਾ ਪਿਹਾਉਣ ਵਾਲੈ। ਬੜੇ ਪਿਆਰ ਨਾਲ ਆਖੋ ਫਿਰ ਕਿਸੇ ਦਿਨ ਆ ਜਾਵੀਂ। ਮੰਗਤੇ ਕੋਲ ਐਨਾ ਸਮਾਂ ਨਹੀਂ ਹੁੰਦਾ ਜੋ ਲੰਮਾਂ ਸਮਾਂ ਉਡੀਕ ਕਰੀ ਜਾਵੇ। ਇੰਨੇ 'ਚ ਉੱਠ ਕੇ ਤੁਰ ਜਾਵੇਗਾ।" ਇਹ ਨੁਕਤਾ ਜ਼ਿੰਦਗੀ 'ਚ ਹੋਰ ਕੰਮਾਂ ਵਿੱਚ ਲਾਗੂ ਕੀਤਾ ਇਸ ਗੁਰ ਨੇ ਕੰਮ ਦਿੱਤਾ ਤੇ ਮਾਂ ਦੀ ਯਾਦ ਤਾਜਾ ਹੁੰਦੀ ਰਹੀ।

ਮਾਂ ਦੀਆਂ ਗੱਲਾਂ ਸੱਚ ਨੂੰ ਪ੍ਰਨਾਈਆਂ ਹੁੰਦੀਆਂ। "ਭਾਈ! ਗੁਆਂਢੀਆਂ ਨਾਲ ਕਦੇ ਨਾ ਵਿਗਾੜੋ। ਹਮੇਸ਼ਾ ਸਬੰਧ ਸੁਖਾਵੇਂ ਰੱਖੋ। ਦੁੱਖ ਸੁੱਖ ਵੇਲੇ ਗੁਆਂਢੀ ਹੀ ਸਾਡੀ ਪਹੁੰਚ ਵਿੱਚ ਹੋਵੇਗਾ। ਰਾਤ ਬਰਾਤੇ ਲੋੜ

ਪੈ ਜਾਵੇ ਤਾਂ ਗੁਆਂਢੀ ਸਭ ਤੋਂ ਪਹਿਲਾਂ ਮਦਦ ਕਰਨ ਆਵੇਗਾ। ਰਿਸ਼ਤੇਦਾਰ ਤਾਂ ਦੂਰ ਰਹਿ ਜਾਂਦੇ ਹਨ। ਗੁਆਂਢੀਆਂ ਦੀ ਮਦਦ ਵੀ ਦਿਲ ਖੋਹਲ ਕੇ ਕਰੋ। ਗਮੀ ਖੁਸ਼ੀ ਵੇਲੇ ਵੀ ਉਹਨਾਂ ਦੇ ਸਮੇਂ ਸਿਰ ਪਹੁੰਚੋ। ਅਗਲੇ ਦਾ ਮਨ ਜਿੱਤਣ ਦੀ ਕੋਸ਼ਿਸ਼ ਕਰੋ।

"ਗੁਆਂਢੀ ਦਾ ਬੁਰਾ ਸੋਚਣਾ ਮਾੜਾ ਹੁੰਦਾ ਹੈ। ਕਦੇ ਵੀ ਕਿਸੇ ਦਾ ਬੁਰਾ ਨਾ ਕਰੋ। ਬੁਰਾਈ ਦੇ ਸੰਸਕਾਰ ਦਿਲੋਂ ਮਿਟਾਉਣੇ ਔਖੇ ਹੋ ਜਾਂਦੇ ਨੇ। ਤੱਕੀਏ ਪਰ ਨੂੰ ਪੈ ਜੇ ਘਰ ਨੂੰ। ਕਿਸੇ ਦੀ ਨਿੰਦਿਆ ਚੁਗਲੀ ਤੋਂ ਜਿੰਨਾਂ ਬਚਿਆ ਜਾ ਸਕਦਾ ਹੈ, ਬਚੋ। ਕਦੇ ਆਪ ਨੂੰ ਗੱਲ ਦੇਣੀ ਆ ਜਾਂਦੀ ਹੈ। ਆਪਣੇ ਨਾਲ ਵੀ ਵਾਪਰ ਸਕਦੀ ਹੈ।" ਗਭਰੂ ਹੋਇਆਂ ਨੂੰ ਬੁੱਕਲ 'ਚ ਲੈ ਕੇ ਸਮਝੌਤੀਆਂ ਦੇ ਕੇ ਜਵਾਨੀ ਦੇ ਖ਼ਤਰਿਆਂ ਤੋਂ ਚੁਕੰਨਾਂ ਕਰਦੀ। "ਪੁੱਤ! ਕਿਸੇ ਦਾ ਪਿੱਛਾ ਨਹੀਂ ਤਕਾਉਣਾ ਚਾਹੀਦਾ। ਫਿਰ ਕੋਈ ਆਪਣਾ ਪਿੱਛਾ ਵੀ ਤੱਕੇਗਾ। ਕਿਸੇ ਤੋਂ ਉਲਾਂਭਾ ਨਾ ਲਈਏ।" ਆਚਰਨ ਨੂੰ ਉੱਚਾ-ਸੁੱਚਾ ਰੱਖਣ ਲਈ ਸਹੇਲੀ ਬਣ ਕੇ ਧੀਆਂ ਨਾਲ ਦਿਲ ਦੀਆਂ ਘੁੰਡੀਆਂ ਖੋਹਲਦੀ ਤੇ ਖਾਨਦਾਨ ਦਾ ਨਾਂ ਰੋਸ਼ਨ ਕਰਨ ਦੀ ਤਾਕੀਦ ਕਰਦੀ।

# ਧੀ ਦਾ ਫਿਕਰ ਤੇ ਮਾਂ ਦੇ ਮਸ਼ਵਰੇ

ਮਾਂ ਦਾ ਧੀਆਂ ਵਾਲਾ ਘਰ ਸੀ। ਅਜਿਹੀਆਂ ਮਾਵਾਂ ਨੂੰ ਧੀਆਂ ਦੇ ਵੇਲੇ ਸਿਰ ਬਾਰੋਂ ਉਠਾਉਣ ਦੀ ਚਿੰਤਾ ਸਤਾਉਂਦੀ ਰਹਿੰਦੀ ਹੈ। ਸਮਾਜ ਵਿਚ ਕੁਝ ਅਜਿਹਾ ਵਿਚਾਰ ਵੀ ਪ੍ਰਚੱਲਤ ਹੈ ਕਿ ਪਹਿਲੀ ਸੰਤਾਨ ਧੀ ਹੋਣ 'ਤੇ ਬੰਦੇ 'ਚ ਬੁਢਾਪਾ ਛੇਤੀ ਆ ਜਾਂਦਾ ਹੈ। ਇਹ ਵਿਚਾਰ ਵੀ ਜ਼ਿੰਮੇਵਾਰੀ ਵੱਲ ਧਿਆਨ ਦਿਵਾਉਂਦੇ ਹਨ। ਗੈਰ ਜ਼ਿੰਮੇਵਾਰ ਤੇ ਫਰਜ਼ ਨਿਭਾਉਣ ਤੋਂ ਅਵੇਸਲੇ ਲੋਕ ਮਾਨਸਿਕ ਤੌਰ 'ਤੇ ਬੋਦੇ ਹੁੰਦੇ ਹਨ।

ਬਾਪੂ ਆਖਿਆ ਕਰਦਾ, "ਤੀਆਂ ਮਗਰੋਂ ਲੁੰਙੀ ਕੀ ਫੂਕਣੀ ਹੈ। ਜਦੋਂ ਜਵਾਨੀ ਢਲ ਗਈ, ਚਿਹਰੇ ਦੀ ਰੌਣਕ ਫਿੱਕੀ ਪੈ ਗਈ। ਫਿਰ ਜਿਹੋ ਜਿਹਾ ਕੀਤਾ, ਜਿਹੋ ਜਿਹਾ ਨਾ ਕੀਤਾ ਬਰਾਬਰ ਹੁੰਦੇ ਹਨ। ਹਾਣ ਪ੍ਰਵਾਨ ਵੀ ਲੱਭਣਾ ਔਖਾ ਹੋ ਜਾਂਦਾ ਹ। ਬੁਢਾਪੇ ਦੀ ਔਲਾਦ ਵੀ ਤੰਗ ਕਰਦੀ ਹੈ।

ਜਿਉਂ ਜਿਉਂ ਧੀ ਦਾ ਕੱਦ ਵਧਦਾ, ਤਿਉਂ ਤਿਉਂ ਮਾਪਿਆਂ ਦਾ ਜੀਅ ਘਟਦਾ। ਹੁਸਨ 'ਤੇ ਸਿਖ਼ਰ ਦੁਪਹਿਰ ਆਉਣ ਲੱਗਦੀ ਤਾਂ ਮਾਂ ਪਿਓ ਨੂੰ ਰਾਤਾਂ ਦੀ ਨੀਂਦ ਜਗਾਉਣ ਲੱਗਦੀ । ਨੀਂਦ ਜਾਗੋ ਮੀਚੀ ਹੋਣ ਲੱਗ ਜਾਂਦੀ। ਭਾਰਤੀ ਸੱਭਿਅਤਾ ਤੇ ਸੰਸਕ੍ਰਿਤੀ ਅਨੁਸਾਰ ਧੀ ਹਮੇਸ਼ਾ ਚਿੰਤਾ ਦਾ ਵਿਸ਼ਾ ਰਹੀ ਹੈ। ਮਾਂ ਉਸ ਦੇ ਜੀਵਨ ਵਿਚ ਉਚੇ ਨੈਤਿਕ ਕਰਦਾਂ-ਕੀਮਤਾਂ ਤੇ ਸਦਾਚਾਰ ਨੂੰ ਕੁੱਟ ਕੁੱਟ ਕੇ ਭਰਨ ਦਾ ਯਤਨ ਕਰਿਆ ਕਰਦੀ ਹੈ।

ਮਾਂ ਵੱਡੀ ਧੀ ਨੂੰ ਸਲਾਹੁੰਦੀ, "ਇਹ ਤਾਂ ਵੱਢਿਆਂ ਵਿਚ ਸਮਾਉਣ ਵਾਲੀ ਐ। ਐਨਾ ਤਕੜਾ ਹਾਜ਼ਮਾ ਤੇ ਬਰੀਕ ਅਕਲ। ਹਲੀਮੀ ਤੇ ਠਰ੍ਹੰਮੇ ਨਾਲ ਗੱਲ ਕਰਦੀ ਐ ਕਿ ਸੁਣਨ ਵਾਲੇ ਦਾ ਮੂੰਹ ਟੱਡਿਆ ਰਹਿ ਜਾਂਦਾ ਹੈ। ਵੱਡੇ ਟੱਬਰ ਵਿਚ ਕੱਟਣ ਵਾਲੀ ਹੈ। ਵਿਹਲੀ ਨਹੀਂ ਬਹਿੰਦੀ।"

ਪਰ ਮਾਂ! ਤੇਰੀਆਂ ਤੇ ਪੰਜ ਧੀਆਂ ਸਨ। ਪੰਜਾਂ ਨੂੰ ਤਣ ਪੱਤਣ ਲਾਉਣਾ ਇੱਕ ਮਾਂ ਲਈ ਕਿੰਨਾ ਔਖਾ ਕਾਰਜ ਹੋ ਸਕਦਾ ਹੈ। ਫਰਜ਼ ਪੂਰਾ ਕਰਨ ਵਾਲੀ ਮਾਤਾ ਹੀ ਜਾਣ ਸਕਦੀ ਹੈ। ਧੀਆਂ ਦੇ ਸੁਪਨੇ ਸਾਕਾਰ ਕਰਨ ਦਾ ਮਾਂ ਨੂੰ ਫਿਕਰ ਹੋਵੇਗਾ। ਧੀ ਦੀ ਮਾਂ ਨੂੰ ਜਿੰਨੀ ਸਮਝ ਹੋ ਸਕਦੀ ਹੈ ਤੇ ਸਿੱਖਿਆ ਦੇ ਸਕਦੀ ਹੈ ਓਨਾ ਪਿਓ ਭਰਾ ਤੇ ਹੋਰ ਨਹੀਂ ਕਰ ਸਕਦੇ। ਲਾਡਲੀਆਂ ਦੇ ਭਵਿੱਖ ਨੂੰ ਸੰਵਾਰਨ ਲਈ ਮਾਪੇ ਅਣਜੋੜ ਵਿਆਹਾਂ ਤੋਂ ਸੱਪ ਸ਼ੀਂਹ ਦੀ ਤਰ੍ਹਾਂ ਡਰਿਆ ਕਰਦੇ। ਪਰ ਸਬਰ ਸੰਤੋਖ ਵਾਲੀ ਧੀ ਅਜਿਹਾ ਵਾਪਰਨ 'ਤੇ

ਮਾਪਿਆਂ ਨੂੰ ਦੋਸ਼ ਨਹੀਂ ਦਿੰਦੀ ਸੀ, ਸਗੋਂ ਆਪਣੇ ਲੇਖਾਂ ਨੂੰ ਕੋਸਦੀ ਰਹਿੰਦੀ।

ਸ਼ਾਮ ਦੇ ਵਕਤ ਮਾਂ ਬਾਪ ਆਪਸ ਵਿਚ ਵਿਚਾਰ ਵਟਾਂਦਰਾ ਕਰਦੇ ਤਾਂ ਮਾਂ ਦੀ ਧੀਮੀ ਧੀਮੀ ਆਵਾਜ਼ ਸੁਣਨ ਨੂੰ ਮਿਲਦੀ। "ਘਰ ਭਾਵੇਂ ਕਿਹੋ ਜਿਹਾ ਹੋਵੇ। ਕੱਚਾ ਜਾਂ ਪੱਕਾ ਹੋਵੇ ਪਰ ਮੰਜੀਆਂ ਡਾਹੁਣ ਨੂੰ ਥਾਂ ਜ਼ਰੂਰ ਹੋਣੀ ਚਾਹੀਦੀ ਹੈ। ਮੁੰਡਾ ਭਾਵੇਂ ਮਜ਼ਦੂਰੀ ਕਰਦਾ ਹੋਵੇ। ਬੱਸ ਸ਼ਾਮ ਨੂੰ ਪਤੀ-ਪਤਨੀ ਮੰਜੇ 'ਤੇ ਬੈਠ ਕੇ ਇਕੱਠੇ ਰੋਟੀ ਖਾਂਦੈ ਹੋਣ।"

ਪਿਤਾ ਜੀ ਚੁੱਪ-ਚਾਪ ਸੁਣੀ ਜਾਂਦੇ ਤੇ ਅਖੀਰ 'ਤੇ ਬੋਲਦੇ "ਆਪਣੇ ਕੋਲ ਧੀ ਨੂੰ ਅਗਲੇ ਦੀ ਝੋਲੀ ਵਿਚ ਪਾਉਣ ਲਈ ਸਿਰਫ ਤਨ ਦੇ ਕੱਪੜੇ, ਸਵਾ ਰੁਪਇਆ ਤੇ ਸ਼ੱਕਰ ਐ। ਜੋੜੀ ਘੋੜੀ ਦੇਣ ਦੀ ਪਹੁੰਚ ਨਹੀਂ। ਜਾਂ ਸੰਦੂਕ ਦੀਆਂ ਚਾਰ ਫੱਟੀਆਂ ਦੇ ਸਕਦੇ ਹਾਂ।"

ਉਨ੍ਹਾਂ ਵੇਲਿਆਂ 'ਚ ਪੜ੍ਹੇ-ਲਿਖੇ ਤੇ ਨੌਕਰੀਪੇਸ਼ਾ ਵਰ ਆਮ ਨਹੀਂ ਮਿਲਿਆ ਕਰਦੇ ਸਨ। ਧੀਆਂ ਨੂੰ ਪੜ੍ਹਾਉਣ ਦੀ ਪਿਰਤ ਵੀ ਨਹੀਂ ਸੀ। ਸਿਰਫ਼ ਕੰਮ ਕਰਦੇ ਮੁੰਡੇ ਨੂੰ ਵੇਖਿਆ ਜਾਂਦਾ। ਖੇਤੀਬਾੜੀ ਦੇ ਕੰਮ ਵਿਚ ਨਿਪੁੰਨ ਮੁੰਡੇ ਨੂੰ ਤਰਜੀਹ ਦਿੱਤੀ ਜਾਂਦੀ। ਜੇ ਚਾਚੇ ਤਾਏ ਦੀ ਧੀ ਜਾਂ ਭੂਆ ਸਾਕ ਲਿਜਾਂਦੀ ਤਾਂ ਮਾਂ ਨਾਂਹ ਨਾ ਕਰਦੀ। ਸਗੋਂ ਬਾਪੂ ਦਾ ਦਿਲ ਤਕੜਾ ਕਰਦੀ। "ਕੋਈ ਨਾ! ਦੇਖਿਆ ਭਾਲਿਆ ਥਾਂ ਹੈ। ਪੁਰਾਣੀ ਸਕੀਰੀ ਐ।ਸਿਰ 'ਤੇ ਸਾਰੀ ਉਮਰ ਹੱਥ ਰੱਖੂ।" ਜੇ ਥਾਂ ਪਸੰਦ ਆ ਜਾਂਦੀ ਤਾਂ ਬਾਪੂ ਆਖ ਦਿੰਦਾ, "ਥਾਂ ਤਾਂ ਠੀਕ ਐ। ਪਰ ਮੁੰਡੇ ਦਾ ਰੰਗ ਕਾਲਾ ਐ।" ਮਾਂ ਜ਼ੋਰ ਦੇ ਕੇ ਆਖਿਆ ਕਰਦੀ, "ਰੰਗ ਤਾਂ ਦੋ ਈ ਹੁੰਦੇ ਨੇ, ਗੋਰਾ ਤੇ ਕਾਲਾ। ਕਾਲਾ ਰੰਗ ਕੋਈ ਮਾੜਾ ਨਹੀਂ ਹੁੰਦਾ।" ਫਿਰ ਦੋਨਾਂ ਵੱਡੀਆਂ ਦਾ ਇੱਥੇ ਹੀ ਰਿਸ਼ਤਾ ਪੱਕਾ ਕਰ ਦਿੰਨੇ ਆਂ। ਦੋ ਵਾਰੀ ਦੇ ਵਿਆਹਾਂ ਦੇ ਖਰਚ ਤੋਂ ਬਚਾਂਗੇ। ਇਕ ਨੂੰ ਮਿਲਣ ਗਏ ਤਾਂ ਦੋਹਾਂ ਦੇ ਦੁੱਖ ਸੁੱਖ ਦੀ ਜਾਣਕਾਰੀ ਹੋ ਜਾਇਆ ਕਰੇਗੀ। ਦੋਵਾਂ ਭੈਣਾਂ ਦਾ ਜੀਅ ਲੱਗਿਆ ਰਿਹਾ ਕਰੂ ਅਤੇ ਆਪੋ ਵਿਚ ਸਹਾਈ ਹੋਇਆ ਕਰਨਗੀਆਂ।"

ਸਿਆਣਿਆਂ ਤੇ ਤਜਰਬੇਕਾਰ ਵਿਅਕਤੀਆਂ ਦੇ ਕੱਢੇ ਤੱਥ ਜ਼ਿੰਦਗੀ 'ਚ ਕੰਮ ਆਉਣ ਵਾਲੇ ਹੁੰਦੇ ਹਨ। ਪਰ ਵਿਚਾਰਨ ਦੀ ਲੋੜ ਹੁੰਦੀ ਹੈ। ਮਾਂ ਦੇ ਮਸ਼ਵਰੇ ਮੁਫ਼ੀਦ ਹੋ ਨਿਬੜੇ ਤੇ ਧੀਆਂ ਆਪੋ-ਆਪਣੇ ਘਰੀਂ ਸੁਖੀ ਵਸਦੀਆਂ ਹਨ। ਜ਼ਿੰਦਗੀ 'ਚ ਪੂਰੀਆਂ ਕਾਮਯਾਬ ਹਨ। ਨੂੰਹਾਂ ਪੁੱਤਾਂ ਪੋਤਿਆਂ ਵਾਲੀਆਂ ਹੋਣ 'ਤੇ ਵੀ ਮਾਂ ਦੀ ਯਾਦ ਅਜੇ ਮੱਠੀ ਨਹੀਂ ਪਈ। ਪੇਕੀ ਆਉਂਦੀਆਂ ਹਨ ਤਾਂ ਮਾਂ ਦੀ ਗੱਲ ਜ਼ਰੂਰ ਛੇੜਦੀਆਂ ਹਨ। ਕਬੀਲਦਾਰੀ 'ਚ ਸਫ਼ਲ ਹੋਣ ਦਾ ਸਿਹਰਾ ਮਾਂ ਨੂੰ ਦਿੰਦੀਆਂ ਹਨ।

# ਮਰ ਗਈਆਂ ਮਾਵਾਂ
# ਟੁੱਕ ਖੋਹ ਲਏ ਕਾਂਵਾਂ।

ਜਿਸ ਤਨ ਲੱਗੇ, ਸੋ ਤਨ ਜਾਣੇ, ਕੌਣ ਜਾਣੇ ਪੀੜ ਪਰਾਈ ਦੇ ਸ਼ਬਦੀ ਅਰਥ ਤਨ ਦੀ ਪੀੜ ਬਿਆਨ ਕਰਦੇ ਜਾਪਦੇ ਹਨ। ਤਨ ਤੇ ਲੱਗੀ ਸੱਟ ਡਾਕਟਰ ਨੂੰ ਵਿਖਾਈ ਜਾ ਸਕਦੀ ਹੈ ਤੇ ਇਲਾਜ ਹੋ ਸਕਦਾ ਹੈ। ਪਰ ਮਨ ਤੇ ਲੱਗੀ ਚੋਟ ਦੀ ਪੀੜ ਤਨ ਨੂੰ ਸਹਿਣੀ ਪੈਂਦੀ ਹੈ। ਇਸ ਅਖਾਣ ਦਾ ਅੰਤਰੀਵ ਭਾਵ ਮਨ ਦੀ ਪੀੜ ਤੋਂ ਹੈ। ਜਿਹੜੀ ਨਾ ਤਾਂ ਸ਼ਬਦਾਂ ਵਿੱਚ ਬਿਆਨ ਕੀਤੀ ਜਾ ਸਕਦੀ ਹੈ ਤੇ ਨਾ ਹੀ ਹੰਝੂਆਂ ਨਾਲ ਮਾਪਿਆ ਜਾ ਸਕਦਾ ਹੈ। ਇਹਨਾਂ ਜ਼ਖ਼ਮਾਂ ਦੀ ਮੱਲ੍ਹਮ ਲੱਭਣੀ ਮੁਸ਼ਕਲ ਹੈ। ਖਾਸ ਤੌਰ ਅਭਾਗੇ ਉਹ ਬੱਚੇ

ਜਿੰਨ੍ਹਾਂ ਦੀਆਂ ਮਾਵਾਂ ਜਨਮ ਦੇਣ ਤੋਂ ਬਾਅਦ, ਉਹਨਾਂ ਦਾ ਬਚਪਨ, ਬਚਪਨ ਦੀਆਂ ਖੁਸ਼ੀਆਂ ਖੇਡਾਂ, ਲਾਡ ਪਿਆਰ ਖੋਹ ਕੇ ਅਲਵਿਦਾ ਕਹਿ ਜਾਦੀਆਂ ਹਨ। ਵੱਸ! ਬੱਚਿਆਂ ਦੇ ਚਾਵਾਂ ਤੇ ਮਾਂ ਦੀ ਮਮਤਾ ਦੀ ਚਿਖਾ ਬਲਣ ਲਗਦੀ ਹੈ। ਮਾਂ ਤਾਂ ਸਦਾ ਲਈ ਚਲੀ ਗਈ। ਪਰ ਬੱਚੇ ਨੂੰ ਜ਼ਿੰਦਗੀ ਭਰ ਲਈ ਬੇਸਹਾਰਾ ਕਰ ਗਈ।

ਜਦੋਂ ਲਾਂ ਹੱਥੋਂ ਛੁੱਟ ਜਾਂਦੀ ਹੈ ਤਾਂ ਮਗਰੋਂ ਪਤਾ ਲਗਦਾ ਹੈ ਕਿ ਸੰਡ ਖੁੱਲ ਗਿਆ। ਜਦੋਂ ਪਾਣੀ ਦੇ ਸਰੋਤ ਖਤਮ ਹੋ ਜਾਂਦੇ ਹਨ, ਤਦ ਪਾਣੀ ਦੀ ਕੀਮਤ ਦਾ ਪਤਾ ਲਗਦਾ ਹੈ। ਮਾਂ ਦੇ ਜਾਣ ਤੋਂ ਬਾਅਦ ਉਸ ਦੀਆਂ ਜੰਮਣ ਪੀੜਾਂ ਦਾ ਅਹਿਸਾਸ ਹੁੰਦਾ ਹੈ। ਮਾਂ ਦੇ ਜਾਣ ਨਾਲ ਬਚਪਨ ਦੀ ਬਾਦਸ਼ਾਹੀ ਖੁੱਸ ਜਾਂਦੀ ਹੈ। ਬੱਚੇ ਦੀ ਜ਼ਿੰਦਗੀ ਵਿੱਚ ਖਲਾਅ ਪੈਦਾ ਹੋ ਜਾਂਦਾ ਹੈ, ਜਿਹੜਾ ਸਾਰੀ ਉਮਰ ਨਹੀਂ ਭਰਦਾ। ਦੂਜੀ ਪਤਨੀ ਪਹਿਲੀ ਵਰਗੀ ਹੋ ਸਕਦੀ ਹੈ। ਪਰ ਦੂਜੀ ਮਾਂ ਕਦੇ ਪਹਿਲੀ ਵਰਗੀ ਨਹੀਂ ਹੋ ਸਕਦੀ। ਮਾਂ ਤੋਂ ਬਿਨਾਂ ਜਵਾਨੀ ਡਗ-ਮਗਾ ਜਾਂਦੀ ਹੈ ਤੇ ਬੁਢਾਪਾ ਤਰਸ ਜਾਂਦਾ ਹੈ। ਬੱਚਿਆਂ ਦੀ ਦੁਨੀਆਂ ਮਾਂ ਨਾਲ ਹੀ ਰੰਗਦਾਰ ਹੁੰਦੀ ਹੈ। ਮਾਂ ਦੀ ਗੈਰ ਹਾਜ਼ਰੀ ਹਰ ਪਾਸੇ ਨੂੰ ਸੁੰਨਾ ਕਰਦਿੰਦੀ ਹੈ। ਉਨ੍ਹਾਂ ਦੀ ਖੂਬਸੂਰਤੀ ਤੇ ਅਨੰਦ ਮਿੱਟੀ ਬਣ ਜਾਂਦਾ ਹੈ। ਬੁਢਾਪਾ ਛੇਤੀ ਆ ਜਾਂਦਾ ਹੈ। ਮਾਂ ਈਸ਼ਵਰ ਦਾ ਪੁਰਸਕਾਰ ਹੈ। ਜਿਹੜੀ ਸਵੱਰਗ 'ਚੋਂ ਮਨੁੱਖ ਦੀ ਬਿਹਤਰੀ ਲਈ ਧਰਤੀ ਤੇ ਭੇਜੀ ਗਈ ਹੈ। ਬੱਚਿਆਂ ਨੂੰ ਰਜਾਅ ਕੇ ਜਿੰਨੀ ਖੁਸ਼ੀ ਹੁੰਦੀ ਹੈ, ਉਨੀ ਆਪ ਰੱਜ ਕੇ ਨਹੀਂ ਹੁੰਦੀ। ਭੁੱਖਿਆਂ, ਰੁੱਸਿਆਂ ਤੇ ਰੋਂਦਿਆਂ ਲਈ ਮਾਂ ਮਸੀਹਾ ਹੁੰਦੀ ਹੈ। ਸਿਆਣੇ ਆਖਦੇ ਹਨ ਕਿ ਬੱਚਿਆਂ ਦੇ ਰੋਣ ਦੀ ਲੈਅ ਵਿੱਚ ਵੀ ਮਾਂ ਦੀ ਭਾਸ਼ਾ ਦੀ ਕਨਸੋਅ ਮਿਲਦੀ ਹੈ। ਮਾਂ ਦੀ ਹੋਂਦ ਕਰ ਕੇ ਬੱਚਾ ਆਪਣੇ ਬਚਪਨ ਨੂੰ ਸਮਰਪਤ ਹੁੰਦਾ ਹੈ। ਨਹੀਂ ਤਾਂ ਉਸ ਨੂੰ ਵੱਡਿਆਂ ਵਰਗਾ ਹੋਣਾ ਪੈਂਦਾ ਹੈ। ਜ਼ਿੰਦਗੀ ਪ੍ਰਤੀ ਸਮਰਪਤ ਹੋਣਾ ਵੀ ਮਾਂ ਦੀ ਸੰਗਤ ਸਿਖਾਉਂਦੀ ਹੈ। ਮਾਂ ਕਹਿਣ ਨਾਲ ਉਸ ਨੂੰ ਸਕੂਨ ਮਿਲਦਾ ਹੈ ਤੇ ਸੁਰੱਖਿਅਤ ਸਮਝਦਾ ਹੈ। ਮਾਸੀ ਜਾਂ ਆਂਟੀ ਕਹਿਣ ਨਾਲ ਉਸ ਦੀਆਂ ਭਾਵਨਾਵਾਂ ਨੂੰ ਸੰਤੁਸ਼ਟੀ ਨਹੀਂ ਮਿਲਦੀ। ਮਾਂ ਤੋਂ ਬਿਨਾਂ ਬੱਚੇ ਜ਼ਿੰਦਗੀ ਤੋਂ ਉਪਰਾਮ ਹੋ ਜਾਂਦੇ ਹਨ।

ਸੁੰਗੜੀ ਹੋਈ ਸ਼ਖ਼ਸ਼ੀਅਤ ਦਾ ਵਿਕਾਸ ਮਾਂ ਤੋਂ ਬਿਨਾਂ ਅਸੰਭਵ ਹੈ ਭਾਵ ਮਾਂ ਤੋਂ ਬਿਨਾਂ ਸਾਵੀ ਪੱਧਰੀ ਸ਼ਖਸ਼ੀਅਤ ਦਾ ਨਿਰਮਾਣ ਤੇ ਨਰੋਏ ਸਮਾਜ ਦੀ ਨੀਂਹ ਨਹੀਂ ਟਿਕਦੀ। ਕੋਈ ਰਿਸ਼ਤਾ ਅਜਿਹਾ ਨਹੀਂ ਜਿਹੜਾ ਆਪਣੀ ਖੁਸ਼ੀ ਤੇ ਸੁੰਦਰਤਾ ਬੱਚਿਆਂ ਨੂੰ ਲੁਟਾਅ ਦੇਵੇ। ਇਹ ਗੁਣ ਸਿਰਫ ਸਕੀ ਮਾਂ ਵਿੱਚ ਹੀ ਹੋ ਸਕਦਾ ਹੈ। ਮਾਨਸਿਕ ਤੌਰ ਤੇ ਟੁੱਟਿਆ ਬੱਚਾ ਵਸਾਖੀਆਂ ਤੇ ਤੁਰਨ ਲਈ ਮਜ਼ਬੂਰ ਹੋ ਜਾਂਦਾ ਹੈ। ਕਿਉਂਕਿ ਮਾਸੂਮਾਂ ਲਈ ਸਿਰਫ ਮਾਂ ਹੀ ਆਪਣੀ ਹੁੰਦੀ ਹੈ। ਬਾਕੀ ਸਭ ਪਰਾਏ ਹੁੰਦੇ ਹਨ। ਨੌਂ ਮਹੀਨੇ ਪੇਟ 'ਚ ਰਹਿਣ ਕਰਕੇ, ਖੂਨ ਨਾਲ ਸਿੰਜਣ ਕਰਕੇ ਸੰਸਕਾਰਾਂ ਦੀ ਸਾਂਝ ਹੋਣ ਕਰਕੇ ਪਿਆਰ ਦਾ ਸੋਮਾ ਫੁੱਟਿਆ ਹੋਇਆ ਹੁੰਦਾ ਹੈ। ਵਿਰਾਸਤੀ ਗੁਣ ਵੀ ਮਿਲਾਣ ਕਰ ਲੈਂਦੇ ਹਨ। ਛੂਹਣ ਤੇ ਸੁਣਨ ਦੇ ਗਿਆਨ ਇੰਦਰਿਆਂ ਨਾਲ ਮਾਂ ਨਾਲ ਜੁੜਿਆ ਹੋਣ ਕਰਕੇ ਉਸ ਦੀ ਗਲ ਸਮਝ ਲੈਂਦਾ ਹੈ ਅਤੇ ਮਾਂ ਬਿਨਾਂ ਬੋਲਿਆਂ ਹੀ ਸਭ ਕੁਝ ਜਾਣ ਜਾਂਦੀ ਹੈ। ਅਣਬੋਲੀ ਭਾਸ਼ਾ ਤੋਂ ਸਿਰਫ ਮਾਂ ਹੀ ਸਮਝ ਸਕਦੀ ਹੈ। ਬੱਚੇ ਦੀਆਂ ਨਜ਼ਰਾਂ ਤੇ ਰੋਣ ਤੋਂ ਅੰਦਾਜ਼ਾ ਲਾ ਲੈਂਦੀ ਹੈ ਕਿ ਉਸ ਨੂੰ ਕਿਸ ਚੀਜ਼ ਦੀ ਜ਼ਰੂਰਤ ਹੈ। ਬੱਚੇ ਦੇ ਇਸ਼ਾਰੇ ਉਸ ਦੇ ਦਿਲ ਦੀ ਭਾਸ਼ਾ ਹੁੰਦੇ ਹਨ ਜਿੰਨਾਂ ਨੂੰ ਪੜ੍ਹਨਾ ਮਾਂ ਦੇ ਹਿੱਸੇ ਆਇਆ ਹੈ। ਬੱਚੇ ਦੇ ਬਿਨਾਂ ਬੋਲੇ ਭੁੱਖ ਤੇਹ ਨੂੰ ਜਾਣਨਾ ਮਾਂ ਲਈ ਕੋਈ ਮੁਸ਼ਕਲ ਨਹੀਂ ਹੁੰਦਾ। ਇਸ ਲਈ ਤਾਂ ਕਿਹਾ ਜਾਂਦਾ ਹੈ ਕਿ ਗੁੰਗੇ ਦੀਆਂ ਸੈਨਤਾਂ ਗੁੰਗਾ ਜਾਣੇ ਜਾਂ ਗੁੰਗੇ ਦੀ ਮਾਂ। ਮਾਂ ਦੇ ਦਿਲ ਦੀ ਧੜਕਣ ਨੂੰ ਵੀ ਬੱਚਾ ਪਹਿਚਾਣ ਲੈਂਦਾ ਹੈ ਕਿ ਇਹ ਮੇਰੀ ਮਾਂ ਹੈ। ਕਿਉਂਕਿ ਨੌਂ ਮਹੀਨੇ ਉਸ ਨੇ ਦਿਲ ਦੀ ਧੜਕਣ ਨਾਲ ਰਿਸ਼ਤਾ ਪੱਕਾ ਕੀਤਾ ਹੁੰਦਾ ਹੈ। ਇਸ ਲਈ ਤਾਂ ਬੱਚੇ ਮਾਂ ਦੀ ਛਾਤੀ ਨਾਲ ਲੱਗ ਕੇ ਰੋਣੋ ਚੁੱਪ ਕਰ ਜਾਂਦੇ ਹਨ। ਬੱਚੇ ਦਾ ਖਿਆਲ ਜਿੰਨਾਂ ਸਕੀ ਮਾਂ ਰੱਖ ਸਕਦੀ ਹੈ, ਉਨ੍ਹਾਂ ਖਿਆਲ ਸਮਾਜ ਦਾ ਹੋਰ ਕੋਈ ਰਿਸ਼ਤਾ ਨਹੀਂ ਰੱਖ ਸਕਦਾ। ਖੋਜ਼ੀਆਂ ਨੇ ਮਾਸੂਮਾਂ ਨੂੰ ਪਾਲ ਕੇ ਸਿੱਟੇ ਕੱਢੇ ਹਨ ਕਿ

ਮਾਂ ਦੀ ਸੰਘਣੀ ਤੇ ਠੰਡੀ ਛਾਂ ਵਿੱਚ ਪਲਣ ਵਾਲੇ ਬੱਚਿਆਂ ਦੀ ਸ਼ਖਸ਼ੀਅਤ ਸਾਵੀਂ ਪੱਧਰੀ ਹੁੰਦੀ ਹੈ ਤੇ ਉਮਰ ਲੰਬੀ ਹੁੰਦੀ ਹੈ।

ਮਾਂ ਬੱਚਿਆਂ ਨੂੰ ਝਿੜਕਦੀ, ਡਾਂਟਦੀ ਤੇ ਲੋੜ ਪੈਣ ਤੇ ਸਰੀਰਕ ਸਜਾ ਵੀ ਦੇ ਦਿੰਦੀ ਹੈ। ਪਰ ਬੱਚੇ ਦੀਆਂ ਅੱਖਾਂ ਵਿੱਚ ਅਥਰੂ ਆਉਣ ਤੋਂ ਪਹਿਲਾਂ ਉਸ ਦੀਆਂ ਅੱਖਾਂ 'ਚੋਂ ਮੋਟੇ ਮੋਟੇ ਹੰਝੂ ਦਿਲ ਦਾ ਹਾਲ ਬਿਆਨ ਕਰਦੇ ਜਾਪਦੇ ਹਨ। ਬੱਚੇ ਨੂੰ ਘੁੱਟ ਕੇ ਆਪਣੀ ਛਾਤੀ ਨਾਲ ਲਾਉਂਦੀ ਤੇ ਪਛਤਾਵਾ ਕਰਦੀ ਆਖਦੀ ਹੈ। "ਪੁੱਤ!ਮੈਂ ਤੈਨੂੰ ਐਵੇਂ ਹੀ ਕੁੱਟਿਆ"। ਸਮਾਜ ਵਿੱਚ ਮਾਂ ਤੋਂ ਬਿਨਾਂ ਅਜਿਹਾ ਕੋਈ ਰਿਸ਼ਤਾ ਨਹੀਂ ਜਿਹੜਾ ਕਸੂਰਵਾਰ ਨੂੰ ਗਲ ਨਾਲ ਲਾਵੇ। ਆਟੇ ਦੀ ਚਿੜੀ ਨੂੰ ਸਿਰਫ ਮਾਂ ਹੀ ਜਿਉਂਦੀ ਕਰ ਸਕਦੀ ਹੈ। ਮਾਂ ਦੇ ਪਿਆਰ ਦੀ ਇਸ ਤੋਂ ਵੱਡੀ ਕੋਈ ਮਿਸਾਲ ਨਹੀਂ ਮਿਲਦੀ।

ਬਚਪਨ 'ਚ ਮਿਲਿਆ ਮਾਂ ਦਾ ਪਿਆਰ ਜ਼ਿੰਦਗੀ ਦੀ ਨਿਉਂ ਜੜ ਹੁੰਦਾ ਹੈ। ਇਸ ਤੋਂ ਬਿਨਾਂ ਬੱਚੇ ਮਨੋਵਿਕਾਰਾ ਦਾ ਸ਼ਿਕਾਰ ਹੋ ਜਾਂਦੇ ਹਨ। ਬਚਪਨ ਦੇ ਮਾਣ, ਸਨਮਾਨ, ਸਤਿਕਾਰ ਪਿਆਰ ਤੋਂ ਖੁੰਜੀਆਂ ਭਾਵਨਾਵਾਂ ਉਹਨਾਂ ਨੂੰ ਆਤਮ-ਹੱਤਿਆ ਦੇ ਵਿਚਾਰ ਪੈਦਾ ਕਰਨ ਵਿੱਚ ਘੱਟ ਨਹੀਂ ਕਰਦੀਆਂ। ਬਚਪਨ ਨੂੰ ਮਾਂ ਸੁਹਣਾ ਬਣਾਉਂਦੀ ਹੈ ਤੇ ਬੁਢਾਪੇ ਨੂੰ ਪਤਨੀ ਦਾ ਸਹਾਰਾ ਹੁੰਦਾ ਹੈ। ਬੁਢਾਪੇ ਵੇਲੇ ਪਤਨੀ ਵੀ ਮਾਂ ਵਾਲੇ ਫਰਜ਼ ਨਿਭਾਉਂਦੀ ਹੈ।

ਮਾਂ ਤੋਂ ਬਿਨਾਂ ਬੱਚੇ ਦਰ ਦਰ ਦੀਆਂ ਠੋਹਰਾਂ ਖਾਣ ਲਈ ਮਜ਼ਬੂਰ ਹੋ ਜਾਂਦੇ ਹਨ। ਇਸ ਲਈ ਤਾਂ ਕਿਹਾ ਜਾਂਦਾ ਹੈ। "ਮਰ ਗਈਆਂ ਮਾਵਾਂ, ਟੁੱਕ ਖੋਹ ਲਏ ਕਾਂਵਾਂ, ਮਾਂ ਬਿਨਾਂ ਆਉਣ ਬਿਗੋਚੇ ਤਾਹੀਉਂ ਖਲਕਤ ਮਾਂ ਨੂੰ ਲੋਚੇ।"

ਅਸਲ ਵਿੱਚ ਬੱਚਾ ਉਸ ਦਾ ਹੁੰਦਾ ਹੈ ਜਿਸ ਨੇ ਜੰਮਣ ਪੀੜਾਂ ਦਾ ਦਰਦ ਹੰਢਾਇਆ ਹੁੰਦਾ ਹੈ।

# ਮਾਂ ਦੀ ਚੱਕੀ, ਕਿੱਥੇ ਰੱਖੀ

ਮਾਂ ਸਾਰੀ ਉਮਰ ਤੂੰ ਚੱਕੀ ਦਾ ਹੱਥੜਾ ਫੜੀ ਰੱਖਿਆ ਤੇਰੀਆਂ ਉਂਗਲਾਂ ਨੇ ਘਾਸਾ ਪਾ ਕੇ ਆਪਣੀ ਛਾਪ ਛੱਡੀ ਹੋਈ ਹੈ ਜੋ ਅਜੇ ਤੱਕ ਰਹੀ ਕਾਇਮ ਹੈ। ਅੱਜ ਸੁਆਣੀਆਂ ਆਖਦੀਆਂ ਹਨ-ਚੱਕੀ ਛੁੱਟਗੀ, ਚੁੱਲ੍ਹੇ ਨੇ ਛੁੱਟ ਜਾਣਾ। ਇਸ ਤੋਂ ਅੱਗੇ ਕਢਣਾ-ਕੱਤਣਾ ਵੀ ਛੁੱਟਿਆ ਤੇ ਚਰਖਾ ਵੀ ਟੁੱਟਿਆ। ਕੁਕੜ ਦੀ ਬਾਂਗ ਨਾਲ ਜਾਗ ਕੇ ਸਭ ਤੋਂ ਪਹਿਲਾਂ ਚੱਕੀ ਦੇ ਹੱਥੜੇ ਨੂੰ ਹੱਥ ਪਾਉਂਦੀ ਹੋਈ ਆਖਦੀ, "ਵਾਹਿਗੁਰੂ ਸੱਖ ਰੱਖੀ"। ਸਾਰਿਆਂ ਦੀ ਸੁੱਖ ਮੰਗਦੀ ਹੋਈ, ਛੰਡੀ ਸੰਵਾਰੀ ਕਣਕ ਦਾ ਤੌਲਾ ਭਰਦੀ ਤੇ ਪੀੜੀ ਢਾਹੁੰਦੀ। ਚੱਕੀ ਦੀ ਮਾਤ ਸਾਫ ਕਰਦੀ। ਪਰੋਲਾ ਚੰਗੀ ਤਰ੍ਹਾਂ ਉਪਰ ਵੀ ਫੇਰਦੀ। ਪੜੂਆ ਸਾਫ ਕਰਦੀ।ਪੜੂਆ ਚੁੱਕ ਕੇ ਵੇਖਦੀ ਕਿ ਪਹਿਲਾਂ ਕੀ ਚੀਜ਼ ਪੀਸੀ ਗਈ ਹੈ ਕਿਉਂਕਿ ਦਾਲਾਂ ਵੀ ਚੱਕੀ ਤੇ ਹੀ ਦਲੀਆਂ ਜਾਂਦੀਆਂ ਸਨ। ਮਾਤ ਚੰਗੀ ਤਰ੍ਹਾਂ ਹੂੰਝਦੀ। ਅਖੀਰ ਵਿੱਚ ਆਟਾ ਕੱਢਣ ਲਈ ਬਣਿਆ ਸੁਰਾਖ ਲੀਰ ਨਾਲ ਬੰਦ ਕਰਦੀ। ਕਈ ਵਾਰ ਪੜੂਆ ਚੁੱਕ ਕੇ ਰਲ ਵੀ ਵੇਖਦੀ ਤਾਂ ਜੋ ਕਣਕ ਦਾ ਸਾਬਤ ਦਾਣਾ ਆਟੇ ਵਿੱਚ ਨਾ ਰਲੇ। ਸਵੇਰ ਹੁੰਦਿਆਂ ਤੱਕ ਇੱਕ ਤੌਲਾ ਕਣਕ ਤੇ ਇਕ ਧੌਲਾ ਦਾਣੇ ਦਾ ਦਲ ਕੇ ਚਿੰਤਾ ਮੁਕਤ ਹੋ ਜਾਂਦੀ।

ਹਰੇਕ ਘਰ 'ਚੋਂ ਆਉਂਦੀ ਚੱਕੀ ਦੀ ਸੁਰੀਲੀ ਅਵਾਜ ਸਵੇਰ ਦੀ ਸੁਹਾਵਣੀ ਫਿਜ਼ਾ ਵਿੱਚ ਰਲ ਕੇ ਸੰਗੀਤ ਦੀ ਧੁਨ ਬਣ ਜਾਂਦੀ। ਰਾਹ ਜਾਂਦੇ ਹਾਲੀਆਂ ਵਿੱਚ ਨਵਾਂ ਜ਼ੋਸ਼ ਭਰ ਕੇ ਤਰੋਤਾਜਾ ਕਰੀ ਜਾਂਦੀ ਤੇ ਉਹਨਾਂ ਨੂੰ ਹੁਸਨ ਇਸ਼ਕ ਦੀ ਜਾਗ ਲਾ ਦਿੰਦੀ। ਕਿਉਂਕਿ ਚੱਕੀ ਦੀ ਸੁਰ ਦੇ ਨਾਲ ਕਿਸੇ ਨਵੀਂ ਵਿਆਹੀ

ਮੁਟਿਆਰ ਦੇ ਦੁੱਧ ਰਿੜਕਣ ਵੇਲੇ ਦੀਆਂ ਛਣਕਦੀਆਂ ਵੰਗਾਂ ਹੁਸਨ, ਇਸ਼ਨ ਨੂੰ ਤਾਜ਼ਾ ਕਰ ਦਿੰਦੀ। ਮਿਹਨਤ ਕਰਨ ਦੀ ਪ੍ਰੇਰਨਾ ਉਸ ਵੇਲੇ ਦਾ ਸੰਕਲਪ ਹੁੰਦਾ ਸੀ।

ਜਦੋਂ ਕਣਕ ਦਾ ਤੋੜਾ ਹੁੰਦਾ ਤਾਂ ਤੈਨੂੰ ਜੌਂ, ਛੋਲੇ, ਬਾਜਰਾ ਵੀ ਚੱਕੀ ਤੇ ਪੀਹਣੇ ਪੈਂਦੇ। ਇਹਨਾਂ ਦਾ ਹੱਥ ਚੱਕੀ ਤੇ ਆਟਾ ਬਣਾਉਣਾ ਸੌਖਾ ਕਾਰਜ ਨਹੀਂ ਸੀ ਹੁੰਦਾ। ਪਰਿਵਾਰ ਨਾਲ ਜੁੜੀਆਂ ਤੇਰੀਆਂ ਭਾਵਨਾਵਾਂ ਤੇ ਬੱਚਿਆਂ ਦਾ ਮੋਹ ਥੱਕਣ ਨਹੀਂ ਦਿੰਦਾ ਸੀ। ਸਾਬਤੇ ਛੋਲਿਆਂ ਨੂੰ ਚੱਕੀ ਤੇ ਦੂਜੀਆਂ ਦਾਲਾਂ ਵਾਂਗੂੰ ਦੋ ਫਾੜ ਕਰਦੀ। ਫਿਰ ਸਰਕੜੇ ਦੀਆਂ ਤੀਲਾਂ ਦੇ ਬਣੇ ਛੱਜ ਨਾਲ ਜੀਅ ਲਾ ਕੇ ਫਟਕਾ ਮਾਰਦੀ ਤਾਂ ਜੋ ਛਿਲਕਾ ਅਲੱਗ ਹੋ ਜਾਵੇ। ਦੋ ਫਾੜ ਹੋਈ ਦਾਲ ਇਉਂ ਲੱਗਣ ਲੱਗ ਜਾਂਦੀ ਜਿਵੇਂ ਖੱਟਾ ਰੰਗ ਉਬਾਲ ਕੇ ਦਿੱਤਾ ਹੋਵੇ। ਦਾਲ ਦਾ ਆਟਾ ਬਣਾਉਣਾ ਸੌਖਾ ਹੋ ਜਾਂਦਾ। ਨਿਰੇ ਛੋਲਿਆਂ ਦੇ ਆਟੇ ਦੀ ਰੋਟੀ ਪਕਾਉਂਦੀ, ਉੱਪਰ ਚਿੱਬੜਾਂ, ਗੰਢੇ ਦੀ ਚਟਣੀ ਜਾਂ ਡੇਲਿਆਂ, ਤੁੱਕਿਆਂ ਦਾ ਆਚਾਰ, ਮੱਖਣੀ ਧਰ ਕੇ ਪਿਆਰ ਵਿੱਚ ਖੀਵੀ ਹੋਈ ਪਰਿਵਾਰ ਨੂੰ ਪਰੋਸਦੀ ਤਾਂ ਤੇਰੀ ਸਾਰੀ ਮਿਹਨਤ ਦਾ ਮੁੱਲ ਪੈ ਜਾਂਦਾ। ਆਪਣੇ ਆਸ਼ੇ ਵਿੱਚ ਸਫਲ ਹੁੰਦੀ ਵੇਖ ਕੇ, ਲੱਸੀ ਦੇ ਛੰਨਿਆਂ ਵਿੱਚ ਦੇਸੀ ਲੂਣ ਘੋਰ ਕੇ ਫੜਾਈ ਜਾਂਦੀ ਤਾਂ ਜੋ ਸੇਵਾ ਕਰਨ ਵਿੱਚ ਕੋਈ ਕਸਰ ਬਾਕੀ ਨਾ ਰਹਿ ਜਾਵੇ।

ਗਿੱਲੇ ਸੁੱਕੇ ਕਰ ਕੇ ਉਖਲੀ ‘ਚ ਪਾ ਕੇ ਮੂਹਲੀ ਨਾਲ ਪੋਲੀ ਪੋਲੀ ਸੱਟ ਜੌਆਂ ਦੇ ਛਿਲਕੇ ਨੂੰ ਨੱਥ ਪਾ ਦਿੰਦੀ। ਮੰਜੇ ਤੇ ਖਦਰ ਦਾ ਕਪੜਾ ਵਿਛਾਅ ਕੇ ਧੁੱਪੇ ਸੁੱਕਣੇ ਪਾ ਦਿੰਦੀ। ਜਦੋਂ ਸੁੱਕ ਜਾਂਦੇ ਤਾਂ ਛੋਲਿਆਂ ਵਾਂਗੂੰ ਛੱਜ ‘ਚ ਪਾ ਛੰਡ ਦਿੰਦੀ। ਸੁੱਕੇ ਹੋਏ ਜੌਂ ਪੀਹਣ ਬਣ ਜਾਂਦੇ। ਮਾਂ ਇਹ ਖੁਸ਼ਕ ਰੋਟੀ ਖਾਣੀ ਜਰਾ ਕੁ ਔਖੀ ਹੁੰਦੀ। ਪਰ ਤੇਰੀ ਸਾਫ ਸਫਾਈ ਐਨੀ ਚੰਗੀ ਤਰ੍ਹਾਂ ਕੀਤੀ ਹੁੰਦੀ ਜੋ ਖਾਣ ਲਈ ਪ੍ਰੇਰਦੀ।

ਮਾਂ ਤੇਰਾ ਸੁਭਾਓ ਬਹੁਤ ਸਕੀਮੀ ਸੀ। ਵਕੀਲਾਂ ਵਰਗੀ ਅਕਲ ਸੀ। ਪਰਿਵਾਰ ਦੇ ਤੋੜਿਆਂ ਨਾਲ ਮੁਕਾਬਲਾ ਕਰਨ ਲਈ ਤਕੜੀ ਸੀ। ਕਣਕ ਮੁਕਦੀ ਵੇਖ ਕੇ ਬਾਜਰੇ ਦਾ ਪ੍ਰਬੰਧ ਕਰਦੀ। ਨਿਰੇ ਬਾਜਰੇ ਨੂੰ ਚੱਕੀ ਤੇ ਪੀਹਣ ਨਾਲ ਪੜੂਏ ਜਾਮ ਹੋ ਜਾਂਦੇ। ਹੱਥੜਾ ਫੇਰਨ ਤੇ ਬਹੁਤ ਜ਼ੋਰ ਲਗਦਾ। ਦਿਮਾਗ ਦੀ ਹਾਜ਼ਰ ਜਵਾਬੀ ਤੋਂ ਕੰਮ ਲੈਂਦੀ ਹੋਈ ਝੱਟ ਮੁੱਠੀ ਕਣਕ ਦੀ ਗਲੇ ਵਿੱਚ ਪਾ ਦਿੰਦੀ। ਜਾਂ ਫਿਰ ਕਣਕ ਦੇ ਥੋੜ੍ਹੇ ਦਾਣੇ ਬਾਜਰੇ ਵਿੱਚ ਪਹਿਲਾਂ ਹੀ ਮਿਲਾਅ ਲੈਂਦੀ। ਰਲਿਆ ਹੋਇਆ ਆਟਾ ਪਕਾਉਣਾ ਤੇ ਖਾਣਾ ਸੌਖਾ ਹੋ ਜਾਂਦਾ। ਹਾਜਮੇ ਵਿੱਚ ਵੀ ਗੜਬੜ ਨਹੀਂ ਕਰਦਾ ਸੀ। ਸਿਆਲ ਵਿੱਚ ਬਾਜਰੇ ਤੇ ਮੱਕੀ ਦੀਆਂ ਰੋਟੀਆਂ ਹਰੇਕ ਘਰ ਵਿੱਚ ਪਕਦੀਆਂ। ਦੇਸੀ ਸਰੋਂ ਦੇ ਸਾਗ ਨਾਲ ਬਹੁਤ ਸਵਾਦੀ ਲਗਦੀਆਂ। ਮਾਂ ਤੇਰੀ ਰੀਝ ਤੇ ਤਕਨੀਮ ਸਲਾਮ। ਅੱਜ ਸੁਆਣੀਆਂ ਵਿੱਚ ਐਨੀ ਮਿਹਨਤ ਕਰਨ ਲਈ ਨਾ ਜੋਰ ਹੈ ਤੇ ਨਾ ਜੋਸ਼। ਸਾਦੇ ਕਪੜਿਆਂ ਵਿਚ ਕੰਮ ਕਰਦੀ ਮਾਂ ਤੂੰ ਬਹੁਤ ਸੁਹਣੀ ਲੱਗਿਆ ਕਰਦੀ।

ਮਾਂ ਅੱਜ ਕਿਤੇ ਜੇ ਤੇਰਾ ਗੇੜਾ ਵੱਜੇ ਤਾਂ ਹੈਰਾਨ ਹੋ ਜਾਵੇ ਕਿ ਮੇਰਾ ਚੁੱਲ੍ਹਾ, ਤੰਦੂਰ, ਚੁਰ, ਹਾਰਾ, ਹਾਰੀ, ਉਖਲੀ ਕਿਧਰ ਗਏ। ਅੱਜ ਚੱਕੀ ਹੀ ਨਹੀਂ ਛੁੱਟੀ ਸਗੋਂ ਚੁੱਲ੍ਹੇ ਤੋਂ ਵੀ ਖਹਿੜਾ ਛੁੱਟ ਗਿਆ। ਅੱਜ ਸੁਆਣੀਆਂ ਸੁਰਗ ਭੋਗ ਰਹੀਆਂ ਹਨ। ਬਟਨ ਨੱਪਣ ਨਾਲ ਆਟਾ ਪੀਸਿਆ ਜਾਂਦਾ ਹੈ। ਬਟਨ ਨੱਪਣ ਨਾਲ ਗੁੰਨਿਆ ਜਾਂਦਾ ਹੈ। ਆਪਣੇ ਆਪ ਰੋਟੀ ਪੱਕ ਜਾਂਦੀ ਹੈ। ਗੈਸ ਨੇ ਤਾਂ ਘਰੇਲੂ ਔਰਤਾਂ ਦਾ ਚੁੱਲ੍ਹੇ ਤੋਂ ਖਹਿੜਾ ਛੁੱਡਾ ਦਿੱਤਾ ਹੈ।

ਮੈਨੂੰ ਤੇਰੇ ਤੇ ਬੜਾ ਤਰਸ ਆਉਂਦਾ ਜਦੋਂ ਬਾਂਸ ਦੀ ਫੂਕਣੀ ਨਾਲ ਚੁਲ੍ਹੇ ‘ਚ ਫੂਕਾਂ ਮਾਰ ਕੇ ਗੋਹਾ ਧੁਖਾਇਆ ਕਰਦੀ। ਮਾਚਸ ਵਿਰਲੇ ਘਰੇ ਹੁੰਦੀ। ਢੂੱਲੇ ਜਾਂ ਹਾਰੇ ਵਿੱਚ ਧੁਖਦੀ ਪਾਥੀ ਰਖਦੀ ਤਾਂ ਉਸ ਤੋਂ ਅੱਗ ਬਾਲੀ ਜਾ ਸਕੇ। ਜਿਹੜੀ ਬੁੜੀ ਤੇਰੇ ਕੋਲੋਂ ਅੱਗ ਮੰਗਣ ਆਉਂਦੀ, ਉਸ ਨੂੰ ਕੁੱਡਰ ਗਿਣਦੀ। ਲੋਹੇ ਦੀ ਕੜਛੀ ਵਿੱਚ ਧੁਖਦਾ ਗੋਹਾ ਪਾਉਂਦੀ ਹੋਈ ਆਖਦੀ, "ਲੈ ਕੁੜੇ! ਤੂੜੀ ਦੇ ਚਾਰ ਡੱਕੇ ਰੱਖ ਦਿਆਂ। ਘਰ ਤੱਕ

ਜਾਂਦਿਆਂ ਹੋਰ ਧੁਖਣ ਲੱਗ ਪਵੇਗੀ। ਅੱਗ ਦਾ ਘਰੇ ਹੋਣਾ ਦਲਿਦਰ ਸਮਝਦੀ।

ਬਾਲਣ ਦਾ ਵੀ ਤੋੜਾ ਹੁੰਦਾ। ਜਦੋਂ ਕਈ ਦਿਨਾਂ ਤੱਕ ਝੜੀ ਲੱਗ ਜਾਂਦੀ ਤੇ ਸੁੱਕਾ ਬਾਲਣ ਮੁੱਕ ਜਾਂਦਾ ਤਾਂ ਨਵੇਂ ਗਹੀਰੇ ਨੂੰ ਪਾੜ ਲਾ ਲੈਨਦੀ। ਗੋਹਿਆਂ ਦੀ ਭੋਰ ਚੋਰ ਇਕੱਠੀ ਕਰ ਕੇ ਬੱਠਲ ਭਰ ਲਿਆਉਂਦੀ ਤੇ ਚੁੱਲ੍ਹੇ ਦੀ ਭੇਟ ਚਾੜ੍ਹ ਦਿੱਤੀ ਜਾਂਦੀ। ਜ਼ਿਆਦਾ ਬਰੀਕ ਰੀਣ ਗੱਡੇ ਤੌੜੇ ਹੇਠਾਂ ਪਾ ਕੇ ਸਾਰੇ ਪਰਿਵਾਰ ਲਈ ਪਾਣੀ ਤੱਤਾ ਕਰਦੀ। ਅਸੀਂ ਸਰੋਂ ਤੇ ਗੁਆਰੇ ਦੇ ਸਲਰੇ ਸਾਰੇ ਇਕੱਠੇ ਕਰ ਕੇ ਲਿਆਉਂਦੇ। ਮਾਰੂ ਜ਼ਮੀਨਾਂ ਵਿੱਚ ਸੂੜ ਮਾਰਨ ਸਮੇਂ ਚੁਲ੍ਹੇ 'ਚ ਬਲਣ ਜੋਗ ਨਿੱਕ ਸੁੱਕ ਇੱਕ ਥਾਂ ਇਕੱਠਾ ਕਰ ਲਿਆ ਜਾਂਦਾ। ਜਿਸ ਵਿੱਚ ਖਿੱਪ ਬੂਈਆਂ ਮਰਿਤਆਂ ਦੇ ਤਣੇ, ਜੰਡ, ਕਿਕਰ ਦੀਆਂ ਲੱਕੜਾਂ ਹੁੰਦੀਆਂ ਕਦੇ ਖੇਡਣ ਦੇ ਲਾਲਚ ਵਿੱਚ ਬਾਲਣ ਲਿਆਉਣ ਤੋਂ ਨਾਂਹ ਕਰ ਦਿੰਦੇ ਤਾਂ ਅਖਾਣਾਂ ਦੀ ਵਰਤੋਂ ਇਉਂ ਕਰਦੀ।ਜਿਵੇਂ

ਗਿਆਨੀ ਪਾਸ ਕੀਤੀ ਹੋਵੇ। "ਪੁੱਤ! ਤੁਸੀਂ ਤਾਂ ਉਹ ਗਲ ਕਰਦੇ ਹੋ। ਰੱਬਾ! ਰਿਜਕ ਨਾ ਦੇਈਂ, ਸਾਨੂੰ ਲੱਕੜਾਂ ਨੂੰ ਜਾਣਾ ਪਊ।" ਲਕੜਾਂ ਦੀ ਸਮਝ ਤਾਂ ਪੈਂਦੀ ਪਰ ਰਿਜਕ ਉਪਰਾ ਸ਼ਬਦ ਲਗਦਾ। ਮੈਂ ਸੋਚਦਾ ਰਿਜਕ ਕਿੱਥੋ ਆਉਂਦਾ ਹੈ? ਪਰ ਜਿਉਂ ਜਿਉਂ ਕੰਬਲੀ ਭਾਰੀ ਹੁੰਦੀ ਗਈ ਰਿਜਕ ਦੇ ਨਾਲ ਮਿਹਨਤ ਕਰਨ ਦੀ ਗੱਲ ਵੀ ਥਾਂ ਸਿਰ ਆ ਗਈ।

ਕਬੀਲਦਾਰੀ ਦੇ ਸਾਰੇ ਕੰਮ ਜਾਨਣ ਤੇ ਕਰਨ ਵਾਲੀ ਸੁਆਣੀ ਦੀ ਯੋਗਤਾ ਗਿਣਿਆ ਜਾਂਦਾ। ਰਿਸ਼ਤਾ ਲੈਣ ਸਮੇਂ ਸਹੁਰੇ ਪਰਿਵਾਰ ਵਾਲੇ ਇਹਨਾਂ ਸਾਰੀਆਂ ਗੱਲਾਂ ਦੀ ਸਾਰੀ ਜਾਣਕਾਰੀ ਲੈਂਦੇ। ਕੰਮ ਸੱਭਿਆਚਾਰ ਨੂੰ ਪਹਿਲ ਦਿੱਤੀ ਜਾਂਦੀ। ਅੱਜ ਕੱਢਣਾ, ਕੱਤਣਾ, ਸਿਉਣਾ, ਪਰੋਣਾ ਆਦਿ ਕੰਮ ਮਸ਼ੀਨਾਂ ਨਾਲ ਹੋਣ ਲੱਗ ਪਏ ਹਨ। ਲੂਣ ਮਿਰਚਾਂ ਜਾਂ ਹੋਰ ਕੋਈ ਚੀਜ਼ ਰਗੜਨ ਲਈ ਕੂੰਡੇ, ਘੋਟੇ ਦੀ ਲੋੜ ਨਹੀਂ ਪੈਂਦੀ। ਬਟਨ ਨੱਪੋ ਤੇ ਮਿਕਸੀ ਆਪਣੇ ਆਪ ਰਗੜ ਕੇ ਰੱਖ ਕਰ ਦੇਵੇਗੀ। ਪੀਹਣ ਛੜਨ, ਸੰਵਾਰਨ ਜਾਂ ਪੀਹਣ ਦੀ ਕੋਈ ਲੋੜ ਨਹੀਂ। ਸਗੋਂ ਚੱਕੀਆਂ ਦਰਵਾਜ਼ੇ ਤੇ ਦਸਤਕ ਦਿੰਦੀਆਂ ਹਨ। ਮਿੰਟਾਂ ਵਿਚ ਆਟਾ ਬਣਾ ਕੇ ਟਾ, ਟਾ ਕਰ ਜਾਂਦੀਆਂ ਹਨ।

ਮਾਂ ਹੁਣ ਤੂੰ ਚੱਕੀ ਨੂੰ ਢਕਣ, ਸਾਫ ਕਰਨ ਦਾ ਫਿਕਰ ਨਾ ਕਰੀਂ। ਕਿਸੇ ਵਿਰਲੇ ਘਰ ਵਿੱਚ ਤੂੜੀ ਵਾਲੇ ਕੋਠੇ ਦੇ ਖੂੰਜੇ 'ਚ ਪਈ ਮਸ਼ੀਨਾਂ ਨੂੰ ਕੋਸ ਰਹੀ ਹੋਵੇਗੀ। ਸੱਭਿਆਚਾਰ ਦੀ ਨਿਸ਼ਾਨੀ ਵਜੋਂ ਕਿਸੇ ਨੇ ਭਾਵੇਂ ਸਾਂਭ ਰੱਖੀ ਹੋਵੇ। ਪਰ ਸੰਭਾਵਨਾ ਬਹੁਤ ਘੱਟ ਹੈ।

# ਬੇਬੇ ਤੇਰੀ ਆਟੇ ਦੀ ਚਿੜੀ

'ਆਟੇ ਦੀ ਚਿੜੀ' ਸ਼ੈਰੀ ਮਾਨ ਦਾ ਗਾਇਆ ਗੀਤ ਵਰਤਮਾਨ ਦੀ ਥਾਂ ਭੂਤ ਨੂੰ ਜ਼ਿਆਦਾ ਦ੍ਰਿਸ਼ਟੀਗੋਚਰ ਕਰਦਾ ਹੈ। ਕਿਉਂਕਿ ਅੱਜ ਬਹੁਤ ਕੁਝ ਬਦਲਿਆ ਹੋਇਆ ਨਜਰੀਂ ਪੈਂਦਾ ਹੈ। ਜਦੋਂ ਗੀਤ ਸੁਣਦਾ ਹਾਂ ਤਾਂ ਉਸ ਦੇ ਸੰਗੀਤ ਅਵਾਜ਼ ਤੇ ਐਕਸ਼ਨ ਵੱਲ ਧਿਆਨ ਨਹੀਂ ਜਾਂਦਾ, ਸਗੋਂ ਗੀਤ ਦੇ ਲੇਖਕ (ਗੀਤਕਾਰ) ਵੱਲ ਜਾਂਦਾ ਹੈ। ਜਿਸ ਨੇ ਗੀਤ ਦੀਆਂ ਜੰਮਣ ਪੀੜਾਂ ਦੇ ਦਰਦ ਨੂੰ ਪਤਾ ਨਹੀਂ ਕਿੰਨਾ ਚਿਰ ਆਪਣੇ ਪਿੰਡੇ ਤੇ ਹੰਢਾਇਆ ਹੋਵੇ। ਜੰਮਣ ਪੀੜਾਂ ਬਿਨਾਂ ਲਿਖਿਆ ਗੀਤ ਤੁਕਬੰਦੀ ਤਾਂ ਹੋ ਸਕਦੀ ਹੈ। ਪਰ ਉਸ ਵਿੱਚੋਂ ਲੇਖਕ ਦੀ ਰੂਹ ਗਾਇਬ ਹੰਦੀ ਹੈ। ਦਰਦਾਂ ਦੁਆਰਾ ਜੰਮੇ ਗੀਤ ਵਿੱਚ ਸਰੋਤਿਆਂ ਨੂੰ ਟੁੰਬਣ ਦੀ ਸਮਰੱਥਾ ਹੁੰਦੀ ਹੈ। ਅਜਿਹੇ ਗੀਤਕਾਰਾਂ ਅੱਗੇ ਸਿਰ ਝੁਕਾਉਣ ਨੂੰ ਜੀਅ ਕਰਦਾ ਹੈ।

ਗੀਤ ਦਾ ਜਨਮ ਤਿੰਨਾਂ ਤਲਾਂ ਤੇ ਹੁੰਦਾ ਹੈ, ਲੇਖਕ, ਕਲਮ ਤੇ ਜੰਮਣ ਪੀੜਾਂ। ਜਦੋਂ ਜੰਮਣ ਪੀੜਾਂ ਲੇਖਕ ਦੀ ਕਲਮ ਤੇ ਕੰਪਣ ਪੈਦਾ ਕਰਦੀਆਂ ਹਨ ਤਾਂ ਉਹ ਗੀਤ ਨੂੰ ਜਨਮ ਦਿੱਤੇ ਬਿਨਾਂ ਨਹੀਂ ਰਹਿ ਸਕਦਾ। ਲੇਖਕ ਦੀ ਰੂਹ ਓਪਣੇ ਆਪ ਸ਼ਾਮਲ ਹੋ ਜਾਂਦੀ ਹੈ। ਬੇਬੇ ਦੀ ਆਟੇ ਦੀ ਚਿੜੀ ਦਾ ਜਨਮ ਵੀ ਇਸ ਤਰ੍ਹਾਂ ਹੋਇਆ ਜਾਪਦਾ ਹੈ। ਮਾਂ ਵੀ ਤਾਂ ਬੱਚੇ ਨੂੰ ਜਨਮ ਦੇਣ ਵੇਲੇ ਜੰਮਣ ਪੀੜਾਂ ਤੋਂ ਨਿਰਲੇਪ ਨਹੀਂ ਰਹਿ ਸਕਦੀ। ਕਈ ਵਾਰ ਮਾਂ ਨੂੰ ਜਾਨ ਦੀ ਬਾਜੀ ਵੀ ਲਾਉਣੀ ਪੈ ਸਕਦੀ ਹੈ ਪਰ ਬੱਚੇ ਪੈਦਾ ਕਰਨ ਤੋਂ ਇਨਕਾਰ ਨਹੀਂ ਕਰਦੀ। ਜਿਵੇਂ ਬੱਚੇ ਵਿੱਚ ਮਾਂ ਦੇ ਸੰਸਕਾਰ ਹੁੰਦੇ ਹਨ ਇਸ ਤਰ੍ਹਾਂ ਗੀਤਕਾਰ ਵੀ ਗੀਤ ਵਿੱਚ ਰਮਿਆ ਹੋਇਆ ਹੰਦਾ ਹੈ।

ਮਨੋਵਿਗਿਆਨਕ ਤੌਰ ਤੇ ਵੀ ਇਹ ਗੱਲ ਸੱਚ ਹੈ। ਜੇ ਆਪਾਂ ਖਿੜਿਆ ਫੁੱਲ ਕਿਸੇ ਨੂੰ ਦੇਈਏ ਤਾਂ ਤੋੜਨ ਤੋਂ ਬਾਅਦ ਉਸ ਦੀ ਕੁਦਰਤੀ ਆਭਾ ਵਿੱਚ ਫਰਕ ਪੈ ਜਾਂਦਾ ਹੈ ਉਂਗਲਾਂ ਦੇ ਪੋਟਿਆਂ ਦੀ ਛੂਹ ਤੇ ਦਿਲ ਦੀਆਂ ਭਾਵਨਾਵਾਂ ਰਲ ਜਾਂਦੀਆਂ ਹਨ ਤੇ ਹੋਰ ਸੁਹਣਾ ਤੇ ਸਗੰਧਿਤ ਹੋ ਜਾਂਦਾ ਹੈ। ਜਿਵੇਂ ਪ੍ਰੇਮੀ ਪ੍ਰੇਮਕਾ ਦਾ ਖ਼ਤ ਸਾਂਭ ਕੇ ਰਖਦਾ ਹੈ। ਜਿਹੜਾ ਸਾਧਾਰਨ ਖ਼ਤ ਨਾਲੋਂ ਭਿੰਨ ਹੁੰਦਾ ਹੈ ਗੀਤਕਾਰ ਦੀ ਰੂਹ ਵਾਲਾ ਗੀਤ ਸਦੀਵੀ ਪ੍ਰਭਾਵ ਛੱਡਦਾ ਰਹਿੰਦਾ ਤੇ ਤੁਕਬੰਦੀ ਹੀ ਨਹੀਂ ਰਹਿੰਦੀ ਹੈ। ਰੂਹ ਦਾ ਸੁਮੇਲ ਬੇਜਾਨ ਪਦਾਰਥਾਂ ਨੂੰ ਪੂਜਣ ਯੋਗ ਬਣਾ ਦਿੰਦਾ ਹੈ।

ਬੱਚੇ ਵੱਲ ਵੇਖ ਵੇਖ ਮਾਂ ਦੀ ਖੁਸ਼ੀ ਸਿਖਰਾਂ ਨੂੰ ਛੂਹ ਲੈਂਦੀ ਹੈ। ਜੋ ਕੁਝ ਉਸ ਲਈ ਕਰਦੀ ਹੈ ਉਸ ਵਿੱਚ ਭਾਵਨਾ ਦੀ ਤੀਬਰਤਾ ਦੀ ਕੰਪਨ ਸ਼ਾਮਲ ਹੁੰਦੀ ਹੈ। ਲੇਖਕ ਇਸ ਕੰਪਨ ਨੂੰ ਸਮਝਦਾ ਹੋਇਆ ਚਿੜੀ ਨੂੰ ਜਿਉਂਦੀ ਤਸੱਬਰ ਕਰ ਲੈਂਦਾ ਹੈ। ਬੱਚੇ ਨਾਲ ਲਾਡ ਕਰਦੀ ਮਾਂ ਵਰਤਮਾਨ ਨੂੰ ਭੁੱਲ ਜਾਂਦੀ ਹੈ। ਵਰਤਮਾਨ ਨੂੰ ਭੁੱਲ ਕੇ ਲੇਖਕ ਰਚਨਾ ਕਰਦਾ ਹੈ।

ਸਾਧਾਰਨ ਰੂਪ ਵਿੱਚ ਬੱਚੇ ਦੇ ਗੰਦੇ ਹੱਥ ਸਾਫ ਕਰਨ ਵਿੱਚ ਵੀ ਮਾਂ ਨੂੰ ਖੁਸ਼ੀ ਮਿਲਦੀ ਹੈ। ਗੰਦੇ, ਮੰਦੇ ਤੇ ਸਾਫ ਥਾਵਾਂ ਨੂੰ ਉਹ ਸਮਦ੍ਰਿਸ਼ਟੀ ਨਾਲ ਵੇਖਦੀ ਹੈ। ਜਿਸ ਤਰ੍ਹਾਂ ਪ੍ਰਮਾਤਮਾ ਵੇਖਦਾ ਹੈ। ਪ੍ਰਮਾਤਮਾ ਤੇ ਮਾਂ ਦੇ ਕੰਮਾਂ ਵਿੱਚ ਸਮਾਨਤਾ ਦਾ ਪ੍ਰਭਾਵ ਪੈਂਦਾ ਹੈ। ਮਾਂ ਲਈ ਸਾਰੇ ਬੱਚੇ ਬਰਾਬਰ ਹੁੰਦੇ ਹਨ। ਬਿਗਾਨੇ ਬੱਚਿਆਂ ਦਾ ਗੰਦ ਧੋਣ ਵੇਲੇ ਸੂਗ ਨਹੀਂ ਮੰਨਦੀ।

ਸਵੇਰ ਸਮੇਂ ਰਾਬਿੰਦਰ ਨਾਥ ਟੈਗੋਰ ਸ਼ਹਿਰ ਵਿੱਚੋਂ ਦੀ ਕੁਦਰਤੀ ਦ੍ਰਿਸ਼ ਦਾ ਅਨੰਦ ਮਾਣਦੇ ਜਾ ਰਹੇ ਸਨ। ਸੂਰਜ ਦੀ ਲਾਲੀ ਆਸੇ ਪਾਸੇ ਦੀਆਂ ਇਮਾਰਤਾਂ ਤੇ ਹੋਰ ਚੀਜ਼ਾਂ ਤੇ ਆਪਣਾ ਰੰਗ ਬਿਖੇਰ ਰਹੀ ਸੀ। ਅੱਗੇ ਜਾ ਕੇ ਗੰਦਗੀ ਦਾ ਢੇਰ ਆ ਗਿਆ। ਉਸ ਗੰਦਗੀ ਦੇ ਢੇਰ ਤੇ ਸੂਰਜ ਆਪਣੀਆਂ ਕਿਰਨਾਂ ਉਸੇ ਚਾਅ ਨਾਲ ਸੁੱਟ ਰਿਹਾ ਸੀ ਜਿਵੇਂ ਸੁੰਦਰ ਵਸਤੂਆਂ ਉੱਤੇ। ਇਹ ਨਜ਼ਾਰਾ ਵੇਖ ਕੇ ਕਹਿ ਉਠਿਆ-ਧੰਨ ਹੈਂ ਤੂੰ ਪ੍ਰਮਾਤਮਾ ਜਿਹੜਾ ਗੰਦੇ ਮੰਦੇ ਥਾਈਂ ਵਰਦਾ ਹੈ ਤੇ ਕੋਈ ਵਿਤਕਰਾ ਨਹੀਂ ਕਰਦਾ। ਮਾਂ ਵੀ ਸਮਦ੍ਰਿਸ਼ਟੀ ਨਾਲ ਵਰਸੋਈ ਹੈ। ਲੇਖਕ ਦੀ ਕਲਮ ਨੂੰ ਵੀ ਇਹ ਵਰ ਪ੍ਰਾਪਤ ਹੈ।

ਬੱਚੇ ਦਾ ਜਨਮ ਤਿੰਨ ਤਲਾਂ ਤੇ ਹੁੰਦਾ ਹੈ। ਮਾਂ, ਪਿਓ ਦੀ ਵਾਸ਼ਨਾ ਤੇ ਰੂਹ ਦੀ ਵਾਸ਼ਨਾ ਜਿਸ ਨੇ ਜਨਮ ਲੈਣਾ ਹੁੰਦਾ ਹੈ। ਜਿੰਨਾਂ ਚਿਰ ਤਿੰਨਾਂ ਦਾ ਤਾਲਮੇਲ ਨਹੀਂ ਬੈਠਦਾ, ਉਨ੍ਹਾਂ ਚਿਰ ਬੱਚੇ ਦਾ ਜਨਮ ਸੰਭਵ ਨਹੀਂ ਹੁੰਦਾ ਅਤੇ ਮਾਂ, ਬਾਪ ਜਨਮ ਦੀ ਪ੍ਰਕਿਰਿਆ ਨੂੰ ਪੂਰ ਚੜ੍ਹਾਉਣ ਲਈ ਯਤਨ ਕਰਦੇ ਰਹਿੰਦੇ ਹਨ ਤੇ ਦੁਹਰਾਉਂਦੇ ਰਹਿੰਦੇ ਹਨ। ਇਸ ਤਰ੍ਹਾਂ ਲੇਖਕ ਨਾਲ ਹੁੰਦਾ ਹੈ। ਲਿਖਦਾ ਹੈ ਤੇ ਫਾੜ ਦਿੰਦਾ ਹੈ। ਕਲਮ, ਰੂਹ ਤੇ ਲੇਖਕ ਜਿੰਨਾਂ ਚਿਰ ਤਿੰਨਾਂ ਦਾ ਤਾਲਮੇਲ ਨਹੀਂ ਬੈਠਦਾ ਉਨ੍ਹਾਂ ਚਿਰ ਲੱਖ ਯਤਨ ਕਰਨ ਤੇ ਵੀ ਰਚਨਾ ਦਾ ਜਨਮ ਨਹੀਂ ਹੁੰਦਾ। ਪਤਾ ਨਹੀਂ ਲੇਖਕ ਨੂੰ ਆਪਣੇ ਗਰਭ ਅੰਦਰ ਵਿਚਾਰ ਕਿੰਨਾ ਚਿਰ ਸਾਂਭ ਕੇ ਰੱਖਣੇ ਪੈਂਦੇ ਹਨ। ਦਿਨ ਰਾਤ ਉਸ ਨੂੰ ਲੋੜੀਂਦੀ ਖੁਰਾਕ ਸ਼ਬਦਾਂ ਦੇ ਰੂਪ ਵਿੱਚ ਦੇਣੀ ਪੈਂਦੀ ਹੈ।

ਜਦੋਂ ਗੀਤ ਦਾ ਜਨਮ ਹੋ ਜਾਂਦਾ ਹੈ ਤਾਂ ਲੇਖਕ ਫੁੱਲਿਆ ਨਹੀਂ ਸਮਾਉਂਦਾ। ਲਿਖਤ ਨੂੰ ਸਾਂਭ ਸਾਂਭ ਰਖਦਾ ਹੈ। ਜਿਸ ਤਰ੍ਹਾਂ ਮਾਂ ਜਨਮ ਪੀੜਾਂ ਭੁੱਲ ਕੇ ਖੁਸ਼ੀ ਵਿੱਚ ਖੀਵੀ ਹੋ ਜਾਂਦੀ ਤੇ ਸੰਸਾਰ ਸੁਹਣਾ ਲੱਗਣ ਲੱਗ ਜਾਂਦਾ ਹੈ। ਲੇਖਕ ਨੂੰ ਆਪਣੀਆਂ ਸਾਰੀਆਂ ਰਚਨਾਵਾਂ ਉਵੇਂ ਹੀ ਪਿਆਰੀਆਂ ਕਗਦੀਆਂ ਹਨ, ਜਿਵੇਂ ਮਾਂ ਨੂੰ ਸਾਰੇ ਬੱਚੇ ਪਿਆਰੇ ਹੁੰਦੇ ਹਨ। ਜਦੋਂ ਰਚਨਾ ਛਪਦੀ ਹੈ ਲੇਖਕ ਹਿੱਕ ਨਾਲ ਲਾ ਲੈਂਦਾ ਹੈ ਜਿਵੇਂ ਮਾਂ ਬੱਚੇ ਨੂੰ ਗੋਦ ਵਿੱਚ ਲੈ ਕੇ ਪਿਆਰ ਕਰਦੀ ਹੈ। ਲੇਖਕ ਆਪਣੀ ਖੁਸ਼ੀ ਦੂਜਿਆਂ ਨਾਲ ਸਾਂਝੀ ਕਰਨੀ ਲੋਚਦਾ ਹੈ।

ਲੇਖਕ ਦੀ ਹੱਡ ਬੀਤੀ ਵਿੱਚ ਇਉਂ ਵੀ ਆਉਂਦਾ ਹੈ। ਬੜੇ ਚਾਅ ਨਾਲ ਕਿਤਾਬ ਮੁਫ਼ਤ ਦੇ ਦਿੱਤੀ। ਪਾਠਕ ਨੇ ਰੱਦੀ 'ਚ ਵੇਚ ਦਿੱਤੀ। ਦੁਕਾਨਦਾਰ ਨੇ ਕਿਤਾਬ ਦੇ ਵਰਕੇ ਤੇ ਲੂਣ ਵਾਲੀਆਂ ਪਕੌੜੀਆਂ ਧਰ ਕੇ ਬੱਚੇ ਨੂੰ ਫੜਾ ਦਿੱਤੀਆਂ। ਜਾਂਦਿਆਂ ਜਾਂਦਿਆਂ ਪਕੌੜੀਆਂ ਖਾ ਕੇ ਬੱਚੇ ਨੇ ਕਾਗਜ਼ ਗਲੀ ਵਿਚ ਸੁੱਟ ਦਿੱਤਾ। ਲੇਖਕ ਗਲੀ 'ਚੋਂ ਲੰਘਿਆ ਤੇ ਕਾਗਜ ਚੁੱਕ ਕੇ ਪੜ੍ਹਨ ਲੱਗਿਆ ਤਾਂ ਅੱਖੀਆਂ ਵਿੱਚੋਂ ਹੰਝੂਆਂ ਦੀ ਝੜੀ ਇਉਂ ਲੱਗ ਗਈ ਜਿਵੇਂ ਮਾਂ ਬੱਚੇ ਤੋਂ ਵਿਛੜ ਕੇ ਹੌਂਕੇ ਲੈਂਦੀ ਰਹਿ ਜਾਂਦੀ ਹੈ। ਆਟੇ ਦੀ ਚਿੜੀ ਦਾ ਦਰਦ ਲੇਖਕ ਦਾ ਆਪਣਾ ਦਰਦ ਹੈ। ਜੋ ਸਾਰਿਆਂ ਦਾ ਦਰਦ ਹੈ। ਤਾਹਿਓਂ ਤਾਂ ਅਜਿਹੀਆਂ ਲਿਖਤਾਂ ਅਮਰ ਹੋ ਜਾਂਦੀਆਂ ਹਨ।

# ਮਾਂ ਦੀ ਲੱਜਾ ਮਾਂ ਦਾ ਸ੍ਰੇਸ਼ਟ ਗੁਣ

ਮਾਂ ਨੇ ਔਰਤ ਦੇ ਲੱਜਾਵਾਨ ਹੋਣ ਦਾ ਅਹਿਦ ਸਾਰੀ ਉਮਰ ਨਿਭਾਇਆ ਅਤੇ ਜੀਵਨਸ਼ੈਲੀ ਦਾ ਅਨਿਖੜਵਾਂ ਅੰਗ ਬਣਾਇਆ। ਪ੍ਰੌਢ ਅਵੱਸਥਾ ਵਿੱਚ ਜਾ ਕੇ ਕਦੇ ਲਕੀਰ ਨਹੀਂ ਟੱਪੀ। ਜਿੱਥੇ ਪਿੰਡ ਦੇ ਮੁਹਰੀ ਬੰਦੇ ਬੈਠੇ ਹੁੰਦੇ ਜਾਂ ਸੱਥਾਂ, ਤਕੀਆਂ, ਫਲਿਆ ਕੋਲੋਂ ਲੰਘਣ ਤੋਂ ਪਾਸਾ ਵਟਦੀ ਰਹੀ। ਮਜ਼ਬੂਰੀ ਵੱਸ ਘਗਰੇ, ਘੁੰਡ, ਚੁੰਨੀ, ਸਿਰਕਾ ਤੇ ਢੁਕਵੀਂ ਪੁਸ਼ਾਕ ਤੋਂ ਬਿਨਾਂ ਜਾਣਾ ਔਰਤ ਦੀ ਬੇਹੁਰਤੀ ਸਮਝਦੀ। ਜੇ ਗਲੀ ਵਿੱਚ ਵਡੇਰੀ ਉਮਰ ਦਾ ਆਦਮੀ ਜਾਂ ਸਮਾਜਿਕ ਰੁਤਬੇ ਦਾ ਉੱਚਾ ਮੁਹਤਬਰ ਆਉਂਦਾ ਦਿਸ ਪੈਂਦਾ ਤਾਂ ਕੰਧ ਨਾਲ ਲੱਗ ਕੇ ਇਕ ਪਾਸੇ ਹੋ ਕੇ ਖੜ ਜਾਇਆ ਕਰਦੀ। ਉਸ ਦੇ ਲੰਘਣ ਤੋਂ ਪਿੱਛੋਂ ਚੱਲਣਾ ਸ਼ੁਰੂ ਕਰਦੀ।

ਭਾਰਤੀ ਵੇਦ ਸ਼ਾਸਤਰਾਂ, ਧਾਰਮਿਕ ਗ੍ਰੰਥਾਂ, ਰਹਿਬਰਾਂ ਨੇ ਇਸਤਰੀ ਦੀ ਸ਼ਖਸੀਅਤ ਤੇ ਜੀਵਨਸ਼ੈਲੀ ਦਾ ਸ੍ਰੇਸ਼ਟ ਗੁਣ ਤੇ ਪਰਮ ਧਰਮ 'ਲਾਜ' ਨੂੰ ਮੰਨਿਆ ਹੈ। ਭਾਰਤੀ ਮਾਵਾਂ ਵਿੱਚ ਜੋ ਮਸੂਮੀਅਤ, ਨਿਮਰਤਾ, ਕੋਮਲਤਾ, ਮਿਠਾਸ, ਸਹਿਨਸੀਲਾ, ਸਲੀਕਾ ਵਫ਼ਾਦਾਰੀ, ਆਗਿਆਕਾਰੀ ਦੇ ਗੁਣ ਪਾਏ ਜਾਂਦੇ ਹਨ, ਇਹਨਾਂ ਦਾ ਸਿਹਰਾ ਉਸ ਦੇ ਲੱਜਾਵਾਨ ਹੋਣ ਦੀ ਬਖਸ਼ਿਸ਼ ਹੈ। ਪੱਛਮ ਦੀਆਂ ਮਾਵਾਂ ਵਿੱਚ ਇਹ ਗੁਣ ਕਦਈ ਨਹੀਂ ਮਿਲ ਸਕਦਾ। ਕਿਉਂਕਿ ਉਥੋਂ ਦੀ ਔਰਤ ਨੂੰ ਕਦੇ ਇਹ ਪਾਠ ਨਹੀਂ ਪੜ੍ਹਾਇਆ ਗਿਆ। ਭਾਰਤੀ ਮਾਵਾਂ ਆਪਣੀਆਂ ਧੀਆਂ ਨੂੰ ਇਸ ਦਾ ਪਾਠ ਸਿਖਾਉਂਦੀਆਂ ਹੀ ਨਹੀਂ ਸਗੋਂ ਪੱਕਾ ਵੀ ਕਰਵਾਉਂਦੀਆਂ ਹਨ। ਮਾਂ ਤੂੰ ਕਦੇ ਵੀ ਧੀਆਂ ਨੂੰ ਗੈਰ ਸਮਾਜੀ ਕਪੜੇ ਪਹਿਨਣ ਦੀ ਆਗਿਆ ਨਹੀਂ ਦਿੱਤੀ। ਪੱਟੀਆਂ ਪੋਚਕ ਬਾਹਰ ਜਾਣ ਤੋਂ ਰੋਕਦੀ ਤੇ ਘਰੇ ਵੀ ਨੰਗੇ ਸਿਰ ਬੈਠਣ ਨੂੰ ਬੁਰਾ ਮਨਾਉਂਦੀ। ਲੱਜਾ, ਸ਼ਰਮ, ਹਯਾ, ਅਣਖ ਦੀ ਭਾਵਨਾ ਨੂੰ ਪੱਛਮੀ ਮਾਵਾਂ ਔਗੁਣ ਗਿਣਦੀਆਂ ਹਨ। ਕਿਉਂਕਿ ਉਹਨਾਂ ਨੇ ਆਪਣੇ ਆਪ ਨੂੰ ਪ੍ਰਦਸ਼ਿਤ ਕਰਨਾ ਹੁੰਦਾ ਹੈ। ਜਿਵੇਂ ਵੇਸਵਾ ਹਾਰ ਸ਼ਿੰਗਾਰ ਲਾ ਕੇ ਗਾਹਕਾਂ ਨੂੰ ਖਿਚਣ ਦਾ ਵਿਚਾਰ ਰਖਦੀਆਂ ਹਨ,

ਤਿਵੇਂ ਹੀ ਜੇ ਕੋਈ ਔਰਤ ਆਪਣੀ ਸੁੰਦਰਤਾ ਦਾ ਮੁਕਾਬਲਾ ਕਰਨਾ ਚਾਹੇ ਤਾਂ ਸਰੀਰ ਦੀ ਨੁਮਾਇਸ਼ ਲਾਉਣ ਤੋਂ ਬਿਨਾਂ ਕੋਈ ਚਾਰਾ ਬਾਕੀ ਨਹੀਂ ਬਚਦਾ। ਆਪਣੀ ਹੋਂਦ ਦਾ ਅਹਿਸਾਸ ਕਰਵਾ ਕੇ ਪ੍ਰਭਾਵ ਪਾਉਣਾ ਹੁੰਦਾ ਹੈ। ਖਿੱਚ ਪੈਦਾ ਕਰਨੀ ਹੁੰਦੀ ਹੈ ਤਾਂ ਜੋ ਤੁਰੇ ਜਾਂਦੇ ਮਰਦ ਦੀਆਂ ਕਾਮੁਕ ਭਾਵਨਾਵਾਂ ਜਾਗ ਪੈਣ। ਬਜਾਰਦੀ ਵਸਤੂ ਬਣ ਗਈ। ਸ਼ਿੰਗਾਰ ਕਰ ਕੇ ਬਜ਼ਾਰ ਜਾਣਾ ਵਿਕਾਊ ਹੋਣ ਦਾ ਸੰਕੇਤ ਦਿੰਦਾ ਲਗਦਾ ਹੈ। ਵੇਸਵਾ ਦੇ ਸਰੀਰ ਵੇਚਣ ਲਈ ਹੀ 'ਨਿਰਲੱਜ' ਕਿਹਾ ਜਾਂਦਾ ਹੈ। ਸਰੀਰ ਵੇਚਣ ਲਈ ਨਹੀਂ ਹੁੰਦਾ। ਸ਼ਿੰਗਾਰ ਕਰਨਾ ਕੋਈ ਮਾੜੀ ਗੱਲ ਨਹੀਂ ਜੇ ਭੰਡਾਰ ਲਈ ਕੀਤਾ ਜਾਵੇ। ਉਸ ਦੇ ਭਾਉਣ ਲਈ ਮਾਂ ਉਸ ਵੇਲੇ ਅਨੁਸਾਰ ਸਰੀਰ ਨੂੰ ਵਿਆਹਾਂ, ਸ਼ਾਦੀਆਂ, ਰਿਸ਼ਤੇਦਾਰੀ 'ਚ ਜਾਣ ਸਮੇਂ ਸਜਾਅ ਲਿਆ ਕਰਦੀ ਸੀ। 'ਲੱਜਾ' ਦੀ ਅਣਹੋਂਦ ਕਰ ਕੇ ਸੰਸਾਰ ਵਿੱਚ ਔਰਤਾਂ ਨਾਲ ਵਧੀਕੀਆਂ ਹੋ ਰਹੀਆਂ ਹਨ।

ਮੰਡੀ ਦੀ ਵਸਤੂ ਹੋਣਾ ਕੁਹਜਾਪਣ, ਘਟੀਆਪਣ, ਗੈਰਮਿਆਰੀ, ਗੈਰਸਮਾਜੀ, ਤੇ ਨੀਚ ਹੋ ਨਿਬੜਦਾ ਹੈ। ਮਾਂ ਧੀਆਂ ਦੀ ਪ੍ਰਸੰਸਾ ਕਰਦੀ ਆਖਿਆ ਕਰਦੀ, "ਆਹ ਮੇਰੀ ਧੀ ਤਾਂ 'ਸੁਭਰ' 'ਚ ਵਲੇਟੀ ਲਗਦੀ ਐ। ਕਦੇ ਬਾਹਰ ਜਾਹਰ ਨਹੀਂ ਹੋਈ ਤੇ ਪਰਿਵਾਰ, ਸਮਾਜ ਵਿੱਚ ਰਹਿਣ ਦਾ ਸਲੀਕਾ ਹਰ ਪੱਖੋਂ ਸਿਖਿਆ ਹੋਇਆ ਹੈ।" ਅਣਜਾਣਪੁਣੇ ਵਿੱਚ ਜੇ ਕੋਈ ਧੀ ਇਕੱਠ ਵਿੱਚ ਖੜੀ ਵੇਖ ਲੈਂਦੀ ਤਾਂ ਝਿੜਕਦੀ। "ਇਹ ਥਾਂ ਕੋਈ ਖੜ੍ਹਨ ਵਾਲੀ ਸੀ। ਤੂੰ ਚੁੱਪ ਕਰ ਕੇ ਤੁਰੀ ਆਉਣਾ ਸੀ। ਸਗੋਂ ਨੀਵੀਂ ਪਾ ਕੇ ਸਿੱਧੈ ਲੰਘ ਆਈਏ। ਅਗਲਾ ਭਾਵੇਂ ਵੇਖੀਂ ਜਾਵੇ। ਪਰ ਆਪ ਕਦੇ ਕਿਸੇ ਵੱਲ ਅੱਖ ਨਾ ਪੱਟੀਏ।"

ਲੱਜਾ ਦਾ ਪਾਠ ਸਮਝਣ ਤੇ ਸਮਝਾਉਣ ਲਈ ਪਰਦਾ ਮਾਂ ਦੇ ਅੰਗ ਸੰਗ ਰਹਿਣ ਲੱਗ ਪਿਆ। ਪਰਦੇ 'ਚ ਪਈ ਸੁਹਣੀ ਵੀ ਲਗਦੀ ਐ। ਇਹ ਜ਼ਿਆਦਾ ਖਿੱਚ ਪੈਦਾ ਕਰਦਾ ਹੈ। ਜੇ ਕੋਈ ਚੀਜ਼ ਲੁਕਾਈ ਹੋਵੇ ਤਾਂ ਪਰਦਾ ਚੁੱਕ ਕੇ ਝਾਤੀ ਮਾਰਨ ਨੂੰ ਜੀਅ ਕਰ ਆਉਂਦਾ ਹੈ। ਸਮਾਜ ਵਿੱਚ ਕੁਝ ਚੀਜ਼ਾਂ ਅਜਿਹੀਆਂ ਹੁੰਦੀਆਂ ਹਨ ਜਿੰਨ੍ਹਾਂ ਦੀ ਪਰਦਾ ਹੀ ਕਦਰ ਕਰਵਾਉਣ ਦਾ ਵਸੀਲਾ ਬਣਦਾ ਹੈ। ਔਲਾਦ ਸਾਹਮਣੇ ਮਾਂ ਬਾਪ ਦੇ ਸਬੰਧ ਪਰਦੇ ਦੀਨੌਬਤ ਹੀ ਘਰ ਵਸਿਆ ਲਹਦਾ ਹੈ। ਨਹੀਂ ਤਾਂ ਸਾਡਾ ਕੋਈ ਆਚਰਨ ਹੀ ਨਹੀਂ ਬਣਦਾ। ਖਾਸ ਤੌਰ ਤੇ ਹੁਸਨ ਨੂੰ ਜੇ ਪਰਦੇ ਦੀ ਪੁੱਠ ਦੇਈਏ ਮੁੱਲ ਦੁਗਣਾ ਪੈ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਸਜ ਵਿਆਹੀ ਵਹੁਟੀ ਦੇ ਸੁੰਦਰ ਹੋਣ ਦੀ ਗਲੀ ਗੁਆਂਢ ਵਿੱਚ ਚਰਚਾ ਛਿੜਦੀ ਤਾਂ ਚੋਰੀਓਂ ਉਸ ਦਾ ਦੀਦਾਰ ਕਰਨ ਵਾਸਤੇ ਗਭਰੂ ਮੋੜਾਂ ਤੇ ਖੜ ਜਾਇਆ ਕਰਦੇ ਤਾਂ ਜੋ ਭੁਲੇਖਾ ਪਾ ਕੇ ਸ਼ਰਾਰਤ ਲੁਕਾਅ ਸਕੀਏ।

ਘਗਰਾ, ਚੁੰਨੀ, ਸਿਰਕਾ, ਪਰਦੇ ਦਾ ਸੁਲਝਿਆ ਹੋਇਆ ਢੰਗ ਸੀ। 'ਘੁੰਡ' ਲੱਜਾ ਦਾ ਪ੍ਰਤੀਕ ਹੋਇਆ ਕਰਦਾ ਸੀ। ਮਾਂ ਕਿਹਾ ਕਰਦੀ, "ਸ਼ਰਮ ਅੱਖਾਂ ਨੂੰ ਹੁੰਦੀ ਹੈ। ਇਨ ਮੰਨਣ ਵਾਸਤੇ ਹੁੰਦੀ ਹੈ। ਹੋਰ ਕਿਸੇ ਕੰਮ ਨਹੀਂ ਆਉਂਦੀ।" ਮਾਂ ਨੇ ਇਸ ਦੇ ਪਾਲਣ ਵਿੱਚ ਵਫ਼ਾਦਾਰੀ ਨੂੰ ਨਹੀਂ ਗੁਆਇਆ। ਸਿਰ ਚਿੱਟਾ ਹੋਣ ਦੇ ਕਾਣ ਮਕਾਣ, ਕੜਮੱਤ, ਸੱਥ 'ਚੋਂ ਲੰਘਣ, ਖੂਹ ਤੋਂ ਪਾਣੀ ਭਰਨ, ਔਰਤਾਂ ਦੇ ਇਕੱਠ ਵਿੱਚ ਜਾਣ ਸਮੇਂ ਘਗਰੇ ਨੂੰ ਪਹਿਨਣਾ ਸਭ ਤੋਂ ਜ਼ਰੂਰੀ ਸਮਝਦੀ। ਖੇਤ ਜਾਣ ਸਮੇਂ ਘਗਰਾ ਪਹਿਨਦੀ ਪਰ ਪਿੰਡ ਲੰਘ ਕੇ ਤਹਿ ਮਾਰ ਕੇ ਸਿਰ ਤੇ ਰੱਖ ਲਿਆ ਕਰਦੀ। ਘਗਰੇ ਦੀ ਸੰਭਾਲ ਉਚੇਚੇ ਤੌਰ ਤੇ ਕਰਦੀ। ਤਹਿ ਮਾਰ ਕੇ ਸੰਦੂਕ ਵਿੱਚ ਰੱਖਣਾ ਜਾਂ ਕਿੱਲੀ ਤੇ ਟੰਗ ਦਿੰਦੀ। ਉਹਨਾਂ ਸਮਿਆਂ 'ਚ ਵੀਹ ਵੀਹ ਗਜ਼ ਦੇ ਘਗਰੇਬੜੇ ਸ਼ੌਂਕ ਨਾਲ ਔਰਤਾਂ ਬਣਵਾਉਂਦੀਆਂ। ਪਿਛਲੀ ਉਮਰ 'ਚ ਮਾਂ ਕੋਲ ਚਿੱਟੇ ਰੰਗ ਦਾ ਘਗਰਾ ਹੁੰਦਾ ਸੀ ਤੇ ਥੱਲੇ ਕਾਲੀ ਧਾਰੀ ਪਾਈ ਹੋਈ ਸੀ। ਜੋ ਅੱਜ ਤੱਕ ਪਿਆ ਰਿਹਾ ਹੈ।

ਨੰਗੇ ਸਿਰ ਮਾਂ ਨਾਂ ਆਪ ਰਹਿੰਦੀ ਸੀ ਤੇ ਨਾ ਹੀ ਨੂੰਹਾਂ ਧੀਆਂ ਨੂੰ ਇਸ ਦੀ ਆਗਿਆ ਦਿੰਦੀ।ਸਿਰੋਂ ਨੰਗੀ ਜਾਂ ਚਿੱਟੀ ਚੁੰਨੀ ਦਾ ਅਰਥ ਹੁਮਦਾ ਸੀ ਪਤੀ ਦਾ ਜਹਾਨੋਂ ਤੁਰ ਜਾਣਾ। ਘੁੰਡ ਗੁਆਚਣ ਦੇ ਨਾਲ ਲੱਜਾ,

ਸ਼ਰਮ, ਹਯਾ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਕਿਉਂਕਿ ਘੁੰਡ, ਘਗਰਾ, ਚੁੰਨੀ 'ਲੱਜਾ' ਦਾ ਬਾਹਰੀ ਅੰਗ ਹੋਇਆ ਕਰਦੇ ਸਨ। ਨੌਬਤ ਇੱਥੋਂ ਤੱਕ ਆ ਗਈ ਹੈ ਕਿ ਘਗਰੇ ਦਾ ਭਾਰ ਤਾਂ ਲੱਕ ਨੇ ਕੀ ਝੱਲਣਾ ਸੀ ਸਗੋਂ ਚੁੰਨੀ ਦਾ ਭਾਰ ਵੀ ਸਿਰ ਨਹੀਂ ਝੱਲਦਾ। ਜਿਵੇਂ ਚੁੰਨੀ ਦਾ ਸਹਿਣਾ ਔਖਾ ਹੋ ਗਿਆ ਹੈ ਤਿਵੇਂ ਹੀ ਨਿਮਰਤਾ, ਕੋਮਲਤਾ, ਸੰਜੀਦਗੀ, ਮਾਸੂਮੀਅਤ, ਗਰੇਸ ਖੰਭ ਲਾ ਕੇ ਉੱਡ ਗਈ ਹੈ। ਆਪਾ ਪ੍ਰਗਟਾਉਣ ਲਈ ਬਿਊਟੀ ਪਾਰਲਰਾਂ ਦੇ ਆਲੇ ਦੁਆਲੇ ਘੁੰਮਣਾ ਆਪਣੀ ਸ਼ਾਨ ਸਮਝਣ ਲੱਗ ਪਈ ਹੈ। ਪਰ ਮਾਂ ਤੈਨੂੰ ਅਜਿਹੀਆਂ ਗੱਲਾਂ ਨਹੀਂ ਸਨ ਸੁਝਦੀਆਂ। ਤੂੰ ਤਾਂ ਮੁਕਲਾਵੇ ਜਾਂਦੀ ਲੜਕੀ ਦੀਆਂ ਪੱਟੀਆਂ ਮੋਮ ਨਾਲ ਚਪੇਅ ਦਿੰਦੀ ਤਾਂ ਜੋ ਉੱਚੇ ਸਿਰ ਦਾ ਕੋਈ ਵਾਲ ਡਿਗ ਕੇ ਚਿਹਰੇ ਦੀ ਰੌਣਕ ਅਲੋਪ ਨਾ ਕਰ ਦੇਵੇ। ਤੂੰ ਸਜ ਸੰਵਰ ਕੇ ਧੀਆਂ ਦੇ ਜਾਣ ਨੂੰ ਧੀਆਂ ਨੂੰ ਬਾਹਰ ਜਾਣ ਤੋਂ ਰੋਕ ਦਿੰਦੀ ਤੇ ਕਿਹਾ ਕਰਦੀ, "ਪੇਕਿਆਂ ਦੇ ਪਿੰਡ ਅਜੇਹਾ ਕਰਨਾ ਸ਼ੋਭਾ ਨਹੀਂ ਦਿੰਦਾ। ਅੱਖਾਂ ਨੀਵੀਆਂ ਕਰ ਕੇ ਰਹਿਣਾ ਚਾਹੀਦਾ ਹੈ।

ਔਰਤ ਨੂੰ ਕੁਝ ਖਾਸ ਕਿਸਮ ਦੇ ਕਪੜੇ ਪਹਿਨਾਏ ਗਏ ਤਾਂ ਜੋ ਸਮਾਜ ਵਿੱਚ ਉਸ ਦਾ ਯੋਗ ਸਥਾਨ ਬਣਿਆ ਰਹੇ। ਪਰਦੇ ਨਾਲ ਔਰਤ ਦਾ ਕੁਦਰਤੀ ਸੁਹੱਪਣ ਵੀ ਕਾਇਮ ਰਹਿੰਦਾ ਹੈ। ਪਹਿਰਾਵਾ ਹੀ ਤਾਂ ਸਰੀਕੇ ਦਾ ਪ੍ਰਤੀਕ ਹੁੰਦਾ ਹੈ। ਕਿਸੇ ਦੀ ਪਹਿਚਾਨ ਕਰਨ ਵਿੱਚ ਪੂਰੀ ਸਹਾਇਤਾ ਕਰਦਾ ਹੈ। ਦੂਰੋਂ ਹੀ ਧੀ, ਭੈਣ, ਨੂੰਹ ਬਾਰੇ ਜਾਣਕਾਰੀ ਹੋ ਜਾਂਦੀ ਹੈ। ਜਦੋਂ ਕੋਈ ਸਾਡੇ ਸਾਹਮਣੇ ਆਉਂਦਾ ਤਾਂ ਦੇਖਣ ਦੀ ਕੋਸ਼ਿਸ਼ ਕਰਦੇ ਹਾਂ। ਦੇਖਣ ਨਾਲ ਬੇਲੋੜੇ ਵਿਚਾਰਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਖਾਸ ਤੌਰ ਤੇ ਔਰਤ ਨੂੰ ਦੇਖੇ ਬਿਨਾਂ ਨਹੀਂ ਰਿਹਾ ਜਾ ਸਕਦਾ।

ਪਹਿਰਾਵਾ ਹੀ ਔਰਤ ਦੇ 'ਲੱਜਾਵਾਨ' ਹੋਣ ਦੀ ਮੁਢਲੀ ਸੰਕੇਤਕ ਭਾਸ਼ਾ ਹੁੰਦੀ ਹੈ ਜੋ ਅਣਜਾਣਾ ਵੀ ਸਮਝ ਸਕਦਾ ਹੈ। ਇਸਤਰੀ ਜਿੰਨੀ ਲੱਜਾਵਾਨ ਹੋਵੇਗੀ ਉਨੀ ਹੀ ਮਨ ਨੂੰ ਚੰਗੀ ਲੱਗਣ ਵਾਲੀ ਹੋਵੇਗੀ। ਉਨੀ ਹੀ ਸੁੰਦਰ ਲੱਗੇਗੀ। ਨੰਗੇਜ ਔਰਤ ਨੂੰ ਜੂਠੀ ਕਰਦਾ ਹੈ। ਜੂਠੀ ਔਰਤ ਸੱਭਿਆਚਾਰ ਨੂੰ ਜੂਠਾ ਕਰ ਦਿੰਦੀ ਹੈ। ਤਾਹੀਓਂ ਤਾਂ ਸਿਆਣੇ ਆਖ ਦਿੰਦੇ ਹਨ ਕਿ ਅਕਲਮੰਦ ਮਾਵਾਂ ਸਮਾਜ ਨੂੰ ਭ੍ਰਿਸ਼ਟ ਹੋਣ ਤੋਂ ਬਚਾਅ ਸਕਦੀਆਂ ਹਨ।

ਲੱਜਾਵਾਨ ਮਾਵਾਂ ਹੀ ਨਰੋਏ ਤੇ ਨਿੱਗਰ ਸਮਾਜ ਦੀ ਸਿਰਜਨਾ ਕਰ ਸਕਦੀਆਂ ਹਨ। ਮਾਂ ਤੇਰੇ 'ਲੱਜਾਵਾਨ' ਹੋਣ ਦਾ ਪ੍ਰਛਾਵਾ ਅੱਜ ਸਾਡੇ ਅੰਗ ਸੰਗ ਹੈ।

# ਪੁੱਤਾਂ ਦੇ ਵਿਛੋੜੇ 'ਚ ਪਾਗਲ ਹੋ ਜਾਂਦੀਆਂ ਨੇ ਮਾਵਾਂ

ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਔਰਤ ਜਾਤੀ ਪੁੱਤਾਂ ਨੂੰ, ਧੀਆਂ ਨਾਲੋਂ ਵੱਧ ਪਿਆਰ ਕਰਦੀ ਹੈ। ਪੁੱਤਾਂ ਦੀ ਲੋੜ ਧੀਆਂ ਨਾਲੋਂ ਪਹਿਲਾਂ ਪੂਰੀ ਕਰਦੀ ਹੈ। ਖਾਧ ਖੁਰਾਕ ਵਿਚ ਵੀ ਵਿਤਕਰਾ, ਦਿਸ ਆਉਂਦਾ ਹੈ। ਕਿਸੇ ਵੇਲੇ ਇਹ ਵੀ ਕਿਹਾ ਜਾਂਦਾ ਸੀ, "ਧੀਆਂ ਨੂੰ ਦੁੱਧ ਦੀ ਥਾਂ ਖੱਟੀ ਲੱਸੀ ਪਿਆਓ, ਇਨ੍ਹਾਂ ਕਿਹੜਾ ਹਲ ਜੋੜਨਾ"। ਅੱਜ ਦਾ ਵਰਤਾਰਾ ਵੇਖ ਕੇ ਮਹਿਸੂਸ ਹੁੰਦਾ ਹੈ ਜਿਵੇਂ ਮਾਂ-ਪੁੱਤ ਨੂੰ ਹੀ ਸਮਰਪਿਤ ਹੋਵੇ। ਜੇ ਨਿਆਣੇ ਭੈਣ ਭਰਾ ਮਾਂ ਨਾਲ ਸੌਣ ਦੀ ਜ਼ਿਦ ਕਰ ਲੈਣ ਤਾਂ ਪੁੱਤ ਨੂੰ ਸੱਣਾ ਦੇਵੇਗੀ ਤੇ ਧੀ ਨੂੰ ਝਿੜਕ ਕੇ ਪਿਛਾਂਹ ਕਰ ਦੇਵੇਗੀ। ਰੋਂਦੇ ਹੋਏ ਪੁੱਤ ਨੂੰ ਝੱਲਣਾ ਬਹੁਤ ਔਖਾ ਹੋ ਜਾਂਦਾ ਹੈ। ਮਜ਼ਬੂਰੀ 'ਚ ਸਜ਼ਾ ਦੇਣੀ ਪੈ ਜਾਵੇ ਤਾਂ ਡਾਂਟਣਾ ਪੈ ਜਾਵੇ ਤਾਂ ਪੁੱਤ ਦੇ ਰੋਣ ਤੋਂ ਪਹਿਲਾਂ ਉਸ ਦੀਆਂ ਅੱਖਾਂ ਕੋਸੇ-ਕੋਸੇ ਹੰਝੂਆਂ ਨਾਲ ਭਰ ਆਉਣਗੀਆਂ। ਵੱਡਾ ਹੋ ਕੇ ਕਿਸੇ ਗੱਲੋਂ ਪਿਤਾ ਨਾਲ ਉਲਝਣ 'ਤੇ ਮਾਂ ਹਮੇਸ਼ਾ ਪੁੱਤ ਦਾ ਪੱਖ ਪੂਰੇਗੀ। ਪਰ

ਮਨੋਵਿਗਿਆਨੀਆਂ ਨੇ ਤੱਥਾਂ ਦੀ ਖੋਜ ਕਰਕੇ 'ਈਡੀਪਸ' ਗ੍ਰੰਥੀ ਲੱਭੀ ਹੈ ਤੇ ਔਰਤ ਦੇ ਦਿਮਾਗ ਨੂੰ ਇਸ ਪਾਸੇ ਝੁਕਣ ਲਈ ਮਜ਼ਬੂਰ ਕਰਦੀ ਹੈ, ਜਿਸ ਦੇ ਕਾਰਨ ਪੁੱਤ ਮਾਂ ਨੂੰ ਵੱਧ ਪਿਆਰ ਕਰਦਾ ਹੈ ਤੇ ਧੀ ਪਿਤਾ ਨੂੰ ਵੱਧ ਪਿਆਰ ਕਰਦੀ ਹੈ।

ਕਹਾਣੀ ਇਉਂ ਦੱਸਦੀ ਹੈ। ਬਹੁਤ ਦੇਰ ਪਹਿਲਾਂ ਧਰਮੀ ਰਾਜਾ ਰਾਜ ਕਰਦਾ ਸੀ। ਦੇਰ ਬਾਅਦ ਪੁੱਤਰ ਪੈਦਾ ਹੋਇਆ। ਉਸ ਦੇ ਜਨਮ ਤੋਂ ਬਾਅਦ ਦੇਸ਼ 'ਤੇ ਬਹੁਤ ਭਾਰੀ ਕਸ਼ਟ ਆ ਗਿਆ। ਕਾਲ ਪੈ ਗਿਆ। ਪਰਜਾ ਭੁੱਖੀ ਮਰਨ ਲੱਗੀ। ਪਰਜਾ ਦੀ ਭਲਾਈ ਤੇ ਕਸ਼ਟ ਦੂਰ ਕਰਨ ਲਈ ਜੋਤਸ਼ੀ ਬੁਲਾਏ ਗਏ, ਜਿਸ ਕਾਰਨ ਪਰਜਾ ਦੁਖੀ ਹੋ ਰਹੀ ਹੈ। ਇਸ ਨੂੰ ਦੇਸ਼ ਨਿਕਾਲਾ ਦੇ ਦਿਉ। ਪਰਜਾ ਸੁਖੀ ਹੋ ਜਾਵੇਗੀ। ਉਸ ਬੱਚੇ ਦਾ ਨਾਂ 'ਈਡੀਪਸ' ਸੀ। ਦੇਸ਼ 'ਚੋਂ ਬਾਹਰ ਕੱਢ ਦਿੱਤਾ ਗਿਆ। ਲੁਟੇਰੇ ਗਰੋਹ ਜੰਗਲ 'ਚ ਹੁੰਦੇ ਜੋ ਲੁੱਟਾਂ ਖੋਹਾਂ ਕਰਕੇ ਟਿਕਾਣੇ ਪਹੁੰਚ ਜਾਂਦੇ। ਰੋਹੀ ਬੀਆਬਾਨ 'ਚੋਂ ਟੋਲਾ ਲੰਘਿਆ ਤਾਂ ਬੱਚਾ ਨਜ਼ਰੀ ਪਿਆ। ਆਪਣੇ ਨਾਲ ਰਲਾ ਕੇ ਉਸ ਕਬੀਲੇ ਨੇ ਚੰਗੀ ਪਾਲਣਾ ਪੋਸਣਾ ਕੀਤੀ। ਬੱਚੇ ਵਿਚ ਰਾਜਿਆਂ ਵਾਲੇ ਪੁਸ਼ਤੀ ਗੁਣ ਸਨ ਤੇ ਜਵਾਨ ਹੋਣ ਤੇ ਕਬੀਲੇ ਦਾ ਸਰਦਾਰ ਬਣ ਗਿਆ। ਪਿਛਲੇ ਜਨਮ ਵਾਲੀ ਗੱਲ ਵਿਸਰ ਗਈ। ਵੱਡੀਆਂ ਮੱਲਾਂ ਮਾਰਨ ਲੱਗਿਆਂ। ਦੂਜੇ ਰਾਜਿਆਂ ਦੇ ਇਲਾਕੇ ਜਿੱਤਣ ਲੱਗਿਆ। ਸਮਾਂ ਪਾ ਕੇ ਉਸ ਦੀ ਆਪਣੇ ਪਿਤਾ ਨਾਲ ਲੜਾਈ ਹੋ ਗਈ। ਉਸ ਨੂੰ ਮਾਰ ਕੇ ਜਿੱਤ ਪ੍ਰਾਪਤ ਕੀਤੀ। ਉਸ ਕਬੀਲੇ ਦੀ ਪਰੰਪਰਾ ਸੀ ਕਿ ਜਿਹੜਾ ਲੁਟੇਰਾ ਕਿਸੇ ਰਾਜੇ ਨੂੰ ਮਾਰਦਾ, ਉਹ ਉਸ ਦੀ ਪਤਨੀ ਨਾਲ ਸ਼ਾਦੀ ਕਰਦਾ। ਮੁੱਕਦੀ ਗੱਲ ਉਸ ਦੀ ਆਪਣੀ ਮਾਂ ਨਾਲ ਸ਼ਾਦੀ ਹੋ ਗਈ। ਜਦੋਂ ਘੁੰਡੀ ਖੁੱਲ੍ਹੀ। ਪਤਾ ਲੱਗਿਆ ਕਿ ਮੈਂ ਪਾਪ ਕਰ ਬੈਠਾ ਤਾਂ ਪਛਤਾਵਾ ਕਰਦਿਆਂ ਆਪਣੀਆਂ ਅੱਖਾਂ ਵਿਚ ਸੁਏ ਮਾਰ ਲਏ ਤੇ ਅੰਨਾ ਹੋ ਗਿਆ। ਉਦੋਂ ਤੋਂ ਮਾਂ ਦਾ ਪੁੱਤ ਨੂੰ ਵੱਧ ਪਿਆਰ ਕਰਨ ਦਾ ਮਨੋਵਿਗਿਆਨਕ ਕਾਰਨ ਲੱਭ ਗਿਆ।

ਮਾਂ ਕਪੁੱਤ ਨੂੰ ਵੀ ਪਿਆਰ ਕਰਦੀ ਹੈ। ਸ਼ਰਾਬੀ, ਕਬਾਬੀ, ਜੁਏਬਾਜ਼, ਚੋਰ, ਠੱਗ ਹੋਵੇ ਤਦ ਵੀ ਬੁਰੇ ਸ਼ਬਦ ਮੂੰਹੋਂ ਨਹੀਂ ਕੱਢਦੀ। ਲੰਗੜਾ, ਲੂਲ੍ਹਾ, ਅਪਾਹਜ, ਅੰਨਾ-ਕਾਣਾ, ਗੋਰਾ, ਕਾਲਾ, ਉਸ ਨੂੰ ਦੁਨੀਆਂ 'ਚ ਸਭ ਤੋਂ ਵੱਧ ਸੋਹਣਾ ਲਗਦਾ ਹੈ। ਅਮੀਰ ਘਰੇ ਨੌਕਰਾਣੀ ਕੰਮ ਕਰਿਆ ਕਰਦੀ ਸੀ। ਮਾਲਕ ਨੇ ਇਕ ਤੋਹਫ਼ਾ ਬੱਚੇ ਨੂੰ ਦੇਣਾ ਚਾਹਿਆ ਤੇ ਨੌਕਰਾਣੀ ਨੂੰ ਕਿਹਾ, "ਭਾਈ! ਤੇਰੇ ਆਂਢ-ਗੁਆਂਡ ਵਿਚ ਜਿਹੜਾ ਸਭ ਤੋਂ ਸੋਹਣਾ ਲੱਗਿਆ, ਉਸ ਨੂੰ ਇਹ ਤੋਹਫ਼ਾ ਦੇਵੀਂ।" ਅਗਲੇ ਦਿਨ ਮਾਲਕ ਨੇ ਪੁੱਛਿਆ ਤਾਂ ਕਿਹਾ, "ਮੈਨੂੰ ਤਾਂ ਮੇਰਾ ਪੁੱਤ ਈ ਸੋਹਣਾ ਲੱਗਿਆ। ਉਸ ਨੂੰ ਦੇ ਦਿੱਤਾ।"

ਪੁੱਤਾਂ ਦੇ ਪਿਆਰ ਨੂੰ ਪ੍ਰਗਟ ਕਰਦੀ ਤੇ ਔਰਤਾਂ ਦਾ ਮਨੋਵਿਗਿਆਨਕ ਪੱਖ ਪੇਸ਼ ਕਰਦੀ ਕਹਾਣੀ ਇਸ ਤਰ੍ਹਾਂ ਆਉਂਦੀ ਹੈ। ਇਕ ਔਰਤ ਦਾ ਬੇਟਾ, ਕਿਸੇ ਹੋਰ ਔਰਤ ਨੇ ਚੋਰੀਓਂ ਚੁੱਕ ਲਿਆ। ਵਾਪਸੀ ਲਈ ਉਸ ਨੇ ਝਗੜਾ ਕੀਤਾ। ਮਾਮਲਾ ਰਾਜੇ ਦੇ ਦਰਬਾਰ ਵਿਚ ਪਹੁੰਚ ਗਿਆ। ਰਾਜਾ ਬੜਾ ਸ਼ਸ਼ੋਪੰਜ ਵਿਚ ਪਿਆ ਕਿਉਂਕਿ ਦੋਵੇਂ ਜਨਾਨੀਆਂ ਆਪਣਾ ਆਪਣਾ ਹੱਕ ਜਤਾਅ ਰਹੀਆਂ ਸਨ ਤੇ ਜ਼ੋਰ-ਜ਼ੋਰ ਦੀ ਹੰਝੂ ਵਹਾਅ ਰਹੀਆਂ ਸਨ। ਜਿਸ ਦਾ ਬੱਚਾ ਨਹੀਂ ਉਹ ਜਨਾਨੀ ਦੁਹੱਥੜੀ ਪਿੱਟ ਰਹੀ ਸੀ। ਜਦੋਂ ਕਿਸੇ ਫ਼ੈਸਲੇ 'ਤੇ ਨਾ ਮੰਨੀਆਂ ਤਾਂ ਰਾਜੇ ਨੇ ਆਪਣੇ ਜਲਾਦਾਂ ਨੂੰ ਹੁਕਮ ਦਿੱਤਾ ਕਿ ਬੱਚੇ ਨੂੰ ਵਿਚਕਾਰੋਂ ਸਿੱਧਾ ਚੀਰ ਕੇ ਦੋ ਹਿੱਸੇ ਕਰ ਦਿੱਤੇ ਜਾਣ ਤੇ ਅੱਧਾ ਅੱਧਾ ਬੱਚਾ ਦੋਹਾਂ ਨੂੰ ਵੰਡ ਦਿੱਤਾ ਜਾਵੇ। ਇਹ ਸੁਣ ਕੇ ਜਿਸ ਦਾ ਉਹ ਅਸਲੀ ਪੁੱਤਰ ਸੀ ਹੱਥ ਬੰਨ੍ਹ ਕੇ ਰਾਜੇ ਅਰਜ ਗੁਜਾਰਨ ਲੱਗੀ।" ਮੇਰੇ ਮਾਲਕ! ਮੈਂ ਝੂਠ ਬੋਲਿਆ ਭਾਵੇਂ ਮੈਨੂੰ ਜਾਨੋਂ ਮਾਰ ਦਿਓ। ਪਰ ਇਸ ਬੱਚੇ ਦੀ ਜ਼ਿੰਦਗੀ ਬਖਸ਼ੋ ਤੇ ਉਸ ਔਰਤ ਨੂੰ ਦੇ ਦਿਓ। ਮੈਨੂੰ ਕਿਸੇ ਕਿਸਮ ਦਾ ਜਰਾ ਵੀ ਗਿਲਾ ਨਹੀਂ।" ਰਾਜੇ ਨੂੰ ਨਿਰਣਾ ਕਰਨ ਵਿਚ ਕੋਈ ਦੇਰ ਨਾ ਲੱਗੀ। ਪੁੱਤ ਦੀ ਮੌਤ ਝੱਲਣੀ ਮਾਂ ਲਈ ਅਸਹਿ ਹੁੰਦੀ ਹੈ।

ਪੁੱਤਾਂ ਦੀ ਖਾਤਰ ਜੇ ਖੂਹ 'ਚ ਰੋਟੀਆਂ ਪਕਾ ਕੇ ਖਾਣੀਆਂ ਪੈ ਜਾਣ ਤਦ ਵੀ ਆਨਾ ਕਾਨੀ ਨਹੀਂ ਕਰਦੀ। ਪੁੱਤਾਂ ਦਾ ਵੈਰਾਗ ਸਿਰਫ਼ ਮਾਵਾਂ ਹੀ ਜਾਣ ਸਕਦੀਆਂ ਹਨ। ਜਿਨ੍ਹਾਂ ਦੇ ਪੁੱਤ ਵਿਛੜੇ ਹਨ। ਪੂਰਨ ਦੀ ਮਾਂ ਇੱਛਰਾ ਦੀਆਂ ਤੜਫਦੀਆਂ ਆਂਦਰਾਂ ਨੂੰ ਸਿਰਫ ਇਕ ਮਾਂ ਹੀ ਜਾਣ ਸਕਦੀ ਹੈ। ਕਾਦਰਯਾਰ ਕਿੱਸਾ ਪੂਰਨ ਭਗਤ ਵਿਚ ਬਿਆਨ ਕਰਦਾ ਹੈ ਕਿ ਪੁੱਤ ਦੇ ਵਿਛੋੜੇ ਵਿਚ ਮਾਂ ਦੀਆਂ ਅੱਖਾਂ ਦੀ ਜੋਤ ਚਲੀ ਗਈ। ਰੋਂਦੀ ਦੇ ਦੀਦੇ ਖਰਾਬ ਹੋ ਗਏ। ਜ਼ਿੰਦਗੀ ਦੇ ਸਾਰੇ ਰਸ ਬੇਸੁਆਦ ਹੋ ਗਏ। ਜਦੋਂ ਪੂਰਨ ਵਾਪਸ ਸਿਆਲਕੋਟ ਆਇਆ ਤਾਂ ਲੋਕਾਂ ਨੇ ਉਸ ਨੂੰ ਦੱਸਿਆ ਕਿ ਬਾਰਾਂ ਸਾਲ ਮਗਰੋਂ ਪੂਰਨ ਦਾ ਸੁੱਕਿਆ ਬਾਗ ਹਰਾ ਹੋ ਗਿਆ। ਕੋਈ ਕਰਨੀ ਵਾਲਾ ਸਾਧ ਆਇਆ ਹੈ। ਡਿਗਦੀ, ਢਹਿੰਦੀ, ਠੇਢੇ ਖਾਂਦੀ ਇੱਛਰਾਂ ਵੀ ਬਾਗ ਵਿਚ ਪਹੁੰਚ ਗਈ। ਜਦੋਂ ਪੂਰਨ ਬੋਲਿਆ ਤਾਂ ਉਸ ਨੂੰ ਪਛਾਣ ਆ ਗਈ। ਅਕਸਰ ਮਾਵਾਂ ਤੋਂ ਪੁੱਤ ਗੁੱਝੇ ਕਿਵੇਂ ਰਹਿ ਸਕਦੇ ਹਨ। ਬੋਲ ਸੁਣਦਿਆਂ ਅੱਖਾਂ ਦੇ ਪਰਦੇ ਖੁੱਲ੍ਹ ਗਏ ਤੇ ਖੁਸ਼ੀ ਵਿਚ ਦਿਸਣ ਲੱਗ ਪਿਆ।ਥਣਾਂ 'ਚੋਂ ਬੱਤੀ ਧਾਰਾਂ ਵਹਿ ਤੁਰੀਆਂ। ਪੁੱਤਰ ਦੇ ਵੈਰਾਗ ਦੀ ਕਹਾਣੀ...ਸਭ ਦੀ ਜਾਣੀ ਪਛਾਣੀ। ਪੁੱਤਰ ਦੇ ਪਿਆਰ ਦਾ ਅਲੌਕਿਕ ਦ੍ਰਿਸ਼ ਦੇਖ ਕੇ ਲੋਕ ਹੈਰਾਨ ਰਹਿ ਗਏ। ਮਾਂ ਦਾ ਵਿਰਲਾਪ ਲੋਕ ਕਹਿੰਦੇ ਹਨ ਕਿ ਦੇਵਤਿਆਂ ਤੋਂ ਵੀ ਝੱਲਿਆ ਨਹੀਂ ਜਾਂਦਾ ਕਿਉਂਕਿ ਇਹ ਰੂਹਾਂ ਦਾ ਪਿਆਰ ਹੁੰਦਾ ਹੈ। ਪੁੱਤ ਦੇ ਵਿਛੋੜੇ 'ਚ ਮਾਵਾਂ ਪਾਗਲ ਜਾਂਦੀਆਂ ਨੇ।

ਜੇ ਬੇਟਾ ਰਾਤ ਨੂੰ ਜਨਮ ਲਵੇ ਤਾਂ ਉਸ ਨੂੰ ਵੇਖਦੀ ਮਾਂ ਦੀ ਸਾਰੀ ਰਾਤ ਜਾਗਦਿਆਂ ਲੰਘ ਜਾਂਦੀ ਹੈ। ਜੇ ਬਾਹਰ ਗਿਆ ਹੋਵੇ ਤਾਂ ਵਾਪਸ ਆਉਣ ਤੱਕ ਦਰਵਾਜ਼ੇ ਵੱਲ ਵੇਖਦੀ ਰਹਿੰਦੀ ਹੈ। ਉਸ ਨੂੰ ਵੇਖ-ਵੇਖ ਕੇ ਵੀ ਰੱਜ ਨਹੀਂ ਆਉਂਦਾ। ਪੁੱਤ ਮਾਂ ਦਾ ਸ਼ਿੰਗਾਰ ਹੁੰਦਾ ਹੈ। ਮਾਂ ਦਾ ਜੋਬਨ ਉਸ ਤੋਂ ਬਿਨਾਂ ਅਧੂਰਾ ਰਹਿੰਦਾ ਹੈ। ਮਾਂ ਪੁੱਤ ਦਾ ਰੂਹਾਨੀ ਪਿਆਰ ਹੋਰ ਕਿਸੇ ਰਿਸ਼ਤੇ 'ਚੋਂ ਨਹੀਂ ਲੱਭਦਾ। ਪੁੱਤ ਨੂੰ ਆਪਣੀ ਸੰਪਤੀ ਸਮਝਦੀ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਚੋਂ ਇਹ ਸੱਚਾਈ ਪ੍ਰਗਟ ਹੁੰਦੀ ਹੈ।

ਸ਼ਾਹਾਂ ਘਰੀਂ ਵਿਆਹੀਆਂ ਵਰੀਆਂ,
ਨਾਲ ਹੁਸਨ ਦੇ ਡਲ ਡਕ ਭਰੀਆਂ,
ਪਹਿਨਣ ਪੱਟ, ਹੰਢਾਵਣ ਜਰੀਆਂ।
ਪੂਰਾ ਕਦੀ ਸ਼ਿੰਗਾਰ ਨਾ ਹੋਵੇ।
ਜੇ ਲਾਲਾਂ ਦਾ ਹਾਰ ਨਾ ਹੋਵੇ।

# ਮਾਵਾਂ ਠੰਡੀਆਂ ਛਾਵਾਂ, ਛਾਵਾਂ ਕੌਣ ਕਰੇ

ਮਾਂ ਤੋਂ ਬਹੁਤਾ ਸਮਾਂ ਦੂਰ ਰਹਿਣ ਕਰਕੇ ਮੇਰੀ ਨੇੜਤਾ ਵੱਡਿਆਂ ਨਾਲ ਹੋ ਗਈ। ਬਚਪਨ ਦੀ ਦੂਰੀ ਦਾ ਖੱਪਾ ਪੂਰਨਾ ਅਸੰਭਵ ਹੋ ਗਿਆ। ਜਦੋਂ ਮਾਂ ਸਾਥ ਛੱਡ ਗਈ ਤਾਂ ਅਚੇਤ ਮੰਨ ਵਿੱਚ ਪਈਆਂ ਬਚਪਨ ਦੀਆਂ ਅਧੂਰੀਆਂ ਖਾਹਿਸ਼ਾਂ ਨੇ ਫਿਰ ਜਨਮ ਲੈ ਲਿਆ ਤੇ ਕਲਮ ਚੁੱਕਣ ਦੀ ਪ੍ਰੇਰਨਾ ਦੇਣ ਲੱਗ ਪਈਆਂ। ਅੱਜ ਜਦੋਂ ਕਿਸੇ ਔਰਤ ਦੀ ਗੋਦ ਵਿੱਚ ਬੱਚੇ ਨੂੰ ਬੈਠਾ ਵੇਖਦਾ ਹਾਂ ਤਾਂ ਮੈਂ ਭਾਵੁਕ ਹੋ ਜਾਂਦਾ ਹਾਂ ਤੇ ਬਚਪਨ ਦੀਆਂ ਯਾਦਾਂ ਦਾ ਅੰਬਾਰ ਆ ਜਾਂਦਾ ਹੈ। ਮਾਂ ਦੀ ਸਿਖਰ ਦੀ ਮਮਤਾ ਯਾਦ ਆ ਜਾਂਦੀ ਹੈ ਜਿਸ ਤੋਂ ਪ੍ਰਮਾਤਮਾ ਨੇ ਦੂਰ ਰੱਖਿਆ। ਮਾਂ ਦੀ ਗੋਦ ਦੇ ਜ਼ਜ਼ਬਾਤੀ ਨਿੱਘ ਤੋਂ ਕਿਉਂ ਠੁਕਰਾਇਆ ਗਿਆ? ਮਨੁੱਖ ਦੀ ਜ਼ਿੰਦਗੀ ਦਾ ਦਾਰੋਮਦਾਰ ਹੀ ਮਾਂ ਦੀ ਗੋਦ ਤੇ ਨਿਰਭਰ ਕਰਦਾ ਹੈ। ਜ਼ਿੰਦਗੀ ਦੀ ਸੇਧ ਮਾਂ ਤੋਂ ਮਿਲਦੀ ਹੈ। ਮਾਂ ਦੀ

ਮਮਤਾ ਤੋਂ ਬਿਨਾਂ ਇਨਸਾਨ ਬਣਨਾ ਅਸੰਭਵ ਹੁੰਦਾ ਹੈ।

ਮਾਂ ਦਾ ਹੇਰਵਾ ਰੱਬ ਦੇ ਵਿਛੋੜੇ ਨਾਲੋਂ ਵੀ ਬਦਤਰ ਹੁੰਦਾ ਹੈ। ਉਹਨਾਂ ਨੂੰ ਪੁੱਛ ਕੇ ਵੇਖਿਆਂ ਜਾਵੇ ਜਿਨ੍ਹਾਂ ਬਦਨਸੀਬਾਂ ਦੀਆਂ ਮਾਵਾਂ ਜਨਮ ਦੇਣ ਬਾਅਦ ਵਿਛੜ ਗਈਆਂ ਹੋਣ ਜਿਨ੍ਹਾਂ ਨੂੰ ਇਸ ਬੂਟੇ ਦੀ ਛਾਂ ਮਾਨਣ ਦਾ ਮੌਕਾ ਨਹੀਂ ਮਿਲਿਆ। ਮੇਰੇ ਅੰਦਰ ਔਰਤ ਪ੍ਰਤੀ ਜੋ ਖਲਾਅ ਪੈਦਾ ਹੋਇਆ ਹੈ ਉਸ ਦਾ ਕਾਰਨ ਸਿਰਫ ਮਾਂ ਦੇ ਦੁੱਧ ਦਾ ਨਸੀਬ ਨਾ ਹੋਣਾ ਤੇ ਮਾਂ ਦੀ ਗੋਦ ਵਿੱਚ ਬੈਠਣ ਦਾ ਮੌਕਾ ਨਾ ਮਿਲਣਾ। ਕਿਸੇ ਔਰਤ ਦੇ ਮਾਸੂਮ ਅਥਰੂ ਮੈਨੂੰ ਪਾਣੀ ਬਣਾ ਦਿੰਦੇ ਹਨ। ਮਨ ਪਾਰੇ ਵਾਂਗੂੰ ਪਿਘਲਣ ਲੱਗ ਜਾਂਦਾ ਹੈ। ਆਪ ਮੁਹਾਰੇ ਹੀ ਮੇਰੀਆਂ ਅੱਖਾਂ ਨਮ ਹੋ ਜਾਂਦੀਆਂ ਹਨ। ਮਨ ਸੰਵੇਦਨਸ਼ੀਲ ਬਣਾਉਣ ਲਈ ਮਾਂ ਦੀ ਗੋਦ ਦਾ ਛੁੱਟ ਜਾਣਾ ਹੀ ਜ਼ਿੰਮੇਵਾਰ ਹੈ।

ਜਨਮ ਦੇਣ ਤੋਂ ਬਾਅਦ ਮਾਂ ਬਿਮਾਰ ਹੋ ਗਈ। ਤਪਦਿਕ ਨੇ ਬਹੁਤ ਕਮਜ਼ੋਰ ਕਰ ਦਿੱਤੀ। ਅੱਖਾਂ ਦੀ ਜੋਤ ਬਹੁਤ ਘੱਟ ਗਈ। ਦਰਾਣੀਆਂ, ਜਠਾਣੀਆਂ ਤਾਂ ਅੰਨੀ ਹੀ ਕਹਿਣ ਲੱਗ ਪਈਆਂ। ਦੁੱਧ ਪਿਲਾਉਣ ਤੋਂ ਬਿਲਕੁਲ ਅਸਮਰੱਥ ਹੋ ਗਈ। ਉਹਨਾਂ ਵੇਲਿਆਂ 'ਚ ਨਵ ਜਨਮੇ ਬੱਚੇ ਨੂੰ ਬੋਤਲਾਂ ਦਾ ਦੁੱਧ ਪਿਲਾਉਣ ਦਾ ਰਿਵਾਜ਼ ਪਿੰਡ ਵਿੱਚ ਪ੍ਰਚਲਿੱਤ ਨਹੀਂ ਹੋਇਆ ਸੀ। ਜਾਪੇ ਵੀ ਘਰਾਂ ਵਿੱਚ ਪੇਂਡੂ ਦਾਈਆਂ ਦੇ ਦੇਖ-ਰੇਖ ਵਿੱਚ ਹੋਇਆ ਕਰਦੇ ਸੀ 'ਗੁੜਤੀ ਦੇਣ ਦੀ ਰਸਮ ਅਦਾ ਕਰਨ ਤੋਂ ਬਾਅਦ ਨਰਮ ਕਪੜੇ ਦੀ ਲੀਰ ਦੀ ਛੋਟੀ ਜਿਹੀ ਬੱਤੀ ਬਣਾ ਕੇ ਬੱਚੇ ਦੇ ਮੂੰਹ ਵਿੱਚ ਦੇ ਦਿੱਤੀ ਜਾਂਦੀ ਤੇ ਉਸ ਉਪਰ ਤੁਪਕਾ ਤੁਪਕਾ ਬਕਰੀ ਦਾ ਦੁੱਧ ਪਾਈ ਜਾਂਦੇ ਤੇ ਬੱਚਾ ਚੁਸਕਾ ਮਾਰ ਕੇ ਅੱਗੇ ਲੰਘਾਈ ਜਾਂਦਾ। ਮੈਨੂੰ ਵੀ ਇਸ ਪ੍ਰਕਿਰਿਆ ਵਿੱਚੋਂ ਲੰਘਣਾ ਪਿਆ। ਜੇ ਮਾਂ ਦੁੱਧ ਚੁੰਘਾਉਣ ਦੇ ਕਾਬਿਲ ਨਾ ਹੁੰਦੀ ਤਦ ਆਸੇ ਪਾਸੇ ਦੇਖਿਆ ਜਾਂਦਾ ਕਿ ਔਰਤ ਦੇ ਬੱਚਾ ਹੋਇਆ ਹੈ। ਉਸ ਦਾ ਦੁੱਧ ਲੋੜਵੰਦ ਬੱਚੇ ਨੂੰ ਪਿਲਾਇਆ ਜਾਂਦਾ। ਸਾਰੀਆਂ ਔਰਤਾਂ ਹੀ ਉਪਰੇ ਬੱਚੇ ਨੂੰ ਦੁੱਧ ਚੁੰਘਾ ਦਿਆ ਕਰਦੀਆਂ ਸਨ। ਮੈਂ ਚਾਰ ਮਾਵਾਂ ਦਾ ਦੁੱਧ ਲਿਆ ਹੈ, ਘਰੋਂ ਪਿਤਾ ਜੀ ਦੀ ਲੱਗਦੀ ਚਾਚੀ ਦੇ ਵੀ ਨਿੱਕਾ ਨਿਆਣਾ ਸੀ। ਉਹ ਬੰਦਿਆਂ ਵਰਗੀ ਬੁੜੀ ਸੀ। ਕੱਦ ਕਾਠ ਵਾਲੀ ਤੇ ਚੌੜੀ ਛਾਤੀ ਵਾਲੀ ਦੇ ਦੁੱਧ ਬਹੁਤ ਆਉਂਦਾ ਸੀ। ਅਸੀਂ ਦੋਵੇਂ ਇਕੋ ਜਿਹੇ ਰੱਜ ਜਾਂਦੇ। ਇੱਕ ਪਾਸੇ ਮੈਂ ਦੁੱਧ ਲੈਂਦਾ ਦੂਜੇ ਪਾਸੇ ਉਸ ਦਾ ਆਪਣਾ ਬੇਟਾ। ਪਰ ਫਿਰ ਵੀ ਉਸ ਦੀ ਛਾਤੀ ਚੋਂ ਦੁੱਧ ਨਾ ਮੁੱਕਦਾ। ਜੇ ਉਹ ਖੇਤ ਗਈ ਹੁੰਦੀ ਤਾਂ ਘਰਾਂ ਚੋਂ ਇਕ ਹੋਰ ਔਰਤ ਦਾ ਦੁੱਧ ਲੈਂਦਾ। ਕਦੇ-ਕਦੇ ਦੋ ਹੋਰ ਔਰਤਾਂ ਦਾ ਦੁੱਧ ਵੇਲੇ ਕੁਵੇਲੇ ਪਿਆਇਆ ਜਾਂਦਾ। ਕੋਈ ਔਰਤ ਵੀ ਜਵਾਬ ਨਹੀਂ ਦਿੰਦੀ ਸੀ। ਸਗੋਂ ਉਹ ਧੰਨਵਾਦ ਕਰਦੀਆਂ ਕਿ ਛਾਤੀਆਂ ਹੌਲੀਆਂ ਹੋ ਗਈਆਂ। ਉਹ ਰੱਜਵੀਂ ਤੇ ਗਿਜ਼ਾਂ ਵਾਲੀ ਖੁਰਾਕ ਖਾਂਦੀਆਂ ਸਨ। ਕੰਮ ਸੱਭਿਆਚਾਰ ਨਾਲ ਜੁੜਿਆ ਹੋਣ ਕਰਕੇ ਭਾਰੀ ਖੁਰਾਕ ਹਜ਼ਮ ਹੁੰਦੀ ਰਹਿੰਦੀ ਤੇ ਦੁੱਧ ਲੋੜੋਂ ਵੱਧ ਆਉਂਦਾ। ਅੱਜ ਤੱਕ ਉਹਨਾਂ ਮੇਰੀਆਂ ਚਾਰ ਮਾਵਾਂ ਚੋਂ ਇਕ ਆਖਦੀ ਰਹੀ ਹੈ ਕਿ ਤੂੰ ਮੇਰਾ ਪੁੱਤ ਹੈ। ਅੱਧੀ ਤਨਖਾਹ ਮੈਨੂੰ ਦਿਆ ਕਰ। ਸਤਿਕਾਰ ਨਾਲ ਮੇਰਾ ਸਿਰ ਝੁਕ ਜਾਂਦਾ ਤੇ ਮੇਰੀਆਂ ਅੱਖਾਂ ਵਹਿ ਤੁਰਦੀਆਂ। ਉਹਨਾਂ ਮਾਵਾਂ ਦਾ, ਮੇਰੀ ਮਾਂ ਨਾਲੋਂ ਵੱਧ ਪਿਆਰ ਆਉਂਦਾ। ਜੇ ਅਜਿਹਾ ਕਾਰਨ ਬਣ ਜਾਂਦਾ ਕਿ ਕੋਈ ਔਰਤ ਵੀ ਦੁੱਧ ਪਿਆਉਣ ਵਾਲੀ ਨਾ ਮਿਲਦੀ ਤਾਂ ਬਕਰੀ ਦਾ ਥਣ ਬੱਚੇ ਨੂੰ ਫੜਾ ਦਿੱਤਾ ਜਾਂਦਾ।

ਓਪਰੇ ਦੁੱਧ ਨਾਲ ਮੇਰੀ ਭੁੱਖ ਤਾਂ ਮਿਟਦੀ ਰਹੀ ਪਰ ਮਾਨਸਿਕ ਤ੍ਰਿਪਤੀ ਲਈ ਮਾਂ ਦਾ ਸਾਥ ਨਾ ਮਿਲਿਆ। ਤਿੰਨ ਸਾਲ ਪਿੱਛੋਂ ਮਾਂ ਤਾਂ ਨੌਂ-ਬਰ-ਨੌਂ ਹੋ ਗਈ ਪਰ ਉਸ ਤੋਂ ਮੇਰੀ ਦੂਰੀ ਵਧਦੀ ਗਈ ਕਿਉਂਕਿ ਬਚਪਣ ਦੇ ਮੇਰੇ ਦੋ ਹੀ ਸਾਥੀ ਪੱਕ ਗਏ ਇੱਕ ਬਾਪੂ ਤੇ ਦੂਜਾ ਦਾਦਾ। ਭੁੱਖ ਤਾਂ ਮਿਟਦੀ ਗਈ ਪਰ ਮਾਂ ਦੀ ਗੋਦ ਦਾ ਨਿੱਘ ਨਹੀਂ ਨਸੀਬ ਹੋਇਆ। ਜਿਸਨੇ ਸਬਰ, ਸੰਤੋਖ, ਸਵਾਰਥ ਰਹਿਤ ਪਿਆਰ ਕਰਨ ਦਾ ਭਾਵ ਜਗਾਉਂਣਾ ਸੀ। ਪਿਆਰ ਤੋਂ ਬਿਨਾਂ ਜ਼ਿੰਦਗੀ ਅਧੂਰੀ ਹੈ। ਮਾਂ ਤੋਂ ਬਿਨਾਂ ਪਿਆਰ ਦੇ ਬੀਜ ਦਾ

ਅੰਕੁਰ ਫੁੱਟਣਾਂ ਅਸੰਭਵ ਹੋ ਗਿਆ। ਮਾਂ ਤੋਂ ਹੀ ਸੱਚੇ ਸੁੱਚੇ ਪਿਆਰ ਦਾ ਵਲ ਸਿੱਖਣਾ ਸੀ। ਮਨੋਵਿਗਿਆਨ ਅਨੁਸਾਰ ਜਿਸ ਨੂੰ ਬਚਪਨ ਵਿਚ ਮਾਂ ਦਾ ਪਿਆਰ ਨਹੀਂ ਮਿਲਦਾ ਬੁਢਾਪੇ ਵਿੱਚ ਜਾ ਕੇ ਉਹ ਪਾਗਲਪਨ ਦੀ ਜ਼ਿੰਦਗੀ ਬਿਤਾਉਣ ਲਈ ਮਜ਼ਬੂਰ ਹੁੰਦੇ ਹਨ। ਅੱਜ ਉਮਰ ਦੇ ਤੀਜੇ ਪਹਿਰ ਚ ਪਹੁੰਚ ਕੇ ਮਾਂ ਦੀ ਯਾਦ ਵਾਰ ਵਾਰ ਤਾਜ਼ਾ ਹੋ ਰਹੀ ਹੈ।

ਮਾਂ ਦੀ ਬੁੱਕਲ ਨਾ ਮਿਲਣ ਕਰਕੇ ਮੈਂ ਬਹੁਤ ਕਮਜ਼ੋਰ ਪਤਲਾ, ਮਾੜਚੂ ਜਿਹਾ ਹੋ ਗਿਆ ਇਸ ਲਈ ਮੇਰਾ ਖਿਆਲ ਵੱਧ ਰੱਖਿਆ ਜਾਂਦਾ। ਖੁਰਾਕ ਵੀ ਬਹੁਤ ਥੋੜ੍ਹੀ ਖਾਂਦਾ। ਪਰਿਵਾਰ ਬਹੁਤ ਵੱਡਾ ਸੀ। ਮੇਰੀ ਸੰਗਤ ਪਰਿਵਾਰ ਦੇ ਬਜ਼ੁਰਗਾਂ ਨਾਲ ਹੀ ਜ਼ਿਆਦਾ ਰਹੀ। ਔਰਤਾਂ ਦੀ ਸੰਗਤ ਮੈਨੂੰ ਚੰਗੀ ਲਗਣੋਂ ਹੱਟ ਗਈ। ਉਹਨਾਂ ਤੋਂ ਬਹੁਤ ਸੰਗ ਆਉਂਦੀ। ਉਹਨਾਂ ਦੇ ਸਾਹਮਣੇ ਨੀਵੀਂ ਪਾਈ ਰੱਖਦਾ। ਕਦੇ-ਕਦੇ ਮੇਰੀ ਭੂਆ ਮੂੰਹ ਚੁੰਮ ਲੈਂਦੀ ਤਾਂ ਮੈਂ ਰੋਣ ਲੱਗ ਜਾਂਦਾ। ਜੇ ਉਹ ਸਦਦੀ ਤਾਂ ਵੀ ਨੇੜੇ ਨਾ ਆਉਂਦਾ। ਮਾਂ ਦੀ ਗੋਦ ਤੋਂ ਵਿਰਵਾ ਰਹਿਣ ਕਰਕੇ ਹੀ ਮੈਨੂੰ ਇਕੱਲਾਪਨ ਚੰਗਾ ਲੱਗਣ ਲੱਗ ਪਿਆ। ਇਕਲਾਪਾ ਮੈਨੂੰ ਖੁਸ਼ੀ ਦਿੰਦਾ ਹੈ। ਇਕੱਲਾ ਰਹਿਣਾ ਮੈਨੂੰ ਕਦੇ ਬੋਰ ਨਹੀਂ ਕਰਦਾ। ਬਚਪਨ ਵਿੱਚ ਮੇਰੀਆਂ ਆਦਤਾਂ ਹਾਣੀ ਮੁੰਡਿਆਂ ਨਾਲੋਂ ਬਿਲਕੁਲ ਵੱਖਰੀਆਂ ਹੁੰਦੀਆਂ ਸਨ। ਸੱਥ ਵਿੱਚ ਬੈਠੇ ਬਾਬੇ ਮੈਨੂੰ ਬੜੇ ਚੰਗੇ ਲੱਗਦੇ। ਘੰਟਿਆਂਬੱਧੀ ਉਹਨਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਜੇ ਕਿਸੇ ਚੀਜ਼ ਦੀ ਲੋੜ ਹੁੰਦੀ ਤਾਂ ਪਿਤਾ ਜਾਂ ਦਾਦੇ ਤੋਂ ਮੰਗਦਾ। ਡੇਰੇ ਵਿਚ ਯੋਗੀਰਾਜ ਨਾਂ ਦਾ ਸਾਧੂ ਕਥਾ ਕਰਦਾ ਤੇ ਬਾਬਾ ਹਰ ਰੋਜ਼ ਸੁਣਨ ਜਾਂਦਾ। ਮੈਂ ਵੀ ਉਸ ਨਾਲ ਚਲਾ ਜਾਂਦਾ ਤੇ ਚੁੱਪ ਕਰਕੇ ਬੈਠ ਜਾਂਦਾ। ਬਾਬੇ ਨੇ ਵੱਡੀ ਸਾਰੀ ਉਮਰ ਵਿੱਚ ਪੜਨੇ ਪਾਇਆ।

ਸੁਰਤ ਸੰਭਾਲਣ ਤੋਂ ਹੀ ਪਿਤਾ ਜੀ ਨਾਲ ਜਾਂ ਦਾਦੇ ਨਾਲ ਸੌਂਦਾ ਸੀ। ਜੇ ਸੁੱਤੇ ਹੋਏ ਨੂੰ ਮਾਂ ਚੁੱਕ ਕੇ ਆਪਣੇ ਨਾਲ ਪਾ ਲੈਂਦੀ ਤਦ ਵੀ ਜਾਗ ਆਉਂਦੀ ਤਾਂ ਉੱਠ ਕੇ ਪਿਤਾ ਜੀ ਨਾਲ ਜਾ ਸੌਂਦਾ। ਪਿਤਾ ਜੀ ਨੇ ਸਾਰੀ ਉਮਰ ਊਠ ਦਾ ਹਲ ਵਾਹਿਆ। ਮੈਂ ਸਾਜਰੇ ਜਾਗ ਪੈਂਦਾ ਤੇ ਉਹਨਾਂ ਨਾਲ ਊਠ ਤੇ ਬੈਠ ਕੇ ਖੇਤ ਚਲਾ ਜਾਂਦਾ। ਉਹ ਹਲ ਜੋੜ ਲੈਂਦੇ ਤੇ ਮੈਂ ਦਰੱਖਤ ਦੀ ਛਾਂ ਹੇਠ ਧਰਤੀ ਤੇ ਇੱਲਾਂ ਪਾਉਂਦਾ ਰਹਿੰਦਾ, ਮਨ ਮਰਜ਼ੀ ਦੀਆਂ ਖੇਡਾਂ ਖੇਡਦਾ ਰਹਿੰਦਾ। ਟਿੱਬਿਆਂ ਤੋਂ ਟਿਟਦਾਂ ਨੂੰ ਫੜ ਲੈਂਦਾ, ਢਲਾਣ ਵਿਚ ਛੱਡ ਦੇਣਾ। ਉਹਨਾਂ ਉਪਰ ਚੜ੍ਹਨਾ ਤੇ ਡਿੱਗ ਪੈਂਦਾ। ਇਸ ਤਰ੍ਹਾਂ ਕਰਨਾ ਬੜਾ ਚੰਗਾ ਲੱਗਦਾ। ਅੱਕ ਦੀਆਂ ਕੁਕੜੀਆਂ ਤੋੜ ਕੇ ਸੂਲਾਂ ਗੱਡ ਕੇ ਬਲਦਾਂ ਦੀਆਂ ਜੋੜੀਆਂ ਬਣਾਉਣੀਆਂ। ਝੂਠੀ ਮੂਠੀ ਖੇਤ ਬਣਾਉਣੇ। ਅਗਲੇ ਦਿਨ ਜਾ ਕੇ ਵੇਖਣਾ। ਵੱਡਿਆਂ ਨੂੰ ਮੈਂ ਕਦੇ ਵੀ ਤੰਗ ਨਹੀਂ ਸੀ ਕੀਤਾ। ਕਦੇ ਕੋਈ ਚੀਜ਼ ਲੈਣ ਦੀ ਜ਼ਿੱਦ ਨਹੀਂ ਕੀਤੀ ਸੀ। ਜਿਸ ਕਰਕੇ ਉਹ ਮੈਨੂੰ ਆਪਣੇ ਨਾਲ ਰੱਖ ਲੈਂਦੇ ਸਨ। ਪਿਤਾ ਜੀ ਨੂੰ ਖੇਤ ਕਦੇ ਕਿਸੇ ਗੱਲੋਂ ਔਖਾ ਨਹੀਂ ਕੀਤਾ ਸੀ। ਜਦੋਂ ਉਹ ਪਾਣੀ ਪੀਂਦੇ, ਪਾਣੀ ਪੀ ਲੈਂਦਾ। ਜਦ ਉਹ ਰੁੱਖੀ ਮਿੱਸੀ ਖਾਂਦੇ ਉਹ ਖਾਕੇ ਢਿੱਡ ਭਰ ਲੈਂਦਾ ਕਿਉਂਕਿ ਮਾਂ ਦੀ ਗੈਰ ਹਾਜਰੀ ਨੇ ਢਿੱਡ ਭਰਨਾ ਸਿਖਾ ਦਿੱਤਾ। ਉਪਰੀਆਂ ਮਾਵਾਂ ਦਾ ਦੁੱਧ ਸਿਰਫ ਪੇਟ ਦੀ ਭੁੱਖ ਮਿਟਾਉਣ ਲਈ ਹੀ ਹੁੰਦਾ। ਸ਼ਖਸ਼ੀਅਤ ਦੀ ਉਸਾਰੀ ਤੇ ਭਵਿੱਖ ਦੀ ਤਿਆਰੀ ਸਿਰਫ ਮਾਂ ਦੀ ਗੋਦ ਵਿੱਚ ਬੈਠ ਕੇ ਹੀ ਕੀਤੀ ਜਾ ਸਕਦੀ ਹੈ। ਅਗੰਮੀ ਆਨੰਦ ਤੇ ਅਲੌਕਿਕ ਖੁਸ਼ੀ ਦਾ ਪ੍ਰਗਟਾਵਾ ਸਿਰਫ ਮਾਂ ਦੀ ਸੰਗਤ ਵਿੱਚ ਹੀ ਕੀਤਾ ਜਾ ਸਕਦਾ। ਬਚਪਨ ਦੀਆਂ ਅੜੀਆਂ, ਆਕੜ ਮਾਂ ਹੀ ਪੁਗਾ ਸਕਦੀ ਹੈ। ਬਚਪਨ ਦਾ ਬੇਫਿਕਰਾ ਹੋਣਾ ਵੀ ਮਾਂ ਦੀ ਹੋਂਦ ਤੇ ਨਿਰਭਰ ਕਰਦਾ ਹੈ। ਮੈਂ ਇਹਨਾਂ ਸਭਨਾਂ ਤੋਂ ਵਾਂਝਾ ਰਿਹਾ।

ਮਾਂ ਕਿਤੇ ਜਨਮਦਾਤੀ, ਕਿਤੇ ਪਾਲਕ ਤੇ ਕਿਤੇ ਤਿਲ ਤਿਲ ਕਰਕੇ ਮਰਦੀ, ਹੰਭਦੀ, ਹਫਦੀ ਤੇ ਕਿਤੇ ਜੂਨ ਹਢਾਉਂਦੀ ਹੈ। ਬਚਪਨ ਵਿੱਚ ਬੱਚੇ ਦੀ ਦੁਨੀਆਂ ਮਾਂ ਨਾਲ ਹੀ ਵਸਦੀ ਹੈ। ਸਾਡੇ ਜੀਵਨ ਦੀਆਂ ਪ੍ਰਾਪਤੀਆਂ, ਖੁਸ਼ੀਆਂ, ਸੌਂਦਰਯ, ਬੁਲੰਦੀਆਂ, ਸੰਤੁਸ਼ਟੀ, ਤ੍ਰਿਪਤੀ ਚੜ੍ਹਦੀਕਲਾ ਵਿੱਚ ਅਕਸਰ ਹੀ ਸਾਡੀ

ਜਨਮਦਾਤੀ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਦੁਨੀਆਂ ਦੇ ਵੱਖ-ਵੱਖ ਖਿੱਤਿਆਂ ਵਿੱਚ ਵਿਚਰੇ, ਵੱਖ-ਵੱਖ ਵਿਚਾਰਕਾਂ, ਬੁੱਧੀਜੀਵੀਆਂ, ਵਿਦਵਾਨਾਂ ਨੇ ਆਪਣੀਆਂ ਆਤਮ ਕਥਾਵਾਂ ਵਿੱਚ ਇਸ ਦਾ ਬੇਬਾਕ ਪ੍ਰਗਟਾਵਾ ਕੀਤਾ ਹੈ।

ਮੈਕਸਿਕ ਮੋਰਕੀ 'ਮਾਂ' ਵਿੱਚ ਇਸ ਦਾ ਭਰਪੂਰ ਖੁਲਾਸਾ ਕਰਦੇ ਹਨ। ਵੱਡੇ ਵੱਡੇ ਯੋਧੇ, ਸੂਰਬੀਰ, ਸ਼ਾਇਰ, ਵਿਦਵਾਨ ਸੁਕਰਮੀ ਜਿਉੜੇ ਮਾਂ ਦੇ ਗਰਭ ਵਿੱਚੋਂ ਹੀ ਅਜਿਹੇ ਜੀਨ ਲੈ ਕੇ ਆਏ ਜਿੰਨ੍ਹਾਂ ਨੇ ਉਹਨਾਂ ਦੇ ਤੇ ਹੋਰਨਾਂ ਦੇ ਜੀਵਨ ਨੂੰ ਰੁਸ਼ਨਾਉਣ, ਚਮਕਾਉਣ, ਲਿਸ਼ਕਾਉਣ ਤੇ ਫਲਾਉਣ ਵਿਚ ਸਦਾ ਅਹਿਮ ਭੂਮਿਕਾ ਨਿਭਾਈ। ਅੱਜ ਜਦੋਂ ਅੰਮੜੀ ਦਾ ਵਿਹੜਾ ਕਹਾਣੀ ਬਣ ਗਿਆ ਹੈ ਤਾਂ ਉਸ ਹੌਂਸਲੇ ਵਾਲੀ ਮਾਂ ਦੇ ਦੱਸੇ ਟੋਟਕੇ ਹੋਰ ਯਾਦ ਆਉਣ ਲੱਗ ਪਏ ਹਨ। ਅਣਪੜ੍ਹ ਮਾਂ ਜੀਵਨ ਦੀਆਂ ਸਚਾਈਆਂ ਤੋਂ ਭਲੀਭਾਂਤ ਜਾਣੂ ਸੀ। ਮਨੁੱਖ ਦੀ ਸਮੁੱਚੀ ਯਾਤਰਾ ਦਾ ਵਰਣਨ ਇਸ ਤਰ੍ਹਾਂ ਕਰਦੀ:-

ਦੂਏ ਬਿੰਦੀ ਵੀਹ, ਕੰਧ ਕੌਲਾ ਕੀ।
ਤੀਏ ਬਿੰਦੀ ਤੀਹ, ਗੱਡਾ ਪੈ ਗਿਆ ਲੀਹ।
ਚੋਕੇ ਬਿੰਦੀ ਚਾਲੀ, ਗਲ ਪਈ ਪੰਜਾਲੀ।
ਪਾਂਜੇ ਬਿੰਦੀ ਪੰਜਾਹ,
ਬੁੜਿਆਂ ਖਾਧੇ ਪੀਤੇ ਲਾਹ।
ਛਿੱਕੇ ਬਿੰਦੀ ਸੱਠ, ਬੁੜਾ ਇਉਂ ਫਿਰਦਾ
ਜਿਵੇਂ ਕੋਹਲੂ ਚ ਫਿਰਦੀ ਲੱਠ।
ਸਾਤੇ ਬਿੰਦੀ ਸੱਤਰ, ਬੁੜਾ ਗਲ ਕਰੇ ਬਹੱਤਰ।
ਆਠੇ ਬਿੰਦੀ ਅੱਸੀ, ਬੁੜਾ ਹੋ ਗਿਆ ਖੱਸੀ (ਕਮਜੋ)।
ਨਾਏ ਬਿੰਦੀ ਨੱਬੇ, ਗੱਲ ਕੋਈ ਨਾ ਫੱਬੇ।
ਏਕੇ ਨੂੰ ਦੋ ਬਿੰਦੀਆਂ ਦਾ ਸੌ ਬਾਬਾ,
ਤੇ ਹੁਣ ਸਾਡੇ ਮਗਰੋਂ ਲਹੁ ਬਾਬਾ।

ਸਾਊ ਸੁਭਾਓ, ਨਿਮਰਤਾ ਦੀ ਪੁੰਜ, ਸਲੀਕੇ ਦੀ ਮਾਲਕ, ਪਰਿਵਾਰ ਨੂੰ ਸਮਰਪਤ ਮਾਂ ਨੇ ਕਬੀਲਦਾਰੀ ਦੀਆਂ ਤੰਗੀਆਂ ਤੁਰਸ਼ੀਆਂ, ਦੁੱਖਾਂ ਕਸ਼ਟਾਂ ਨੂੰ ਸਿਰ ਮੱਥੇ ਕਰਦਿਆਂ ਕਦੇ ਵੀ ਹੌਂਸਲਦਾ ਨਹੀਂ ਹਾਰਿਆ ਸੀ ਘੋਰ ਸੰਕਟ ਵਿਚ ਕਿਹਾ ਕਰਦੀ ਹੈ, ਭਾਵੀ, ਵੱਡਿਆਂ ਵੱਡਿਆਂ ਤੇ ਵਰਤ ਗਈ। ਆਪਾਂ ਕੀਹਦੇ ਪਾਣੀ ਹਾਰ ਹਾਂ। ਉਹ ਹਮੇਸ਼ਾ ਆਸ਼ਾਵਾਦੀ ਰਹੀ। ਆਂਡ-ਗੁਆਂਢ ਵਿਚ ਜ਼ਰੂਰ ਹਾਜ਼ਰ ਹੁੰਦੀ। ਪਰਿਵਾਰਿਕ ਜ਼ਿੰਮੇਵਾਰੀਆਂ ਦਾ ਪੂਰਾ ਗਿਆਨ ਰਖਣ ਵਾਲੀ ਦਾ ਆਸੇ ਪਾਸੇ ਦੀਆਂ ਔਰਤਾਂ ਪੂਰਾ ਸਤਿਕਾਰ ਕਰਦੀਆਂ ਸਨ। ਸਿਆਣੇ ਆਖਦੇ ਹਨ ਕਿ ਮਨੁੱਖ ਦੇ ਸਿਰ ਤਿੰਨ ਕਰਜੇ ਹੁੰਦੇ ਹਨ-ਗੁਰੂ, ਪਿਤਰਾਂ, ਤੇ ਮਾਂ ਦਾ। ਮਾਂ ਦੇ ਕਰਜੇ ਤੋਂ ਬਿਨਾਂ ਬਾਕੀ ਸਭ ਕਰਜੇ ਮੋੜੇ ਜਾ ਸਕਦੇ ਹਨ। ਪਰ ਮੈਂ ਤਾਂ ਪੰਜ ਮਾਵਾਂ ਦਾ ਕਰਜਾਈ ਹਾਂ। ਇਹਨਾਂ ਮਾਵਾਂ ਦੀ ਛਾਤੀ ਦੀ ਛੂਹ ਨੇ ਜੋ ਕੁਝ ਮੈਨੂੰ ਦਿਤਾ ਉਸਦਾ ਕਰਜਾ ਕਈ ਜਨਮਾਂ ਤੱਕ ਵੀ ਉਤਾਰ ਨਹੀਂ ਸਕਾਂਗਾ। ਉਹਨਾਂ ਵਿੱਚੋਂ ਅੱਜ ਇੱਕ ਵੀ ਮਾਂ ਨਹੀਂ ਰਹੀ। ਫਿਰ ਵੀ ਉਹਨਾਂ ਦੀ ਯਾਦ ਆਉਣ ਤੇ ਮਸਤਕ ਸਤਿਕਾਰ ਨਾਲ ਝੁਕ ਜਾਂਦਾ ਹੈ। ਯਾਦ ਆਉਂਦਾ ਹੈ:- ਮਾਵਾਂ ਠੰਡੀਆਂ ਛਾਵਾਂ, ਛਾਵਾਂ ਕੌਣ ਕਰੇ। ਮਾਵਾਂ ਦੀ ਛਾਂ ਬਿਨਾਂ ਬਚਪਨ ਵਿਅਰਥ ਜਾਂਦਾ ਹੈ।

# ਮਾਂ ਦਾ ਪਰਛਾਵਾਂ ਬੁਢਾਪੇ ਦਾ ਸਿਰਨਾਵਾਂ

ਜ਼ਿੰਦਗੀ 'ਚੋਂ ਪਿਆਰ ਮਨਫੀ ਕਰਕੇ ਬਾਕੀ ਕੁਝ ਨਹੀਂ ਬਚਦਾ। ਜ਼ਿੰਦਗੀ ਖੁਸ਼ਕ ਹੋ ਜਾਂਦੀ ਹੈ। ਚਿਹਰੇ 'ਤੇ ਝੁਰੜੀਆਂ ਪੈ ਜਾਂਦੀਆਂ ਹਨ। ਖੁਸ਼ੀ ਖਤਮ ਹੋ ਜਾਂਦੀ ਹੈ। ਮੁੱਕਦੀ ਗੱਲ ਇਹ ਨਿਪੁੰਸਕ ਹੋ ਕੇ ਰਹਿ ਜਾਂਦੀ ਹੈ। ਪਿਆਰ ਵਿਚੋਂ ਜ਼ਿੰਦਗੀ ਨੂੰ ਸਹੀ ਢੰਗ ਨਾਲ ਬਤੀਤ ਕਰਨ ਲਈ ਊਰਜਾ ਮਿਲਦੀ ਹੈ। ਮਾਂ ਦਾ ਪੁੱਤ ਨਾਲ ਹਕੀਕੀ ਪਿਆਰ ਹੀ ਇਸ ਸਬੂਤ ਦਿੰਦਾ ਹੈ। ਧੀ ਨਾਲ ਭਾਵੇਂ ਵਿਤਕਰਾ ਕਰ ਜਾਵੇ ਪਰ ਪੁੱਤ ਲਈ ਹਰ ਜ਼ੋਖਮ ਉਠਾਉਣ ਤੋਂ ਪਿੱਛੇ ਨਹੀਂ ਹਟਦੀ। ਮਾਂ ਦੀ ਗੋਦ ਵਿਚ ਪ੍ਰੇਮ, ਪਿਆਰ, ਮੋਹ, ਮੁਹੱਬਤ ਤੇ ਲਾਡਾਂ ਦੀ ਵਰਖਾ ਹੁੰਦੀ ਰਹਿੰਦੀ ਹੈ। ਸਵਾਂਤੀ ਬੂੰਦਾਂ, ਬੱਚਿਆਂ ਲਈ ਅੰਮ੍ਰਿਤ ਹੋ ਨਿਬੜਦੀਆਂ ਹਨ ਜਿਨ੍ਹਾਂ ਦਾ ਕਰਜ਼ਾ ਕਿਸੇ ਰੂਪ ਵਿਚ ਵੀ ਚੁਕਾਇਆ ਨਹੀਂ ਜਾ ਸਕਦਾ।

ਕਿਸੇ ਔਰਤ ਦੀ ਦੁੱਧ ਨਾਲ ਭਰੀ ਭਕੁੰਨੀ ਛਾਤੀ ਦੇਖਦਾ ਹਾਂ। ਹਿੱਕ ਨਾਲ ਲੱਗੀ ਮਾਸੂਮ ਜ਼ਿੰਦੜੀ ਨਜ਼ਰ ਪੈਂਦੀ ਹੈ ਤਾਂ ਅੰਦਰੋਂ ਆਪ ਮੁਹਾਰੇ ਇਕ ਵੇਦਨਾ, ਇਕ ਪੀੜ, ਇਕ ਦਰਦ ਬੜੀ ਤੀਬਰਤਾ ਨਾਲ ਉਛਾਲਾ ਮਾਰਦਾ ਹੈ ਜੋ ਉਮਰ ਦੇ ਤੀਜੇ ਪੜਾਅ ਵਿਚ ਮਾਂ ਦੀ ਯਾਦ ਨੂੰ ਤਾਜ਼ਾ ਹੀ ਨਹੀਂ ਕਰਦਾ ਸਗੋਂ ਦੀਦਿਆਂ ਨੂੰ ਅਥਰੂ ਵਹਾਉਣ ਲਈ ਵੀ ਬੇਵਸ ਕਰ ਦਿੰਦਾ ਹੈ। ਨਿੰਮੋਝੂਣਾ ਹੋਇਆ ਸੋਚਦਾ ਹਾਂ ਉਹ ਮਾਂ ਵੀ ਤਾਂ ਇਨ੍ਹਾਂ ਮਾਵਾਂ ਵਰਗੀ ਹੋਵੇਗੀ। ਉਹਨੂੰ ਪੁੱਤ ਜ਼ਰੂਰ ਪਿਆਰਾ ਹੋਵੇਗਾ। ਇਨ੍ਹਾਂ ਵਾਂਗ ਆਪਣੇ ਪੁੱਤਰ ਨੂੰ ਦੁੱਧ ਪਿਆਉਣਾ ਲੋਚਦੀ ਹੋਵੇਗੀ। ਗੋਦੀ 'ਚ ਲੈਣ ਲਈ ਬੇਚੈਨ ਹੋਵੇਗੀ। ਲਾਡ ਲਡਾਅ ਕੇ ਆਪਣੇ ਜ਼ਜ਼ਬਾਤਾਂ ਨੂੰ ਸੰਤੁਸ਼ਟ ਕਰਨ ਲਈ ਬਿਹਬਲ ਹੋਵੇਗੀ। ਉਸ ਦੀਆਂ ਸਧਰਾਂ ਅਧੂਰੀਆਂ ਰਹਿ ਗਈਆਂ ਹੋਣਗੀਆਂ ਕਿਉਂਕਿ ਉਸ ਦੇ ਅਰਮਾਨ ਸੁੰਨ ਹੋ ਗਏ ਸਨ। ਗੂੰਗੇ ਜ਼ਜਬਾਤਾਂ ਦੀ ਅਵਾਜ਼ ਕੌਣ ਸੁਣੇ। ਉਹ ਮਜ਼ਬੂਰ ਸੀ। ਬੇਵਸ ਸੀ। ਲਾਚਾਰ ਸੀ। ਉਹ ਬਿਮਾਰ ਸੀ। ਅੱਖਾਂ ਦੀ ਜੋਤ ਮੱਧਮ ਹੋ ਗਈ। ਧੁੱਪ ਛਾਂ ਤੋਂ ਬਿਨਾਂ ਕੁਝ ਨਹੀਂ ਸੀ ਦੇਖ ਸਕਦੀ। ਤਪਦਿਕ ਨੇ ਮੈਨੂੰ ਉਸ ਤੋਂ ਜੁਦਾ ਕਰ ਦਿੱਤਾ। ਸਮਾਂ ਪਾ ਕੇ ਨਜ਼ਰ ਸੁਧਰ ਗਈ। ਤਪਦਿਕ ਵੀ ਦਸਤਕ ਦੇ ਕੇ ਵਾਪਸ ਪਰਤ ਗਿਆ। ਪਰ ਗੋਦ ਦੀ ਦੂਰੀ ਨੇ ਸਾਰੀ ਉਮਰ ਦਾ ਪਛਤਾਵਾ ਲਾ ਦਿੱਤਾ। ਮਾਂ ਦੀ ਗੋਦ ਤੋਂ ਸੱਖਣਾ ਬਚਪਨ ਟਿੱਬਿਆਂ ਦੀ ਰੇਤ 'ਚ ਲਿਟ ਲਿਟ ਕੇ ਅੱਕਾਂ ਦੀਆਂ ਕੁੱਕੜੀਆਂ ਨਾਲ ਖੇਡ ਖੇਡ ਕੇ, ਚੀਚ ਵਹੁਟੀਆਂ, ਟਿਟਣਾ, ਅੱਕ ਦੇ ਟਿੱਡਿਆਂ ਨਾਲ ਦੋਸਤੀਆਂ ਕਰ-ਕਰ ਭਵਿੱਖ ਨੂੰ ਸੈਨਤਾਂ ਮਾਰਦਾ ਰਿਹਾ। ਪਿਆਰ ਦੇ ਬੀਜਾਂ ਦੀ ਢੰਗੂਰਾ ਮਾਰਨ ਤੇ ਫੁੱਟਣ ਦੀ ਢੁਕਵੀਂ ਜਗ੍ਹਾ ਮਾਂ ਦੀ ਗੋਦ ਹੁੰਦੀ ਹੈ। ਇਸ ਥਾਂ ਤੋਂ ਖੁੰਜਿਆ ਬਚਪਨ ਪਿਆਰ ਦੀ ਭਾਲ ਵਿਚ ਸਾਰੀ ਉਮਰ ਲਟਕਦਾ ਹੀ ਤੁਰਿਆ ਫਿਰਦਾ ਹੈ।

ਮੈਂ ਮਾਸੂਮ ਸੀ। ਭੋਲਾ ਸੀ, ਲੋਲ਼ਾ ਸੀ, ਊਂਧਾ ਸੀ। ਬਸ ਮਾਂ ਦੀ ਛਾਤੀ ਦੀ ਸੰਗਤ ਚਹੁੰਦਾ ਸੀ। ਮੇਰੀ ਹੂਕ ਨੂੰ ਕੌਣ ਸੁਣਦਾ? ਸਿਰਫ ਮਾਂ ਹੀ ਬੱਚੇ ਦੀ ਅਣਬੋਲੀ ਭਾਸ਼ਾ ਨੂੰ ਸਮਝ ਸਕਦੀ ਹੈ। ਗੂੰਗੇ ਦੀਆਂ ਸੈਨਤਾਂ ਨੂੰ ਮਾਂ ਤੋਂ ਬਿਨਾਂ ਕੋਈ ਨਹੀਂ ਪਛਾਣ ਸਕਦਾ। ਰਹਿਮਤਾਂ, ਬਖਸ਼ਿਸ਼ਾਂ ਦੀ ਦਾਤੀ ਦੀ ਬੁੱਕਲ ਵਿਚ ਬੈਠਣ ਤੋਂ ਵਰਜ ਦਿੱਤਾ ਗਿਆ। ਮੇਰੀ ਕਿਸਮਤ ਵਿਚ ਮਾਂ ਦੇ ਦਿਲ ਦੀ ਧੜਕਣ ਸੁਣਨ ਜਾਂ ਇਕਮਿਕ ਹੋਣਾ ਨਹੀਂ ਲਿਖਿਆ ਸੀ। ਬਿਗਾਨੀ ਮਾਂ ਦੀ ਛਾਤੀ ਨਾਲ ਨਹੀਂ ਲਾਉਣਾ ਪਰ ਦੁੱਧ ਉਸ ਦਾ ਜ਼ਰੂਰ ਚੁੰਘਦਾ ਸੀ। ਦੁੱਧ ਉਸ ਦਾ ਜ਼ਰੂਰ ਲੈਣਾ ਸੀ। ਪਰ ਮਾਂ ਉਸ ਨੂੰ ਨਹੀਂ ਕਹਿਣਾ ਸੀ। ਇਨ੍ਹਾਂ ਮਜ਼ਬੂਰੀਆਂ, ਲਾਚਾਰੀਆਂ, ਪ੍ਰੇਸ਼ਾਨੀਆਂ ਦੀ ਭਿਣਕ ਮਾਸੂਮ ਨੂੰ ਜ਼ਰੂਰ ਪਈ ਹੋਵੇਗੀ। ਪਰ ਬੋਲਾਂ ਰਾਹੀਂ ਪ੍ਰਗਟ ਕਰਨ ਤੋਂ ਅਸਮਰੱਥ ਸੀ। ਪਰ ਪਿਤਾ ਦੇ ਬਾਬੇ ਦੀ ਜਬਾਨੀ। ਮਿਲਦੀ ਰਹੀ ਸਭ ਕਾਸੇ ਦੀ ਨਿਸ਼ਾਨੀ।

ਦੋ ਮਾਵਾਂ ਦੂਰ ਰਹਿੰਦੀਆਂ ਸਨ। ਦੋ ਮਾਵਾਂ ਇਕ ਘਰ ਦੇ ਖੱਬੇ ਪਾਸੇ ਤੇ ਦੂਜੀ ਸਾਹਮਣੇ ਰਹਿੰਦੀ।

ਇਨ੍ਹਾਂ ਵਿਚੋਂ ਇਕ ਮੇਰੀ ਮਾਂ ਦੀ ਹਾਨਣ ਤੇ ਦੂਜੀ ਦਾਦੀ ਦੀ ਹਾਨਣ ਸੀ। ਉਨ੍ਹਾਂ ਦੇ ਜਾਪੇ ਥੋੜ੍ਹੇ ਬਹੁਤੇਫਰਕ ਨਾਲ ਮਾਂ ਦੇ ਨਾਲ ਹੀ ਹੋਏ ਸਨ। ਉਹ ਮਾਂ ਇਕ ਪਾਸੇ ਮੈਨੂੰ ਜਦੋਂ ਲਾਉਂਦੀ ਤਾਂ ਉਸ ਦਾ ਬੇਟਾ ਆਪਣਾ ਬੇਟਾ ਵੀ ਗੋਦ ਵੱਲ ਤਾਂਘਦਾ। ਦੂਜੇ ਪਾਸੇ ਉਸ ਨੂੰ ਦੁੱਧ ਚੁੰਘਣ ਲਾ ਲੈਂਦੀ, ਦੁੱਧ ਲੈਂਦਾ ਹੋਇਆ ਉਹ ਮੇਰੇ ਲੱਤ ਮਾਰਦਾ। ਹੱਥ ਵੀ ਛਾਤੀ ਤੇ ਮੇਰੇ ਵਾਲੇ ਪਾਸੇ ਰੱਖ ਲੈਣਾ ਚਾਹੁੰਦਾ। ਮੈਨੂੰ ਹਟਾਉਣ ਦੀ ਕੋਸ਼ਿਸ਼ ਕਰਦਾ ਜਿਵੇਂ ਕਹਿ ਰਿਹਾ ਹੋਵੇ ਕਿ ਤੂੰ ਮੇਰਾ ਹੱਕ ਮਾਰ ਰਿਹਾ ਹੈ। ਇਥੇ ਤੇਰਾ ਕੋਈ ਅਧਿਕਾਰ ਨਹੀਂ। ਇਹ ਮੇਰੀ ਮਾਂ ਹੈ। ਤੇਰੀ ਮਾਂ ਨਹੀਂ ਹੈ। ਤੂੰ ਮੇਰਾ ਪਿਆਰ ਵੰਡਾਉਣ ਆਇਆ ਹੈ। ਆਪਣੇ ਘਰ ਜਾਹ। ਪਰ ਮੈਨੂੰ ਤਾਂ ਮਾਂ ਨਾਲ ਕੋਈ ਸਰੋਕਾਰ ਨਹੀਂ ਸੀ। ਮੇਰੀ ਤਾਂ ਸਿਰਫ਼ ਭੁੱਖ ਮਿਟਾਉਣ ਤੱਕ ਹੀ ਗਰਜ਼ ਸੀ। ਉਹ ਵੀ ਕੀ ਕਰੇ ਵਿਚਾਰਾ? ਮੈਂ ਤਾਂ ਹਾਬੜਿਆਂ ਵਾਂਗੂੰ ਦੁੱਧ ਵੱਲ ਪੈਂਦਾ ਸੀ ਕਿਉਂਕਿ ਭੁੱਖ ਤਾਂ ਮਿਟਦੀ ਸੀ ਪਰ ਸੰਤੁਸ਼ਟੀ ਨਹੀਂ ਹੁੰਦੀ ਸੀ। ਦਾਦੀ ਵਰਗੀ ਕੱਦਾਵਰ ਮਾਂ ਦੀਆਂ ਗਜ਼ ਗਜ਼ ਚੌੜੀਆਂ ਦੁੱਧ ਨਾਲ ਭਰੀਆਂ ਛਾਤੀਆਂ ਮਿੰਟਾਂ 'ਚ ਖਾਲੀ ਕਰ ਦਿੰਦੇ। ਮੇਰੀ ਰੀਸ ਨਾਲ ਉਸ ਦਾ ਬੇਟਾ ਵੀ ਜ਼ਿਆਦਾ ਰੱਜ ਜਾਂਦਾ। ਥੋੜ੍ਹੇ ਚਿਰ ਪਿੱਛੋਂ ਪਿਤਾ ਨੂੰ ਆਖਦੀ "ਭਾਗ ਸਿਆਂ ਹੁਣ ਇਹ ਰੱਜ ਗਿਆ ਹੈ। ਦੁੱਧ ਤਾਂ ਅਜੇ ਹੋਰ ਵੀ ਹੈਗਾ। ਪਰ ਹੁਣ ਇਸ ਨੇ ਚੁੰਘਣਾ ਨਹੀਂ। ਭਾਵੇਂ ਮੈਂ ਮਾਸੂਮ ਸੀ। ਪਰ ਚਾਹੁੰਦਾ ਸੀ ਕਿ ਮਾਂ ਦੇ ਪੋਲੇ ਪੋਲੇ ਪੋਟੇ ਮੇਰੇ ਸਿਰ ਵਿਚ ਫਿਰਨ। ਮਾਂ ਨੂੰ ਇਸ ਤਰ੍ਹਾਂ ਲਾਡ ਕਰਨ ਵਿਚ ਸਕੂਨ ਜ਼ਰੂਰ ਆਉਂਦਾ ਹੋਵੇਗਾ। ਪਰ ਆਪਣੇ ਪੁੱਤਰ ਨੂੰ ਬਿਮਾਰੀ ਲੱਗਣ ਦਾ ਭੈ ਵੀ ਖਾਂਦਾ ਹੋਵੇਗਾ।

ਉਹ ਮਾਵਾਂ ਵੀ ਪੂਜਣਯੋਗ ਸਨ ਜਿਹੜੀਆਂ ਸਰਦੀਆਂ 'ਚ ਅੱਧੀ ਅੱਧੀ ਰਾਤੀਂ ਉਠ ਕੇ ਦੂਜੀ ਔਰਤ ਦੀ ਕੁੱਖ ਨੂੰ ਜਿਉਂਦਾ ਰੱਖਣ ਲਈ ਦੁੱਧ ਦੇਣਾ ਆਪਣਾ ਧਰਮ ਸਮਝਦੀਆਂ ਸਨ। ਪਰਾਏ ਬੱਚੇ ਵੀ ਆਪਣਿਆਂ ਸਮਾਨ ਲਗਦੇ। ਬਿਗਾਨੇ ਬੱਚੇ ਦੇ ਟੱਟੀ ਪਿਸ਼ਾਬ ਕਰਨ 'ਤੇ ਵੀ ਉਨ੍ਹਾਂ ਕਦੇ ਨੱਕ ਨਹੀਂ ਵੱਟਿਆ ਸੀ। ਚਾਈਂ ਚਾਈਂ ਉਸ ਦੀ ਸਫਾਈ ਕਰਦੀਆਂ ਖੁਸ਼ ਰਹਿੰਦੀਆਂ। ਕੰਮ ਧੰਦੇ ਵੇਲੇ ਅਗਾਊਂ ਸੂਚਨਾ ਦੇਣੀ। "ਭਾਗ ਸਿਆਂ ਕੱਲ੍ਹ ਨੂੰ ਸਾਜਰੇ ਆ ਜਾਵੀਂ। ਮੈਂ ਕਪਾਹ ਚੁਗਣ ਜਾਣਾ ਹੈ। ਖੇਤ ਰੋਟੀ ਲੈ ਕੇ ਜਾਣਾ ਹੈ ਜਾਂ ਰਿਸ਼ਤੇਦਾਰੀ 'ਚ ਜਾਣਾ ਪੈਣਾ ਹੈ।" ਨੇੜਲੀਆਂ ਮਾਵਾਂ ਦੀ ਘੱਟ ਦੂਰ ਰਹਿਣ ਵਾਲੀਆਂ ਮਾਵਾਂ ਤੋਂ ਪੂਰੀ ਕੀਤੀ ਜਾਂਦੀ। ਪਰ ਉਨ੍ਹਾਂ ਕੋਲੋਂ ਸਿਰਫ ਦਿਨ ਦੀ ਭੁੱਖ ਮਿਟਾਈ ਜਾਂਦੀ।

ਅੱਜ ਦੀਆਂ ਮਾਵਾਂ ਨੂੰ ਵੇਖ ਕੇ ਉਨ੍ਹਾਂ ਮਾਵਾਂ ਦਾ ਨਕਸ਼ਾ ਸਾਕਾਰ ਹੋ ਜਾਂਦਾ ਹੈ ਜਿਨ੍ਹਾਂ ਦੀਆਂ ਛਾਤੀਆਂ 'ਚੋਂ ਦੁੱਧ ਡੁੱਲ੍ਹ ਡੁੱਲ੍ਹ ਪੈਂਦਾ ਹੈ। ਐਨਾ ਦੁੱਧ ਉਤਰਦਾ ਕਿ ਛਾਤੀਆਂ ਤੋਂ ਸੰਭਾਲਿਆ ਨਹੀਂ ਜਾਂਦਾ ਸੀ। ਚੋ-ਚੋ ਕੁੜਤੀ ਭਿੱਜ ਜਾਂਦੀ। ਗਊ ਸਭ ਤੋਂ ਹੇਜਲਾ ਪਸ਼ੂ ਹੈ। ਗਊ ਦੀ ਤਰ੍ਹਾਂ ਬੱਚੇ ਦੀ ਭਾਲ ਕਰਦੀਆਂ ਕਿ ਛਾਤੀਆਂ ਦਾ ਭਾਰ ਹੌਲਾ ਹੋ ਸਕੇ। ਛਾਤੀ 'ਚ ਸਲਾਹਟ ਪੈਣ ਤੇ ਖੇਤੋਂ ਭੱਜਦੀਆਂ। ਇਹ ਉਨ੍ਹਾਂ ਦੇ ਕੱਦ ਕਾਠ, ਸਰੀਰਕ ਬਣਤਰ, ਪੌਸ਼ਟਿਕ ਖੁਰਾਕ ਤੇ ਕੰਮ ਸੱਭਿਆਚਾਰ ਦੀ ਕਰਾਮਾਤ ਹੁੰਦੀ ਸੀ। ਬਿਗਾਨੇ ਬੱਚੇ ਨੂੰ ਦੁੱਧ ਚੁੰਘਾ ਕੇ ਵੀ ਆਨੰਦ ਦੀ ਪ੍ਰਾਪਤੀ ਹੁੰਦੀ। ਪਰ ਅੱਜ ਆਪਣੇ ਬੱਚਿਆਂ ਨੂੰ ਵੀ ਪਰਾਏ ਬੱਚਿਆਂ ਵਾਂਗੂੰ ਸੰਭਾਲਦੀਆਂ ਹਨ।

ਅੱਜ ਮਾਂ ਦੀ 'ਮਮਤਾ' ਛਨਣੀ ਹੋ ਰਹੀ ਹੈ। ਆਪਣੇ ਬੱਚੇ ਨੂੰ ਦੁੱਧ ਪਿਲਾਉਣ ਤੋਂ ਨਾਬਰ ਹੋ ਰਹੀ ਹੈ। ਉਸ ਦੀਆਂ ਛਾਤੀਆਂ 'ਚੋਂ ਐਨਾ ਦੁੱਧ ਵੀ ਪ੍ਰਾਪਤ ਨਹੀਂ ਹੋ ਰਿਹਾ ਕਿ ਆਪਣੇ ਬੱਚੇ ਦੀ ਭੁੱਖ ਮਿਟਾ ਸਕੇ। ਅੱਜ ਦੀਆਂ ਨੱਢੀਆਂ ਦੀਆਂ ਛਾਤੀਆਂ ਸੁੰਗੜ ਰਹੀਆਂ ਹਨ। ਜਾਪੇ 'ਚ ਦੁੱਧ ਹੀ ਨਹੀਂ ਉਤਰ ਰਿਹਾ, ਬੱਚੇ ਪੈਦਾ ਕਰਨ ਤੋਂ ਵੀ ਮੁਨਕਰ ਹੋ ਰਹੀਆਂ ਹਨ ਕਿਉਂਕਿ ਸੁੰਦਰਤਾ ਨੂੰ ਗ੍ਰਹਿਣ ਲਗਦਾ ਹੈ। ਉਹ ਨਹੀਂ ਜਾਣਦੀਆਂ ਕਿ ਮੋਤੀ, ਮਹਿੰਦੀ ਤੇ ਮਾਂ ਆਪਣੇ ਰੂਪ ਦੀ ਕੁਰਬਾਨੀ ਦੇ ਕੇ ਦੂਜੇ ਨੂੰ ਸੁੰਦਰਤਾ ਪ੍ਰਦਾਨ ਕਰਦੀਆਂ ਹਨ ਸਮਝਦੀਆਂ ਹਨ ਕਿ ਦੁੱਧ ਸਿਰਫ਼ ਭੁੱਖ ਮਿਟਾਉਂਦਾ ਹੈ। ਇਹ ਨਹੀਂ ਜਾਣਦੀਆਂ ਕਿ ਮਾਂ

ਦੀ ਗੋਦ ਵਿਚ ਜ਼ਿੰਦਗੀ ਦਾ ਰਾਜ ਛੁਪਿਆ ਹੋਇਆ ਹੁੰਦਾ ਹੈ। ਮਾਂ ਦੀ ਮੁਹੱਬਤ ਹਕੀਕਤ ਦਾ ਸ਼ੀਸ਼ਾ ਹੁੰਦੀ ਹੈ। ਉਸ ਦੁੱਧ ਵਿਚ ਰੱਬੀ ਰਹਿਮਤਾਂ ਦੀ ਮਿਸਰੀ ਘੁਲੀ ਹੋਈ ਹੁੰਦੀ ਹੈ। ਰੂਹਾਨੀ ਪਿਆਰ ਦੀ ਤ੍ਰਿਪਤੀ ਦਾ ਮੌਕਾ ਹੁੰਦਾ। ਛਾਤੀਆਂ 'ਚੋਂ ਮਨੁੱਖਤਾ ਦੇ ਪਿਆਰ ਦਾ ਮੁੱਢ ਵਜਦਾ ਹੈ। ਮਾਂ ਦੇ ਦੁੱਧ ਨਾਲ ਬੱਚੇ ਦੇ ਚਾਵਾਂ ਲਾਡਾਂ ਦੀ ਸੂਚੀ ਜੁੜੀ ਹੋਈ ਹੁੰਦੀ ਹੈ। ਮਾਂ ਦੇ ਪੋਟਿਆਂ ਵਿਚ ਸਵਰਗ ਸਿਰਜਣ ਦੀ ਸ਼ਕਤੀ ਹੁੰਦੀ ਹੈ। ਮਾਂ ਦੀ ਛਾਤੀ ਤੋਂ ਬਿਨਾਂ ਮਾਨਸਿਕ ਤੇ ਭਾਵਨਾਤਮਕ ਤੌਰ 'ਤੇ ਸੰਤੁਸ਼ਟੀ ਨਹੀਂ ਮਿਲਦੀ।

ਸੰਸਾਰ ਵਿਚ ਜਨਮ ਲੈਣ ਤੋਂ ਬਾਅਦ ਬੱਚਾ ਇਸ ਰਿਸ਼ਤੇ ਦਾ ਨਿੱਘ ਮਾਣਦਾ ਹੈ। ਇਕੱਲਾ ਦੁੱਧ ਲੈਣਾ ਹੀ ਕਾਫ਼ੀ ਨਹੀਂ ਹੁੰਦਾ, ਸਗੋਂ ਮਾਂ ਦਾ ਲਾਡ ਪਿਆਰ, ਜ਼ਜ਼ਬਾਤ ਨੂੰ ਸੰਤੁਸ਼ਟ ਕਰਨ ਲਈ ਗੋਦ ਹੀ ਵਸੀਲਾ ਬਣਦੀ ਹੈ। ਸਾਰੇ ਰਿਸ਼ਤਿਆਂ ਵਿਚੋਂ ਮਾਂ, ਪੁੱਤ ਦਾ ਰਿਸ਼ਤਾ ਖ਼ੂਬਸੂਰਤ ਹੁੰਦਾ ਹੈ।

ਮਾਂ ਦੀ ਸੁੰਨੀ ਗੋਦ ਦਾ ਅਹਿਸਾਸ ਆਖਰੀ ਵਾਰ ਉਦੋਂ ਹੋਇਆ ਜਦੋਂ ਮਾਂ ਨੇ ਆਖਿਆ "ਆਪਣਾ ਸਿਰ ਮੇਰੀ ਛਾਤੀ 'ਤੇ ਰੱਖ।" ਦੋਹਾਂ ਹੱਥਾਂ 'ਚ ਲੈ ਕੇ ਸਿਰ ਚੁੰਮਿਆ। ਕੰਬਦਾ ਹੱਥ ਸਿਰ ਵਿਚ ਫੇਰਿਆ। ਪਰ ਚਾਲੀ ਸਾਲਾਂ ਦੇ ਸਮੇਂ ਦਾ ਪਾੜਾ ਕਿਵੇਂ ਪੂਰਿਆ ਜਾ ਸਕਦਾ ਸੀ। ਜਜਬਾਤਾਂ ਦੀ ਸਹੀ ਤਰਜਮਾਨੀ ਹੋਈ ਹੋਵੇ ਤਾਂ ਬੁਢਾਪੇ ਦੇ ਕਦਮ ਡਗਮਗਾਉਂਦੇ ਨਹੀਂ ਤੇ ਸੰਤੁਲਨ ਬਣਿਆ ਰਹਿੰਦਾ ਹੈ।

# ਦੁਖੀ ਰੋਵਣ ਮਾਰਨ ਧਾਹੀਂ, ਮਾਂ ਲਾਵੇ ਮੱਲਮ ਵੈਣਾਂ ਰਾਹੀਂ

ਮਹਿਮਾਨ ਨਿਵਾਜੀ ਕਰਨਾ ਤੇ ਦੂਜਿਆਂ ਦਾ ਦੁੱਖ ਵੰਡਾਉਣਾ ਪੰਜਾਬੀ ਸੱਭਿਆਚਾਰ ਦੀ ਵਿਸ਼ੇਸ਼ ਪਹਿਚਾਨ ਰਹੀ ਹੈ। ਖ਼ਾਸ ਤੌਰ ਤੇ ਜਿਹੜਾ ਮੌਤ ਦੇ ਕਲਾਵੇ 'ਚੋਂ ਜਾਨ ਬਚਾਅ ਕੇ ਜੀਵਨ ਵਿੱਚ ਪਰਤਿਆ ਹੋਵੇ, ਉਹ ਦੂਜੇ ਦੇ ਦੁੱਖ ਨੂੰ ਸਿਰਫ ਮਹਿਸੂਸ ਨਹੀਂ ਕਰਦਾ ਸਗੋਂ ਆਪਣਾ ਬਣਾ ਲੈਂਦਾ ਹੈ। ਦੋ ਸਾਲਾਂ ਤੱਕ ਮਾਂ ਸਾਹ ਵਰੋਲਦੀ ਰਹੀ। ਮੌਤ ਨੂੰ ਉਡੀਕਦੀ ਰਹੀ। ਡਿਕੋ ਡੋਲੇ ਖਾਂਦੀ ਨੇ ਆਖਰੀ ਮੌਤ ਤੇ ਜਿੱਤ ਪ੍ਰਾਪਤ ਕਰ ਲਈ। ਪ੍ਰਮਾਤਮਾ ਵੱਲੋਂ ਵੀ ਇਸਤਰੀ ਦਾ ਦਿਲ ਜ਼ਿਆਦਾ ਸੰਵੇਦਨਸ਼ੀਲ, ਦਇਆਵਾਨ, ਤਰਸਵਾਨ ਬਣਾਇਆ ਗਿਆ ਹੈ। ਦੂਜੇ ਦਾ ਦੁੱਖ ਵੇਖ ਕੇ, ਸੁਣ ਕੇ, ਮਹਿਸੂਸ ਕਰ ਕੇ ਛੇਤੀ ਪਸੀਜ ਜਾਂਦੀ ਹੈ। ਹੰਝੂ ਵਹਾਉਣ ਲੱਗ ਜਾਂਦੀ ਹੈ। ਪੰਜਾਬੀ ਸੱਭਿਆਚਾਰ ਦੀ ਰਵਾਇਤ ਰਹੀ ਹੈ ਕਿ ਕਿਸੇ ਜਿਉਂਦੇ ਜੀਅ ਦੀ ਹੀਮ ਕੀਮ ਹੋਣ ਤੇ ਵਫ਼ਾਦਾਰੀ ਨਾਲ ਹਮਦਰਦੀ ਵਿਖਾਈ ਜਾਵੇ। ਸੱਥਾਂ ਵਿੱਚ ਬੈਠੇ ਸਿਆਣੇ, ਦਾਨੇ, ਪਤਵੰਤੇ, ਮੋਹਤਬਰ, ਬਜ਼ੁਰਗ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਨ ਵੇਲੇ ਆਉਣ ਵਾਲੀ ਪੀੜ੍ਹੀ ਨੂੰ ਇਹ ਆਖ ਕੇ ਸਿੱਖਿਆ ਵੀ ਦਿੰਦੇ ਤੇ ਚੁਕੰਨਾ ਵੀ ਕਰਦੇ। "ਭਾਈ! ਵਿਆਹ ਸ਼ਾਦੀ ਜਾਂ ਖੁਸ਼ੀ ਦੇ ਮੌਕੇ ਭਾਵੇਂ ਰਹਿ ਜਾਈਏ। ਪਰ ਗਮ ਵਿੱਚ ਸ਼ਰੀਕ ਹੋਣੋ ਕਦੇ ਨਾ ਉੱਕੀਏ।" ਕਾਣ ਸੱਥਰ ਦੀ ਤੇ ਨਿਉਂਦਾ ਥਾਲੀ ਦਾ ਹੁੰਦਾ ਹੈ। ਮਗਰੋਂ ਜਿਹੋ ਜਿਹੇ ਗਏ ਤੇ ਜਿਹੋ ਜਿਹੇ ਨਾ ਗਏ ਬਰਾਬਰ ਹੁੰਦੇ ਹਨ। ਫਿਰ ਤਾਂ ਅੱਲੇ ਜ਼ਖ਼ਮ ਛੇੜਨੇ ਹੁੰਦੇ ਹਨ।

ਵੈਣ ਵੈਰਾਗ ਵਿੱਚ ਗੁੱਧੇ ਹੋਏ ਟਸ ਟਸ ਕਰਦੇ ਰਸ ਭਰੇ ਬੋਲ ਹੁੰਦੇ ਹਨ। ਬਾਬੇ ਫਰੀਦ ਨੇ ਮੌਤ ਦਾ ਜ਼ਿਕਰ ਕਰਦਿਆਂ ਵੈਰਾਗਮਈ ਬਾਣੀ ਦੀ ਰਚਨਾ ਕੀਤੀ ਜੋ ਮਨ ਨੂੰ ਟੁੰਬਦੀ ਤੇ ਧੁਖਦੀ ਵਿਛੋੜੇ ਦੀ ਅੱਗ ਨੂੰ ਸ਼ਾਂਤ ਕਰਦੀ ਹੈ। ਸੁਣ ਕੇ ਮਨ ਉਛਲ ਆਉਂਦਾ ਹੈ ਤੇ ਅੱਖਾਂ ਦਰਿਆ ਦਾ ਵਹਿਣ ਅਖਤਿਆਰ ਕਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਅਲਾਹੁਣੀਆਂ ਵੀ ਵੈਰਾਗਮਈ ਵੈਣ

ਹਨ ਜੋ ਜ਼ਿੰਦਗੀ ਦੀ ਅਸਲੀਅਤ ਪ੍ਰਗਟ ਕਰਦੇ ਹੋਏ ਬੰਦੇ ਨੂੰ ਝੰਜੋੜ ਦਿੰਦੇ ਹਨ। ਪਰ ਇਹ ਰੋਣਾ ਤੇ ਵੈਣ ਪਾਉਣੇ ਹਰੇਕ ਨੂੰ ਨਹੀਂ ਆਉਂਦਾ। ਬਹੁਤਿਆਂ ਨੂੰ ਤਾਂ ਮਰਨੇ ਪਰਨੇ ਤੇ ਸੋਗਮਈ ਗੱਲ ਵੀ ਕਰਨੀ ਨਹੀਂ ਆਉਂਦੀ। ਸਿਆਣੇ ਕਿਸੇ ਦੀ ਵੇਦਨਾ ਨੂੰ ਪ੍ਰਗਟ ਕਰਨ ਤੋਂ ਸੰਤੁਸ਼ਟ ਨਾ ਹੁੰਦੇ ਤਾਂ ਦਿਲ ਦੀ ਗੱਲ ਆਪਣੇ ਹਾਣੀਆਂ ਨਾਲ ਸਾਂਝੀ ਕਰਦੇ। "ਭਾਈ! ਮਰਨ ਵੀ ਉਹਨਾਂ ਦਾ ਥਾਏਂ ਪੈਂਦਾ ਹੈ। ਜਿੰਨ੍ਹਾਂ ਨੂੰ ਰੋਣਾ ਆਉਂਦਾ ਹੋਵੇ। ਉਹ ਔਰਤਾਂ ਜਿੰਨ੍ਹਾਂ ਨੇ ਉਤਰਾਅ ਚੜ੍ਹਾਅ ਵੇਖੇ ਹੁੰਦੇ, ਹੱਡ ਬੀਤੀਆਂ ਦੇ ਰੋਣੇ ਰੋ ਕੇ ਜ਼ਿੰਦਗੀ ਦੇ ਤੀਸਰੇ ਪਹਿਰ ਵਿੱਚ ਪਹੁੰਚੀਆਂ ਹੁੰਦੀਆਂ, ਜਿੰਨ੍ਹਾਂ ਵਿੱਚ ਮਾਂ ਵੀ ਸ਼ਾਮਲ ਹੁੰਦੀ ਕਾਣ ਜਾਣ ਦੇ ਯੋਗ ਸਮਝੀਆਂ ਜਾਂਦੀਆਂ ਸਨ। ਜਦੋਂ ਕੋਈ ਦਿਲ ਦੇ ਦਰਦ 'ਚੋਂ ਹੂਕ ਕੱਢਦਾ ਹੈ, ਹੌਂਕਾ ਭਰਦਾ ਹੈ ਸੁਣਨ ਤੇ ਵੇਖਣ ਵਾਲਾ ਮੋਮ ਬਣ ਜਾਂਦਾ ਹੈ। ਇਸ ਲਹਿਜੇ ਨਾਲ ਵੈਣ ਪਾਉਂਦੀਆਂ ਕਿ ਕੰਧਾਂ ਵੀ ਰੋਣ ਲੱਗ ਜਾਂਦੀਆਂ। ਇਹਨਾਂ ਸੋਗਮਈ ਸ਼ਬਦਾਂ ਵਿੱਚ ਐਨੀ ਲਿਲਕ ਹੁੰਦੀ ਕਿ ਮਰੇ ਹੋਏ ਬੰਦੇ ਬੁੜੀ ਦੀ ਤਸਵੀਰ ਸਾਕਾਰ ਹੋ ਜਾਂਦੀ। ਇਓਂ ਲਗਦਾ ਜਿਵੇਂ ਘਟਨਾ ਪੰਜ, ਸੱਤ ਮਿੰਟ ਪਹਿਲਾਂ ਹੀ ਘਟੀ ਹੋਵੇ। ਸ਼ਬਦਾਂ ਦੀ ਜੜ੍ਹਤ ਕਿਸੇ ਦੇ ਟੁੱਟੇ ਹੋਏ ਦਿਲ ਨੂੰ ਢਾਰਸ ਦੇ ਕੇ ਜਿਉਣ ਗੋਚਰਾ ਕਰਦੀ ਅਤੇ ਕਿਸੇ ਨੂੰ ਆਪਣਾ ਦੁੱਖ ਰੋਣ ਲਈ ਮਜ਼ਬੂਰ ਕਰ ਦਿੰਦੀ। ਬਾਬਾ ਉਦੋਂ ਆਖਿਆ ਕਰਦਾ ਜਦੋਂ ਕਾਣ ਜਾਣਾ ਪੈਂਦਾ ਕਿ ਭਾਈ! ਬੁੜੀਆਂ ਤਾਂ ਵੀਹ ਸਾਲ ਪਹਿਲਾਂ ਮਰੇ ਹੋਏ ਨੂੰ ਰੋ ਰੋ ਕੇ ਸੱਜਰਾ ਕਰ ਦਿੰਦੀਆਂ ਹਨ।

ਮਰਾਸਣਾ ਵੈਣ ਪਾਉਣ ਵਿੱਚ ਪਰਪੱਕ ਹੁੰਦੀਆਂ। ਉਹਨਾਂ, ਦੀ ਰਗ ਵਿੱਚ ਸੁਰੀਲਾਪਣ ਹੋਣ ਕਰ ਕੇ ਦੁਖੀ ਮਨ ਤੇ ਛੇਤੀ ਅਸਰ ਕਰਦੀਆਂ। ਨੌਜਵਾਨ ਦੀ ਅਣਹੋਈ ਮੌਤ ਹੋ ਜਾਣ 'ਤੇ ਉਹਨਾਂ ਨੂੰ ਵੰਗਾਰ ਪਾਈ ਜਾਂਦੀ। ਅਸਲ ਵਿੱਚ ਸਿਆਪਾ ਕਰਨਾ ਇਹਨਾਂ ਦੀ ਕਲਾ ਸੀ। ਮਿਰਜੇ ਦਾ ਪ੍ਰਤੀਕ ਲੈ ਕੇ ਚੜ੍ਹਦੀ ਜੁਆਨੀ ਵਿੱਚ ਪੂਰਾ ਹੋਏ ਗਭਰੂ ਜਾਂ ਮੁਟਿਆਰ ਨੂੰ ਰੋਂਦੀਆਂ, ਪਿੱਟਦੀਆਂ, ਹਾਲੋਂ ਬੇਹਾਲ ਹੋ ਜਾਂਦੀਆਂ। ਦਿਲ ਕੰਬਾਊ ਦ੍ਰਿਸ਼ ਨੂੰ ਬਿਆਨ ਕਰਨ ਲਈ ਮਰਾਸਣ ਸੁਰਤਾਲ ਵਿੱਚ ਅਲਾਹੁਣੀ ਦਿੰਦੀ। ਦੂਜੀਆਂ, ਸਾਰੀਆਂ ਅਵਾਜ਼ ਮਿਲਾਅ ਕੇ ਪਿੱਛੇ ਪਿੱਛੇ ਰਹਾਓ ਨਾਲ ਬੋਲਦੀਆਂ ਜਾਂਦੀਆਂ। ਪਹਿਲਾਂ ਗੱਲਾਂ ਤੇ ਹੱਥ ਮਾਰਦੀਆਂ, ਫਿਰ ਹਿੱਕ ਪਿਟਦੀਆਂ ਦੇ ਪੱਟਾਂ ਤੇ ਜਦੋਂ ਸਾਰੀਆਂ ਦਾ ਇਕੱਠਾ ਦੁਹੱਥੜ ਵਜਦਾ ਤਾਂ ਇਓਂ ਲਗਦਾ ਜਿਵੇਂ ਕੋਈ ਮੰਜੇ ਦਾ ਬਾਣ ਥਾਪੇ ਨਾਲ ਚਿੱਪ ਰਿਹਾ ਹੋਵੇ। ਕਮਜ਼ੋਰ ਦਿਲ ਖੜੀਆਂ ਖੜੀਆਂ ਚੱਕਰ ਪਾ ਕੇ ਭੁਆਟਣੀ ਖਾ ਜਾਂਦੀਆਂ। ਪਾਣੀ ਪਿਆਉਣ ਵਾਲੀ ਹੀ ਹੁੰਦੀ।

ਪਹਿਲਾਂ ਸਿਵੇ ਤੇ ਜਾ ਕੇ ਸਿਆਪਾ ਕਰਦਿਆਂ ਤੇ ਸਿਵਾ ਢਕਣ ਤੋਂ ਬਾਅਦ ਘਰੇ ਆ ਕੇ ਰੋਂਦੀਆਂ ਤੇ ਪੰਜਾਲਾ ਪਾ ਕੇ ਵਾਰੀ ਵਾਰੀ ਵੈਣ ਪਾਉਂਦੀਆਂ ਦੋ ਦੋ ਦੀਆਂ ਜੋਟੀਆਂ ਬਣਾ ਕੇ ਆਹਮੋ ਸਾਹਮਣੇ ਬੈਠ ਜਾਂਦੀਆਂ। ਇੱਕ ਦੂਜੀ ਦੀਆਂ ਬਾਹਾਂ ਡੌਲਿਆਂ ਕੋਲੋਂ ਫੜ ਲੈਂਦੀਆਂ। ਸ਼ਾਇਦ ਡੌਲਿਆਂ ਦਾ ਦੁੱਖ ਦਰਦ ਨਾਲ ਕੋਈ ਸਬੰਧ ਹੋਵੇ। ਗਲੇ ਮਿਲਦੀਆਂ ਵੈਣ ਪਾਉਂਦੀਆਂ। ਇਕ ਦੂਜੇ ਦੇ ਗਲੇ ਲਾਉਣ ਵਾਲੀ ਸਭ ਤੋਂ ਵਡੇਰੀ ਉਮਰ ਦੀ ਖੂੰਡੀ ਵਾਲੀ ਔਰਤ ਹੁੰਦੀ। ਇਹੀ ਜ਼ਿਆਦਾ ਰੋਣ ਵਾਲੀ ਨੂੰ ਹੌਂਸਲਾ ਦੇ ਕੇ ਚੁੱਪ ਕਰਾਉਣ ਦੀ ਕੋਸ਼ਿਸ਼ ਵੀ ਕਰੀ ਜਾਂਦੀ। ਕੁੜੇ! ਵੀਰ ਰੋਏ ਤੋਂ ਕਿਹੜਾਂ ਦੁੱਖ ਘੱਟ ਹੁੰਦਾ ਹੈ। ਰੱਬ ਦੀ ਕਰੀ ਨੂੰ ਕੌਣ ਟਾਲ ਸਕਦੈ। ਰੋ ਰੋ ਕੇ ਦੀਦੇ ਖਰਾਬ ਕਰਲੇਂਗੀ। ਮਰੇ ਜਿਉਂਦੇ ਹੋਣ ਤਾਂ ਆਪਾਂ ਸਾਰਾ ਪਿੰਡ ਵੰਗਾਰ ਲਈਏ।

ਕੁੜੀ, ਮੁੰਡੇ ਦੇ ਵੱਡੀ ਉਮਰ ਦੇ ਸੱਸ ਸਹੁਰੇ ਦੇ ਮਰਨ ਦੇ ਗਦੌੜਾ ਪਕਾਇਆ ਜਾਂਦਾ। ਸਾਰੇ ਪਿੰਡ ਵਿਚ ਫੇਰਿਆ ਜਾਂਦਾ। ਇਹ ਵਿਆਹ ਵਰਗਾ ਮਾਹੌਲ ਹੁੰਦਾ। ਇਸ ਰਸਮ ਨੂੰ ਬਜ਼ੁਰਗ ਨੂੰ ਵੱਡਾ ਕਰਨਾ ਆਖਿਆ ਜਾਂਦਾ ਤੇ ਕਾਣ ਵਿੱਚ ਬਹੁਤੀਆਂ ਬੁੜੀਆਂ ਤੇ ਬੰਦਿਆਂ ਦੇ ਆਉਣ ਦੀ ਤਾਕੀਦ ਕੀਤੀ ਜਾਂਦੀ। ਕੁੜਮਾਂ ਜੁੜਵਾਂ ਦੀ ਇਸ ਕਾਣ ਨੂੰ ਕੁੜਮੱਤ ਜਾਣਾ ਆਖਿਆ ਜਾਂਦਾ। ਜਿਸ ਵਿੱਚ ਸਾਰਾ ਕੋੜਮਾਂ, ਕਬੀਲਾ, ਭਾਈਚਾਰਾ, ਸਾਕ ਸਬੰਧੀ, ਦੂਰ ਨੇੜੇ ਦੇ ਰਿਸ਼ਤੇਦਾਰ ਸਾਰੇ ਹੀ ਸ਼ਾਮਲ ਹੁੰਦੇ। ਕੁੜਮੱਤ ਵਿੱਚ ਸਾਰੇ ਹਸਦੇ

ਤੇ ਠੱਠਾ ਮਸ਼ਕਰੀ ਦਾ ਦੌਰ ਵੀ ਚੱਲ ਪੈਂਦਾ। ਜਿਹੜੇ ਬੰਦੇ ਦਾ ਬੋਲ ਔਰਤਾਂ ਨਾਲ ਮਿਲਦਾ ਜੁਲਦਾ ਹੁੰਦਾ। ਉਹ ਔਰਤਾਂ ਵਾਲੇ ਕਪੜੇ, ਘਗਰਾ ਪਹਿਨ ਲੈਂਦਾ। ਸਿਰ ਤੇ ਚਾਦਰ ਲੈ ਕੇ ਲੰਮਾ ਸਾਰਾ ਘੁੰਡ ਕੱਢ ਲੈਂਦਾ ਤਾਂ ਰਕਾਨ ਬੁੜੀ ਦਾ ਭੁਲੇਖਾ ਪਵੇ। ਦੋ ਚਾਰ ਵੈਣ ਪਾਉਣੇ ਵੀ ਸਿੱਖੇ ਹੁੰਦੇ। ਚੁੱਪ ਕਰ ਕੇ ਕੁੜਮੱਤ ਵਿੱਚ ਰਲ ਜਾਂਦਾ। ਜਦੋਂ ਦੋ ਦੋ ਦੀਆਂ ਟੋਲੀਆਂ ਬਣਦੀਆਂ ਤੇ ਬਾਹਾਂ ਫੜਦੀਆਂ ਤਾਂ ਉਹ ਵੀ ਸਾਹਮਣੇ ਬੈਠੀ ਜਨਾਨੀ ਦੀਆਂ ਬਾਹਾਂ ਡੌਲਿਆਂ ਕੋਲੋਂ ਫੜ ਲੈਂਦਾ। ਜਦੋਂ ਉਸ ਦੇ ਵੈਣ ਮੁਕਦੇ ਤਾਂ ਜ਼ੋਰ ਜ਼ੋਰ ਦੀ ਡੌਲੇ ਘੁੱਟ ਕੇ ਸੁੰਨ ਕਰ ਦਿੰਦਾ। "ਕੁੜੇ ਬੰਦਾ।" ਆਖ ਕੇ ਬੁੜੀ ਰੌਲਾ ਪਾਉਂਦੀ ਖੜੀ ਹੋ ਜਾਂਦੀ ਤੇ ਉਹ ਛਾਲ ਮਾਰ ਕੇ ਘਰੋਂ ਬਾਹਰ ਹੋ ਜਾਂਦਾ। ਸਾਰੀਆਂ ਜਨਾਨੀਆਂ ਦੇ ਹਸਦੀਆਂ ਦੇ ਢਿੱਡੀਂ ਪੀੜਾਂ ਪੈਣ ਲੱਗ ਜਾਂਦੀਆਂ ਤੇ ਆਖਦੀਆਂ, "ਕੁੜੇ ਤੂੰ ਪਸੰਦ ਆ ਗਈ ਤਾਹੀਂ ਤਾਂ ਜੋਟੀ ਬਣਾਈ ਸੀ।" ਇੱਕ ਚੱਕਦੀ ਤੇ ਇਕ ਧਰਦੀ। ਉਹ ਵਿਚਾਰੀ ਕਚੂਚ ਹੋਈ ਚੁੱਪ ਕਰ ਕੇ ਬੈਠ ਜਾਂਦੀ। ਸਾਰੇ ਰਾਹ ਮਖੌਲ ਦਾ ਪਾਤਰ ਬਣ ਜਾਂਦੀ।

ਵੈਣ ਦੁੱਖ ਨੂੰ ਰਾਗਮਈ ਤੇ ਕਵਿਤਾਮਈ ਬਣਾ ਕੇ ਪੇਸ਼ ਕਰਦੇ। ਇਹ ਲੜੀ ਦੁਖੀ ਮਨ ਨੂੰ ਬਾਖੂਬੀ ਹਲੂਣਦੇ। ਮਾਂ ਪੁੱਤ ਹਾੜੀ ਵੱਢ ਰਹੇ ਸਨ। ਧੀ ਵੀ ਰੰਡੀ ਸੀ ਤੇ ਪੁੱਤ ਵੀ ਤਾਜ਼ਾ ਰੰਡਾ ਹੋਇਆ ਸੀ। ਦੁਪਹਿਰ ਮੌਕੇ ਕਿਕਰਾਂ ਹੇਠ ਅਰਾਮ ਕਰਦੇ ਗੱਲਾਂ ਕਰ ਰਹੇ ਸਨ। ਮਾਂ ਨੂੰ ਵੈਰਾਗ ਆਇਆ। ਕਹਿਣ ਲੱਗੀ, "ਪੁੱਤ ਆ! ਆਪਾਂ ਪੰਜਾਲਾ ਪਾ ਲਈਏ। ਤੈਨੂੰ ਗਲ ਨਾਲ ਲਾ ਕੇ ਰੋ ਲਵਾਂ।" ਪੁੱਤ ਨੇ ਮਾਂ ਦੀਆਂ ਬਾਰਾਂ ਫੜ ਲਈਆਂ। ਮਾ ਨੇ ਵੈਣ ਪਾਇਆ-ਕੀਹਨੂੰ ਰੋਵਾਂ ਤੇ ਕੀਹਨੂੰ ਸਿੱਟਾਂ ਪਛਾੜੀ ਵੇ ਮੇਰਿਆ ਛੈਲ ਛਬੀਲਿਆ ਪੁੱਤਾ।" ਹੌਂਕਾ ਭਰਿਆ। ਪੁੱਤ ਕਿਹੜਾ ਘੱਟ ਸੀ। ਚੜ੍ਹਦੀ ਜੁਆਨੀ ਸਿਖਰ ਦੁਪਹਿਰੇ ਭੈਣ ਭਰਾ ਹੋ ਗਏ ਰੰਡੇ, ਨੀ ਮੈਨੂੰ ਰੱਖਣ ਵਾਲੀਏ ਪਿਆਰੀਏ ਮਾਂ। ਤੂੰ ਸਦਾ ਬੁੱਢ ਸੁਹਾਗਣ ਨੀ ਮੈਨੂੰ ਰੱਖਣ ਵਾਲੀਏ ਪਿਆਰੀਏ ਮੰਮੀਏ।" ਮਾਂ ਦੇ ਸੀਨੇ 'ਚੋਂ ਚੰਗਿਆੜੇ ਨਿਕਲਣ ਲੱਗੇ ਤੇ ਬੂ ਬੂ ਕਰਦੀ ਖੜੀ ਹੋ ਗਈ। ਧਾਹਾਂ ਮਾਰਨ ਲੱਗ ਪਈ। ਵੈਣਾਂ ਵਿੱਚ ਭਾਵਨਾਵਾਂ ਨੂੰ ਟੁੰਬਣ ਤੇ ਉਜਾਗਰ ਕਰਨ ਦੀ ਅਥਾਹ ਸ਼ਕਤੀ ਹੁੰਦੀ ਹੈ। ਇਹ ਕਿਸੇ ਨੂੰ ਰੁਆ ਕੇ ਦੁੱਖ ਘੱਟ ਕਰਦੇ। ਕਿਸੇ ਨੂੰ ਵਿਰਾਅ ਕੇ ਦਰਦ ਨੂੰ ਠੁੰਮਣਾ ਲਾਉਂਦੇ। ਮਨ ਦਾ ਭਾਰ ਹੌਲਾ ਕਰਦੇ। ਮਨੋਵਿਗਿਆਨੀ ਆਖਦੇ ਹਨ ਕਿ ਦੁੱਖ ਵਿੱਚ ਰੋਣਾ ਮੱਲ੍ਹਮ ਦਾ ਕੰਮ ਕਰਦਾ ਹੈ।

ਕਾਣ ਜਾਣ ਵਾਲੀਆਂ ਜ਼ਨਾਨੀਆਂ ਦੂਰੋਂ ਪਛਾਣੀਆਂ ਜਾਂਦੀਆਂ। ਚਾਲ ਮਿਲਦੀ ਤੇ ਢਾਲ ਵੀ ਮਿਲਦੀ ਹੁੰਦੀ। ਸਿਰਾਂ ਤੇ 'ਚਿਕਨ' ਦੀਆਂ ਚੁੰਨੀਆਂ ਤੇ ਸਿਰਾਂ ਤੇ ਚਿੱਟੇ ਘਗਰੇ ਤਹਿ ਮਾਰ ਰੱਖੇ ਹੁੰਦੇ। ਕਾਣ ਜਾਣ ਵੇਲੇ ਬੰਦਾ ਤਾਂ ਭਾਵੇਂ ਲੇਟ ਫੇਟ ਹੋ ਜਾਂਦਾ ਪਰ ਜ਼ਨਾਨੀ ਲੇਟ ਹੋਣ ਨੂੰ ਮਿਹਣਾ ਸਮਝਦੀ। ਸ਼ਾਇਰੀਆਂ ਨੇ ਤਾਂ ਕਿਸੇ ਜੋੜ ਰੱਖੇ ਸਨ:- ਬੁੜੀ ਬੁੜੀ ਨੂੰ ਆਖਦੀ, ਚਲਣਾ ਹੈ ਭੈਣ ਕਾਣ। ਝੱਟ ਪੱਟ ਹੋ ਕੇ ਇਕੱਠੀਆਂ ਪੱਕੀ ਸੜਕ ਤੇ ਜਾਣ ਔਰਤਾਂ ਗਲਾਕੜ ਹੁੰਦੀਆਂ ਹਨ। ਇਹ ਸਚਾਈ ਹੈ ਕਿ ਦੋ ਔਰਤਾਂ ਚੁੱਪ ਨਹੀਂ ਬੈਠ ਸਕਦੀਆਂ। ਜਿਥੇ ਮੰਡਲੀ ਹੋਵੇ ਉੱਥੇ ਕੋਈ ਵੀ ਇਕ ਦੂਜੀ ਤੋਂ ਘੱਟ ਨਹੀਂ ਰਹਿਣਾ ਚਹੁੰਦੀ। ਗੱਲਾਂਬਾਤਾਂ ਕਰਨ ਦਾ ਇਹੀ ਮੌਕਾ ਮਿਲਦਾ ਹੈ ਜਾਂ ਵਿਆਹਾਂ 'ਚ ਹਾਣ ਨੂੰ ਹਾਣਨਾਂ ਮਿਲ ਕੇ ਮਨ ਦੀ ਭੜਾਸ ਕਢਦੀਆਂ ਹਨ। ਵਿਛੜਨ ਲੱਗੀਆਂ ਕਈ ਸੱਚੀ ਗੱਲ ਕਹਿ ਵੀ ਦਿੰਦੀਆਂ। "ਕੁੜੇ! ਤੇਰੇ ਨਾਲ ਗੱਲਾਂ ਕਰਕੇ ਢਿੱਡ ਹੌਲਾ ਹੋ ਗਿਆ।" ਦੁਖੀ ਮਨ ਦਾ ਬੋਝ ਵੀ ਗੱਲਾਂ ਹਲਕਾ ਕਰਦੀਆਂ ਅਤੇ ਦਿਲਾਂ ਦੀਆਂ ਗੱਲਾਂ ਮਾਨਸਿਕ ਰੋਗਾਂ ਨੂੰ ਦੂਰ ਕਰਨ ਦੀ ਸਮਰੱਥਾ ਵੀ ਰਖਦੀਆਂ ਹੁੰਦੀਆਂ ਹਨ।

ਅਜਿਹੇ ਬੁੜੀਆਂ ਦੇ ਇਕੱਠ ਵਿੱਚ ਜਦੋਂ ਆਪਾ ਪ੍ਰਗਟਾਉਣ ਦਾ ਵਕਤ ਮਿਲਦਾ ਤਾਂ ਸਭ ਤੋਂ ਨੇੜੇ ਦਾ ਵਿਸ਼ਾ ਨੂੰਹਾਂ ਹੀ ਹੋਇਆ ਕਰਦੀਆਂ। ਕਿਉਂਕਿ ਉਹਨਾਂ ਦਾ ਆਪੋ ਵਿੱਚ ਚੌਵੀ ਘੰਟੇ ਸਬੰਧ ਜੁੜਿਆ ਰਹਿੰਦਾ ਸੀ। ਇਹ ਦੁੱਖ ਸਾਰੀਆਂ ਦਾ ਸਾਂਝਾ ਵੀ ਹੋਇਆ ਕਰਦਾ।

ਪਹਿਲੀ ਤਾਂ ਸੁਣਾਵੇ, ਪੱਟਤੀ ਵਿਚੋਲੇ ਨੇ,

ਕੁੜਰ ਵਿਆਹ ਤੀ ਨੀ।
ਛੱਡਿਆ ਨੀ ਕੱਖ ਘਰੇ ਆ ਡੋਲੇ ਨੇ,
ਜਿਮੀਂ ਵੀ ਟਿਕਾਅ ਤੀ ਨੀ।
ਸਿਰ ਫਿਰੇ ਜੂੰਆਂ, ਜਿਵੇਂ ਕੀੜਿਆਂ ਦਾ ਭੌਣ ਨੀ,
ਨੇਫ਼ਿਆਂ 'ਚ ਬਾਹਲੀਆਂ।
ਐਹੋ ਜਿਹੀਆਂ ਨੂੰਹਾਂ ਨਾ ਕਿਸੇ ਦੇ ਆਉਣ ਨੀ,
ਬੱਲੇ ਮੱਥੇ ਵਾਲੀਆਂ।

ਕਾਣਾਂ ਦੇ ਮਖੌਲ ਕਰਨ ਜਾਂ ਕਰਵਾਉਣ ਲਈ ਮਖੌਲੀਆਂ ਨੇ ਕਿੱਸੇ ਕਹਾਣੀਆਂ ਜੋੜ ਰੱਖੀਆਂ ਸਨ।

ਪੁੱਤ ਦੇ ਸਹੁਰੀਂ ਕੁੜਮੱਤ ਜਾਣਾ ਸੀ। ਪਰ ਮਾਂ ਨੂੰ ਚੋਰੀ ਕਰਨ ਦੀ ਆਦਤ ਸੀ। ਚੋਰੀ ਕਰਨੋਂ ਕਦੇ ਵੀ ਉੱਕਦੀ ਨਹੀਂ ਸੀ। ਕੋਈ ਨਾ ਕੋਈ ਭਾਂਡਾ ਟੀਂਡਾ ਕਬਜ਼ੇ ਵਿੱਚ ਕਰਨਾ ਹੀ ਹੁੰਦਾ ਸੀ ਕਿਉਂਕਿ ਸਹੁੰ ਖਾਧੀ ਹੋਈ ਹੁੰਦੀ ਸੀ। ਪੁੱਤ ਨੇ ਕਿਹਾ, "ਮਾਂਕੁੜਮਾਂ ਦਾ ਪਿੰਡ ਹੈ। ਜੇ ਕੋਈ ਚੀਜ਼ ਚੁੱਕ ਕੇ ਲਿਆਂਦੀ ਤਾਂ ਮੇਰੀ ਬਦਨਾਮੀ ਹੋਵੇਗੀ।" ਮਾਂ ਨੇ ਹਾਂ ਤਾਂ ਕਰ ਦਿੱਤੀ। ਪਰ ਆਦਤ ਤੋਂ ਆਕੀ ਸੀ। ਕਿਸੇ ਨਸੀਹਤ ਦਾ ਕੋਈ ਅਸਰ ਨਹੀਂ ਕਬੂਲਿਆ ਸੀ। ਰੋਟੀ ਖਾਂਦੀ ਨੇ ਚਮਚਾ ਚੁੱਕ ਕੇ ਨੇਫ਼ੇ 'ਚ ਟੰਗ ਲਿਆ। ਪਿੱਟ ਸਿਆਪਾ ਕਰਦੀਆਂ ਵੇਲੇ ਜਦੋਂ ਮਰਾਸਣ ਨੇ ਅਲਾਹੁਣੀ ਦਿੱਤੀ ਤਾਂ ਚਮਚਾ ਡਿਗ। ਖੜਕਾ ਹੋਇਆ। ਉਸ ਨੂੰ ਚੁਕੰਨਾ ਕਰਨ ਤੇ ਆਪਾ ਸੰਭਾਲਣ ਲਈ ਅਲਾਹੁਣੀ 'ਚ ਖਬਰਦਾਰ ਕਰਦਿਆਂ ਕਿਹਾ, "ਤੇਰੇ ਡਿਗ ਡਿਗ ਪੈਣ ਹਥਿਆਰ ਨੀ ਕੱਲੋ ਕੋਟਲੀਏ।" ਸਾਰੀਆਂ ਹੱਸਣ ਲੱਗ ਪਈਆਂ। ਉਹ ਬੁੜੀ ਕੋਲੋਂ ਕੋਟਲੀ ਪਿੰਡ ਤੋਂ ਕੁੜਮੱਤ ਆਈ ਸੀ। ਘਰੇ ਆ ਕੇ ਮਾਂ ਸਾਰਾ ਬਿਰਤਾਂਤ ਦੱਸਿਆ ਕਰਦੀ। ਪਰਿਵਾਰ 'ਚ ਪੁੱਛ ਵੀ ਲੈਂਦੀਆਂ, "ਕੁੜੇ ਭਗਵਾਨ ਕੁਰੇ! ਦੱਸੀਂ ਫਲਾਣੀ ਕਿਵੇਂ ਵੈਣ ਪਾ ਕੇ ਰੋਈ ਸੀ। ਪਿੰਡ 'ਚ ਮੈਂ ਰੋਂਦਾ ਭੋਂਦਾ ਨਾਲ ਚਲਿਆ ਜਾਂਦਾ। ਲੁਕ ਲੁਕ ਕੇ ਰੋਂਦੀਆਂ ਔਰਤਾਂ ਨੂੰ ਦੇਖਣ ਸੁਣਨ ਦੀ ਮੁੱਢ ਤੋਂ ਹੀ ਆਦਤ ਸੀ। ਜਦੋਂ ਸਾਰੀਆਂ ਮਿਲ ਕੇ ਲੰਮਾ ਬੋਲ ਕਢਦੀਆਂ ਤਾਂ ਮੈਨੂੰ ਚੰਗੀਆਂ ਕਗਦੀਆਂ। ਤੀਆਂ ਦੇ ਗੀਤ ਵੀ ਦੂਰੋਂ ਖੜ ਕੇ ਸੁਣਿਆ ਕਰਦਾ।

# ਮਾਂ ਦਾ ਚੇਤਾ ਤੇ ਚਿੰਤਨ

ਜਦੋਂ ਕਿਸੇ ਦੇ ਵਿਚਾਰ ਰੱਦ ਕਰ ਕੇ, ਝੰਜੋੜ, ਮਰੋੜ, ਨਿਚੋੜ, ਰਿੜਕ ਕੇ, ਧੱਕੇ ਦੇ ਕੇ, ਬੇਕਦਰੀ ਨਾਲ, ਨੱਕ ਚੜ੍ਹਾਅ, ਠੋਸਾ ਦਿਖਾਅ, ਪਾਸਾ ਵੱਟ ਕੇ ਕੂੜਾ ਕਰਕਟ ਵਾਂਗੂੰ ਬਗਾਹ ਮਾਰੇ ਰੂੜੀਆਂ ਤੇ ਰੁਲਣ ਫਿਰਨ ਲਈ ਮਜ਼ਬੂਰ ਹੋਣ ਜਾਂ ਫਿਰ ਪਿੱਪਲ ਦੇ ਸੁੱਕੇ ਪੱਤੇ ਵਾਂਗ ਮੂਲ ਤੋਂ ਵਿਛੜ ਕੇ, ਮਿਲਣ ਲਈ ਤਰਸਦੇ ਹੋਣ। ਗੰਦੇ ਮੰਦੇ ਥਾਂ, ਨਾਲੀਆਂ, ਟੋਇਆਂ 'ਚ ਡਿੱਗ ਕੇ ਹਰੇ ਕਚਾਰ ਰੁੱਖ ਨੂੰ ਯਾਦ ਕਰ ਕੇ ਧਾਹੀਂ ਰੋਂਦੇ ਹੋਣ। ਆਪਣਾ ਮਨ ਹੌਲਾ ਕਰਨ ਲਈ ਕਿਸੇ ਦਇਆਵਾਨ ਦੇ ਗਲ ਲੱਗਣ ਲਈ ਬਾਹਾਂ ਪਸਾਰ ਰਹੇ ਹੋਣ ਤਾਂ ਕੋਈ ਪਾਰਖੂ ਰਹਿਬਰ ਬਣ ਕੇ ਬਹੁੜਦਾ ਹੈ। ਸਾਰ ਲੈਂਦਾ ਹੋਇਆ ਗਰਭ ਧਾਰਨ ਕਰ ਕੇ ਸਜਾਏ ਜੁਆਕ ਵਾਂਗੂੰ ਹਿੱਕ ਨਾਲ ਲਾ ਕੇ ਹੌਂਕਾ ਭਰਦਾ ਹੋਇਆ ਮਨ ਨੂੰ ਸਮਝੌਤੀ ਦਿੰਦਾ ਹੈ। ਜੇ ਇਹਨਾਂ ਨੂੰ ਜਵਾਨ ਕਰ ਜਾਵਾਂ ਤਾਂ ਜਿਉਣ ਜੋਗਰੇ ਹੋ ਜਾਣਗੇ। ਦਰ ਦਰ ਦੀਆਂ ਠੋਕਰਾਂ ਖਾਣ ਤੋਂ ਬਚਾਅ ਹੋ ਸਕੇਗਾ। ਜ਼ਿੰਦਗੀ ਦਾ ਸਹੀ ਰਸਤਾ ਅਖਤਿਆਰ ਕਰਨ ਦੇ ਸਮਰੱਥ ਹੋ ਜਾਣਗੇ। ਪਾਰਖੂ ਦੂਜਿਆਂ ਦੇ ਦੁੱਖ ਵਿੱਚ ਸ਼ਰੀਕ ਨਾ

ਹੋ ਕੇ, ਜਦੋਂ ਆਪ ਪਾਤਰ ਬਣਦਾ ਹੈ ਤਾਂ ਅਤਿ ਦੁਖੀ ਨਰਕ ਭੋਗਦੀਆਂ, ਤੜਫਦੀਆਂ, ਤਰਸਦੀਆਂ, ਵਿਰਲਾਪ ਕਰਦੀਆਂ, ਚੀਕ ਚਿਹਾੜਾ ਪਾਉਂਦੀਆਂ, ਦੁਹੱਥੜੀ, ਪਿਟਦੀਆਂ ਬੇਜਾਰ ਹੋਈਆਂ ਰੂਹਾਂ ਦੀਆਂ ਹੂਕਾਂ ਉਸ ਦੀ ਅੱਖ ਨੂੰ ਨਮ ਹੀ ਨਹੀਂ ਕਰਦੀਆਂ ਸਗੋਂ ਤ੍ਰਿਪ ਤ੍ਰਿਪ ਕਰ ਕੇ ਗਰੀਬ ਦੀ ਛਪਰੀ ਵਾਂਗੂੰ ਇਉਂ ਚੋਣ ਲਾ ਦਿੰਦੀਆਂ ਹਨ ਜਿਵੇਂ ਕਈ ਦਿਨਾਂ ਤੋਂ ਸੌਣ ਦੀ ਝੜੀ ਪਿੱਛੇ ਪਈ ਹੋਵੇ। ਖਹਿੜਾ ਨਾ ਛੱਡ ਰਹੀ ਹੋਵੇ। ਜਦੋਂ ਦਿਲ ਦੀ ਧੜਕਣ ਨਾਲ ਹੰਝੂਆਂ ਦਾ ਤਾਲਮੇਲ ਬੈਠ ਜਾਂਦਾ ਹੈ ਤਾਂ ਜੋ ਕੁਝ ਉਸ ਨੂੰ ਨਜ਼ਰ ਆਇਆ ਹੁੰਦਾ ਹੈ, ਸੁਣਿਆਂ ਤੇ ਹੰਢਾਇਆ ਹੁੰਦਾ ਹੈ। ਉਸ ਦਾ ਜਵਾਰਭਾਟਾ ਉਮਡ ਪੈਂਦਾ ਹੈ। ਇੱਕ ਧਾਰਾ ਵਗਣ ਲੱਗ ਪੈਂਦੀ ਹੈ। ਲੇਖਕ ਤੇ ਔਰਤ ਭਾਵਨਾਵਾਂ ਦੇ ਵਹਿਣ ਵਿੱਚ ਵਹਿ ਜਾਂਦੇ ਹਨ। ਰੋਕਿਆਂ ਵੀ ਨਹੀਂ ਰੁਕਦੇ। ਜੇ ਰੁਕਦੇ ਹਨ ਤਾਂ ਅੰਦਰਲੀਆਂ ਪੀੜਾਂ ਦੀ ਪ੍ਰੇਸ਼ਾਨੀ ਝੱਲਣੀ ਮੁਸ਼ਕਲ ਹੋ ਜਾਂਦੀ ਹੈ।

ਬੱਚਿਆਂ ਦੇ ਦੁੱਖ ਨੂੰ ਜਿੰਨਾਂ ਮਾਂ ਸਮਝ ਸਕਦੀ ਹੈ। ਜਾਣ ਸਕਦੀ ਹੈ, ਮਹਿਸੂਸ ਕਰ ਸਕਦੀ ਹੈ, ਉਨੀ ਸਾਰ ਕਿਸੇ ਹੋਰ ਰਿਸ਼ਤੇ ਨੂੰ ਨਹੀਂ ਹੋ ਸਕਦੀ। ਸਕਾ ਪਿਓ ਵੀ ਉਨ੍ਹਾਂ ਦਰਦ ਦਿਲ ਤੇ ਨਹੀਂ ਹੰਢਾਅ ਸਕਦਾ ਜਿੰਨਾਂ ਮਾਂ ਭੋਗਦੀ ਹੈ। ਮਾਸੂਮਾਂ ਨੂੰ ਅਲਵਿਦਾ ਕਹਿਣ ਵਾਲੀ ਮਾਂ ਦੇ ਬੱਚਿਆਂ ਦੇ ਸਿਰ 'ਤੇ ਹੱਥ ਮਾਂ ਹੀ ਰੱਖਦੀ ਹੈ। ਭਾਵੇਂ ਉਹ ਚਾਚੀ, ਤਾਈ, ਮਾਸੀ, ਫੁੱਫੀ ਕੋਈ ਵੀ ਹੋਵੇ। ਵਿਗਿਆਨ ਨੇ ਪੂਰਾ ਸਪੱਸ਼ਟ ਕਰ ਦਿੱਤਾ ਹੈ ਕਿ ਮਾਂ ਦਾ ਦਿਲ ਕੁਦਰਤੀ ਤੌਰ ਤੇ ਕੋਮਲ ਹੁੰਦਾ ਹੈ ਪਲ ਭਰ ਵਿਚ ਉਹ ਭਾਵਨਾਵਾਂ ਦੇ ਵਹਾਅ ਵਿੱਚ ਰੁੜ ਜਾਂਦੀ ਹੈ।

ਮਾਂ 'ਘਰ' ਬਣਾਉਣਾ ਜਾਣਦੀ ਹੈ। ਮਾਲੀ ਫੁੱਲ ਉਗਾਉਣਾ ਜਾਣਦਾ ਹੈ। ਬੰਦੇ ਦਾ ਬਣਾਇਆ ਮਕਾਨ ਇੱਟਾਂ ਨਾਲ ਗੱਲਾਂ ਕਰਦਾ ਹੈ। ਮਾਂ ਦਾ ਉਸਾਰਿਆ 'ਘਰ' ਖਿੜੇ ਫੁੱਲਾਂ ਨਾਲ ਪਿਆਰ ਪਵਾਉਂਦਾ ਤੇ ਗੱਲਾਂ ਕਰਵਾਉਂਦਾ ਹੈ। ਸੁਗੰਧੀਆਂ ਬਿਖੇਰਦਾ ਹੈ। ਬੰਦੇ ਦਾ ਬਣਾਇਆ ਮਕਾਨ ਇੱਕੋ ਥਾਂ ਟਿਕਣ ਲਈ ਕਹਿੰਦਾ ਹੈ। ਪਰ ਮਾਂ ਜਿੱਥੇ ਜਾਂਦੀ ਹੈ ਉੱਥੇ ਹੀ ਘਰ ਬਣ ਜਾਂਦਾ ਹੈ।

ਬੱਚੇ ਮਾਂ ਦੀ ਕਵਿਤਾ ਹੁੰਦੇ ਹਨ। ਉਹਨਾਂ ਦੇ ਗੀਤ ਗੁਣ ਗੁਣਾਉਂਦੀ ਰਹਿੰਦੀ ਹੈ। ਮਰਦ ਲਈ ਉਹ ਵਾਰਤਕ ਹੁੰਦੇ ਹਨ। ਕਵਿਤਾ ਦਿਲ ਨਾਲ ਗੱਲਾਂ ਕਰਦੀ ਹੈ। ਵਾਰਤਕ ਦਿਮਾਗ ਨਾਲ। ਕਵਿਤਾ ਇੱਕ ਵਾਰ ਲਿਖੀ ਜਾਂਦੀ ਹੈ ਪਰ ਰਸ ਸਾਰੀ ਉਮਰ ਦਿੰਦੀ ਹੈ। ਪੜ੍ਹੀ ਵੀ ਸਾਰੀ ਉਮਰ ਜਾਂਦੀ ਹੈ। ਕਵਿਤਾ, ਵਾਰਤਕ ਨਾਲੋਂ ਜ਼ਿਆਦਾ ਆਕਰਸ਼ਤ ਕਰਦੀ ਹੈ। ਕਹਾਣੀਆਂ ਨਾਲੋਂ ਮਾਂ ਦੀ ਲੋਰੀ ਜ਼ਿਆਦਾ ਪਿਆਰੀ ਲਗਦੀ ਹੈ। ਮਾਂ ਦਾ ਦਿਲ ਬੱਚਿਆਂ ਨਾਲ ਗੱਲਾਂ ਕਰਦਾ ਹੈ। ਪਰ ਪਿਤਾ ਦਿਮਾਗ ਨਾਲ ਗੱਲਾਂ ਕਰਦਾ ਹੈ। ਦਿਮਾਗ ਵਿੱਚ ਸੋਚ ਹੁੰਦੀ ਹੈ ਉੱਥੇ ਪਿਆਰ ਲਈ ਥਾਂ ਭੀੜੀ ਹੋ ਜਾਂਦੀ ਹੈ। ਪਰ ਸਿਆਣਿਆਂ ਦੀ ਇਹ ਗੱਲ ਜ਼ਰੂਰ ਮੰਨਣੀ ਪਊ ਕਿ ਮਾਂ ਬਾਪ ਬੀਤੇ ਦੀ ਗਵਾਹੀ ਤੇ ਭਵਿੱਖ ਦੀ ਸੋਚ ਜ਼ਰੂਰ ਹੁੰਦੇ ਹਨ।

ਮਾਂ ਦੇ ਨਿੱਕੇ ਜਿਹੇ ਗਲਤ ਕਦਮ ਦਾ ਨਤੀਜਾ ਪੂਰੇ ਪਰਿਵਾਰ ਨੂੰ ਭੁਗਤਣਾ ਪੈਂਦਾ ਹੈ। ਘਰ ਨੂੰ ਨਰਕ ਬਣਾ ਦਿੰਦਾ ਹੈ। ਜਜ਼ਬਾਤਾਂ ਭਾਵਨਾਵਾਂ ਨੂੰ ਰਾਖ ਕਰ ਦਿੰਦਾ ਹੈ। ਇਸ ਲਈ ਤਾਂ ਮਾਂ ਸਲੀਕੇ ਨਾਲ ਵਿਚਰਦੀ ਹੈ। ਮਾਂ ਨਾ ਹੁੰਦੀ ਤਾਂ ਕਿਸੇ ਰਿਸ਼ਤੇ ਦਾ ਨਾਂ ਵੀ ਨਹੀਂ ਹੋਣਾ ਸੀ। ਜਿਸ ਸਾਂਚੇ ਵਿੱਚ ਮਾਂ ਪਰਿਵਾਰ ਨੂੰ ਢਾਲਦੀ ਹੈ। ਸੰਸਕਾਰ ਦਿੰਦੀ ਹੈ। ਸਮਾਜ ਉਸੇ ਦੀ ਫੋਟੋ ਕਾਪੀ ਬਣ ਜਾਂਦਾ ਹੈ। ਮਾਂ ਸਮਾਜ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਯੋਗ ਹੁੰਦੀ ਹੈ। ਸਮਾਜ ਪ੍ਰਤੀ ਇਮਾਨਦਾਰੀ ਤੇ ਵਫਾਦਾਰੀ ਵਿਖਾਉਂਦੀ ਹੈ ਕਿਉਂਕਿ ਉਸ ਦਾ ਵਜੂਦ ਸਮਾਜ ਦਾ ਜ਼ਰੂਰੀ ਅੰਗ ਬਣ ਚੁੱਕਿਆ ਹੁੰਦਾ ਹੈ। ਸਮਾਜ ਨੂੰ ਬਿਹਤਰ ਬਣਾਉਣ ਦੀ ਗੁਰਜ ਵੀ ਮਾਂ ਕੋਲ ਹੁੰਦੀ ਹੈ। ਸਾਫ਼-ਸੁਥਰਾ, ਨਰੋਆ ਤੇ ਨਿਗਰ ਸਮਾਜ ਮਾਂ ਦੇ ਸਿਰ 'ਤੇ ਹੀ ਸਿਰਜਿਆ ਜਾ ਸਕਦਾ ਹੈ। ਇਨਸਾਨੀਅਤ ਮਾਂ ਦੇ ਆਚਰਣ ਅਤੇ ਜ਼ਿੰਦਗੀ ਦੀ ਸਭ ਤੋਂ ਵੱਡੀ ਪਛਾਣ ਹੁੰਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੁਨੀਆਂ 'ਤੇ ਬੱਚੇ ਹੀ ਮਾਂ ਦੀ ਦੌਲਤ ਹੁੰਦੇ ਹਨ। ਉਹਨਾਂ ਦੇ ਨਾਲ ਹੀ ਸ਼ਾਨੋਸ਼ੌਕਤ ਨਾਲ ਜ਼ਿੰਦਗੀ ਬਤੀਤ ਕਰਨ ਦੇ ਯੋਗ ਹੁੰਦੀ ਹੈ। ਬੱਚਿਆਂ ਨਾਲ ਹੀ ਉਸ ਦੇ ਔਰਤਪੁਣੇ ਨੂੰ ਜਿਉਂਦਾ ਰੱਖਿਆ ਜਾ ਸਕਦਾ ਹੈ। ਬਾਂਝ ਔਰਤ ਬੰਦਿਆਂ ਦੀ ਸ਼੍ਰੇਣੀ ਵਿੱਚ ਆ ਜਾਂਦੀ ਹੈ। ਸਿਰਜਨਾ ਕਰ ਕੇ ਮਾਂ ਨੂੰ ਖੁਸ਼ੀ ਮਿਲਦੀ ਹੈ। ਸਿਰਜਨਾ ਵਿੱਚ ਉਸ ਨੂੰ ਆਪਣਾ ਵਜੂਦ ਨਜ਼ਰ ਆਉਂਦਾ ਹੈ। ਸਿਰਜਨਾ ਦੀ ਖੁਸ਼ੀ ਵਿੱਚ ਤਣਾਓ, ਸੰਸਾ, ਫਿਕਰ ਮੁਕਤ ਹੋ ਕੇ ਰਹਿੰਦੀ ਹੈ। ਜਿਵੇਂ ਮੂਰਤੀਕਾਰ ਸਿਰਜਨਾ ਕਰਨ ਸਮੇਂ, ਮੂਰਤੀ ਦੇ ਨੈਣ ਨਕਸ਼ ਘੜਨ ਤੇ ਰੰਗ ਭਰਨ ਵਿੱਚ ਖੁੱਭਿਆ ਹੁੰਦਾ ਹੈ ਅਤੇ ਆਪਣੇ ਆਪ ਦਾ ਧਿਆਨ ਨਹੀਂ ਰਹਿੰਦਾ। ਰੋਟੀ ਖਾਣੀ ਭੁੱਲ ਜਾਂਦਾ ਹੈ। ਜਦੋਂ ਮੂਰਤੀ ਤਿਆਰ ਹੋ ਜਾਂਦੀ ਹੈ ਤਾਂ ਇਉਂ ਪ੍ਰਸੰਨ ਹੁੰਦਾ ਹੈ ਜਿਵੇਂ ਮਾਂ ਬੱਚੇ ਨੂੰ ਵੇਖ ਵੇਖ ਅਨੰਦ-ਪ੍ਰਸੰਨ ਹੁੰਦੀ ਹੈ। ਗੋਦੀ ਚੁੱਕ ਕੇ ਮੂੰਹ ਮੱਥਾ ਚੁੰਮਦੀ, ਲਾਡ ਲਡਾਉਂਦੀ ਖੀਵੀ ਹੋ ਜਾਂਦੀ ਹੈ। ਮੂਰਤੀਕਾਰ ਟਿਕਟਿਕੀ ਲਾ ਕੇ ਜਦੋਂ ਵੇਖਦਾ ਹੈ ਤਾਂ ਮੂਰਤੀ ਵਿੱਚ ਆਪਣਾ ਆਪ ਸਮੋਇਆ ਹੋਇਆ ਨਹੀਂ ਲਗਦਾ ਸਗੋਂ ਆਪਣਾ ਚਿਹਰਾ, ਭਾਵਨਾਵਾਂ, ਕਲਪਨਾਵਾਂ ਦਾ ਸਾਰਥਕ ਰੂਪ ਸਪੱਸ਼ਟ ਦਿਖਾਈ ਦਿੰਦਾ ਹੈ। ਸਿਰਜਨਾ ਨੂੰ ਵੇਖ ਕੇ ਅਕਾਸ਼ੀ ਉਡਾਰੀਆਂ ਲਾਉਣ ਲੱਗ ਜਾਂਦਾ ਹੈ। ਗਮੀ-ਖੁਸ਼ੀ, ਦੁੱਖ-ਸੁੱਖ ਹਰ ਸਮੇਂ ਮਾਂ ਦੇ ਦਿਲ ਵਿੱਚ ਬੱਚਿਆਂ ਨੂੰ ਸਿਮਰਨ ਦੀ ਧਾਰਾ ਨਿਰੰਤਰ ਵਹਿ ਰਹੀ ਹੁੰਦੀ ਹੈ। ਇਹ ਧਿਆਨ ਐਨਾ ਗਹਿਰਾ ਹੁੰਦਾ ਹੈ ਕਿ 'ਆਪ' ਮਿਟ ਜਾਂਦਾ ਹੈ। ਧਾਰਮਿਕ ਵਿਅਕਤੀ ਨੂੰ ਜੋ ਅਨੰਦ ਸਮਾਧੀ ਵਿੱਚੋਂ ਆਉਂਦਾ ਹੈ। ਮਾਂ ਉਸ ਤੋਂ ਕਿਤੇ ਵੱਧ ਅਨੰਦ ਬੱਚਿਆਂ ਨੂੰ ਪਾਲ ਕੇ, ਗੰਦ ਮੰਦ ਧੋ ਕੇ, ਪਿਆਰ ਕਰਕੇ ਆਉਂਦਾ ਹੈ।

ਮਾਂ ਦੀ ਮਮਤਾ, ਪਸ਼ੂਆਂ, ਪੰਛੀਆਂ, ਜਾਨਵਰਾਂ ਨਾਲ ਪਿਆਰ ਕਰਨ ਵਿੱਚ ਵੀ ਬੇਵਫਾਈ ਨਹੀਂ ਕਰ ਸਕਦੀ। ਬੱਚਿਆਂ ਦੇ ਵਿਛੋੜੇ ਵਿੱਚ ਇਹਨਾਂ ਦੀ ਆਂਦਰਾਂ ਤੜਫਦੀਆਂ, ਸੁੰਧਕਦੀਆਂ, ਤਰਸਦੀਆਂ ਰਹਿੰਦੀਆਂ ਹਨ। ਕੱਟਰੂ ਮਰਨ ਤੇ ਉਸ ਦੀ ਖੱਲ ਦਾ ਮੂਰਾ ਬਣਾ ਲਿਆ ਜਾਂਦਾ ਹੈ। ਭਾਵੇਂ ਕਿੱਡੀ ਕੌੜ ਮੱਝ ਹੋਵੇ, ਮੂਰੇ ਨੂੰ ਸੰਘਾਉਣ, ਨਾਲ ਲਾਉਣ ਤੇ ਲਿਸੋਲਿਸ ਲਾਹ ਲੈਂਦੀ ਹੈ। ਬਾਂਦਰੀ ਆਪਣੇ ਬੱਚੇ ਦੇ 'ਕੰਕਾਲ' ਨੂੰ ਸਾਲ ਭਰ ਢਿੱਡ ਨਾਲ ਲਾ ਕੇ ਮਮਤਾ ਨੂੰ ਧਰਵਾਸ ਦਿੰਦੀ ਰਹਿੰਦੀ ਹੈ।

ਪਿਆਰ ਬਾਰੇ ਸੋਚਿਆ ਨਹੀਂ ਜਾ ਸਕਦਾ ਅਤੇ ਨਾ ਹੀ ਪੈਦਾ ਕੀਤਾ ਜਾ ਸਕਦਾ ਹੈ। ਕੋਈ ਅਭਿਆਸ ਵੀ ਨਹੀਂ ਹੁੰਦਾ। ਇੱਕ, ਨਾਲ ਸੱਚੇ ਦਿਲੋਂ ਪਿਆਰ ਕਰਨਾ ਆ ਜਾਵੇ ਤਾਂ ਸਾਰੀ ਦੁਨੀਆਂ ਪਿਆਰੀ ਲੱਗਣ ਲੱਗ ਜਾਂਦੀ ਹੈ। ਪਿਆਰ ਦੀ ਬਖ਼ਸ਼ਿਸ਼ ਹੋ ਜਾਂਦੀ ਹੈ। ਜਦੋਂ ਮਾਂ ਪਿਆਰ ਕਰਦੀ ਹੈ। ਮਮਤਾ ਜਾਗਦੀ ਹੈ ਤਾਂ ਕੋਈ ਇਕ ਨਹੀਂ ਹੁੰਦਾ ਤੇ ਨਾ ਹੀ ਅਨੇਕ। ਵੱਸ ਪਿਆਰ ਹੀ ਹੁੰਦਾ ਹੈ। ਉਸ ਨੂੰ ਦੂਜੇ ਦੇ ਬੱਚੇ ਨਾਲ ਪਿਆਰ ਕਰ ਕੇ ਵੀ ਅਨੰਦ ਆਉਂਦਾ ਹੈ। ਜਿੱਥੇ ਪਿਆਰ ਹੁੰਦਾ ਹੈ ਉਥੇ ਆਪਣੀ ਹੋਂਦ ਮਿਟੀ ਹੋਈ ਹੁੰਦੀ ਹੈ। ਬੱਚੇ ਦੀ ਇੱਛਾ ਮਾਂ ਦੀ ਇੱਛਾ ਹੁੰਦੀ ਹੈ। ਮਾਂ ਦੇ ਪਿਆਰ ਵਿੱਚ ਟਕਰਾਉ ਨਹੀਂ ਹੁੰਦਾ। ਨਾ ਹੀ ਘੁਮੰਡ ਹੁੰਦਾ ਹੈ। ਪਿਆਰ ਕਰ ਕੇ ਮਾਂ ਨੂੰ ਜਦੋਂ ਸ਼ਾਂਤੀ ਮਿਲਦੀ ਹੈ ਤਾਂ ਅੰਦਰਲੀ ਅਵਾਜ ਸੁਣਨ ਲਗਦੀ ਹੈ ਤੇ ਬੱਚਿਆਂ ਦੀ ਰਮਜ ਪਛਾਣਨਯੋਗ ਹੋ ਜਾਂਦੀ ਹੈ।

ਬੱਚੇ ਦੀ ਭੁੱਖ ਮਿਟਾਅ ਕੇ ਮਾਂ ਨੂੰ ਭੁੱਖ ਲਗਦੀ ਹੈ। ਉਸ ਨੂੰ ਦੁੱਧ ਪਿਆਉਂਦੀ, ਰੋਟੀ ਖਵਾਉਂਦੀ ਦੇ ਕਲੇਜੇ ਠੰਢ ਪੈਂਦੀ ਹੈ। ਕੂੰਜ ਵੀ ਮਾਂ ਦੀ ਤਰ੍ਹਾਂ ਚੋਗਾ ਚੁਗਦੀ ਹੈ। ਗੁਰਬਾਣੀ ਪੁਸ਼ਟੀ ਕਰਦੀ ਹੈ:- "ਚੁਗੇ ਚਿਤਾਰੇ ਭੀ ਚੁਗੇ, ਚੁਗ ਚੁਗ ਚਿਤਾਰੇ, ਜੈਸੇ ਬਛਰਾ, ਕੂੰਜ ਮਨ ਮਾਇਆ ਮਮਤਾ ਰੇ।" ਇਹ ਚੇਤਾ ਚਿੰਤਨ ਐਨਾ ਗਹਿਰਾ ਹੋ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਭੁੱਲ ਜਾਂਦੀ ਹੈ ਤੇ ਬੱਚੇ ਦੀ ਯਾਦ ਵਿੱਚ ਖੋ ਜਾਂਦੀ ਹੈ। ਕੂੰਜ ਦਾ ਵਾਰ ਵਾਰ ਚਿਤਾਰਨਾ ਧਿਆਨ ਬਣ ਜਾਂਦਾ ਹੈ। ਗਹਿਰਾ ਚਿੰਤਨ ਹੀ ਰੂਹਾਨੀ ਪ੍ਰੇਮ ਦਾ ਦਰ ਹੁੰਦਾ ਹੈ। ਚਿਤਾਰਨਾ ਹੀ ਭਗਤੀ ਹੁੰਦਾ ਹੈ। ਚਿੰਤਨ ਤੇ ਚੇਤਾ ਐਨਾ ਪ੍ਰਬਲ ਹੁੰਦਾ ਹੈ ਕਿ ਹਜ਼ਾਰਾਂ ਮੀਲਾਂ ਦੀ ਦੂਰੀ

ਤੱਕ ਪਹੁੰਚਾਇਆ ਜਾ ਸਕਦਾ ਹੈ। ਅਸੰਖ ਦੂਰੀ ਤਹਿ ਕਰਕੇ ਕੰਪਨ ਪੈਦਾ ਕਰ ਸਕਦਾ ਹੈ। ਜਿਹੜੀਆਂ ਕੂੰਜਾਂ ਧਿਆਨ ਨਹੀਂ ਧਰਦੀਆਂ। ਸਿਮਰਨ ਨਹੀਂ ਕਰਦੀਆਂ ਉਹਨਾਂ ਦੇ ਆਂਡਿਆਂ ਵਿੱਚੋਂ ਬੱਚੇ ਨਹੀਂ ਨਿਕਲਦੇ। ਖਰਾਬ ਹੋ ਜਾਂਦੇ ਹਨ। ਪਲ ਜਾਂਦੇ ਹਨ। ਸਿਰਫ ਬੱਚਿਆਂ ਦਾ ਧਿਆਨ ਹੀ ਨਹੀਂ ਰੱਖਣਾ ਹੁੰਦਾ ਸਗੋਂ ਆਂਡਿਆਂ 'ਚੋਂ ਨਿਕਲਣ ਵਾਲੇ ਬੋਟਾਂ ਦਾ ਚਿੰਤਨ ਕਰਨਾ ਹੁੰਦਾ ਹੈ। ਕੂੰਜਾਂ ਦੀ ਮਮਤਾ ਹੀ ਸਿਰਜਨਾ ਦਾ ਕੰਮ ਕਰਦੀ ਹੈ।

ਮਾਵਾਂ ਦੀ ਹਾਲਤ ਬਾਰੇ ਜੋ ਕੁਝ ਸੁਣਿਆ, ਵੇਖਿਆ, ਹੰਢਾਇਆ ਦਾ ਲਾਵਾ ਜਵਾਲਾਮੁਖੀ ਬਣ ਕੇ ਫਟਣ ਲੱਗਾ ਤਾਂ ਪਾਣੀ ਦਾ ਛਿੱਟਾ ਮਾਰਨ, ਜ਼ਜ਼ਬਾਤਾਂ ਨੂੰ ਠੰਢਾ ਕਰਨ ਖਾਤਰ ਕਲਮ ਦੀ ਮਦਦ ਲੈਣੀ ਪਈ। ਮਾਂ ਦਾ ਪ੍ਰਤੀਕ ਲੈ ਕੇ ਆਪਣੇ ਆਪ ਨੂੰ ਸਮਿਲਤ ਕੀਤਾ ਗਿਆ। ਅਸਲ ਵਿਚ ਯਥਾਰਥ ਉਹੀ ਹੁੰਦਾ ਹੈ। ਜਿਸ ਵਿਚ ਸੱਚੇ ਦਿਲੋਂ ਆਪਾ ਸ਼ਾਮਲ ਕੀਤਾ ਗਿਆ ਹੋਵੇ। ਆਪਾ ਪ੍ਰਗਟਾਏ ਬਿਨਾਂ ਰਚਨਾ ਅਧੂਰੀ ਰਹਿ ਜਾਂਦੀ ਹੈ। ਭਾਵੇਂ ਇਸ ਨੂੰ ਵੀ ਸ਼ਾਮਲ ਕੀਤਾ ਨਾ ਜਾਵੇ ਪਰ ਫਿਰ ਆਪਣਾ ਪ੍ਰਭਾਵ ਮੱਲੋਮੱਲੀ ਦਿਖਾਅ ਹੀ ਦਿੰਦਾ ਹੈ। ਇਹ ਨਾ ਮੇਰੀ ਮਾਂ ਹੈ। ਨਾ ਪਾਠਕ ਦੀ ਮਾਂ ਹੈ। ਸਗੋਂ ਸਭ ਦੀ ਮਾਂ ਤੇ ਠੰਢੀ ਛਾਂ ਹੈ। ਮਾਵਾਂ ਦੇ ਦੁੱਖ ਸਾਂਝੇ ਹੁੰਦੇ ਹਨ। ਮਾਵਾਂ ਦੇ ਦਰਦ ਸਿਰਫ ਮਾਵਾਂ ਹੀ ਜਾਣ ਸਕਦੀਆਂ ਹਨ। ਦੁੱਖ ਹੰਢਾਏ ਬਿਨਾਂ ਪਰਾਏ ਦਰਦ ਦੀ ਪਛਾਣ ਨਹੀਂ ਹੋ ਸਕਦੀ। ਆਪਣੇ ਘਰ ਲੱਗੀ ਅੱਗ, ਦੂਜੇ ਦੇ ਘਰ ਲੱਗੀ ਬਸੰਤਰ। ਜਿਸ ਮਾਂ ਦੇ ਬੱਚੇ ਨਹੀਂ ਹੁੰਦੇ, ਉਹ ਢਿੱਡੋਂ ਜਾਇਆਂ ਦੇ ਪਿਆਰ ਨੂੰ ਕੀ ਸਮਝੇਗੀ। ਨਾ ਹੀ ਬੱਚਿਆਂ ਦੇ ਵਿਛੋੜੇ ਦੀ ਅਗਨ ਸਮਝ ਸਕਦੀ ਹੈ। ਜਰਾ!ਉਸ ਮਾਂ ਦਾ ਧਿਆਨ ਧਰੋ ਜਿਹੜੀ ਮਾਸੂਮਾਂ ਤੋਂ ਜੁਦਾ ਹੋਈ ਹੋਵੇ। ਭਾਵ ਮੌਤ ਨਾਲ ਗਲਵਕੜੀ ਪਾਏ ਬਿਨਾਂ ਮੌਤ ਦੀ ਹੋਣੀ ਦਾ ਅਹਿਸਾਸ ਨਹੀਂ ਹੁੰਦਾ।

ਮਾਵਾਂ ਅੱਜ ਵੀ ਦੁੱਖੀ ਹਨ ਤੇ ਪਹਿਲਾਂ ਵੀ ਨਰਕ ਭੋਗਦੀਆਂ ਸਨ। ਮੁੱਢ ਤੋਂ ਉਹਨਾਂ ਦੇ ਦਰਦ, ਕਸਕ, ਕਰਕ ਨੂੰ ਪਛਾਣਨ ਵਾਲੇ ਆਟੇ ਵਿੱਚ ਲੂਣ ਵਾਂਗ ਸੀ। ਅੱਜ ਵੀ ਲੂਣ ਦੀ ਮਿਕਦਾਰ ਵਧੀ ਨਹੀਂ। ਪਰ ਮਾਵਾਂ ਨੇ ਫਰਜ ਨਿਭਾਉਣ ਤੋਂ ਪਾਸਾ ਨਹੀਂ ਵੱਟਿਆ। ਮਾਂ ਦੇ ਲਾਡਲੇ ਪੁੱਤ ਦਗ ਦਗ ਕਰਦੀ, ਸਿਖਰ ਦੁਪਹਿਰ ਵਰਗੀ ਜਵਾਨੀ ਨੂੰ ਨਸ਼ਿਆਂ ਵਿੱਚ ਇਉਂ ਗੁਆ ਰਹੇ ਹਨ, ਜਿਵੇਂ ਮੁੱਠੀ ਵਿਚੋਂ ਰੇਤ ਕਿਰਦੀ ਹੈ ਤੇ ਮੁੱਠੀ ਖਾਲੀ ਹੋਣ ਤੇ ਮਾਂ ਦੀ ਧਾਹ ਨਿਕਲ ਜਾਂਦੀ ਹੈ। ਬਾਕੀ ਕੁਝ ਵੀ ਨਹੀਂ ਬਚਦਾ ਬੇੜਾ ਹੀ ਰੁੜ੍ਹ ਜਾਂਦਾ ਹੈ। ਇਹ ਹਾਲਾਤ ਦੇਖ ਕੇ ਮਾਵਾਂ ਨੂੰ ਗਸ਼ ਪੈ ਪੈ ਜਾਂਦੇ ਹਨ। ਦੁੱਧ ਮੱਖਣਾਂ ਨਾਲ ਪਾਲੀ ਦੇਹੀ ਨਸ਼ਿਆਂ ਦੇ ਸੇਕ ਵਿੱਚ ਸੜ ਕੇ ਸੁਆਹ ਹੋ ਰਹੀ ਹੈ ਤੇ ਮਾਪਿਆਂ ਨੂੰ ਜ਼ਿੰਦਗੀ ਲਈ ਰੋਗੀ ਸੋਗੀ ਬਣਾਅ ਜਾਂਦੀ ਹੈ। ਸੁੱਖਾਂ ਸੁੱਖ, ਅਰਦਾਸਾਂ, ਬੇਨਤੀਆਂ, ਨੱਕ ਗੋਡੇ ਰਗੜ, ਚੌਂਕੀਆਂ ਭਰ, ਰਾਤਾਂ ਜਾਗ ਜਾਗ, ਲਹੂ ਨਾਲ ਸਿੰਜ ਕੇ ਬਿਹਤਰ ਭਵਿੱਖ ਦੀ ਖਾਤਰ ਜੋ ਮਿਹਨਤ ਕੀਤੀ ਸੀ ਉਸ ਦਾ ਫਲ ਜ਼ਹਿਰ ਵਰਗਾ ਕੌੜਾ ਹੋ ਗਿਆ ਹੈ। ਇਹੋ ਜਿਹੀਆਂ ਖਬਰਾਂ ਪੜ੍ਹਨ, ਸੁਣਨ ਨੂੰ ਮਿਲਦੀਆਂ ਹਨ ਕਿ ਪਤੀਆਂ ਦੀਆਂ ਤੰਗ ਕੀਤੀਆਂ, ਪੁੱਤਾਂ ਦੀਆਂ ਸਤਾਈਆਂ ਛੋਟੇ ਬੱਚਿਆਂ ਦੀ ਉਂਗਲ ਫੜ, ਅੱਖਾਂ ਨੂੰ ਚੁੰਨੀ ਨਾਲ ਪੂੰਝਦੀਆਂ ਹੋਈਆਂ ਨਹਿਰ ਵਿੱਚ ਛਾਲ ਮਾਰ ਕੇ ਜਾਂ ਸਲਫਾਸ ਖਾ ਕੇ ਆਪਣੀ ਅਲਖ ਮੁਕਾਅ ਲੈਂਦੀਆਂ ਹਨ ਤੇ ਅੱਧ ਖਿੜੇ ਫੁੱਲਾਂ ਦੀ ਪਘੂੰੜੇ ਵਿੱਚ ਖੇਡਣ ਵਾਲੀ ਉਮਰ ਦਾ ਭੋਗ ਪਾ ਦਿੰਦੀਆਂ ਹਨ। ਪਰ ਮਮਤਾ ਫਿਰ ਵੀ ਬੱਚੇ ਪੈਦਾ ਕਰਨ, ਸਾਂਭ ਸੰਭਾਲ ਕਰਨ ਤੋਂ ਤੋਬਾ ਨਹੀਂ ਕਰਦੀ।

ਕਿਸ ਸੇ ਪਤਾ ਪੂਛੇਂ ਮੰਜ਼ਲੇ ਜਾਣਾ,
ਜਿਸ ਕੋ ਖਬਰ ਥੀ, ਵੋਹ ਤੋ ਬੇਖਬਰ ਮਿਲਾ।

ਨਸ਼ੇ ਜ਼ਿੰਦਗੀ ਤੋਂ ਬੇਮੁੱਖ ਕਰ ਦਿੰਦੇ ਹਨ। ਬੁੱਢੀਆਂ ਤੇ ਬੇਸਹਾਰਾ ਮਾਵਾਂ ਅਜੇ ਵੀ ਦੁਆਵਾਂ ਕਰ ਰਹੀਆਂ ਹੁੰਦੀਆਂ ਹਨ ਕਿ ਮੇਰੇ ਜਾਏ ਜਿੱਥੇ ਵੀ ਹੋਣ ਸੁਖੀ ਵਸਣ।

ਭਵਿੱਖ ਵਿੱਚ ਬਿਹਤਰ ਸਮਾਜ ਦੀ ਸਿਰਜਨਾ ਵੀ ਖਤਰੇ ਵਿੱਚ ਹੈ। ਮਾਂ ਦੇ ਦਰਦ ਨੂੰ ਵੰਡਾਉਣ ਵਿੱਚ ਵੀ ਸਾਜਗਾਰ ਨਹੀਂ ਹੋਵੇਗਾ। ਅਸੀਂ ਇਹ ਸੋਚਿਆ ਹੀ ਨਹੀਂ ਕਿ ਕਿਹੋ ਜਿਹੇ ਸਮਾਜ ਦੀ ਸਿਰਜਨਾ ਕਰ ਰਹੇ ਹਾਂ। ਬਹੁਤੀਆਂ ਮਾਵਾਂ ਦੇ ਸਿਰਫ ਇਕੋ ਇਕ ਔਲਾਦ ਲੜਕਾ ਜਾਂ ਲੜਕੀ ਹੁੰਦਾ ਹੈ। ਜੇ ਪਹਿਲਾਂ ਲੜਕਾ ਹੋ ਜਾਵੇ ਤਾਂ ਕਿਸੇ ਕੌਲ ਵੀ ਲੜਕੀ ਨੂੰ ਪੈਦਾ ਨਹੀਂ ਹੋਣ ਦਿੱਤਾ ਜਾਂਦਾ। ਜਰਾ ਸੋਚੋ! ਉਸ ਲੜਕੇ ਦੇ ਭੈਣ ਨਹੀਂ, ਭਰਾ ਨਹੀਂ, ਭੂਆ ਨਹੀਂ, ਚਾਚੀ, ਤਾਈ, ਮਾਸੀ ਵੀ ਨਹੀਂ ਤਾਂ ਉਸ ਦਾ ਰਿਸ਼ਤਾ ਕਿਸ ਨਾਲ ਹੋਵੇਗਾ। ਜੇ ਇਕੱਲੀ ਧੀ ਹੋਈ ਤਾਂ ਮਾਮਾ ਮਾਮੀ ਦਾ ਰਿਸ਼ਤਾ ਕਿਵੇਂ ਬਣੇਗਾ। ਨਾਨਾ ਨਾਨੀ ਤੋਂ ਬਾਅਦ ਨਾਨਕਿਆਂ ਦੇ ਰਿਸ਼ਤੇ ਦਾ ਭੋਗ ਪੈ ਜਾਵੇਗਾ। ਰਿਸ਼ਤੇ ਸੁੰਗੜ ਜਾਣਗੇ। ਭਾਵਨਾਵਾਂ ਦੀ ਸਾਂਝ ਦੇ ਰਿਸ਼ਤੇ ਨਾ ਮਾਤਰ ਰਹਿ ਜਾਣਗੇ। ਅੱਗੇ ਸੋਚੋ ਪੁੱਤ ਦੇ ਬੇਕਦਰ ਕੀਤੇ ਮਾਪੇ ਕਿਹੜੇ ਖੂਹ ਖਾਤੇ 'ਚ ਡਿੱਗਣਗੇ। ਜੇ ਧੀ ਹੋਵੇ ਤਾਂ ਆਸ ਬੱਝਦੀ ਹੈ ਕਿ ਮਾਪੇ ਸਹਿਕਦੇ ਰਹਿ ਸਕਣਗੇ। ਉਹ ਮਾਂ ਬਾਪ ਨੂੰ ਜ਼ਰੂਰ ਸੰਭਾਲੇਗੀ। ਸਿਆਣਿਆਂ ਦਾ ਕਥਨ ਹੈ ਕਿ ਮਾਪੇ ਮਰਨ ਤੇ ਪੁੱਤਾਂ ਨੂੰ ਵਿਹੜਾ ਖੁੱਲ੍ਹਾ ਲੱਗਣ ਲੱਗ ਜਾਂਦਾ ਹੈ ਤੇ ਧੀਆਂ ਨੂੰ ਭੀੜਾ ਲਗਦਾ ਹੈ। ਕੋਈ ਧੀ ਹੀ ਹੋਵੇਗੀ ਜਿਹੜੀ ਬੁੱਢੇ ਮਾਪਿਆਂ ਦੀ ਸਾਰ ਨਾ ਲਵੇ। ਅਜਿਹੇ ਸਮਾਜ ਵਿੱਚ ਇਕੱਲੀ ਮਾਂ ਹੀ ਦੁਖੀ ਨਹੀਂ ਹੋਵੇਗੀ ਸਗੋਂ ਹਰੇਕ ਔਰਤ ਨੂੰ ਜ਼ਿੰਦਗੀ ਬਤੀਤ ਕਰਨੀ ਵਰਤਮਾਨ ਨਾਲੋਂ ਵੀ ਮੁਸ਼ਕਲ ਹੋ ਜਾਵੇਗੀ। ਔਰਤਾਂ ਦੀ ਗਿਣਤੀ ਵੈਸੇ ਵੀ ਘੱਟ ਰਹੀ ਹੈ। ਸਮਾਜ ਵਿੱਚ ਅਪਰਾਧਿਕ ਬਿਰਤੀ ਵਾਲੇ ਲੋਕ ਹੀ ਹੋਣਗੇ।

ਮਾਂ ਦੀ ਬਿਮਾਰੀ ਕਾਰਨ, ਪਘੂੰੜੇ ਤੋਂ ਮੇਰੀ ਦੋਸਤੀ ਦੇ ਰਖਵਾਲੇ ਦਾਦਾ ਅਤੇ ਪਿਤਾ ਹੋ ਗਏ। ਤੰਦਰੁਸਤ ਹੋਣ ਤੇ ਮਾਂ ਲਾਡ ਲਡਾਉਂਦੀ। ਪਰ ਬਚਪਨ ਦੀ ਦੂਰੀ ਮੈਨੂੰ ਦੂਰ ਭਜਾਅ ਦਿੰਦੀ। ਤਿੰਨੇ ਭੂਆ ਵੀ ਮੈਨੂੰ ਬਹੁਤ ਪਿਆਰ ਕਰਦੀਆਂ ਛੋਟੀ ਭੂਆ ਦੇ ਕਈ ਸਾਲ ਬੱਚਾ ਨਾ ਹੋਇਆ। ਉਹ ਬੁਕਲ 'ਚ ਲੈ ਮੂੰਹ ਮੱਥਾ ਚੁੰਮਦੀ ਤਾਂ ਮੈਨੂੰ ਗਿਲਾਨੀ ਆਉਂਦੀ। ਦੂਰ ਭੱਜ ਜਾਂਦਾ। ਉਹ ਵਿਚਾਰੀ ਸੱਦਦੀ ਰਹਿ ਜਾਂਦੀ। ਅਸਲ ਵਿੱਚ ਔਰਤਾਂ ਤੋਂ ਡਰਨ ਲੱਗ ਪਿਆ। ਔਰਤ ਦੇ ਸਾਹਮਣੇ ਝਾਕ ਵੀ ਨਹੀਂ ਸਕਦਾ ਸੀ। ਅੱਜ ਪਛਤਾਵਾ ਹੋ ਰਿਹਾ ਹੈ। ਮਾਂ ਦੀ ਸੇਵਾ ਵੀ ਇਕ ਸਾਲ ਡਟ ਕੇ ਕਰ ਸਕਿਆ। ਅਲਵਿਦਾ ਕਹਿਣ ਤੋਂ ਪਹਿਲਾਂ ਮਾਂ ਨੇ ਕੋਲ ਸੱਦਿਆ, "ਪੁੱਤ ਸਿਰ ਮੇਰੀ ਛਾਤੀ ਤੇ ਰੱਖ ਦੇਹ।" ਮਾਂ ਨੇ ਕੰਬਦਾ ਹੱਥ ਸਿਰ ਤੇ ਰੱਖਿਆ ਤੇ ਥਿੜਕਦੀ ਅਵਾਜ 'ਚ ਆਖਰੀ ਬੋਲ ਮੇਰੇ ਕੰਨਾਂ ਵਿੱਚ ਮਾਂ ਦੇ ਪਿਆਰ ਦਾ ਚੇਤਾ ਕਰਵਾਉਣ ਲੱਗੇ। "ਪੁੱਤ ਹੁਣ ਮੈਨੂੰ ਮਰਨਾ ਸੌਖਾ ਹੋ ਗਿਆ ਹੈ।" ਅੱਜ ਮੇਰਾ ਸਿਰ ਮਾਂ ਦੀ ਛਾਤੀ ਟਿਕਣ ਲਈ ਤਰਸ ਰਿਹਾ ਹੈ। ਜਦੋਂ ਮਾਂ ਦੀ ਗੋਦੀ ਵਿੱਚ ਬੈਠਾ ਬੱਚਾ ਵੇਖਦਾ ਹਾਂ ਮੇਰਾ ਬਚਪਨ ਇੱਕ ਕਦਮ ਵੀ ਅੱਗੇ ਨਹੀਂ ਪੁੱਟਣ ਦਿੰਦਾ ਤੇ ਜੂੜ ਪਾ ਕੇ ਖੜ੍ਹ ਜਾਂਦਾ ਹੈ। ਅੱਜ ਮਾਂ ਦੇ ਚੇਤੇ ਅਤੇ ਚਿੰਤਨ ਮੁੱਲ ਸਮਾਧੀ ਨਾਲੋਂ ਜ਼ਿਆਦਾ ਲੱਗ ਰਿਹਾ ਹੈ। ਸਮਾਧੀ ਦਾ ਸਮਾਂ ਨਿਸਚਿਤ ਹੁੰਦਾ ਹੈ। ਪਰ ਚੇਤਾ ਤੇ ਚਿੰਤਨ ਨਿਰੰਤਰ ਜਾਰੀ ਰਹਿੰਦਾ ਹੈ ਜਿੰਨਾਂ 'ਚ ਮਾਂ ਦੇ ਸਾਹ ਵਗਦੇ ਹਨ। ਸੁਪਨੇ 'ਚ ਵੀ ਮਾਂ ਸਿਰ ਤੇ ਹੱਥ ਰੱਖ ਜਾਂਦੀ ਹੈ।

# ਮਾਂ ਦੱਸੇ ਗੁਰ ਰਸੋਈ ਦਾ,ਕਿਵੇਂ ਪ੍ਰਫੱਕ ਹੋਈ ਦਾ?

ਵੱਖ ਵੱਖ ਪ੍ਰਕਾਰ ਦੇ ਲਜ਼ੀਜ਼ ਖਾਣੇ ਬਣਾਉਣਾ ਰਸੋਈ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ। ਦੇਸੀ ਖਾਣੇ ਤਿਆਰ ਕਰਨਾ ਰਸੋਈ ਦੇ ਖੱਬੇ ਹੱਥ ਦੀ ਖੇਡ ਹੁੰਦਾ ਸੀ। ਰਸੋਈ ਦਾ ਕੰਮ ਸਿੱਖਣ ਲਈ ਵਿਸ਼ੇਸ਼ ਪ੍ਰਕਾਰ ਦੀ ਸਿਖਲਾਈ ਵੀ ਨਹੀਂ ਹੁੰਦੀ ਸੀ। ਲਿਖਤ ਸਮੱਗਰੀ ਉਪਲੱਬਧ ਨਹੀਂ ਸੀ। ਅਣਪੜ੍ਹ ਮਾਵਾਂ ਇਸ

ਇਬਾਰਤ ਨੂੰ ਉਠਾਉਣ ਗੋਚਰੀਆਂ ਵੀ ਨਹੀਂ ਸਨ। ਕਿਉਂਕਿ ਚਾਰ ਦੀਵਾਰੀ ਤੋਂ ਬਾਹਰ ਨਜ਼ਰ ਮਾਰਨਾ ਮਨ੍ਹਾ ਸੀ। ਰਸੋਈ ਦੇ ਕੰਮ 'ਚ ਮੁਹਾਰਤ ਹਾਸਲ ਕਰਨ ਲਈ ਬਜ਼ੁਰਗ ਔਰਤਾਂ ਪੀੜ੍ਹੀ ਦਰ ਪੀੜ੍ਹੀ ਜ਼ਰੂਰੀ ਨੁਕਤਿਆਂ ਨੂੰ ਕੰਠ ਕਰਵਾਉਂਦੀਆਂ ਰਹੀਆਂ ਨੂੰਹ ਧੀ ਇਸ ਕੰਮ ਵਿੱਚ ਕਸਰ ਵਿਖਾਉਂਦੀ ਤਾਂ ਸਾਰਾ ਦੋਸ਼ ਮਾਂ ਸਿਰ ਥੱਪਿਆ ਜਾਂਦਾ। ਕੁਡਰ ਹੋਣ ਦਾ ਫ਼ਤਵਾ ਦੇ ਕੇ ਨਕਾਰਿਆ ਜਾਂਦਾ। ਰਿਸ਼ਤਾ ਲੈਣ ਦੇਣ ਵੇਲੇ ਅੱਜ ਵਾਂਗੂੰ ਯੋਗਤਾ ਦੇ ਸਰਟੀਫਿਕੇਟ ਨਹੀਂ ਵੇਖੇ ਜਾਂਦੇ ਸਨ। ਸਗੋਂ ਕਬੀਲਦਾਰੀ ਦੇ ਕੰਮਾਂ ਵਿੱਚ ਗੁਣਵਾਨ ਹੋਣ ਵਾਲੀ ਕੰਨਿਆ ਨੂੰ ਪਰਵਾਨ ਕਰ ਲਿਆ ਜਾਂਦਾ ਸੀ।

ਮਾਂ ਨੇ ਫਰਜ ਸਮਝ ਕੇ ਧੀਆਂ ਨੂੰ ਰਸੋਈ ਦੇ ਮੁੱਢਲੇ ਗੁਰਾਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਔਰਤ ਦਾ ਧਰਮ ਸਫਾਈ ਤੇ ਸੁੱਚਮ ਰੱਖਣਾ ਹੁੰਦਾ ਹੈ। ਆਪਣੀ ਦੇਹ ਨੂੰ ਪਵਿੱਤਰ ਰੱਖਣਾ ਹੈ। ਚੁੱਲ੍ਹਾ ਚੌਂਕਾ ਸਾਂਭਣਾ ਹੁੰਦਾ ਹੈ। ਇਸ ਗੁਣ ਦਾ ਬਿਗਾਨੇ ਘਰੇ ਜਾ ਕੇ ਮੁੱਲ ਪੈਂਦਾ ਹੈ। ਭੋਜਨ ਤਿਆਰ ਕਰਨ ਵਾਲੀ ਥਾਂ ਦੀ ਐਨੀ ਸਫ਼ਾਈ ਹੋਵੇ ਕਿ ਵੇਖਣ ਵਾਲੇ ਬਿਨਾਂ ਭੁੱਖ ਤੋਂ ਭੋਜਨ ਖਾਣ ਨੂੰ ਜੀਅ ਕਰ ਆਵੇ। ਮੱਖੀ, ਮੱਛਰ, ਟਿੱਡੀ, ਮਕੜੀ, ਕਿਰਲੀ ਦੇ ਬੱਚੇ ਤੋਂ ਬਚਾਅ ਹੋ ਜਾਂਦਾ ਹੈ। ਸੁੱਚੇ ਹੱਥਾਂ ਤੇ ਸੁੱਚੇ ਭਾਂਡਿਆਂ ਨਾਲ ਖਾਣਾ ਤਿਆਰ ਕਰਨਾ ਹੁੰਦਾ ਹੈ। ਸੁੱਚਮ ਕਾਇਮ ਰੱਖਣ ਲਈ ਪਾਣੀ ਪਹੁੰਚ ਵਿੱਚ ਹੋਣਾ ਚਾਹੀਦਾ ਹੈ। ਜੂਠੇ, ਮਿੱਠੇ ਹੱਥ ਆਪ ਵੀ ਨਹੀਂ ਲਾਉਣੇ ਤੇ ਬੱਚਿਆਂ ਨੂੰ ਨਹੀਂ ਲਾਉਣ ਦੇਣੇ। ਕਿਉਂਕਿ ਸਾਧੂ, ਸੰਤ, ਫਕੀਰ, ਮੰਗਤਾ, ਰਾਹੀ ਪਾਂਧੀ ਰੋਟੀ ਦੀ ਮੰਗ ਕਰ ਸਕਦਾ ਹੈ। ਕਿਸੇ ਨੂੰ ਜੂਠ ਖਵਾਉਣੀ ਤੇ ਆਪ ਖਾਣੀ ਬਹੁਤ ਮਾੜੀ ਹੁੰਦੀ ਹੈ। ਜੇ ਮਜ਼ਬੂਰੀ ਵੱਸ ਹੱਥ ਲਾਉਣੇ ਪੈ ਜਾਣ ਤਾਂ ਪੱਲੇ ਦੀ ਵਰਤੋਂ ਕਰੋ। ਪੱਲੇ ਨੂੰ ਵੀ ਸਾਫ਼ ਰੱਖੋ।

ਭੋਜਨ ਹਮੇਸ਼ਾ ਭੁੰਜੇ ਚੌਂਕੜਾ ਮਾਰ ਕੇ ਪ੍ਰਮਾਤਮਾ ਦਾ ਨਾਂ ਲੈ ਕੇ ਛਕੋ। ਜਿਹੋ ਜਿਹੀ ਚੀਜ਼ ਬਣੀ ਹੋਵੇ ਪਰਵਾਨ ਕਰੋ। ਨੁਕਸ ਨਾ ਕੱਢੋ। ਬਲਕਿ ਆਖੋ ਕਿ ਇਸ ਤਰ੍ਹਾਂ ਦਾ ਭੋਜਨ ਕਦੇ ਛਕਿਆ ਹੀ ਨਹੀਂ। ਅੰਤ ਵਿੱਚ ਵਿਸ਼ੇਸ਼ ਪ੍ਰਕਾਰ ਦੀ ਚੀਜ਼ ਮੰਗ ਕੇ ਸ਼ਰਮਿੰਦਾ ਨਾ ਕਰੋ।

ਜੇ ਝਲਾਨੀ ਵਿਚ ਰੋਟੀ-ਟੁੱਕ ਕਰਨਾ ਹੈ ਤਾਂ ਵੀ ਸਫਾਈ ਜ਼ਰੂਰੀ ਹੈ। ਚੁੱਲ੍ਹੇ, ਚੌਂਤਰੇ, ਤਵੀ, ਤੰਦੂਰ ਤੇ ਰਸੋਈ ਦਾ ਕੰਮ ਕਰਨਾ ਹੈ ਤਾਂ ਝਾੜੂ ਬਗੈਰਾ ਦਿਓ। ਗਰਦ ਉੱਠਦੀ ਹੋਵੇ ਤਾਂ ਪਾਣੀ ਦਾ ਛਿੱਟਾ ਮਾਰ ਲਵੋ। ਹਰ ਹਫ਼ਤੇ ਚੌਂਤਰੇ ਤੇ ਗੋਹੇ ਮਿੱਟੀ ਦਾ ਪੋਚਾ ਫੇਰ ਕੇ ਪਵਿੱਤਰ ਕਰੋ। ਸਫ਼ਾਈ ਐਨੀ ਰੀਝ ਨਾਲ ਹੋਵੇ ਕਿ ਵੇਖ ਕੇ ਅਗਲਾ ਆਖ ਉੱਠੇ, ਬਈ! ਭੁੰਜੇ ਧਰ ਕੇ ਰੋਟੀ ਖਾ ਲਵੋ।

ਰਸੋਈ ਦੇ ਕੰਮ ਆਉਣ ਵਾਲੇ ਭਾਂਡਿਆਂ ਵੱਲ ਧਿਆਨ ਮਾਰੋ। ਇਹ ਨਾ ਹੋਵੇ ਕਿ ਪਤੀਲੇ ਦੀਆਂ ਵੱਖੀਆਂ ਨਾਲ ਸੁਆਹ ਲੱਗੀ ਰਹਿ ਜਾਵੇ। ਪੁੱਠੇ ਕਿਨਾਰਿਆਂ ਵਾਲੇ ਬਰਤਨਾਂ ਦੇ ਕਿਨਾਰੇ ਸਾਫ਼ ਨਾ ਹੋਣ, ਜਿੰਨ੍ਹਾਂ ਵਿੱਚ ਦਾਲ ਸਬਜੀ ਬਣਾਉਣੀ ਹੁੰਦੀ ਹੈ। ਨਵਾਂ ਤਪਲਾ ਲਾਉਣਾ ਹੋਵੇ ਤਾਂ ਥੱਲੇ ਗਿੱਲੀ ਮਿੱਟੀ ਦਾ ਲੇਪਣ ਲਾ ਕੇ ਹਾਰੀ ਵਿੱਚ ਧਰੋ ਤਾਂ ਜੋ ਜ਼ਿਆਦਾ ਸੇਕ ਨਾਲ ਤੇੜ ਨਾ ਆ ਜਾਵੇ ਤੇ ਘੇਗਰਾ ਨਿਕਲ ਜਾਵੇ। ਗੋਹੇ ਨਾ ਘੱਟ, ਨਾ ਵੱਧ ਲੋੜ ਅਨੁਸਾਰ ਪਾਓ। ਭੰਨ ਕੇ ਪਾਓ। ਕਰੀਹ ਵੀ ਪਾਈ ਜਾ ਸਕਦੀ ਹੈ। ਆਟਾ ਗੁੰਨਣ ਵਾਲੀ ਪਰਾਤ ਸਾਰਿਆਂ ਦਾ ਧਿਆਨ ਖਿੱਚਦੀ ਹੈ। ਮਾਂ ਅਖਾਣ ਸੁਣਾਉਂਦੀ-ਜਿੱਥੇ ਵੇਖਾਂ ਤਵਾ ਪਰਾਤ, ਉੱਥੇ ਗਾਵਾਂ ਦਿਨ ਤੇ ਰਾਤ। ਕਿਉਂਕਿ ਪਰਾਤ ਵਿੱਚ ਗੁੱਝੇਗਾ ਤੇ ਤਵੇ ਤੇ ਪੱਕੇਗਾ। ਭੁੱਖ ਮਿਟੇਗੀ। ਰੋਟੀਆਂ ਪਕਾਉਣ ਤੋਂ ਪਹਿਲਾਂ ਤੇ ਪਿੱਛੋਂ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ। ਆਟਾ ਗੁੰਨਣ ਤੋਂ ਪਹਿਲਾਂ ਧੋ ਕੇ ਮੂਧੀ ਮਾਰ ਦਿਓ ਤਾਂ ਜੋ ਸੁੱਕ ਜਾਵੇ। ਸੁੱਕੀ ਹੋਈ ਪਰਾਤ ਵਿੱਚ ਆਟਾ ਗੁੰਨਣਾ ਚੰਗਾ ਰਹਿੰਦਾ ਹੈ। ਰੋਟੀਆਂ ਵਲੇਟਣ ਵਾਲੇ ਅਤੇ ਥਪਨੇ ਦੀ ਵਰਤੋਂ ਵਿੱਚ ਆਉਣ ਵਾਲੇ ਪੋਣੇ ਹਰ ਤੀਜੇ ਦਿਨ ਧੋਵੋ। ਮੈਲ਼ੇ ਪੋਣਿਆਂ ਤੇ ਮੱਖੀ ਬੜੀ ਛੇਤੀ ਬੈਠਦੀ ਹੈ। ਖੱਦਰ ਦੇ ਚਿੱਟੇ ਪੋਣੇ ਵਰਤੋਂ ਤਾਂ ਜੋ ਮੈਲ ਦਾ ਛੇਤੀ ਪਤਾ ਲੱਗ ਜਾਵੇ। ਕਾਸੀ ਦੀਆਂ ਥਾਲੀਆਂ, ਛੰਨੇ, ਕੌਲ, ਕੌਲੀਆਂ, ਸੁੱਕਮਾਂਜ ਕਰਕੇ ਕੱਪੜੇ ਨਾਲ ਅੰਦਰੋਂ ਬਾਹਰੋਂ ਪੂੰਝ ਕੇ ਟੋਕਰੀ

ਵਿੱਚ ਰੱਖੋ। ਸਚਿਆਰ ਬਣਨ ਤੇ ਸਚਿਆਰਪੁਣਾ ਰੱਖਣ ਲਈ ਮਿਹਨਤ, ਸਿਰੜ, ਸਿਦਕ, ਫੁਰਤੀ ਦੀ ਲੋੜ ਹੁੰਦੀ ਹੈ।

ਬਾਹਰ ਖਾਣਾ ਤਿਆਰ ਕਰਨ ਵਾਸਤੇ ਸਾਰਾ ਸਮਾਨ ਇਕੱਠਾ ਨਹੀਂ ਲਿਜਾਇਆ ਜਾ ਸਕਦਾ। ਕਿਸੇ ਮੈਂਬਰ ਦੀ ਮਦਦ ਲਈ ਜਾ ਸਕਦੀ ਹੈ। ਵੈਸੇ ਖਾਣ ਪੀਣ ਦਾ ਜੁਗਾੜ ਛੱਤ ਹੇਠਾਂ ਹੀ ਕਰਨਾ ਚਾਹੀਦਾ ਹੈ। ਉੱਡਦਾ ਹੋਇਆ ਪੰਛੀ ਬਿੱਠ ਮਾਰ ਕੇ ਪੱਕੇ ਪਕਾਏ ਦਾ ਨਾਸ ਮਾਰ ਦਿੰਦਾ ਹੈ। ਮਜ਼ਬੂਰੀ ਵੱਸ ਜਾਂ ਰੁੱਤ ਅਨੁਸਾਰ ਰੋਟੀ ਪਾਣੀ ਬਾਹਰਲੇ ਚੁੱਲ੍ਹੇ ਤੇ ਕਰਨਾ ਪੈ ਜਾਵੇ ਤਾਂ ਇੱਕ ਗੱਲ ਯਾਦ ਰੱਖੇ ਕਿ ਆਟੇ ਵਾਲੀ ਪਰਾਤ ਸਭ ਤੋਂ ਪਹਿਲਾਂ ਬਾਹਰ ਨਾ ਲਿਆਓ ਕਿਉਂਕਿ ਜਦੋਂ ਦੂਜੀਆਂ ਚੀਜ਼ਾਂ ਅੰਦਰ ਲੈਣ ਜਾਵਾਂਗੇ ਤਾਂ ਪਿੱਛੋਂ ਕਾਂ, ਚਿੜੀਆਂ, ਗਟਾਰਾਂ ਆਟਾ ਖਾ ਸਕਦੇ ਹਨ। ਠੁੰਗ ਮਾਰ ਸਕਦੇ ਹਨ। ਬਿੱਠਾਂ ਪਰਾਤ ਤੇ ਪੋਣਿਆਂ ਤੇ ਕਰ ਸਕਦੇ ਹਨ। ਰੋਟੀ ਵਰਤਾਉਣ ਵਾਲੀਆਂ ਸਾਰੀਆਂ ਚੀਜ਼ਾਂ ਆਪਣੀ ਪਹੁੰਚ ਵਿੱਚ ਰੱਖੋ। ਜੇਕਰ ਵਰਤਾਉਣ ਵਾਲੀ ਸੱਸ, ਦਾਦ ਸੱਸ, ਦਾਦੀ, ਦਰਾਣੀ, ਜਿਠਾਣੀ, ਮਾਸੀ, ਭੂਆ ਹੋਵੇ ਤਾਂ ਬਰਤਨ ਨਜ਼ਦੀਕ ਕਰ ਦਿਓ। ਖਾਣਾ ਪਕਾਉਣ ਤੋਂ ਪਹਿਲਾਂ ਚੁੱਲ੍ਹੇ ਅੱਗੇ ਲੋੜੀਂਦੇ ਬਾਲਣ ਦੀ ਤਸੱਲੀ ਕਰ ਲਵੋ। ਪਾਥੀਆਂ ਰੱਖੀਆਂ ਹੋਣ ਤਾਂ ਸੁੱਕੀਆਂ ਗਿੱਲੀਆਂ ਦਾ ਨਿਰਨਾ ਕਰ ਲਵੋ। ਭੰਨ ਕੇ ਵੇਖ ਲਵੋ। ਲੋੜੀਂਦੀ ਅੱਗ ਨਾ ਮੱਚੀ ਤਾਂ ਤਵੇ ਤੇ ਪਈਆਂ ਕੱਚੀਆਂ, ਪਿੱਲੀਆਂ ਰੋਟੀਆਂ ਸੁੱਕ ਕੇ ਬੇਸੁਆਦੀ ਹੋ ਜਾਣਗੀਆਂ।

ਮਾਂ ਕਿਹਾ ਕਰਦੀ, "ਆਟਾ ਗੁੰਨਣਾ ਹਰੇਕ ਨੂੰ ਨਹੀਂ ਆਉਂਦਾ।" ਲਤੀਫ਼ਾ ਸੁਣਾਉਂਦੀ- ਜੱਟ ਨੂੰ ਆਪਣੀ ਘਰਵਾਲੀ ਤੇ ਗੁੱਸਾ ਸੀ। ਬਾਹਰੋਂ ਆਇਆ। ਉਹ ਆਟਾ ਗੁੰਨੀ ਜਾਂਦੀ ਸੀ। ਗਾਲਾਂ ਦੇਣ ਲੱਗ ਗਿਆ। ਕਿਉਂਕਿ ਆਟਾ ਗੁੰਨਦੀ ਹਿਲਦੀ ਕਿਉਂ ਹੈ? ਉਸ ਨੇ ਗੁੱਸਾ ਕੱਢ ਲਿਆ। ਗੱਲ ਨੂੰ ਹੋਰ ਰੌਚਿਕ ਬਣਾਉਣ ਲਈ ਲੜੀ ਜੋੜਦੀ। ਪਤਨੀ ਦੇ ਪਤੀ ਪਸੰਦ ਨਹੀਂ ਸੀ। ਉਹ ਆਖਣ ਲੱਗੀ, "ਜੈ ਖਾਣੇ ਦਿਆ- ਤੇਰੀ ਤਾਂ ਖਾਂਦੇ ਦੀ ਦਾੜ੍ਹੀ ਹਿਲਦੀ ਐ। ਮੈਂ ਨੀ ਤੇਰੇ ਰਹਿੰਦੀ।'" ਚੁੰਨੀ ਚੁੱਕ ਕੇ ਤੁਰ ਗਈ। ਧੀਆਂ ਹੱਸ ਕੇ ਹੁੰਗਾਰਾ ਭਰ ਦਿੰਦੀਆਂ। ਲੋੜੀਂਦਾ ਪਾਣੀ ਪਾਉਣਾ, ਵੱਤ ਦਾ ਰੱਖਣਾ, ਮੁੱਕੀ ਦਿੱਤੇ ਬਿਨਾਂ ਆਟਾ ਕਿਵੇਂ ਗੁੰਨਿਆ ਜਾ ਸਕਦਾ ਹੈ? ਪਰਾਤ ਨਾਲ ਵੀ ਲੱਗਣ ਨਹੀਂ ਦੇਣਾ। ਹੱਥਾਂ ਨਾਲੋਂ ਲਾਹੁਣਾ ਹੁੰਦਾ ਹੈ। ਜੇ ਧੀ ਆਟਾ ਗੁੰਨਦੀ ਤਾਂ ਆਖਦੀ, "ਕੁੜੈਜ਼ਿਆਦਾ ਪਾਣੀ ਨਾ ਪਾ ਲਵੀਂ ਕਿਤੇ ਪੂੜੇ ਪਕਾਉਣੇ ਪੈ ਜਾਣ। ਜਰਾ! ਖੜ ਮੈਂ ਔਨੀਆਂ। ਕਰੜਾ ਰੱਖੀਂ।" ਮਾਂ ਆਪ ਤਸੱਲੀ ਕਰਦੀ ਤੇ ਵੱਤ ਦਸਦੀ।

ਅਣਜਾਣਾ ਜ਼ਿਆਦਾ ਪਾਣੀ ਪਾ ਕੇ ਲੋੜੋਂ ਵੱਧ ਢਿੱਲਾ ਕਰ ਲੈਂਦੀਆਂ ਹਨ। ਢਿੱਲੇ ਆਟੇ ਦੀ ਰੋਟੀ ਤਵੇ ਨਾਲ ਚਿੰਬੜ ਜਾਂਦੀ ਹੈ। ਪੋਣੇ ਤੇ ਥੱਪੀ ਨਾਲੋਂ ਨਹੀਂ ਲਹਿੰਦੀ। ਤਵਾ ਤਪਾਉਣਾ ਸਿਖਾਉਂਦੀ। ਤੁਰੰਤ ਆਟਾ ਗੁੰਨ ਕੇ ਨਹੀਂ ਪਕਾਉਣੀ ਚਾਹੀਦੀ। ਕੁਝ ਸਮਾਂ ਗੁੰਨ ਕੇ ਰੱਖੋ। ਦੁਬਾਰਾ ਗੋ ਦੇ ਕੇ ਪਕਾਈ 'ਚੋਂ ਪੜੀਆਂ ਵਰਗੀ ਬਣਦੀ ਐ। ਕਰੜੀ ਨਹੀਂ ਹੁੰਦੀ। ਬਾਜਰੇ, ਮੱਕੀ, ਮਿੱਸੀ ਤੁਰੰਤ ਆਟਾ ਗੁੰਨ ਕੇ ਵੀ ਪਕਾਈ ਜਾ ਸਕਦੀ ਹੈਪ ਰੋਟੀਆਂ ਪਕਾਉਣ ਦਾ ਵੱਲ ਕਿਹੜਾ ਹਰੇਕ ਬੁੱਢੀ ਨੂੰ ਆਉਂਦਾ ਹੁੰਦਾ ਹੈ। ਪਰ ਰੋਟੀ ਥੱਪਣਾ ਸਭ ਜਾਣਦੀਆਂ ਹਨ। ਰੋਟੀ ਚੰਗੀ ਹੁੰਦੀ ਹੈ ਜਿਹੜੀ ਵੇਖਣ ਵਿੱਚ ਚੰਗੀ ਲੱਗੇ। ਬਿਨਾਂ ਚੋਪੜੀ ਚੋਪੜੀਆਂ ਵਰਗਾ ਜਾਇਕਾ ਦੇਵੇ। ਅੱਧੀ ਪੱਕੀ ਕੱਚੀ ਨਾ ਹੋਵੇ। ਜੇ ਅੱਖਾਂ ਨੂੰ ਚੰਗੀ ਨਹੀਂ ਲਗਦੀ ਤਾਂ ਖਾਣ ਵਿੱਚ ਕਿੱਥੋਂ ਸੁਆਦ ਹੋਵੇਗੀ। ਪਕਾਉਂਦੇ ਜਾਓ ਤੇ ਨਾਲ ਦੀ ਨਾਲ ਮੋਟੇ ਪੋਣੇ ਵਿੱਚ ਵਲੇਟਦੇ ਜਾਓ। ਤਾਂ ਜੋ ਠਰ ਨਾ ਜਾਣ ਤੇ ਬੇਹੀਆਂ ਵੀ ਤਾਜੀਆਂ ਵਰਗੀਆਂ ਲੱਗਣ। ਖਾਸ ਤੌਰ 'ਤੇ ਤੰਦੂਰ ਦੀਆਂ ਵਲੇਟੇ ਤੋਂ ਲੁੱਗ ਲੁੱਗ ਕਰਨ ਲੱਗ ਜਾਂਦੀਆਂ ਹਨ।

ਮਾਂ ਨੇ ਵੱਡਾ ਸਾਰਾ ਤੰਦੂਰ ਵਿਹੜੇ ਵਿੱਚ ਆਪ ਬਣਾ ਕੇ ਗੱਡਿਆ ਹੋਇਆ ਸੀ। ਇੱਕ ਵੇਰ ਤਪਾਅ ਕੇ ਵੱਡੇ ਟੱਬਰ ਦੀਆਂ ਰੋਟੀਆਂ ਪੱਕ ਜਾਇਆ ਕਰਦੀਆਂ। ਲਾਹਾ ਲੈਣ ਲਈ ਆਂਢ ਗੁਆਂਢ ਦੀਆਂ ਔਰਤਾਂ

ਬਾਲਣ ਤੇ ਆਟਾ ਲੈ ਕੇ ਆ ਜਾਂਦੀਆਂ। ਇੱਕ ਦੋ ਔਰਤਾਂ ਦਾ ਨਿੱਤ ਦਾ ਕੰਮ ਸੀ। ਜੋ ਆਖਦੀਆਂ, "ਕੁੜੈ! ਭੈਣੇ ਚਾਰ ਕੁ ਰੋਟੀਆਂ ਲਾ ਕੇ ਦੇਈਂ। ਮੈਂ ਕਦੇ ਲਾਈਆਂ ਨਹੀਂ।" ਜਦੋਂ ਪਰਾਤ ਨੇੜੇ ਕਰ ਕੇ ਗੁੰਨਿਆ ਹੋਇਆ ਆਟਾ ਛੂਹਦੀ ਤਾਂ ਪੱਥਰ ਵਰਗਾ ਕਰੜਾ ਲਗੱਦਾ ਤਾਂ ਮਾਂ ਆਖਦੀ, "ਚੁੱਲ੍ਹੇ ਤੇ ਕਰੜੇ ਆਟੇ ਦੀ ਰੋਟੀ ਪਕਾਈ ਜਾ ਸਕਦੀ ਹੈ। ਪਰ ਤੰਦੂਰ ਤੇ ਢਿੱਲੇ ਆਟੇ ਦੀ ਰੋਟੀ ਪਕਾਈ ਜਾ ਸਕਦੀ ਹੈ। ਪਰ ਤੰਦੂਰ ਤੇ ਢਿੱਲੇ ਆਟੇ ਦੀ ਲੋੜ ਹੁੰਦੀ ਹੈ। ਚਲੋ! ਕੋਈ ਨਾ ਪਾਣੀ ਦਾ ਚਿੱਟਾ ਮਾਰ ਕੇ ਢਿੱਲਾ ਕਰ ਲੈਨੀਆਂ। ਦੁਬਾਰਾ ਮੁੱਕੀ ਦੇ ਕੇ ਵੱਤ ਕਰ ਲੈਂਦੀ ਆਂ।" ਕੋਈ ਆਖਦੀ, "ਸਾਡੇ ਤੰਦੂਰ ਤੇ ਰੋਟੀਆਂ ਨਾਲ ਮਿੱਟੀ ਆਉਂਦੀ ਹੈ।" ਮਾਂ ਇਸ ਤਰ੍ਹਾਂ ਜਵਾਬ ਦਿੰਦੀ ਜਿਵੇਂ ਤੰਦੂਰ ਬਣਾਉਣ ਦੀ ਟ੍ਰੇਨਿੰਗ ਲਈ ਹੋਵੇ। "ਲੈ!ਇਹਦਾ ਕੀ ਐ। ਸ਼ਰੀਂਹ ਦੇ ਹਰੇ ਪੱਤਿਆਂ ਦਾ ਪੋਚਾ ਦੇ ਦੇਹ। ਨਹੀਂ ਤਾਂ ਕੱਚੇ ਕੱਚੇ ਬਾਬੂ ਦਾ ਪੋਚਾ ਮਾਰਦੇ। ਬਣਾਉਣ ਵੇਲੇ ਤੂੰ ਮਲਣ ਥੋੜ੍ਹਾ ਪਾਇਆ ਹੋਣੈ। ਆਟਾ ਵੀ ਵੱਤ ਸਿਰ ਰੱਖਿਆ ਕਰ।"

ਤੰਦੂਰ ਤੇ ਰੋਟੀਆਂ ਪਕਾਉਣ ਵੇਲੇ ਧੀਆਂ ਨੂੰ ਆਹਰ ਲਾ ਲੈਂਦੀ। ਕੋਈ ਬਾਲਣ ਪਾਉਂਦੀ। ਕੋਈ ਆਟਾ ਗੁੰਨਦੀ ਤੇ ਪੇੜੇ ਕਰਦੀ। ਬਾਲਣ ਪਾਉਣ ਵਾਲੀ ਨੂੰ ਪੁੱਛਦੀ, "ਕੁੜੇ!ਤਪ ਗਿਆ ਹੈ ਕਿ ਨਹੀਂ।" "ਮਾਂ ਮੈਨੂੰ ਤਾਂ ਪਤਾ ਨਹੀਂ ਲਗਦਾ।" ਫਿਰ ਆਪ ਜਾ ਕੇ ਦੱਸਦੀ, "ਪੁੱਤ!ਜਦੋਂ ਚਾਰ ਚੁਫੇਰਿਉਂ ਲਾਲ ਹੋ ਜਾਵੇ ਤੇ ਬਾਲਣ ਸਾਰਾ ਮੱਚ ਜਾਵੇ ਤਾਂ ਹੀ ਰੋਟੀ ਲਾਉਣੀ ਚਾਹੀਦੀ ਹੈ। ਥੋੜ੍ਹੇ ਤਪੇ ਤੋਂ ਲਾਈਏ ਤਾਂ ਰੋਟੀ ਕੱਚੀ ਰਹਿ ਜਾਂਦੀ ਹੈ। ਬਾਂਹ ਤੇ ਖੱਦਰ ਦਾ ਪੋਣਾ ਵਲੇਟ ਕੇ ਰੋਟੀਆਂ ਰਾੜ੍ਹਨੀਆਂ ਚਾਹੀਦੀਆਂ ਹਨ। ਜੇ ਸੇਕ ਅਜੇ ਵੀ ਘੱਟ ਹੋਵੇ ਤਾਂ ਕੁੱਢਣ ਨਾਲ ਅੱਗ ਫਰੋਲ ਦਿਓ। ਜੇ ਅਜੇ ਰੋਟੀ ਰਹਿੰਦੀ ਹੋਵੇ ਤਾਂ ਉਪਰੋਂ ਢੱਕ ਦਿਓ। ਸੇਕ ਛੇਤੀ ਚੜ੍ਹ ਜਾਂਦਾ ਹੈ। ਇਹ ਫੁਰਤੀ ਦਾ ਕੰਮ ਹੁੰਦਾ ਹੈ। ਜਿੱਲੀਆਂ ਰੋਟੀ ਸਾੜ ਬੈਠਦੀਆਂ ਹਨ। ਘੱਟ ਤਪੇ ਤੇ ਲਾਈ ਤੇ ਠੰਢੇ ਤਵੇ ਤੇ ਪਾਈ ਰੋਟੀ ਮਨੌਰਾ ਬਣ ਜਾਂਦੀ ਹੈ। ਜ਼ਿਆਦਾ ਤਪੇ ਤੇ ਪਾਈ ਸੜ ਜਾਂਦੀ ਹੈ। ਛੇਤੀ ਉਲੱਟਣੀ ਪੈਂਦੀ ਹੈ। ਤੰਦੂਰ ਜ਼ਿਆਦਾ ਤਪੇ ਤੋਂ ਵੀ ਦਾਗ ਲੱਗ ਜਾਂਦੇ ਹਨ। ਦਾਗ ਲੱਗੇ ਤੋਂ ਰੋਟੀ ਦਾ ਅਸਲੀ ਸੁਆਦ ਬਦਲ ਜਾਂਦਾ ਹੈ। ਅੱਗ ਮੱਠੀ ਰੱਖੋ। ਇੱਕ ਦਮ ਤੇਜ ਨਾ ਕਰੋ। ਚੁੱਲ੍ਹੇ ਦੇ ਕੌਲ਼ਿਆਂ ਜਾਂ ਅੱਗ ਤੇ ਰਾੜ ਕੇ ਕੱਚਾਪਨ ਦੂਰ ਕਰੋ।"

ਜੇ ਆਟੇ ਦਾ ਪਤਾ ਨਾ ਲੱਗੇ। ਕਿੰਨਾ ਕੁ ਗੁੰਨਣਾ ਹੈ ਤਾਂ ਪਰਿਵਾਰ ਦੇ ਜੀਆਂ ਅਨੁਸਾਰ ਭਾਂਡਾ ਮਿਣ ਲਵੋ। ਸਵੇਰ ਵੇਲੇ ਵੱਧ ਤੇ ਸ਼ਾਮ ਵੇਲੇ ਘੱਟ ਪੱਕਦਾ ਹੈ। ਜਦੋਂ ਧੀ ਪਹਿਲੀ ਵਾਰ ਆਟਾ ਗੁੰਨਦੀ ਹੈ ਤਾਂ ਵਿਅੰਗ ਕਰਦੀ, "ਕੁੜੇ!ਐਨਾ ਕੁ ਗੁੰਨਿਐ। ਜੇ ਲਾਣੇ ਵਾਲੇ ਘਰੇ ਚਲੀ ਗਈ ਤਾਂ ਟੱਬਰ ਨੂੰ ਭੁੱਖਾ ਮਾਰ ਦੇਵੇਂਗੀ। ਸਾਰਾ ਦਿਨ ਰੋਟੀ ਪਕਾਉਣ 'ਚ ਰਿਹਾ ਕਰੇਂਗੀ। ਮੈਨੂੰ ਕੁਡਰ ਅਖਵਾਏਂਗੀ। ਆਪਣੀ ਦਲੀਲ ਤੇ ਬਲ ਦਿੰਦੀ ਹੋਈ ਪੱਕੀ ਕਰਦੀ, "ਤੇਰੇ ਵਰਗੀ ਆਟੇ 'ਚ ਜ਼ਿਆਦਾ ਪਾਣੀ ਪਾ ਲੈਂਦੀ ਹੈ। ਚੁੱਲ੍ਹੇ 'ਚ ਫੂਕਾਂ ਮਾਰਦੀ ਰੋਟੀ ਦੀ ਵੱਤ ਚਾੜ੍ਹ ਲੈਂਦੀ ਹੈ। ਜੱਟ ਅੱਕਿਆ ਥੱਕਿਆ ਖੇਤੋਂ ਹਲ਼ ਛੱਡ ਕੇ ਆਉਂਦਾ ਹੈ। ਛਾਬਾ ਖਾਲੀ ਵੇਖ ਕੇ ਪਰਾਣੀ ਚੁੱਕ ਲੈਂਦਾ ਹੈ। ਆਂਢ ਗੁਆਂਢ ਦੀਆਂ ਚੁਸਤ ਚਲਾਕ ਗੀਤ ਜੋੜ ਕੇ 'ਭੁੱਚਰ' ਨੂੰ ਮੱਤ ਦਿੰਦੀਆਂ, ਅਸਲੀਅਤ ਬਿਆਨ ਕਰਦੀਆਂ ਹਨ:-

ਆਟਾ ਭੁੱਚਰ ਨੂੰ ਗੁੰਨਣਾ ਨਾ ਆਉਂਦਾ ਕਰਨੇ ਨਾ ਆਉਂਦੇ ਪੇੜੇ ਰੇ। ਦਾਲ ਭੁੰਚਰ ਨੂੰ ਰਿੰਨਣੀ ਨਾ ਆਉਂਦੀ ਉੱਤੇ ਪਾਣੀ ਤੇਰੇ ਰੇ। ਮਾਰ ਭੁੱਚਰ ਨੂੰ ਖਾਣੀ ਨਾ ਆਉਂਦੀ ਥਮਲੇ ਪੈਂਦੀ ਗੇੜੇ ਰੇ। ਰਿੱਝੇ ਪੱਕੇ ਪਾਇਆ ਪਾਣੀ ਭੋਜਨ ਬੇ ਸੁਆਦ ਕਰ ਦਿੰਦਾ ਤੇ ਛੇਤੀ ਸੁਕਦਾ ਵੀ ਨਹੀਂ। ਢਿੱਲੇ ਆਟੇ ਦੀਆਂ ਰੋਟੀਆਂ ਛੇਤੀ ਪਕਦੀਆਂ ਨੀ। ਕੁਡਰ ਥੰਮਾਂ ਦੁਆਲੇ ਭੱਜੀ ਫਿਰਦੀ ਭੱਟ ਖਾਈ ਜਾਂਦੀ ਹੈ। ਐਨੀ ਸਮਝ ਨਹੀਂ ਕਿ ਬਾਹਰ ਭੱਜ ਜਾਵੇ ਤਾਂ ਕੋਈ ਛੁਡਾਅ ਵੀ ਦੇਵੇ।

ਮਾਂ ਦਾ ਸਚਿਆਰਪੁਣਾ ਤੇ ਨਿਪੁੰਨਤਾ ਨੇ ਅਗਲੀ ਪੀੜ੍ਹੀ ਨੂੰ ਰੰਗ ਚੜ੍ਹਾਅ ਦਿੱਤਾ। ਕਬੀਲਦਾਰੀ ਤੇ

ਘਰੇਲੂ ਸਮੱਸਿਆ, ਔਖਿਆਈਆਂ, ਸੌਖਾਈਆਂ ਦਾ ਸਾਹਮਣਾ ਕਰਨਾ ਧੀਆਂ ਸਿੱਖ ਗਈਆਂ। ਇੱਕ ਧੀ ਰਸੋਈ ਦੇ ਕੰਮਾਂ ਵਿੱਚ ਅਵੱਲ ਆ ਗਈ। ਗੁਲਾਈ, ਮੋਟਾਈ, ਰੜਾਈ, ਸਫ਼ਾਈ ਪੱਖੋਂ ਉਸ ਦੀਆਂ ਮੰਨੀਆਂ ਪਕਾਈਆਂ ਇਉਂ ਲਗਦੀਆਂ ਜਿਵੇਂ ਮਸ਼ੀਨ ਦੀਆਂ ਪਕਾਈਆਂ ਹੋਣ। ਬਾਜਰੇ, ਮੱਕੀ, ਛੋਲਿਆਂ ਦੇ ਆਟੇ ਨੂੰ ਤਵੇ, ਤਵੀ, ਤੰਦੂਰ ਤੇ ਪਕਾਉਣ ਤੋਂ ਆਨਾ ਕਾਨੀ ਨਹੀਂ ਕਰਦੀਆਂ ਸਗੋਂ ਇਸ ਕੰਮ ਦਾ ਚਾਅ ਚੜ੍ਹ ਜਾਂਦਾ ਹੈ। ਦੇਸੀ ਖਾਣੇ ਗੁਲਗੁਲੇ, ਪੂੜੇ, ਮਾਹਲ ਪੂੜੇ, ਖੀਰ, ਮੰਡੇ, ਮੱਠੀਆਂ, ਤਿੰਨ ਮੇਲ ਦਾ ਪਰੌਂਠਾ, ਦੋੜਾ, ਮੰਨੀਆਂ ਗੁੱਲੀਆਂ, ਅੰਮਾਂ ਗੁਲੀਆਂ ਬਣਾਉਣ ਲੱਗੀਆਂ ਫੌਰਾ ਲਾਉਂਦੀਆਂ ਹਨ। ਦੁੱਧ ਤੱਤਾ ਧਰਨਾ, ਧਾਰਾਂ ਕੱਢਣੀਆਂ, ਜਮਾਉਣਾ, ਵੰਡ ਵੜੇਵਾਂ ਰਿੰਨਣਾ, ਘਾਠ ਕੁੱਟਣੀ, ਖਿਚੜੀ ਕੁਟਣੀ, ਸੇਵੀਆਂ ਵਟਣੀਆਂ ਆਦਿ ਕੰਮਾਂ ਵਿਚ ਤੇਜ ਹੋ ਗਈਆਂ।

ਅੱਜ ਇਹਨਾਂ ਖਾਣਿਆਂ ਤੋਂ ਲੋਕ ਪਾਸਾ ਵੱਟ ਰਹੇ ਹਨ। ਨਵੇਂ ਨਵੇਂ ਖਾਣਿਆਂ ਦਾ ਸੁਆਦ ਚੱਖ ਰਹੇ ਹਨ। ਜਦੋਂ ਕਦੇ ਪਰਿਵਾਰ ਇਕੱਠਾ ਹੁੰਦਾ ਹੈ ਤਾਂ ਮਾਂ ਦੇ ਦੱਸੇ ਗੁਰਾਂ ਦਾ ਮੁੱਲ ਵੱਧ ਪੈ ਜਾਂਦਾ ਹੈ।

# ਮਾਂ ਦੀ ਪੋਟਲੀ

ਆਮ ਤੌਰ ਤੇ ਪੋਟਲੀ ਵਿੱਚ ਔਰਤਾਂ ਨਵੇਂ ਕੱਪੜਿਆਂ ਦੀਆਂ ਤਹਿਆਂ ਲਾ ਕੇ ਸੰਭਾਲ ਦੀਆਂ। ਪਰ ਮਾਂ ਦੀ ਪੋਟਲੀ ਵਿੱਚ ਨਵਾਂ ਕੁਝ ਵੀ ਨਹੀਂ ਸੀ ਹੁੰਦਾ। ਸਗੋਂ ਤਿੰਨ-ਤਿੰਨ ਪੀੜ੍ਹੀਆਂ ਦੀਆਂ ਯਾਦਾਂ ਤੇ ਭਾਵਨਾਵਾਂ ਨਾਲ ਗੜੁੱਚ ਪਰੋਏ, ਪੋਤੜੇ, ਕੱਛੀਆਂ ਤੇ ਵੇਖਣ ਯੋਗ ਹੋਰ ਨਿੱਕ ਸੁੱਕ ਹੋਇਆ ਕਰਦਾ। ਸਾਧ, ਸੰਤ, ਫ਼ਕੀਰ ਦੀ ਗ਼ਲਤੀ, ਚੋਲੇ ਜਾਂ ਬਜ਼ੁਰਗ ਤੇ ਕਿਸੇ ਧਾਰਮਿਕ ਵਿਅਕਤੀ ਦੀ ਧੋਤੀ, ਚਾਦਰੇ, ਮੂਕੇ, ਪੱਗ ਆਦਿ ਤੋਂ ਬਣਾਏ ਹੋਏ ਝੱਗੇ, ਜਾਮੇ ਤੇ ਪਾਟੇ ਹੋਏ ਲੀੜੇ ਹੋਇਆ ਕਰਦੇ ਜੋ ਦੁਨੀਆਂ 'ਚ ਅੱਖ ਖੋਹਲਣ ਵਾਲੇ ਬੱਚੇ ਦੀ ਨਜ਼ਰ ਹੁੰਦੇ। ਭਾਵ ਨਵ-ਜਨਮੇ ਬੱਚੇ ਦਾ 'ਅਟੈਚੀਕੇਸ" ਹੀ ਹੁੰਦਾ ਸੀ। ਹੋਰ ਕਿਸੇ ਦੇ ਕੰਮ ਆਉਣ ਵਾਲੀ ਚੀਜ਼ ਨਹੀਂ ਹੁੰਦੀ ਸੀ। ਪੋਟਲੀ ਖੋਹਲਣ 'ਤੇ ਸਿਰਫ ਜੱਚਾ ਤੇ ਬੱਚਾ ਦਾ ਭੇਤ ਹੀ ਭਰਾੜ ਹੁੰਦਾ ਸੀ। ਮਾਂ ਪੋਟਲੀ ਇਉਂ ਸੰਭਾਲ ਕੇ ਰੱਖਦੀ ਜਿਵੇਂ ਕਾਹੂ ਬਾਦਸ਼ਾਹ ਦਾ ਖਜ਼ਾਨਾ ਹੋਵੇ। ਜਦੋਂ ਪੋਟਲੀ ਦੀ ਲੋੜ ਨਾ ਰਹਿੰਦੀ ਤਾਂ ਸੰਦੂਕ ਹੇਠਾਂ ਕਿਸੇ ਖੂੰਜੇ ਵਿੱਚ ਸੁਰੱਖਿਅਤ ਕਰ ਦਿੰਦੀ।

ਅੱਜ ਬਹੁਤ ਤਬਦੀਲੀ ਆ ਗਈ ਹੈ। ਬੱਚਿਆਂ ਦੇ ਪਹਿਨਣ ਲਈ ਤਰ੍ਹਾਂ-ਤਰ੍ਹਾਂ ਨਮੂਨਿਆਂ ਦੇ ਕੱਪੜੇ ਉਪਲੱਬਧ ਹਨ। ਉਸ ਸਮੇਂ ਮਾਸੂਮ ਨੂੰ ਨਵੇਂ ਕੱਪੜੇ ਪਹਿਨਾਏ ਨਹੀਂ ਜਾਂਦੇ ਸਨ। ਉਸ ਸਮੇਂ ਲੱਗਭੱਗ ਖੱਦਰ ਹੀ ਹਰੇਕ ਘਰੇ ਹੁੰਦਾ। ਬੱਚੇ ਦੀ ਕਾਇਆ ਨਰਮ, ਮੁਲਾਇਮ, ਪੋਲੀ ਹੋਣ ਕਰਕੇ ਖੱਦਰ ਚੁੱਭਦਾ ਰਹਿੰਦਾ। ਸਰੀਰ ਦੀ ਚਮੜੀ ਲਾਲ ਸੁਰਖ ਹੋ ਜਾਂਦੀ। ਬੱਚਾ ਵੀ ਅਲਕਤ ਮੰਨਦਾ। ਭੁੱਲ ਭੁਲੇਖੇ ਕੋਈ ਔਰਤ ਅਣਜਾਣ ਪੁਣੇ ਵਿੱਚ ਖੁਰਦਰਾ ਝੱਗਾ ਪਾ ਦਿੰਦੀ ਤਾਂ ਵੱਡੀਆਂ ਬੁੜੀਆਂ ਆਖ ਦਿੰਦੀਆਂ "ਆਹ ਕੀ ਪਾਇਐ? ਐਨੀ ਗਰਮੀ ਐ। ਇਹ ਤਾਂ ਚੰਗੇ ਭਲੇ ਬੰਦੇ ਦੀ ਚਮੜੀ ਖਾ ਜਾਂਦਾ ਹੈ।" ਲੁਹਾ ਦਿੰਦੀਆਂ। ਇਸ ਲਈ ਘਸੇ ਹੋਏ ਪੁਰਾਣੇ ਕਪੜੇ ਦੀ ਵਰਤੋਂ ਕਰਨੀ ਲਾਹੇਵੰਦ ਹੁੰਦੀ। ਗੁੰਹ ਗਰੋਲੀ, ਮਰਦ ਦੇ ਪੁਰਾਣੇ ਕਪੜੇ ਤੋਂ ਬਣਾ ਕੇ, ਪਾਉਣੀ ਸ਼ੁੱਭ ਗਿਣਿਆ ਜਾਂਦਾ ਹੈ। ਉਸ ਦੇ ਪਿਤਾ, ਦਾਦੇ ਦੇ ਸਰੀਰ ਨਾਲੋਂ ਲਾਹਿਆ ਹੋਇਆ ਕਪੜਾ ਹੁੰਦਾ। ਝੱਗਾ ਫੱਟਦਾ ਨਹੀਂ ਸੀ ਪਰ ਭੀੜਾ ਜਰੂਰ ਹੋ ਜਾਂਦਾ। ਧੋ ਸੰਵਾਰ ਕੇ ਆਉਣ ਵਾਲੇ ਅਗਲੇ ਬੱਚੇ ਲਈ ਰੱਖਣ ਵਾਸਤੇ ਗਠੜੀ ਮੂੰਹ ਖੋਲ ਲੈਂਦੀ। ਸਾਂਝੇ ਪਰਿਵਾਰਾਂ ਵਿੱਚ ਜਾਪਾ ਹੋਇਆ ਹੀ ਰਹਿੰਦਾ ਸੀ। ਪਿੰਡਾਂ ਵਿੱਚ ਸਿਹਤ ਸਹੂਲਤਾਂ ਨਾ ਮਾਤਰ ਹੁੰਦੀਆਂ। ਵੱਡੀ ਨੂੰਹ ਦੇ ਦਸ ਜਾਪੇ ਹੋਏ। ਪਰ ਮਾਂ ਦੀ

ਗਠੜੀ ਉਸਰਦੀ ਗਈ। ਇਹੀ ਗਠੜੀ ਪੁੱਤਾਂ, ਪੋਤਿਆਂ ਤੇ ਪੜੋਤਿਆਂ ਦੇ ਬੱਚਿਆਂ ਦੀ ਸਾਰ ਲੈਣ ਤੋਂ ਬੁੱਢੀ ਨਹੀਂ ਹੁੰਦੀ ਸੀ। ਸਗੋਂ ਹਰੇਕ ਜਾਪੇ ਤੇ ਤੰਦਰੁਸਤੀ ਦੀ ਸੂਚਨਾ ਦਿੰਦੀ।

ਮਾਂ ਝੱਗਿਆਂ ਦੇ ਬਟਨ ਨਹੀਂ ਲਾਇਆ ਕਰਦੀ ਸੀ। ਬਟਨ ਚੁੱਭ ਜਾਇਆ ਕਰਦੇ। ਨਾ ਫੱਟੀ ਬਣਾਉਣ ਦੀ ਲੋੜ। ਨਾ ਕਾਜ ਕਰਨ ਦੀ ਲੋੜ। ਬਟਨ ਬੰਦ ਕਰਨੇ ਵੀ ਔਖੇ ਹੁੰਦੇ। ਗਲਾਮੇ ਕੋਲ ਲੰਮੀਆਂ ਲੰਮੀਆਂ ਦੋ ਤਣੀਆਂ ਲਾ ਦਿੰਦੀ। ਤਾਂ ਜੋ ਝੱਗਾ ਖੋਹਲਣ ਤੇ ਬੰਦ ਕਰਨ ਵਿੱਚ ਕੋਈ ਦਿਕਤ ਨਾ ਆਵੇ। ਝੱਗੇ ਵੀ ਖੁੱਲ੍ਹੇ ਡੁੱਲ੍ਹੇ ਤੇ ਸਾਧਾ ਦੇ ਚੋਲਿਆਂ ਵਰਗੇ ਹੁੰਦੇ। ਖੁੱਲ੍ਹੇ ਪਾਉਣੇ ਲਾਹੁਣੇ ਅਸਾਨ ਹੁੰਦੇ। ਸਰੀਰ ਦੇ ਪ੍ਰਫੁੱਲਤ ਹੋਣ ਲਈ ਸੁਖਾਵਾਂ ਹੋ ਜਾਂਦਾ। ਮਾਂ ਕਸਵੇਂ ਕਪੜੇ ਪਾਉਣ ਦੇ ਹੱਕ ਵਿੱਚ ਨਹੀਂ ਸੀ। ਮੁਲਾਇਮ ਕਪੜੇ ਦੇ ਕਈ ਕਈ ਝੱਗੇ ਤੇ ਪੋਤੜੇ, ਤਹਿ ਲਾ ਕੇ ਗਠੜੀ ਦੇ ਹਵਾਲੇ ਹੁੰਦੇ ਸਨ। ਗੰਦੇ ਹੋਣ ਤੇ ਬਦਲਣੇ ਪੈਂਦੇ। ਸਰਦੀਆਂ 'ਚ ਛੇਤੀ ਸੁਕਾਉਣ ਦੀ ਸਮੱਸਿਆ ਵੀ ਪਿੱਛਾ ਕਰਿਆ ਕਰਦੀ।

ਨਿਆਣਿਆਂ ਲਈ ਇੱਕ ਹੋਰ ਕਪੜਾ ਸਪੈਸ਼ਲ ਬਣਾਇਆ ਜਾਂਦਾ। ਉਸ ਦੇ ਹੇਠਾਂ ਵਿਛਾਉਣ ਦਾ ਕੰਮ ਦਿੰਦਾ। ਜਿਸ ਨੂੰ 'ਜੁੱਲੀ' ਕਿਹਾ ਜਾਂਦਾ। ਇਹ ਵੀ ਮਾਂ ਦੀ ਦੇਖ ਰੇਖ 'ਚ ਬਣਦੀ। ਤਜੱਰਬਾਕਾਰ ਔਰਤਾਂ ਇਸ ਦੀ ਲੰਬਾਈ, ਚੌੜਾਈ, ਮੋਟਾਈ ਦਾ ਮਾਪ ਦਸਦੀਆਂ। ਲੀਰਾਂ ਪਚੀਰਾਂ, ਪੁਰਾਣੇ ਖੇਸਾਂ ਦੀ ਲੋੜ ਪੈਂਦੀ। ਬਿਸਤਰਾ ਗਿੱਲਾ ਹੋਣ ਤੋਂ ਬਚਾਉਣ ਲਈ ਨਿਆਣੇ ਦੇ ਹੇਠਾਂ ਵਿਛਾਅ ਕੇ, ਉਪਰ ਪੋਤੜਾ ਚੰਗੀ ਤਰ੍ਹਾਂ ਵਿਛਾਅ ਦਿੱਤਾ ਜਾਂਦਾ। ਮੋਮੀ ਕਾਗਜ਼ ਦੀ ਵਰਤੋਂ ਨਹੀਂ ਹੋਣ ਲੱਗੀ ਸੀ। ਜੁੱਲੀ ਗੰਦੀ ਹੋਣ ਤੇ ਧੋ ਕੇ, ਪਾਣੀ ਸੁਕਾਉਣ ਲਈ ਕੱਕੇ ਰੇਤੇ ਵਿੱਚ ਨੱਪ ਦਿੱਤੀ ਜਾਂਦੀ। ਉਸ ਵੇਲੇ ਦਾ ਰੇਤਾ ਝਾੜਨ ਤੇ ਸਾਰਾ ਹੀ ਝੜ ਜਾਂਦਾ ਅਤੇ ਕਪੱੜੇ ਨਾਲ ਚਿੰਬੜਦਾ ਨਹੀਂ ਸੀ।

ਜੱਚਾ ਤੇ ਬੱਚਾ ਦੀ ਸਫ਼ਾਈ ਵੱਲ ਪੂਰਾ ਧਿਆਨ ਰਖਦੀ। ਕਦੇ ਕਦੇ ਆਖ ਦਿੰਦੀ "ਬੱਚੇ 'ਚੋਂ ਕਿਰੀ ਖਖੜੀ ਜਾਂ ਕਿਰੇ ਖਰਬੂਜੇ ਵਰਗੀ ਵਾਸ਼ਨਾ ਆਉਂਦੀ ਹੁੰਦੀ ਐ। ਗਿੱਦੜ ਛੋਟੇ ਬੱਚੇ ਨੂੰ ਚੁੱਕ ਲੈ ਜਾਂਦਾ ਹੈ। ਮੇਰੀ ਨਨਾਣ ਨੇ ਕਪਾਹ ਚੁਗਦੀ ਨੇ, ਟੋਕਰੇ 'ਚ ਪਾ ਕੇ ਕੁੜੀ ਸੰਵਾ ਦਿੱਤੀ। ਪੋਤੜਾ ਖਿੱਚਿਆ ਤਾਂ ਰੋ ਪਈ। ਰੌਲਾ ਪਾ ਕੇ ਕੰਮ ਕਰਦੇ ਬੰਦਿਆਂ ਨੇ ਛੁਡਾ ਲਿਆ ਤੇ ਕੁੜੀ ਬਚ ਗਈ। ਗੰਦੇ ਕਪੜਿਆਂ 'ਚੋਂ ਬਦਬੂ ਮਾਰਨ ਲੱਗ ਜਾਂਦੀ ਹੈ।" ਇਸ ਲਈ ਪੋਤੜਿਆਂ ਤੇ ਬੱਚੇ ਦੀ ਰੋਜ਼ ਸਫ਼ਾਈ ਕਰਦੀ। ਛੋਟੇ ਬੱਚਿਆਂ ਨੂੰ ਚੰਗੀਆਂ ਆਦਤਾਂ ਪਾਉਣ ਦੀ ਇਛੁੱਕ ਸੀ। ਥਾਂ ਗਿੱਲਾ ਹੋ ਜਾਦਾ ਤਾਂ ਫੱਟ ਕਪੜਾ ਬਦਲਦੀ। ਬੱਚੇ ਨੂੰ ਸੁੱਕੇ ਥਾਂ ਪੈਣ ਦੀ ਆਦਤ ਪੱਕ ਜਾਂਦੀ। ਜਦੋਂ ਉਸਲ ਵੱਟੇ ਲੈਂਦਾ ਤਾਂ ਆਖ ਦਿੰਦੀ, "ਪਲੂੰਘੜੇ ਤੋਂ ਹੇਠਾ ਕਰੋ। ਪਿਸਾਬ ਕਰੇਗਾ ਜਾਂ ਟੱਟੀ।" ਫੱਟ ਪੈਰਾਂ ਤੇ ਬਿਠਾ ਲੈਂਦੀ। ਮਾਂ ਦਾ ਕਿਹਾ ਸੱਚ ਹੋ ਨਿਬੜਦਾ।

ਬੱਚੇ ਨੂੰ ਪਲੰਘ ਤੇ ਪਾਉਣ ਤੋਂ ਵਰਜ ਦਿੰਦੀ। ਅਣੀ ਪਟੱਕੇ ਸੁੱਤਾ ਪਿਆ ਜਾਗ ਕੇ ਡਿੱਗ ਪਵੇ ਤਾਂ ਸੱਟ ਲੱਗ ਸਕਦੀ ਐ। ਛੋਟੇ ਪੀੜ੍ਹੀ ਵਰਗੇ ਪਾਵਿਆਂ ਤੇ ਛੋਟੇ ਸਾਈਜ਼ ਦੀ ਪਲੂੰਘੜੀ ਹੁੰਦੀ। ਚੌਖੜੇ ਦੀ ਬੁਣੀ ਹੋਈ ਹੁੰਦੀ। ਵਿਰਲੀ ਹੋਣ ਕਰਕੇ ਗੰਦ ਮੰਦ ਧੋਣ ਸਮੇਂ ਚੰਗੀ ਤਰ੍ਹਾਂ ਸਾਫ਼ ਹੋ ਜਾਂਦੀ ਤੇ ਧੁੱਪੇ ਰੱਖੀ ਛੇਤੀ ਸੁੱਕ ਜਾਂਦੀ। ਕਸੇ ਹੋਏ ਮੰਜੇ ਤੇ ਬੱਚੇ ਨੂੰ ਪਾਉਣ, ਬਿਠਾਉਣ ਤੋਂ ਪਾਸਾ ਵਟਦੀ। ਇਸ ਤੋਂ ਵੀ ਬੱਚਾ ਰੁੜ ਜਾਂਦਾ। ਮਾਂ ਸੱਟ ਲੱਗਣ ਤੋਂ ਬਹੁਤ ਡਰਦੀ। ਇਸ ਲਈ ਲੋਹੇ ਦੇ ਬੱਠਲ ਵਿੱਚ ਨਹੀਂ ਨੁਹਾਉਂਦੀ ਸੀ। ਕਿਉਂਕਿ ਉਸ ਦੇ ਕਿਨਾਰੇ ਤਿੱਖੇ ਹੁੰਦੇ। ਬੱਚਾ ਧੁਰਲੀ ਮਾਰ ਕੇ ਤੇ ਡਿੱਗ ਕੇ ਸੱਟ ਖਾ ਸਕਦਾ ਸੀ। ਇਸ ਮੰਤਵ ਲਈ ਘੁਮਿਆਰਾਂ ਤੋਂ ਮਿੱਟੀ ਦੀ ਬਣੀ ਕਨਾਲੀ ਲੈ ਕੇ ਆਉਂਦੀ ਜਿਸ ਦੇ ਕਿਨਾਰੇ ਮੋਟੇ ਤੇ ਪਾਸਿਆਂ ਵੱਲ ਨੂੰ ਮੁੜੇ ਹੋਏ ਹੁੰਦੇ। ਬੱਚੇ ਨੂੰ ਨੁਹਾ ਕੇ, ਤੌਲੀਏ ਵਿੱਚ ਵਲੇਟ ਕੇ ਆਖਦੀ, "ਹੁਣ ਇਹ ਸੌਂ ਜਾਵੇਗਾ ਤੇ ਜੋ ਜਿੰਨਾਂ ਵਧ ਜਾਵੇਗਾ।" ਮਾਂ ਦਾ ਤਰਕ ਠੀਕ ਹੁੰਦਾ।

ਕਦੇ ਕਦੇ ਮਾਂ ਜਦੋਂ ਸੰਦੂਕ ਵਿੱਚ ਪਏ ਕਪੜਿਆਂ ਨੂੰ ਹਵਾ ਲਵਾਉਣ ਲਈ ਬਾਹਰ ਮੰਜੇ ਤੇ ਰਖਦੀ

ਤਾਂ ਪੋਠਲੀ ਵੀ ਤਾਜ਼ੀ ਹਵਾ ਲੈਣ ਲਈ ਅਹੁਲਦੀ। ਉਸ ਨੂੰ ਖੋਹਲ ਕੇ ਹੀ ਹਵਾ ਲਵਾਈ ਜਾ ਸਕਦੀ ਸੀ। ਜਿਸ ਤਰ੍ਹਾਂ ਵਣਜਾਰੇ ਕੁੜੀਆਂ ਕੱਤਰੀਆਂ ਦੇ ਵਰਤਣ ਵਾਲੀਆਂ ਵਸਤੂਆਂ ਦੀ ਰੀਝ ਨਾਲ ਜਾਣ ਪਛਾਣ ਕਰਵਾਉਂਦੇ ਹਨ। ਇਸ ਤਰ੍ਹਾਂ ਮਾਂ ਵੀ ਗਠੜੀ ਖੋਹਲ ਕੇ ਬਾਜ਼ਾਰ ਲਾ ਲੈਂਦੀ। ਪੁੱਤਾਂ, ਪੋਤਿਆਂ ਦੇ ਬਚਪਨ ਨਾਲ ਜੁੜੀਆਂ ਯਾਦਾਂ ਵਾਲੇ ਨਿੱਕੇ, ਮੋਟੇ ਕਪੜਿਆਂ ਦੀ ਨੁਮਾਇਸ਼ ਲਾ ਕੇ ਜਾਣਕਾਰੀ ਦਿੰਦੀ ਜਿਵੇਂ ਕੋਈ ਗਾਈਡ ਬਾਹਰੋਂ ਆਏ ਯਾਤਰੀ ਨੂੰ ਕਿਸੇ ਇਤਿਹਾਸਕ ਸਥਾਨ ਦੇ ਪੋਤੜੇ ਫਰੋਲ ਕੇ ਗਿਆਨ ਕਰਵਾਉਂਦਾ ਹੋਵੇ। ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਗੁਆਚੀ ਹੋਈ ਕੀਮਤੀ ਚੀਜ਼ ਲੱਭੀ ਹੋਵੇ। ਨਵਾਂ ਜਨਮ ਹੋਇਆ ਕਗਦਾ ਜਿਵੇਂ ਪਲੂੰਘੜੇ ਤੇ ਪਏ ਅੰਗੂਠਾ ਚੁੰਘਦੇ ਹੋਣ। ਇਹ ਗਠੜੀ ਅੱਜ ਵਾਲੀ ਐਲਬਮ ਦਾ ਰੂਪ ਹੁੰਦਾ ਸੀ। ਕੈਮਰੇ ਦੀ ਅਣਹੋਂਦ ਸੀ।

# ਮਾਂ ਨੇ ਪ੍ਰੇਮ ਕਰਨਾ ਸਿਖਾਇਆ

ਪ੍ਰੇਮ ਕਰਨ ਵਾਲੇ ਦੀ ਚਾਹਤ, ਤਮੰਨਾ, ਪ੍ਰਬਲ ਇੱਛਾ ਹੁੰਦੀ ਹੈ ਕਿ ਇਹ ਸਦਾ ਬਣਿਆ ਰਹੇ। ਦਿਨੋ ਦਿਨ ਗੂੜਾ ਹੁੰਦਾ ਜਾਵੇ। ਨਵਾਂ ਨਰੋਆ ਤੇ ਤਾਜ਼ਾ ਰਹੇ। ਕਦੇ ਫਿਕਾ ਨਾ ਪਵੇ। ਪਿਆਰ ਦੀ ਬੁਛਾੜ ਹੁੰਦੀ ਰਹੇ। ਇਹ ਇੱਛਾ ਤਦ ਹੀ ਤ੍ਰਿਪਤ ਹੋ ਸਕਦੀ ਹੈ ਜੇ ਅਗਲਾ ਪ੍ਰੇਮ ਨਿਭਾਉਣ ਦੀ ਪੱਕੀ ਗਰੰਟੀ ਦੇਵੇ। ਪ੍ਰੇਮ ਵਿਚ ਕਦੇ ਗਰੰਟੀ ਦਾ ਇਕਰਾਰਨਾਮਾ ਵਫਾ ਨਹੀਂ ਹੁੰਦਾ। ਜੇ ਗਰੰਟੀ ਦੀ ਮੰਗ ਵਿਚਕਾਰ ਆ ਜਾਵੇ ਤਾਂ ਸਵਾਰਥੀ, ਖੁਦਗਰਜ਼, ਧੋਖੇਬਾਜ, ਠੱਗ ਹੋਣ ਦਾ ਪ੍ਰਵਾਨਾ ਮਿਲਦਾ ਹੈ। ਇਤਬਾਰ ਖੋ ਜਾਂਦਾ ਹੈ। ਵਿਸ਼ਵਾਸ ਦਾ ਲੜ ਛੱਟਦਾ ਨਜ਼ਰ ਆਉਂਦਾ ਹੈ। ਇਸ ਸੌਦੇ ਦੀ ਇੱਛਾ ਕਦੇ ਵੀ ਪ੍ਰੇਮ ਕਰਨ ਵਿੱਚ ਸਫਲ ਨਹੀਂ ਹੋਣ ਦਿੰਦੀ। ਮਾਂ ਅਜਿਹੀਆਂ ਸ਼ਰਤਾਂ ਨਹੀਂ ਰਖਦੀ। ਨਾ ਗਰੰਟੀ ਮੰਗਦੀ ਹੈ। ਔਲਾਦ ਭਾਵੇਂ ਮਾੜੀ, ਚੰਗੀ, ਲਾਇਕ, ਨਲਾਇਕ ਹੋਵੇ, ਉਸ ਨੇ ਤਾਂ ਇੱਕ ਕੰਮ ਸਿੱਖਿਆ ਹੋਇਆ ਹੁੰਦਾ ਹੈ ਜਾਂ ਪ੍ਰਮਾਤਮਾ ਨੇ ਇਸ ਯੋਗ ਬਣਾਇਆ ਹੁੰਦਾ ਹੈ ਕਿ ਪ੍ਰੇਮ ਕਰਨਾ ਹੈ। ਭਾਵੇਂ ਬਦਲ ਮਿਲੇ ਭਾਵੇਂ ਨਾ ਮਿਲੇ। ਆਪਣੇ ਪ੍ਰੇਮ ਦੇ ਗਾਡੀ ਰਾਹ ਤੇ ਆਪਣੀ ਤੌਰ ਤੁਰੇ ਜਾਣਾ ਹੀ ਧਰਮ ਸਮਝਦੀ ਹੈ। ਕਿਸੇ ਦੇ ਸਾਥ ਦੀ ਉਡੀਕ ਨਹੀਂ ਕਰਦੀ। ਬਦੇਸ਼ ਗਏ ਪੁੱਤ ਲਈ ਪਿਆਰ ਬਣਿਆ ਰਹਿੰਦਾ ਹੈ ਤੇ ਕੋਈ ਕਮੀ ਨਹੀਂ ਆਉਂਦੀ।

ਖਿਆਲ ਜਾਂ ਧਿਆਨ ਰੱਖ ਕੇ ਪ੍ਰੇਮ ਨਹੀਂ ਕੀਤਾ ਜਾ ਸਕਦਾ। ਮਾਂ ਦਾ ਪ੍ਰੇਮ ਭਾਵਨਾਵਾਂ ਦੀ ਸਾਂਝ ਤੋਂ ਕਿਤੇ ਉਪਰ ਹੁੰਦਾ ਹੈ। ਭਾਵੇਂ ਵਰਤਮਾਨ ਵਿੱਚ ਹਰ ਥਾਂ ਖਾਰਬਾਜ਼ੀ, ਈਰਖਾ, ਸਾੜਾ, ਕਬਜਾ ਕਰਨ ਦੀ ਪ੍ਰਵਿਰਤੀ ਪ੍ਰਬਲ ਹੋ ਰਹੀ ਹੈ। ਪਰ ਮਾਂ ਕਦੇ ਇਸ ਤਰ੍ਹਾਂ ਨਹੀਂ ਕਰ ਸਕਦੀ। ਅਸਲ ਵਿੱਚ ਜੋਬਨ ਪ੍ਰੇਮ ਦੀ ਨਿਰੁੱਕਤੀ ਦਾ ਮੂਲ ਹੁੰਦਾ ਹੈ। ਸੁੰਦਰਤਾ ਹੈ ਤਾਂ ਪਿਆਰ ਕਰਨ ਦੀ ਲਾਲਸਾ ਬਣਦੀ ਹੈ। ਸੁੰਦਰਤਾ ਆਦਿ, ਤੌਰ ਤੇ ਔਰਤ ਨਾਲ ਸਬੰਧ ਰਖਦੀ ਹੈ। ਪਰ ਮਾਂ ਨੂੰ ਆਪਣੀ ਔਲਾਦ ਤੋਂ ਬਿਨਾਂ ਹੋਰ ਥਾਂ ਸੁੰਦਰਤਾ ਵੱਲ ਤੱਕਣਾ ਨਹੀਂ ਆਉਂਦਾ। ਆਪਣੀ ਔਲਾਦ ਬਹੁਤ ਸੁਹਣੀ ਲਗਦੀ ਹੈ। ਮਾਂ ਦਾ ਪ੍ਰੇਮ ਸਰਬ ਵਿਆਪਕ ਹੈ। ਜੇ ਮਾਂ ਇੱਕ ਬੱਚੇ ਨੂੰ ਆਖੇ ਪ੍ਰੇਮ ਸਿਰਫ ਤੇਰੇ ਨਾਲ ਹੈ ਦੂਜੇ ਨਾਲ ਨਹੀਂ। ਕੀ ਅਜੇਹਾ ਕਰਨਾ ਅਨੈਤਿਕਤਾ ਦਾ ਖੇਤਰ ਨਹੀਂ ਬਣ ਜਾਂਦਾ। ਕੀ ਮਾਂ ਇਸ ਤਰ੍ਹਾਂ ਕਰਨਾ ਵਾਜਬ ਸਮਝੇਗੀ। ਇਉਂ ਤਾਂ ਪ੍ਰੇਮ ਇੱਕ ਤੱਕ ਸੀਮਤ ਹੋ ਕੇ ਰਹਿ ਗਿਆ। ਮਾਂ ਦਾ ਪ੍ਰੇਮ ਸੁਖ ਜਾਂ ਅਰਾਮ ਨਾਲ ਚਿਪਕਿਆ ਹੋਇਆ ਨਹੀਂ ਹੁੰਦਾ।

ਇਹ ਤਾਂ ਸਪੱਸ਼ਟ ਹੈ ਕਿ ਜੋ ਕੁਝ ਸਾਨੂੰ ਸੱਭਿਆਚਾਰ ਜਾਂ ਸੰਸਕ੍ਰਿਤੀ ਨੇ ਦਿੱਤਾ ਹੈ। ਉਹ ਨਿਯਮ ਸਾਡੇ ਆਪਣੇ ਬਣਾਏ ਹੋਏ ਹਨ। ਜੇ ਆਖੀਏ ਪ੍ਰੇਮ ਇਹੋ ਜਿਹਾ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਨਹੀਂ

ਹੋਣਾ ਚ ਾਹੀਦਾ। ਅਸੀਂ ਉਹਨਾਂ ਨਿਯਮਾਂ ਦੀ ਰਾਖੀ ਵੀ ਕਰਦੇ ਫਿਰੀਏ। ਪਰ ਇਸ ਤਰ੍ਹਾਂ ਦੇ ਕਿਸੇ ਝਮੇਲੇ ਵਿੱਚ ਪੈ ਕੇ ਗਰੰਟੀ ਨਹੀਂ ਦਿੰਦੀ। ਮੈਂ ਇਸ ਤਰ੍ਹਾਂ ਦਾ ਪਿਆਰ ਕਰਾਂਗੀ। ਵੱਸ ਮਾਂ ਦਾ ਤਾਂ ਇੱਕੋ ਆਸ਼ਾ ਹੁੰਦਾ ਹੈ ਕਿ ਬੱਚਿਆਂ ਨਾਲ ਪ੍ਰੇਮ ਕੀਤਾ ਜਾਵੇ। ਔਲਾਦ ਨੂੰ ਪ੍ਰੇਮ ਕੀਤੇ ਬਿਨਾਂ ਰਹਿ ਹੀ ਨਹੀਂ ਸਕਦੀ।

ਮਾਂ ਆਪਣੇ ਪਿਆਰ ਦੀ ਵਿਸ਼ਵਾਸਪਾਤਰ ਤੇ ਖੈਰ-ਖੁਆਹ ਹੁੰਦੀ ਹੈ। ਮਾਂ ਦੇ ਪਿਆਰ ਵਿੱਚ ਅਣਬਣ ਦੀ ਗੁੰਜਾਇਸ਼ ਨਹੀਂ ਹੁੰਦੀ। ਨਿਖੱਟੂ ਨਾਲ ਵੀ ਉਨ੍ਹਾਂ ਪ੍ਰੇਮ ਹੁੰਦਾ ਜਿੰਨਾਂ ਕਮਾਊ ਪੁੱਤ ਨਾਲ। ਪ੍ਰੇਮ ਦੀ ਲਟ ਲਟ ਬਲਦੀ ਮਿਸ਼ਾਲ 'ਚੋਂ ਤੇਲ ਕਦੇ ਨਹੀਂ ਮੁਕਦਾ। ਸਾਰੀ ਉਮਰ ਇਹ ਰੌਸ਼ਨੀ ਸੰਤੁਸ਼ਟ ਕਰਦੀ ਰਹਿੰਦੀ ਹੈ। ਪ੍ਰੇਮ 'ਚ ਮਨ ਪਸੰਦ ਚੀਜ਼ ਦਾ ਸੁਆਲ ਉੱਠਦਾ ਹੈ। ਜੇ ਪਸੰਦ ਹੈ ਤਾਂ ਪ੍ਰੇਮ ਕੀਤਾ ਜਾ ਸਕਦਾ ਹੈ ਤੇ ਨਹੀਂ ਪਸੰਦ ਤਾਂ ਨਹੀਂ। ਮਾਂ ਦੇ ਪ੍ਰੇਮ ਵਿੱਚ ਪਸੰਦ ਜਾਂ ਨਾ ਪਸੰਦ ਦੀ ਕੋਈ ਥਾਂ ਨਹੀਂ ਹੁੰਦੀ। ਅਪਾਹਜ, ਬੇਸਹਾਰਾ ਬੱਚੇ ਨੂੰ ਵੀ ਉਨਾਂ ਹੀ ਪ੍ਰੇਮ ਕਰਦੀ ਹੈ ਜਿੰਨਾ ਦੂਜਿਆਂ ਨੂੰ। ਉਸ ਨੂੰ ਘਟੀਆਂ ਕਹਿ ਕਦੇ ਦੁਰਕਾਰਦੀ ਵੀ ਨਹੀਂ ਤੇ ਨਾ ਹੀ ਘ੍ਰਿਣਾ ਕਰਦੀ ਹੈ। ਮੇਰਾ ਕਿਹਾ ਮੰਨਣਗੇ ਜਾਂ ਨਾ ਮੰਨਣਗੇ। ਮਾਂ ਦੀ ਅਗਾਊਂ ਸ਼ਰਤ ਨਹੀਂ ਹੁੰਦੀ ਕਿ ਬੱਚੇ ਵਫ਼ਾਦਾਰ ਹੋਣਗੇ ਜਾਂ ਬੇਵਫ਼ਾ ਕੀ ਕਰ ਜਾਣਗੇ। ਔਲਾਦ ਭਾਵੇਂ ਕਿਹੋ ਜਿਹੀ ਹੋਵੇ ਮਾਂ ਦੇ ਪ੍ਰੇਮ ਦੀ ਬਰਸਾਤ ਲਗਾਤਾਰ ਸਰਸਾਰ ਕਰਦੀ ਰਹਿੰਦੀ ਹੈ।

ਮਾਂ ਦੇ ਪ੍ਰੇਮ ਵਿਚ 'ਮੈਂ' ਕਿਨਾਰਾ ਕਰ ਜਾਂਦੀ ਹੈ। ਉਹ ਬੱਚੇ ਦੀ ਲੋੜ ਨੂੰ ਨਾਲ ਲੈ ਕੇ ਚਲਦੀ ਹੈ। ਉਸ ਦੀ ਮਰਜ਼ੀ ਮਾਂ ਦੀ ਮਰਜ਼ੀ ਹੁੰਦੀ ਹੈ। ਉਸ ਦੀ ਸ਼ਰਧਾ ਮਾਂ ਦੀ ਸ਼ਰਧਾ। ਉਸ ਦਾ ਦੁੱਖ ਮਾਂ ਦਾ ਦੁੱਖ। ਉਸ ਦੀ ਭੁੱਖ ਮਾਂ ਦੀ ਭੁੱਖ। ਬੱਚਾ ਬਿਮਾਰ ਹੋਣ ਤੋਂ ਪਹਿਲਾਂ ਮਾਂ ਬਿਮਾਰ ਹੁੰਦੀ ਹੈ। ਜਿੰਨ੍ਹਾਂ ਚਿਰ ਰਾਜੀ ਨਹੀਂ ਹੁੰਦਾ ਮਾਂ ਦੀ ਭੁੱਖ ਨਹੀਂ ਮਿਟ ਸਕਦੀ। ਜਦੋਂ 'ਮੈਂ' ਦਾ ਨਾਮ ਨਿਸ਼ਾਨ ਮਿਟ ਗਿਆ ਤਾਂ ਫਿਰ ਆਪਣੀ ਕੋਈ ਚਿੰਤਾ ਪ੍ਰੇਸ਼ਾਨੀ, ਤਕਲੀਫ਼ ਨਹੀਂ ਹੁੰਦੀ। ਸਾਰੇ ਪੁਆੜੇ 'ਮੈਂ' ਪਾਉਂਦੀ ਹੈ। ਇਹੋ ਪ੍ਰੇਮ ਵਿੱਚ ਰੌੜਾ ਅਟਕਾਉਂਦੀ ਹੈ ਜਾਂ ਫਿਰ ਨਫ਼ਰਤ ਪੈਦਾ ਹੁੰਦੀ ਹੈ। ਪਰ ਇਸ ਤਰ੍ਹਾਂ ਦਾ ਵਿਰੋਧ ਮਾਂ ਦੇ ਪ੍ਰੇਮ ਵਿੱਚ ਨਹੀਂ ਹੁੰਦਾ। ਔਲਾਦ ਭਾਵੇਂ ਛੱਡ ਜਾਵੇ ਪਰ ਪ੍ਰੇਮ ਵਿੱਚ ਕੋਈ ਗਿਰਾਵਟ ਨਹੀਂ ਆਉਂਦੀ।

ਪ੍ਰੇਮ ਬਿਨਾਂ ਸ਼ਰਤ ਹੁੰਦਾ ਹੈ। ਪ੍ਰੇਮ 'ਚ ਕਦੇ ਦੂਸਰਾ ਨਹੀਂ ਹੁੰਦਾ। ਮਾਂ ਦਾ ਪ੍ਰੇਮ ਇਉਂ ਹੁੰਦਾ ਹੈ ਜਿਵੇਂ ਬਾਰਿਸ਼ ਪੱਤਿਆਂ ਦੀ ਧੂੜ ਤੇ ਪੈਂਦੀ ਹੈ। ਫੁੱਲਾਂ, ਫਲਾਂ ਤੇ ਬ੍ਰਿਛਾਂ ਤੇ ਵੀ ਪੈਂਦੀ ਹੈ। ਭਾਵ ਫੁੱਲ ਰੂਪੀ ਬੱਚਿਆਂ ਨੂੰ ਪਾਲ ਕੇ, ਵੱਡੇ ਕਰ ਕੇ, ਵੇਖ ਵੇਖ ਕੇ ਅਗੰਮੀ ਅਨੰਦ ਪ੍ਰਾਪਤ ਕਰਕੇ ਸਾਰੀ ਉਮਰ ਸੰਤੁਸ਼ਟ ਹੁੰਦੀ ਰਹਿੰਦੀ ਹੈ। ਮਾਂ ਦੇ ਪ੍ਰੇਮ ਨੂੰ ਕੋਈ ਸਿਖਾਉਣ ਵਾਲਾ ਨਹੀਂ ਹੁੰਦਾ ਤੇ ਨਾ ਹੀ ਕੋਈ ਵਿਚੋਲਾ ਹੁੰਦਾ ਹੈ।

ਮਾਂ ਦਾ ਪ੍ਰੇਮ ਬੇਖੁਦੀ ਜ਼ਰੂਰ ਪੈਦਾ ਕਰਦਾ ਹੈ। ਆਪਣੇ ਆਪ ਨੂੰ ਭੁਲਾਉਣ ਦਾ ਵਿਲੱਖਣ ਅਨੁਭਵ ਹੁੰਦਾ ਹੈ। ਬੱਚੇ ਨੂੰ ਗੋਦ ਵਿੱਚ ਲੈ ਕੇ ਦੋਵੇਂ ਬੇਖੁਦੀ ਵਿੱਚ ਗੁਆਚ ਜਾਂਦੇ ਹਨ। ਇਹ ਪ੍ਰੇਮ ਫੁੱਲਾਂ ਦੀ ਸੁਗੰਧੀ ਵਰਗਾ ਹੁੰਦਾ ਹੈ। ਫੁੱਲ ਤੇ ਸੁਗੰਧੀ ਹਰੇਕ ਲਈ ਹੁੰਦੇ ਹਨ। ਮਾਂ ਦਾ ਪ੍ਰੇਮ ਵੀ ਹਰੇਕ ਲਈ ਹੈ। ਹਰ ਪਲ, ਹਰ ਸਮੇਂ, ਹਰ ਰੁੱਤ, ਹਰ ਮੌਸਮ ਵਿੱਚ ਜਿਉਂਦੀ ਜਾਗਦੀ ਤਸਵੀਰ ਬਣਿਆ ਰਹਿੰਦਾ ਹੈ। ਮਾਂ ਦਾ ਮਨ ਨਿਰਦੋਸ਼ ਹੁੰਦਾ ਹੈ। ਬੱਚੇ ਨੂੰ ਛਾਤੀ ਨਾਲ ਲਾਉਣ ਸਮੇਂ ਵਿਚਾਰ ਤੇ ਸਮਾਂ ਦੋਵੇਂ ਮਿਟ ਜਾਂਦੇ ਹਨ। ਮਾਂ ਦਾ ਮਨ ਦੌੜ ਭੱਜ ਨਹੀਂ ਕਰਦਾ। ਉਸ ਲਈ ਇਹ ਪ੍ਰੇਮ ਸ਼ਾਂਤੀ ਦਾ ਕੇਂਦਰ ਬਿੰਦੂ ਹੁੰਦਾ ਹੈ।

# ਮਾਂ ਦੀ ਲੋਰੀ ਹੋ ਗਈ ਚੋਰੀ

ਮਮਤਾ ਦੀਆਂ ਕਾਂਗਾ ਤੇ ਪਿਆਰ ਦੇ ਅਥਾਹ ਡੂੰਘੇ ਸਮੁੰਦਰ 'ਚੋਂ ਨਿਕਲੇ ਸ਼ਹਿਦ ਵਰਗੇ ਮਿੱਠੇ ਬੋਲ ਮਾਂ ਦੀ ਲੋਰੀ ਦਾ ਸਥਾਨ ਪ੍ਰਾਪਤ ਕਰ ਲੈਂਦੇ ਹਨ। ਕੀ ਮਾਂ ਲੋਰੀ ਦਿੱਤੇ ਬਿਨਾਂ ਰਹਿ ਸਕਦੀ ਹੈ? ਜਦੋਂ ਉਸ ਦੀਆਂ ਭਾਵਨਾਵਾਂ ਨੂੰ ਬੂਰ ਪਿਆ ਹੋਵੇ ਤੇ ਮਮਤਾ ਦੇ ਪੌਦੇ ਦੀਆਂ ਕਰੂੰਬਲਾਂ ਫੁੱਟ ਰਹੀਆਂ ਹੋਣ। ਲਾਲ ਸੂਹੀਆਂ ਪਲਪੀਸੀਆਂ ਨਿਕਲ ਰਹੀਆਂ ਹੋਣ। ਜਿਵੇਂ ਅਚਾਨਕ ਆਈ ਖ਼ੁਸ਼ੀ ਵੇਲੇ ਬੰਦਾ ਮੁਸਕਰਾਉਣ ਤੋਂ ਬਿਨਾਂ ਨਹੀਂ ਰਹਿ ਸਕਦਾ। ਇਸ ਤਰ੍ਹਾਂ ਪਘੂੰੜੇ ਵਿੱਚ ਪਏ ਲਾਲ ਦਾ ਚਿਹਰਾ ਦੇਖ ਕੇ, ਖਿੜਦਾ ਫੁੱਲ ਦੇਖ ਕੇ ਮਾਂ ਲੋਰੀ ਗੁਣ ਗੁਣਾਉਣ ਤੋਂ ਬਿਨਾਂ ਨਹੀਂ ਰਹਿ ਸਕਦੀ। ਕੀ ਬਹਾਰ ਦੇ ਮੌਸਮ ਵਿੱਚ ਬੁਲਬੁਲ ਗੀਤ ਗਾਉਣ ਤੋਂ ਰੁਕ ਸਕਦੀ ਹੈ? ਵਿਰਾਗ ਮਈ ਲੋਰੀ ਦਾ ਨਾਤਾ ਪਘੂੰੜੇ ਨਾਲ ਪਿਚਕਿਆ ਹੋਇਆ ਹੁੰਦਾ ਹੈ। ਪਘੂੰੜਾ ਵੇਖਣ ਨੂੰ ਛੋਟਾ ਜਿਹਾ ਲਗਦਾ ਹੈ ਤੇ ਬੱਚੇ ਦੇ ਪਾਉਣ ਲਈ ਬਣਾਇਆ ਜਾਂਦਾ ਹੈ। ਪਰ ਇਸ ਵਿੱਚੋਂ ਵਿਰਸਾ, ਸੱਭਿਆਚਾਰ ਨੈਤਿਕ ਆਧਾਰ, ਇਨਸਾਨੀਅਤ, ਮਨੁੱਖਤਾ ਤੇ ਸੱਭਿਆਤਾਵਾਂ ਜਨਮ ਲੈਂਦੀਆਂ ਹਨ। ਲੋਰੀ ਤੇ ਪਘੂੰੜੇ ਦੀ ਦੇਣ ਦਾ ਪਤਾ ਮਾਂ ਦੀਆਂ ਨਿੱਕੀਆਂ ਨਿੱਕੀਆਂ ਅਤੇ ਬਚੇ ਦੀਆਂ ਤੋਤਲੀਆਂ ਗੱਲਾਂ ਤੇ ਮੁਸਕਰਾਹਟ ਤੋਂ ਲਗਦਾ ਹੈ। ਦੇਖਣ ਵਿੱਚ ਪਘੂੰੜਾ ਭਾਵੇਂ ਕਿੱਡਾ ਛੋਟਾ ਲੱਗੇ ਪਰ ਮਾਂ ਦੀ ਖ਼ੁਦਾਈ ਤੇ ਸਲਤਨਤ ਹੁੰਦਾ ਹੈ। ਬਾਹੀ ਤੇ ਪਈ ਸਾਰੀ ਸਾਰੀ ਰਾਤ ਗੁਜਾਰ ਦਿੰਦੀ ਹੈ। ਜਦੋਂ ਹਿਲਦਾ ਹੈ ਜਾਂ ਪਾਸਾ ਲੈਂਦਾ ਹੈ ਤਾਂ ਸੋਚਦੀ ਹੈ ਕਿ ਕੱਚੀ ਨੀਂਦ ਜਾਗ ਪਵੇਗਾ। ਥਾਪੜਦੀ ਹੋਈ ਲੋਰੀ ਦੇਣ ਲੱਗ ਜਾਂਦੀ ਹੈ। ਕੂਲੇ ਕੂਲੇ ਪੋਟਿਆਂ ਦੀ ਛੂਹ ਨਾਲ ਮਹਿਸੂਸ ਕਰਦਾ ਹੈ ਕਿ ਇਹ ਓਹੀ ਥਾਂ ਹੈ ਜਿੱਥੇ ਮੇਰੀ ਦੁਨੀਆਂ ਵਸਦੀ ਸੀ। ਜਿੱਥੇ ਖ਼ੁਸ਼ੀ ਖ਼ੁਸ਼ੀ ਨੌਂ ਮਹੀਨੇ ਬਿਤਾਏ ਸਨ। ਕਿਉਂਕਿ ਮਾਂ ਦੇ ਪੇਟ ਵਿੱਚ ਅਨੰਦਮਈ ਜ਼ਿੰਦਗੀ ਗੁਜਾਰਦਾ ਸੀ। ਜੇ ਫਿਰ ਵੀ ਨਾ ਟਿਕੇ ਤਾਂ ਪਿਆਰ ਨਾਲ ਗੜੁੱਣ ਸੁਤੀਲੇ ਬੋਲ ਆਪ ਮੁਹਾਰੇ ਫੁੱਟ ਪੈਂਦੇ ਹਨ। ਜਿਵੇਂ ਕਵੀ ਨੂੰ ਕਵਿਤਾ ਲਿਖਣ ਲਈ ਉਕਸਾਉਂਦੀ ਹੈ।

ਪਘੂੰੜਾ ਮਾਂ ਦੇ ਸਾਂਭਣ ਤੇ ਲੋਰੀ ਭਾਵਨਾਵਾਂ ਨੂੰ ਪ੍ਰਗਟਾਉਣ ਵਾਲੀ ਚੀਜ਼ ਹੁੰਦੇ ਹਨ। ਪਘੂੰੜੇ ਤੇ ਮਾਂ ਦੀ ਲੋਰੀ ਵਿੱਚ ਬੜਾ ਕੁਝ ਛੁਪਿਆ ਹੋਇਆ ਹੁੰਦਾ ਹੈ। ਜਿਸ ਨੂੰ ਸਿਰਫ ਮਾਂ ਹੀ ਸਮਝ ਸਕਦੀ ਹੈ। ਮਾਂ ਦੀ ਲੋਰੀ ਮੰਜ਼ਲ ਵਾਲ ਜਾਣ ਵਾਲੇ ਰਸਤੇ ਦੀ ਰੂਪ ਰੇਖਾ ਹੁੰਦੀ ਹੈ। ਬਖਸ਼ਿਸ਼ਾਂ ਦਾ ਮੀਂਹ ਵਰ੍ਹਦਾ ਹੁੰਦਾ ਹੈ। ਲੋਰੀ ਦੀਆਂ ਬਖਸ਼ੀਸ਼ਾਂ ਨੂੰ ਰਸੂਲ ਹਮਜ਼ਾਤੋਵ ਆਪਣਾ ਸਿਜਦਾ ਇਉਂ ਪੇਸ਼ ਕਰਦਾ ਹੈ। "ਮਾਂ ਦੀ ਲੋਰੀ ਇੱਕ ਚਸ਼ਮਾ ਹੈ। ਜਿਹੜਾ ਪਿਆਸ ਬੁਝਾਉਂਦਾ ਹੈ। ਇਹ ਉਹ ਚੁੱਲ੍ਹਾ ਹੈ ਜਿਹੜਾ ਮੈਨੂੰ ਨਿੱਘ ਦਿੰਦਾ ਹੈ। ਇਹ ਨਿੱਘ ਜੀਵਨ ਵਿੱਚ ਆਪਣੇ ਸਾਥ ਲਿਜਾਂਦਾ ਹਾਂ।"

ਮਾਂ ਦੇ ਦੁੱਧ ਅਤੇ ਲੋਰੀ ਵਿੱਚ ਬੱਚੇ ਦੇ ਭਵਿੱਖ ਦਾ ਘਨਿਸ਼ਟ ਸਬੰਧ ਹੁੰਦਾ ਹੈ ਪਰ ਇਹ ਨਾ ਸਮਝਣਾ ਕਿ ਬੱਚਾ ਮਾਂ ਦੀਆਂ ਕੰਨ ਵਿੱਚ ਆਖੀਆਂ ਛੋਟੀਆਂ ਛੋਟੀਆਂ ਗੱਲਾਂ, ਸੈਨਤਾਂ, ਭਾਵਨਾਵਾਂ ਨੂੰ ਸਮਝ ਨਹੀਂ ਸਕਦਾ। ਗੂੰਗੇ ਦੀਆਂ ਸੈਨਤਾਂ ਗੂੰਗਾ ਜਾਣੇ ਜਾਂ ਗੂੰਗੇ ਦੀ ਮਾਂ। ਡਾਕਟਰੀ ਖੋਜਾਂ ਸਪੱਸ਼ਟ ਕਰ ਚੁੱਕੀਆਂ ਹਨ ਕਿ ਸੱਤ ਮਹੀਨੇ ਦਾ ਭਰੂਣ ਪੂਰੀ ਇਕਾਈ ਬਣ ਜਾਂਦਾ ਹੈ ਅਤੇ ਨੌਂ ਮਹੀਨੇ ਦਾ ਹੋਣ ਤੇ ਸਭ ਕੁਝ ਪਤਾ ਲੱਗਣ ਲੱਗ ਜਾਂਦਾ ਹੈ। ਵੱਸ ਭਾਸ਼ਾ ਨਹੀਂ ਹੁੰਦੀ। ਸੁਣਨ ਤੇ ਛੂਹਣ ਵਾਲੀਆਂ ਗਿਆਨ ਇੰਦਰੀਆਂ ਪੇਟ ਵਿੱਚ ਆਪਣਾ ਫਰਜ ਨਿਭਾਉਣਾ ਸਿੱਖ ਜਾਂਦੀਆਂ ਹਨ।

ਗੁਰਭਜਨ ਸਿੰਘ ਗਿੱਲ ਦੀ ਵਿਰਾਗ ਮਈ ਲੋਰੀ ਐਨਾ ਭਾਵੁਕ ਦ੍ਰਿਸ਼ ਪੇਸ਼ ਕਰਦੀ ਹੈ ਕਿ ਸੁਣਨ ਵਾਲਾ ਪੱਥਰ ਦਿਲ ਮੋਮ ਬਣ ਜਾਂਦਾ ਹੈ। ਕੀ ਮਾਂ ਦੀ ਲੋਰੀ ਧੀ ਲਈ ਨਹੀਂ ਹੁੰਦੀ? ਕੀ ਧੀ ਦੀ ਦਰਦ ਭਰੀ ਹੂਕ ਮਾਂ ਨੂੰ ਮੋਮ ਨਹੀਂ ਬਣਾਉਂਦੀ? ਆਲੇ ਦੁਆਲੇ ਵਾਪਰ ਰਹੀਆਂ ਘਿਣੌਨੀਆਂ ਘਟਨਾਵਾਂ ਦੇਖ ਕੇ ਮਾਂ

ਦਹਿਲ ਜਾਂਦੀ ਹੈ। ਅੱਖਾਂ ਸਾਹਮਣੇ ਪਿਆਰ ਦਾ ਕਤਲ ਹੁੰਦਾ ਕੋਈ ਵੀ ਮਾਂ ਬਰਦਾਸ਼ਤ ਨਹੀਂ ਕਰ ਸਕਦੀ। ਅੱਖਾਂ ਤੇ ਪੱਟੀ ਵੀ ਨਹੀਂ ਬੰਨ੍ਹ ਸਕਦੀ। ਇਸ ਲਈ ਧੀ ਨੂੰ ਜੋਖਮ ਵਿੱਚ ਪਾਉਣ ਦਾ ਕਾਰਨ ਆਪਣੇ ਆਪ ਨੂੰ ਸਮਝਦੀ ਹੋਈ ਲੋਰੀ ਤੋਂ ਬੇਮੁੱਖ ਹੋ ਜਾਂਦੀ ਹੈ ਤੇ ਸਹਿਕਦੀ ਸੁੰਧਕਦੀ ਕੰਜਕਾਂ ਆਪਣੇ ਭਾਵ ਪ੍ਰਗਟ ਕਰ ਕੇ ਦਮ ਤੋੜ ਜਾਂਦੀ ਹੈ।

ਲੋਰੀ ਵਿੱਚ ਬੱਚੇ ਦੀ ਤੰਦਰੁਸਤੂ ਨਰੋਈ ਸਿਹਤ ਦੀ ਕਾਮਨਾ ਕੀਤੀ ਗਈ ਹੁੰਦੀ ਹੈ। ਪਰਿਵਾਰਕ ਰਿਸ਼ਤਿਆਂ ਨਾਲ ਮੋਹ ਪਵਾਉਣ ਦੀ ਅਗਾਊਂ ਸੂਚਨਾ ਹੁੰਦੀ ਹੈ। ਭੈਣ, ਭਰਾ, ਭਾਬੋ ਆਦਿ ਦੀ ਸੁੰਦਰਤਾ ਦਾ ਵਰਣਨ ਹੁੰਦਾ ਹੈ। ਬਾਪੂ ਦਾ ਸਹਾਰਾ ਜਾਂ ਬਾਬੇ ਦੀ ਡੋਗਰੀ ਬਣਨ ਦੀ ਵੇਦਨਾ ਭਰੀ ਅਵਾਜ ਵਿੱਚ ਬੱਚੇ ਦੇ ਕੰਨ ਵਿੱਚ ਪਰੋਣ ਦਾ ਤੇ ਵਿਰਸੇ ਨਾਲ ਜੋੜਨ ਦਾ ਯਤਨ ਹੁੰਦਾ ਹੈ। ਭਵਿੱਖ ਦੀ ਕਾਮਯਾਬੀ ਕਈ ਅਰਦਾਸਾਂ, ਅਰਜ਼ਾਂ, ਬੇਨਤੀਆਂ ਦਾ ਵਾਰ ਵਾਰ ਜ਼ਿਕਰ ਹੁੰਦਾ ਹੈ। ਮਾਂ ਦੇ ਪਿਆਰ ਦਾ ਸਿਖਰ ਹੁੰਦਾ ਹੈ ਜੋ ਬੱਚੇ ਦੀਆਂ ਸੁਹਜ ਤੇ ਕਲਾਤਮਕ ਪ੍ਰਵਿਰਤੀਆਂ ਨੂੰ ਜਗਾਉਂਦਾ ਹੈ। ਲੋਰੀ ਵਿੱਚ ਮਾਂ ਆਪ ਹੀ ਵੱਖ ਵੱਖ ਰਿਸ਼ਤੇ ਬਣ ਜਾਂਦੀ ਹੈ। ਮੁੱਢ ਤੋਂ ਹੀ ਸਮਾਜ ਦੀ ਸਿਰਜਨਾ ਦਾ ਫਿਕਰ ਕਰਦੀ ਹੋਈ ਵੀਰ, ਭੈਣ, ਭਰਜਾਈ, ਦਾਦਾ, ਦਾਦੀ, ਨਾਨਾ, ਨਾਨੀ ਦੀ ਕੰਨ ਬਲੇਲ ਬੱਚੇ ਦੇ ਕੰਨਾਂ ਵਿੱਚ ਪਾਉਣ ਦੀ ਚੇਸ਼ਟਾ ਕਰਦੀ ਹੈ। ਰਿਸ਼ਤਿਆਂ ਨਾਲ ਜਾਣ ਪਛਾਣ ਕਰਾਉਣ ਤੇ ਸਾਂਝ ਪਵਾਉਣ ਲਈ ਲੋਰੀ ਦਾ ਗੀਤ ਬੱਚੇ ਨੂੰ ਆਕਰਸ਼ਤ ਵੀ ਕਰਦਾ ਹੈ ਅਤੇ ਇਹਨਾਂ ਰਸ ਭਰੇ ਬੋਲਾਂ ਦਾ ਅਸਰ ਵੀ ਕਬੂਲਦਾ ਹੈ। ਲੈ ਬੱਧ ਲੋਰੀ ਸੁਣ ਕੇ ਅਨੰਦਤ ਹੋਇਆ ਗੂੜੀ ਨੀਂਦ ਸੌਂ ਜਾਂਦਾ ਹੈ। ਦੁੱਧ ਨਾ ਲੈਂਦਾ ਹੋਵੇ ਤਦ ਵੀ ਹੌਲੀ ਹੌਲੀ ਗੀਤ ਗੁਣਗੁਣਾਉਂਦੀ ਰਹਿੰਦੀ ਹੈ। ਲੋਰੀ ਵਿੱਚ ਮਾਂ ਦੇ ਦਿਲ ਦੀ ਧੜਕਣ ਅਤੇ ਬੱਚੇ ਦੇ ਜੀਵਨ ਦਾ ਸੁਮੇਲ ਵੇਖਣ ਮਿਲਦਾ ਹੈ।

ਮਾਂ ਦੇ ਸਰੀਰ ਦਾ ਸਭ ਤੋਂ ਸੁੰਦਰ ਕੁਦਰਤੀ ਅੰਗ ਛਾਤੀ ਹੁੰਦੀ ਹੈ। ਮਾਂ ਨੂੰ ਪਿਆਰੀ ਹੁੰਦੀ ਹੈ। ਪਿਆਰੀ ਵੀ ਹੁੰਦੀ ਹੈ ਤੇ ਪਿਆਸੀ ਵੀ ਹੁੰਦੀ ਹੈ। ਉਨਾਂ ਚਿਰ ਮਾਂ ਦੇ ਸੁਹੱਪਣ ਨੂੰ ਚਾਰ ਚੰਨ ਨਹੀਂ ਲਗਦੇ ਅਤੇ ਪਿਆਸ ਨਹੀਂ ਬੁਝਦੀ ਜਿੰਨਾਂ ਚਿਰ ਬੱਚਾ ਛਾਤੀ ਤੇ ਪਲਸੇਟੇ ਮਾਰ ਕੇ ਦਿਲ ਦੀ ਧੜਕਣ ਨਾਲ ਨਹੀਂ ਜੁੜਦਾ ਤੇ ਲੋਰੀ ਨਹੀਂ ਲੈਂਦਾ। ਇਹ ਛਾਤੀ ਅਤੇ ਲੋਰੀ ਸੰਸਕਾਰਾਂ, ਨੈਤਿਕ ਆਧਾਰਾਂ, ਸੱਭਿਆਚਾਰਾਂ ਤੇ ਸਮਾਜਕ ਮੁੱਲਾਂ ਦੀ ਜੜ ਹੁੰਦੀ ਹੈ। ਜਿਸ ਨੂੰ ਪੱਕਿਆਂ ਕਰਨ ਵਿੱਚ ਮਾਂ ਦੀ ਲੋਰੀ ਦਾ ਯੋਗਦਾਨ ਹੁੰਦਾ ਹੈ। ਆਮ ਸਾਧਾਰਨ ਬੁੱਧੀ ਵਾਲਿਆਂ ਲਈ ਇਹ ਬੜੀ ਸਿੱਧੀ ਸਾਦੀ ਬੁਝਾਰਤ ਹੈ ਕਿ ਛਾਤੀ ਤਾਂ ਸਿਰਫ ਭੁੱਖ ਮਿਟਾਉਣ ਲਈ ਹੁੰਦੀ ਹੈ। ਜੇ ਤਹਿ ਤੱਕ ਪਹੁੰਚਿਆ ਜਾਵੇ ਤਾਂ ਲੋਰੀ ਦਾ ਜਨਮ ਮਾਂ ਦੀ ਛਾਤੀ 'ਚੋਂ ਹੁੰਦਾ ਹੈ। ਲੋਰੀ ਦਾ ਗੀਤ ਇਸ ਤਰ੍ਹਾਂ ਆ ਜਾਂਦਾ ਹੈ ਜਿਵੇਂ ਕਵੀ ਦੇ ਦਿਲ ਵਿੱਚ ਕਵਿਤਾ ਉਤਰ ਆਉਂਦੀ ਹੈ। ਕਵੀ ਦੀ ਪਿਆਸ ਉਨਾਂ ਚਿਰ ਨਹੀਂ ਬੁਝਦੀ ਜਿੰਨਾ ਚਿਰ ਵਿਚਾਰ ਜਾਂ ਭਾਵ ਸ਼ਬਦਾਂ ਦਾ ਰੂਪ ਧਾਰ ਕੇ ਹਿਰਦੇ ਨੂੰ ਤ੍ਰਿਪਤ ਨਹੀਂ ਕਰਦੇ। ਇਸ ਲਈ ਬੱਚੇ ਵੀ ਮਾਂ ਦੀ ਰਚਨਾ ਹੁੰਦੇ ਹਨ। ਕਵਿਤਾ ਹੁੰਦੇ ਹਨ। ਮਾਂ ਦਾ ਦੁੱਧ, ਮਾਂ ਦੀ ਛਾਤੀ, ਮਾਂ ਦੀ ਲੋਰੀ ਮਿਲ ਕੇ ਨਿਗਰ ਤੇ ਨਰੋਏ ਸਮਾਜ ਦੀ ਸਿਰਜਨਾ ਕਰਦੇ ਹਨ।

ਲੋਰੀ ਵਿੱਚ ਮਾਂ ਦੀ ਖੁਸ਼ੀ ਦੇ ਹੰਝੂਆਂ ਦੇ ਲਿਸ਼ਕਾਰੇ ਵੀ ਹੁੰਦੇ ਹਨ। ਕਦੇ ਬੱਚੇ ਨੂੰ ਡੀ. ਸੀ. ਦੀ ਕੁਰਸੀ ਤੇ ਬੈਠਾ ਵੇਖਦੀ ਹੈ। ਕਦੇ ਦੁਨੀਆਂ ਦੇ ਸੁੰਦਰ, ਸੁਹਣੇ ਸੁਨੱਖੇ, ਕੱਦਾਵਰ ਬੱਚਿਆਂ ਵਿੱਚੋਂ ਨੰਬਰ ਇੱਕ ਸਮਝਦੀ ਹੈ। ਲੋਰੀ ਵਿੱਚ ਮਾਂ ਦੀਆਂ ਦੁਆਵਾਂ, ਅਸੀਸਾਂ, ਬਖਸ਼ਿਸ਼ਾਂ, ਸ਼ੁੱਭ ਕਾਮਨਾਵਾਂ ਸੁਗਾਤਾਂ ਵਾਂਗ ਜਾਪਦੀਆਂ ਹਨ। ਕਲਪਨਾਵਾਂ ਨੂੰ ਭਵਿੱਖ ਵਿੱਚ ਅਮਲੀ ਰੂਪ ਦੇਣ ਦੀ ਸਮਰੱਥਾ ਨੂੰ ਬਲ ਦਿੰਦੀਆਂ ਲਗਦੀਆਂ ਹਨ। ਵਾਰ ਵਾਰ ਦੁਹਰਾਉਣ ਤੇ ਇਹ ਜ਼ਿਆਦਾ ਕੀਮਤੀ ਪ੍ਰਤੀਤ ਹੁੰਦੀਆਂ ਹਨ। ਭੰਡਾਰੇ ਭਰਪੂਰ ਜਾਪਦੇ ਹਨ। ਦਾਤਾਂ ਦੀ ਕਦਰ ਤੇ ਅਸਰ ਦੋਵੇਂ ਵਧ ਜਾਂਦੇ ਹਨ। ਲੋਰੀ ਦੁਰਲੱਭ ਗੁਣਾਂ ਦਾ ਭੰਡਾਰ ਹੁੰਦੀ ਹੈ। ਹੋਰ ਕਹਾਣੀਆਂ ਨਾਲੋਂ ਜ਼ਿਆਦਾ ਸਕੂਨ ਦਿੰਦੀ ਹੈ ਤੇ ਤਣਾਓ ਮੁਕਤ ਕਰਦੀ ਹੈ।

ਰਸੂਲ ਹਮਜ਼ਾਤੋਵ ਦਾ ਵਿਚਾਰ ਹੈ "ਮਾਤ ਭੂਮੀ ਤੋਂ ਬਿਨਾਂ ਕੋਈ ਲੇਖਕ ਨਹੀਂ ਹੋ ਸਕਦਾ।" ਇਸ ਤਰ੍ਹਾਂ ਲੋਰੀ ਤੋਂ ਬਿਨਾਂ ਮਾਂ ਨਹੀਂ ਹੋ ਸਕਦੀ। ਲੋਰੀ ਬਿਨਾਂ ਸੰਗੀਤ ਵੀ ਨਹੀਂ ਹੁੰਦਾ। ਲੋਰੀ ਦਾ ਘਰ ਮਾਂ ਦਾ ਦਿਲ ਹੁੰਦਾ ਹੈ। ਇਹ ਹਰੇਕ ਮਾਂ ਨੂੰ ਆਉਂਦੀ ਹੁੰਦੀ ਹੈ। ਭਾਵੇਂ ਉਹ ਪੜ੍ਹੀ ਲਿਖੀ, ਬਾਵੇਂ ਅਣਪੜ੍ਹ। ਇਸ ਤੋਂ ਬਿਨਾਂ ਪਿਆਰ ਸੰਤੁਸ਼ਟ ਨਹੀਂ ਹੁੰਦਾ।

ਬੁਢਾਪੇ ਵਿੱਚ ਮਾਂ ਦੀ ਲੋਰੀ ਦਾ ਹੇਰਵਾ ਟਿਕਣ ਨਹੀਂ ਦਿੰਦਾ। ਵਾਰ ਵਾਰ ਯਾਦ ਆਉਣ ਕਰ ਕੇ ਬਚਪਨ ਤਾਜ਼ਾ ਹੋ ਜਾਂਦਾ ਹੈ। ਇਹ ਗੀਤ ਉਹਨਾਂ ਗਲੀਆਂ ਵਿੱਚ ਤੁਰਨ ਲਈ ਮਜ਼ਬੂਰ ਕਰ ਦਿੰਦਾ ਹੈ ਜਿੱਥੇ ਗਿੱਲੀ ਮਿੱਟੀ ਦੇ ਘਰ ਬਣਾ ਕੇ, ਠੰਢੇ ਰੇਤੇ ਵਿੱਚ ਲਿਟਿਆ ਕਰਦੇ ਸੀ। ਸਰੀਰ ਤੇ ਮਲ ਕੇ ਸਾਧ ਬਣਿਆ ਕਰਦੇ ਸੀ। ਭੂਠੀ ਮੂਠੀ ਦੇ ਖੇਤ ਬਣਾ ਕੇ, ਅੱਕਾਂ ਦੀਆਂ ਕੂਕੜੀਆਂ ਦੇ ਨਾਰੇ ਬਲਦ ਦੀ ਜੋੜੀ ਨਾਲ ਵਾਹਿਆ ਕਰਦੇ ਸੀ। ਅਲੱਗ ਕਿਸਮ ਦੀ ਦੁਨੀਆਂ ਵਸਾਉਂਦੇ ਸਾਂ।

ਹੁਣ ਲੋਰੀ ਗੁਆਚਦੀ ਜਾਂਦੀ ਹੈ। ਮੁੱਲ ਘਟਦਾ ਜਾ ਰਿਹਾ ਹੈ। ਮਾਵਾਂ ਭੁਲਦੀਆਂ ਜਾ ਰਹੀਆਂ ਹਨ। ਸਮੇਂ ਦੀ ਹੋੜ ਨੇ ਚੋਰੀ ਕਰ ਲਈ ਹੈ। ਬੱਚਿਆਂ ਤੋਂ ਬਚਪਨ ਖੋਹਿਆ ਜਾ ਰਿਹਾ ਹੈ। ਗੂੜ੍ਹੀ ਨੀਂਦ ਸੌਣ ਤੇ ਲੋਰੀ ਸੁਣਨ ਦੀ ਉਮਰ, ਚੜ੍ਹੇ ਦਿਨ ਬੱਚਿਆਂ ਤੋਂ ਖੁਸਦੀ ਜਾ ਰਹੀ ਹੈ। ਬਿਗਾਨੇ ਹੱਥਾਂ ਵਿੱਚ ਪਲਣ ਲਈ ਬੱਚੇ ਨੂੰ ਛੱਡਿਆ ਜਾਂਦਾ ਹੈ। ਮਾਂ ਦੀ ਲੋਰੀ ਤੋਂ ਬਿਨਾਂ ਹੋਰ ਕੋਈ ਗੀਤ ਸੁਰੀਲਾ ਨਹੀਂ ਜੋ ਜੀਵਨ ਭਰ ਸਾਡੇ ਨਾਲ ਚਲਦਾ ਹੋਵੇ ਅਤੇ ਹੌਂਸਲਾ ਦਿੰਦਾ ਹੋਵੇ। ਗਮੀ ਖੁਸ਼ੀ ਗੀਤਾਂ ਨੂੰ ਜਨਮ ਦਿੰਦੇ ਹਨ। ਮਰਦ ਆਪਣੇ ਜੀਵਨ ਦੇ ਸਭ ਤੋਂ ਔਖੇ ਬੋਝਲ ਅਤੇ ਭਿਆਨਕ ਦਿਨਾਂ ਵਿੱਚ ਮਾਂ ਅਤੇ ਮਾਂ ਦੀ ਲੋਰੀ ਨੂੰ ਯਾਦ ਕਰਦਾ ਹੈ। ਗਦਾਰੀ ਕਰਨ ਵਾਲੇ ਨੂੰ ਰਸੂਲ ਹਮਜ਼ਾਤੋਵ ਮਾਂ ਦੀ ਲੋਰੀ ਨੂੰ ਭੁੱਲਣ ਦਾ ਨਾਂ ਦਿੰਦਾ ਹੈ। ਪਰ ਮਾਂ ਨੂੰ ਆਪਣੀ ਲੋਰੀ ਦੇ ਸ਼ਬਦਾਂ ਉੱਤੇ ਵਿਸ਼ਵਾਸ ਜ਼ਰੂਰ ਹੁੰਦਾ ਹੈ। ਮਾਂ ਦੀ ਲੋਰੀ ਤੋਂ ਬਿਨਾਂ ਮਨੁੱਖ ਇਸ ਦੁਨੀਆਂ ਨੂੰ ਸਹੀ ਰੂਪ ਵਿੱਚ ਦੇਖਣ ‘ਚ ਕਾਮਯਾਬ ਬਹੁਤ ਘੱਟ ਹੁੰਦਾ ਹੈ। ਇਉਂ ਲਗਣ ਲਗਦਾ ਹੈ ਜਿਵੇਂ ਉਸ ਦੀਆਂ ਅੱਖਾਂ ਤੇ ਪੱਟੀ ਬੰਨ੍ਹੀ ਹੋਵੇ।

# ਅੰਮਾਂ ਗੁੱਲੀ, ਮੋਈ ਰੋਟੀ, ਪਾਣੀ ਹੱਥ ਦੀ ਜਰਾ ਛੋਟੀ

ਅੰਮਾਂ ਗੁੱਲੀ, ਮੋਈ ਰੋਟੀ, ਦੋੜਾ ਤੇ ਮਾਂ ਦੇ ਹੱਥ ਦੀ ਪਾਣੀ ਲਾ ਕੇ ਪਕਾਈ ਤੇ ਰਾੜੀ ਰੋਟੀ ਦਾ ਭਾਵ ਅਰਥ ਇੱਕੋ ਹੈ। ਪਰ ਸੁਆਦ ਵੱਖਰਾ ਵੱਖਰਾ ਹੁੰਦਾ ਹੈ। ਤਵੇ ਤੇ ਪਕਾਈ, ਚੁੱਲ੍ਹੇ ਦੇ ਕੌਲੇ ਤੇ ਲਾਈ ਤੰਦੂਰ ‘ਚ ਚਿਪਕਾਈ ਰੋਟੀ ਤੋਂ ਵਿਲੱਖਤਾ ਦਾ ਅਹਿਸਾਸ ਹੋ ਜਾਂਦਾ ਹੈ। ਆਟਾ ਵੀ ਓਹੀ, ਪਕਾਉਣ ਵਾਲੀ ਓਹੀ, ਤਵਾ ਪਰਾਤ ਵੀ ਓਹੀ, ਥੰਦਾ ਓਹੀ, ਅੱਗ ਦਾ ਸੇਕ ਓਹੀ। ਪਰ ਜੀਭ ਤੇ ਬੁਰਕੀ ਰੱਖਣ ਨਾਲ ਜ਼ਾਇਕਾ ਪ੍ਰਤੱਖ ਹੋ ਜਾਂਦਾ ਹੈ ਕਿ ਕਿਹੜੀ ਰੋਟੀ ਮੂੰਹੋਂ ਨਹੀਂ ਲਹਿੰਦੀ ਤੇ ਪਕਾਉਣ ਵਿੱਚ ਕੌਣ ਮਾਹਿਰ ਹੈ। ਮਾਵਾਂ, ਦਾਦੀਆਂ, ਨਾਨੀਆਂ ਦੇ ਹੱਥਾਂ ਵਿੱਚ ਜਾਦੂ ਹੁੰਦਾ। ਮਾਂ ਦੀ ਪੱਕੀ ਤੇ ਚੁੱਲ੍ਹੇ ਮੂਹਰੇ ਬੈਠ ਕੇ ਖਾਧੀ ਸਾਰੀ ਉਮਰ ਕਿਉਂ ਯਾਦ ਰਹਿੰਦੀ ਹੈ। ਕਿਉਂਕਿ ਮਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਆਪ ਪਕਾ ਕੇ ਬੱਚਿਆਂ ਨੂੰ ਖੁਆਵੇ ਤਾਂ ਮੈਨੂੰ ਰੱਜ ਆਉਂਦਾ ਹੈ। ਜਿਸ ਖਾਣੇ ਵਿੱਚ ਬਣਾਉਣ ਵਾਲੇ ਦੀ ਭਾਵਨਾ ਤੇ ਪਿਆਰ ਦੀ ਪੁੱਠ ਚੜ੍ਹ ਜਾਵੇ ਉਹ ਖਾਣਾ ‘ਖਾਣਾ’ ਨਹੀਂ ਰਹਿੰਦਾ, ਸਗੋਂ ਅੰਮ੍ਰਿਤ ਬਣ ਜਾਂਦਾ ਹੈ। ਭੁੱਖ ਹੀ ਨਹੀਂ ਮਿਟਾਉਂਦਾ ਸਗੋਂ ਸੰਤੁਸ਼ਟੀ ਦਿੰਦਾ ਹੈ। ਤ੍ਰਿਪਤ ਕਰਦਾ ਹੈ। ਸਰਸ਼ਾਰ ਕਰਦਾ ਹੈ।

ਸੱਸਾਂ, ਦਾਦ ਸੱਸਾਂ ਤੇ ਵਡੇਰੀ ਉਮਰ ਦੀਆਂ ਆਗੂ ਰਸੋਈ ਤੇ ਕਬਜ਼ਾ ਕਰੀ ਰਖਦੀਆਂ। ਚੁੱਲ੍ਹਾ

ਛੱਡਣ ਨੂੰ ਕੋਈ ਰਜ਼ਾਮੰਦ ਨਹੀਂ ਹੁੰਦੀ ਸੀ। ਚੌਧਰ ਕਾਇਮ ਰੱਖ ਕੇ ਖੁਸ਼ ਰਹਿੰਦੀਆਂ। ਟੱਬਰ ਨੂੰ, ਆਪਣੇ ਹੱਥ ਨਾਲ ਘਿਓ ਪਾ ਕੇ ਖਵਾਉਣ ਦੀ ਲਾਲਸਾ ਵੀ ਮਜ਼ਬੂਰ ਕਰਦੀ। ਕਿਉਂਕਿ ਪਤਾ ਹੁੰਦਾ ਕਿ ਕਿਹੜੇ ਕਮਾਊ ਪੁੱਤ ਧੀ ਨੂੰ ਕਿੰਨੀ ਖੁਰਾਕ ਦੇਣੀ ਹੈ। ਕਿੰਨਾਂ ਘਿਓ ਦੁੱਧ ਦੇਣਾ ਹੈ। ਦੁੱਧ ਘਿਓ ਆਪਣੇ ਕਬਜ਼ੇ 'ਚ ਰਖਦੀਆਂ। ਮਜ਼ਬੂਰੀ ਵੱਸ ਚੁੱਲ੍ਹਾ ਛੱਡਣਾ ਪੈ ਜਾਂਦਾ ਤਾਂ ਖਾਣਾ ਵਰਤਾਉਣ ਦੀ ਡਿਊਟੀ ਦੀ ਬਾਗ ਡੋਰ ਕਸ ਕੇ ਫੜ ਲੈਂਦੀਆਂ। ਪੀੜ੍ਹੀ ਤੇ ਬੈਠੀਆਂ ਹਰੇਕ ਨੂੰ ਵਾਰੀ ਨਾਲ ਖਾਣਾ ਵਰਤਾਈ ਜਾਂਦੀਆਂ। ਨੂੰਹਾਂ, ਧੀਆਂ ਲੋੜੀਂਦੀਆਂ ਚੀਜ਼ਾਂ ਨੇੜੇ ਕਰੀ ਜਾਂਦੀਆਂ। ਉਤਲਾ ਕੰਮ ਸਾਂਭ ਲੈਂਦੀਆਂ। ਇਸ ਕਰ ਕੇ ਨਵੀਂ ਨਵੇਲੀ ਨੂੰ ਕਾਫੀ ਸਮਾਂ ਰੋਟੀ ਪਕਾਉਣ ਨਹੀਂ ਲਾਇਆ ਜਾਂਦਾ ਸੀ। ਕਿਉਂਕਿ ਉਸ ਨੂੰ ਪਤਾ ਨਹੀਂ ਹੁੰਦਾ ਸੀ ਕਿ ਕਿੰਨਾ ਆਟਾ ਗੁੰਨਣਾ ਹੈ ਤੇ ਕਿੰਨਾ ਦਾਲ ਪਾਣੀ ਤੇ ਕਿਸ ਹਿਸਾਬ ਨਾਲ ਬਣਾਉਣਾ ਹੈ।

ਘਿਓ ਦੁੱਧ ਆਮ ਹੁੰਦਾ। ਚੰਗਾ ਚੋਖਾ ਖਾਣ ਦੀ ਲਲਕ ਸਾਰਿਆਂ ਨੂੰ ਹੁੰਦੀ। ਸਾਰੇ ਗੱਦਲਖੋਰੇ ਹੁੰਦੇ। ਵੱਡੀ ਮਾਂ ਜਦੋਂ ਸਾਰੀਆਂ ਰੋਟੀਆਂ ਬਣਾ ਲੈਂਦੀ ਤਾਂ ਵੱਡਾ ਪੇੜਾ ਕਰ ਕੇ ਘਿਓ ਦਾ ਹੱਥ ਲਾ ਕੇ ਤਵੇ ਤੇ ਪਾ ਦਿੰਦੀ ਪਾਸੀਂ ਚਮਚੇ ਨਾਲ ਥੋੜ੍ਹਾ ਥੋੜ੍ਹਾ ਘਿਓ ਪਾ ਦਿੰਦੀ। ਮੱਠੀ ਮੱਠੀ ਅੱਗ ਤੇ ਤਵੇ ਦੇ ਮੇਚ ਦੀ ਰੜ ਕੇ ਮਾਹਲ ਪੂੜੇ ਵਰਗੀ ਬਣ ਕੇ ਖਾਣ ਵਾਲੇ ਨੂੰ ਆਪਣੀ ਬੋਲੀ ਵਿੱਚ ਅਵਾਜ਼ਾਂ ਮਾਰਦੀ। ਜਾਂ ਚਹੇੜੂ ਵਾਲੇ ਭਾਂਡੇ ਵਿੱਚ ਘਿਓ ਦੀ ਰਹਿੰਦ ਖੂੰਹਦ ਵਿੱਚ ਪੇੜਾ ਗੁੰਨ ਲਿਆ ਜਾਂਦਾ ਜਾਂ ਪੇੜੇ 'ਚ ਘਿਓ ਲਾ ਕੇ ਬਣਾਈ ਜਾਂਦੀ। ਇਸ ਨੂੰ ਮੋਈ ਹੋਈ ਰੋਟੀ ਵੀ ਆਖਿਆ ਜਾਂਦਾ। ਅੰਮਾਂ ਨੇ ਪਕਾਈ ਤੇ ਅੰਮਾਂ ਨੇ ਭੁੱਖ ਮਿਟਾਈ ਤਾਂ ਇਸ ਨੂੰ 'ਅੰਮਾਂ ਗੁੱਲੀ' ਦਾ ਨਾਂ ਦਿੱਤਾ ਗਿਆ। ਖਾਣ ਵਿੱਚ ਪੋਲੀ ਹੁੰਦੀ। ਜੇ ਦੰਦਾਂ ਦੀ ਘਾਟ ਹੁੰਦੀ ਤਾਂ ਚੱਬਣੀ ਚਿੱਥਣੀ ਸੁਖਾਲੀ ਹੁੰਦੀ। ਜੇ ਬੇਬੇ ਭੁੱਖ ਨੂੰ ਕਦੇ ਜ਼ਾਹਰ ਕਰਦੀ ਤਾਂ ਆਖ ਦਿੰਦੀ, "ਸਵੇਰ ਦੀ ਨੇ ਸਗੋਂ ਇੱਕ ਗੁੱਲੀ ਝੁਲਸੀ ਐ।" ਸਗੋਂ ਦੋ ਰੋਟੀਆਂ ਜਿੱਡੀ ਗਿਜ਼ਾ ਵਾਲੀ ਖਾ ਕੇ ਉੱਤੋਂ ਕਾਹੜੇ ਹੋਏ ਦੁੱਧ ਦਾ ਛੰਨਾ ਪੀਤਾ ਹੋਇਆ ਹੁੰਦਾ ਹੈ।

ਭਾਵੇਂ ਦੋੜਾਂ ਪਕਾ ਲਵੋ ਤੇ ਭਾਵੇਂ ਪਰੌਂਠਾ (ਗੋਲ ਰੋਟੀ) ਪਕਾ ਲਵੋ। ਗੱਲ ਤਾਂ ਘਿਓ ਨਾਲ ਬਣਨੀ ਐ। ਦਰਾਣੀਆਂ ਜਿਠਾਣੀਆਂ ਇਹ ਅਖਾਣ ਆਮ ਵਰਤਿਆ ਕਰਦੀਆਂ। ਪਰਿਵਾਰਕ ਮੈਂਬਰ ਨਵੀਂ ਨਵੇਲੀ ਦੇ ਬਣਾਏ ਖਾਣੇ ਨੂੰ ਸਲਾਹ ਦਿੰਦੇ ਤਾਂ ਦਰਾਣੀ ਜਿਠਾਣੀ ਆਖ ਦਿੰਦੀ, "ਘਿਓ ਬਣਾਵੇ ਤੋਰੀਆਂ ਵੱਡੀ ਬਹੂ ਦਾ ਨਾਂ।" ਦੋ ਇੱਕੋ ਜਿਹੀਆਂ ਰੋਟੀਆਂ ਥੱਪ ਕੇ ਵਿਚਕਾਰ ਲੋੜ ਅਨੁਸਾਰ ਲੂਣ ਮਿਰਚ ਪਾ ਕੇ, ਘਿਓ ਦਾ ਹੱਥ ਲਾ ਕੇ ਤਵੇ ਤੇ ਪਕਾਈਆਂ ਜਾਂਦੀਆਂ। ਇਸ ਨੂੰ ਦੋੜਾਂ ਕਿਹਾ ਜਾਂਦਾ। ਪਹਾੜੀਏ ਇਸ ਤਰ੍ਹਾਂ ਦੀ ਰੋਟੀ ਵਿਚ ਮਿੱਠਾ, ਸਲੂਣਾ ਸਾਰੇ ਜ਼ਾਇਕੇ ਪਾ ਦਿੰਦੇ ਹਨ। ਜੋ ਸੁਆਦ ਵਿੱਚ ਵਾਧਾ ਕਰਦੇ ਹਨ।

ਜਦੋਂ ਲੋੜ ਪੈਂਦੀ ਪਾਣੀ ਹੱਥ ਦੀ ਰੋਟੀ ਪਕਾਈ ਜਾਂਦੀ। ਇਸ ਦਾ ਸੁਆਦ ਚੰਦੌਏ ਵਰਗਾ ਹੁੰਦਾ। ਬਿਨਾਂ ਥਪਣੇ ਤੋਂ ਮੋਟੀ ਸਾਰੀ ਰੋਟੀ ਪਾਣੀ ਦਾ ਹੱਥ ਲਾ ਕੇ ਤਵੇ ਤੇ ਸੁੱਟ ਦਿੱਤੀ ਜਾਂਦੀ। ਦੂਜਾ ਪਾਸਾ ਅੱਗ ਤੇ ਰਾੜਿਆ ਜਾਂਦਾ। ਚਿਰਾਂ ਤੋਂ ਮੱਚ ਰਹੀ ਅੱਗ ਦੇ ਅੰਗਿਆਰਾਂ ਪਰੋਲ ਕੇ ਛੱਲੀ ਵਾਂਗੂੰ ਪਕਾ ਲਈ ਜਾਂਦੀ। ਕਦੇ ਕਦੇ ਛਾਬੇ ਵਿੱਚ ਰੋਟੀ ਨਾ ਹੁੰਦੀ ਤੇ ਜੁਆਕ ਮੰਗਦੇ। ਤਾਂ ਅੱਗ ਮਚਾ ਕੇ ਮਾਤਾ ਤਵੇ ਤੇ ਸੁੱਟ ਦਿੰਦੀ। ਬੜੀ ਸੁਆਦੀ ਲਗਦੀ। ਘਿਓ ਤੇ ਗੁੜ ਨਾਲ ਹੋਰ ਚੰਗੀ ਲਗਦੀ। ਇੱਕ ਦੰਦੀ ਗੁੜ ਤੇ ਇੱਕ ਘਿਓ ਤੇ ਵੱਢ ਕੇ ਖਾਂਦੇ ਤਾਂ ਇਉਂ ਲਗਦਾ ਜਿਵੇਂ ਛੱਤੀ ਪ੍ਰਕਾਰ ਦਾ ਭੋਜਨ ਮਿਲ ਗਿਆ ਹੋਵੇ। ਕਈ ਔਰਤਾਂ ਤੋਂ ਨਿਰੇ ਬਾਜਰੇ ਦੇ ਆਟੇ ਦੀ ਪਾਣੀ ਹੱਥ ਦੀ ਰੋਟੀ ਪਕਾਈ ਨਾ ਜਾਂਦੀ। ਮਾਂ ਇਸ ਨੂੰ ਪਕਾਉਂਦੀ ਤੇ ਤੱਤੀ ਤੱਤੀ ਨੂੰ ਘਿਓ ਨਾਲ ਗੱਚ ਕਰ ਕੇ, ਉੱਤੇ ਮਲਾਈ ਰੱਖ ਦਿੰਦੀ ਤਾਂ ਬਿਸਕੁਟਾਂ ਵਰਗਾ ਸੁਆਦ ਦਿੰਦੀ। ਜੀਭ ਨੂੰ ਮਿਠਾਸ ਹੀ ਦੇਈ ਜਾਂਦੀ। ਕਦੇ ਕਦੇ ਜ਼ਿਆਦਾ ਰੜੀ ਪਕੌੜਿਆਂ ਵਰਗੀ ਲਗਦੀ। ਸਾਰਾ ਪਰਿਵਾਰ ਭੋਜਨ ਕਰ ਲੈਂਦਾ। ਪਰ ਮਾਂ ਨੂੰ ਰੋਟੀ ਨਾ ਬਚਦੀ। ਇੱਕ ਰੋਟੀ ਦਾ ਆਟਾ ਮਰੋੜ ਕੇ, ਪਾਣੀ ਦਾ ਹੱਥ ਲਾ ਕੇ ਤੰਦੂਰ

ਦੀ ਰੋਟੀ ਵਾਂਗੂੰ ਚੁੱਲ੍ਹੇ ਦੇ ਕੌਲੇ ਦੇ ਅੰਦਰਲੇ ਪਾਸੇ ਚੇਪ ਦਿੰਦੀ। ਅੱਗ ਫਰੋਲ ਕੇ ਸੇਕ ਤੇਜ਼ ਕਰ ਦਿੰਦੀ। ਦੋਨਾਂ ਪਾਸਿਆਂ ਤੋਂ ਸੇਕ ਲੱਗੀ ਜਾਂਦਾ। ਰਹਿੰਦੀ ਕਸਰ ਦਗ ਰਹੇ ਅੰਗਿਆਰ ਕੱਢ ਦਿੰਦੇ। ਤੰਦੂਰ ਦੀਆਂ ਸਾਰੀਆਂ ਰੋਟੀਆਂ ਹੀ ਪਾਣੀ ਦਾ ਹੱਥ ਲਾ ਕੇ ਪਕਾਈਆਂ ਜਾਂਦੀਆਂ ਹਨ। ਇਸ ਤਰ੍ਹਾਂ ਪੱਕੀ ਹੋਈ ਸਿਹਤ ਵਾਸਤੇ ਚੰਗੀ ਹੁੰਦੀ ਹੈ।

ਆਪਣੇ ਹੱਥ ਦੀ ਪੱਕੀ ਰੋਟੀ ਟੱਬਰ ਨੂੰ ਖੁਆ ਕੇ ਸਬਰ ਆਉਂਦਾ ਵੇਲੇ ਕੁਵੇਲੇ ਨੂੰਹਾਂ ਧੀਆਂ ਰੋਟੀ ਬਣਾਉਣ ਤੋਂ ਕੰਨੀ ਕਤਰਾਉਂਦੀਆਂ ਤਾਂ ਸਿੱਖਿਆ ਦੇਣ ਦੇ ਲਹਿਜੇ ਨਾਲ ਬੜੇ ਠਰੰਮੇ, ਧੀਮੀ ਅਵਾਜ 'ਚ ਦਿਲ ਦੀ ਗੱਲ ਪ੍ਰਗਟ ਕਰਦੀ।"ਉਹ ਬੁੜੀ ਕੀ ਹੋਈ? ਜੀਹਨੇ ਰੋਟੀ ਪਕਾਉਣ ਦੀ ਘੌਲ ਕਰ ਲਈ। ਅੱਧੇ ਟੱਬਰ ਨੂੰ ਭੁੱਖਾ ਮਾਰੇਗੀ। ਨਾਲੇ ਆਪ ਭੁੱਖੀ ਰਹੇਗੀ। ਵੇਲੇ ਕੁਵੇਲੇ ਰਾਤ ਬਰਾਤੇ ਪ੍ਰਾਹੁਣਾ ਆ ਜਾਵੇ ਤਾਂ ਝੱਟਪੱਟ ਰੋਟੀ ਦਾ ਆਹਰ ਕਰੋ। ਮਾਂ ਦਾ ਸਭ ਤੋਂ ਸ੍ਰੇਸ਼ਟ ਗੁਣ ਹੈ ਕਿ ਰੋਟੀ ਪਕਾਉਣ ਵਿੱਚ ਆਲਸ ਨਾ ਕਰੇ। ਇੱਕ ਦੋ ਰੋਟੀਆਂ ਵੱਧ ਪਕਾਵੇ। ਰਾਹੀ ਪਾਂਧੀ, ਸਾਧੂ, ਸੰਤ, ਮੰਗਤਾ ਰੋਟੀ ਦੀ ਮੰਗ ਕਰ ਸਕਦਾ ਹੈ ਅਤੇ ਜੁਆਕਾਂ ਵਾਲੇ ਘਰੇ ਤਾਂ ਛਾਬੇ ਵਿੱਚ ਰੋਟੀ ਪਈ ਰਹਿਣੀ ਚਾਹੀਦੀ ਹੈ। ਜੇ ਬੰਦਾ ਭੁੱਖਾ ਹੋਇਆ ਤਾਂ ਕੰਮ ਕੀ ਸੁਆਹ ਕਰੇਗਾ।

ਉਹਨਾਂ ਵੇਲਿਆਂ 'ਚ ਸਰੀਰਕ ਤਾਕਤ ਬਰਕਰਾਰ ਰੱਖਣ ਲਈ ਤਾਕਤਵਰ ਖੁਰਾਕ ਨੂੰ ਤਰਜੀਹ ਦਿੱਤੀ ਜਾਂਦੀ ਸੀ। ਕੰਮ ਦੀ ਰੁੱਤ ਵਿੱਚ ਤਾਂ ਸੀਰੀ, ਸਾਂਝੀ ਵੀ ਦੇਸੀ ਘਿਓ ਦੀ ਮੰਗ ਕਰਿਆ ਕਰਦੇ। ਅੱਜ ਡਾਕਟਰ ਨਾ ਘਿਓ ਖਾਣ ਦੀ ਸਲਾਹ ਦਿੰਦੇ ਹਨ ਤੇ ਨਾ ਦੁੱਧ ਪੀਣ ਦੀ। ਪਰ ਮਾਂ ਕਿਹਾ ਕਰਦੀ, "ਰੋਈ ਖਾ ਕੇ ਕੜ੍ਹਿਆ ਦੁੱਧ ਨਾ ਪੀਈਏ ਤਾਂ ਰੋਟੀ ਹਜ਼ਮ ਨਹੀਂ ਆਉਂਦੀ।" ਪਰ ਮਾਂ ਦੀਆਂ ਪੱਕੀਆਂ ਚੁੱਲ੍ਹੇ ਮੂਹਰੇ ਬੈਠ ਕੇ ਖਾਧੀਆਂ ਰੋਟੀਆਂ ਬਦੇਸ਼ਾਂ ਵਿੱਚ ਜਾ ਕੇ ਵੀ ਨਹੀਂ ਭੁੱਲਦੀਆਂ। ਕਾਸ਼! ਅਜਿਹੀਆਂ ਮਾਵਾਂ ਮੁੜ ਆਉਣ ਤਾਂ ਅੰਮਾਂ ਗੁੱਲੀ ਪਕਦੀ ਵੇਖ ਲਈਏ। ਭਾਵੇਂ ਖਾਣੀ ਤਾਂ ਨਸੀਬ ਨਹੀਂ।

# ਮਾਂ ਦੇ ਤੱਤ, ਅੱਜ ਵੀ ਸੱਚ

ਗੋਹਾ ਸਿਟਦੀਆਂ, ਸੇਵੀਆਂ ਵਟਦੀਆਂ, ਪਾਥੀਆਂ ਪੱਥਦੀਆਂ, ਗਹੀਰੇ ਲਾਉਂਦੀਆਂ, ਖੂਹਾਂ ਤੋਂ ਪਾਣੀ ਭਰਦੀਆਂ, ਛੱਪੜਾਂ 'ਤੇ ਮੱਝਾਂ ਨਹਾਉਂਦੀਆਂ, ਕਪਾਹਾਂ ਚੁਗਦੀਆਂ ਮਾਂ ਦੀਆਂ ਸਹੇਲੀਆਂ ਇਕੱਠੀਆਂ ਹੋ ਜਾਂਦੀਆਂ ਤਾਂ ਆਪਣਾ ਅਤੇ ਆਂਢ-ਗੁਆਂਢ ਦਾ ਦੁੱਖ ਸਾਂਝਾ ਕਰਦੀਆਂ ਤੇ ਆਪਣੇ ਬਲਬਲਿਆਂ ਦੀ ਤਰਜਮਾਨੀ ਕਰਦੀਆਂ। ਕਦੇ ਕਦੇ ਨਿੱਕੀ ਮੋਟੀ ਅਧੂਰੀ ਬਾਤਚੀਤ ਦੀ 'ਕੰਨ ਬਲੇਲ' ਮੇਰੇ ਕੰਨਾਂ ਤੱਕ ਪਹੁੰਚ ਜਾਂਦੀ। "ਲੈ ਕੁੜੇ! ਭਗਵਾਨ ਕੁਰੇ ਧੰਨੋ ਦਾ ਤੇਰਵਾਂ ਜਾਪਾ। ਨਿੱਤ ਭਰਨ ਭਰਨੀ ਕਿਹੜਾ ਸੌਖੀ।" "ਭੈਣੇ ਤਿੰਨ ਢੱਟੇ ਜੋ ਹੋਏ। ਇਸ ਦਾ ਤਾਂ ਨਿੱਕਾ ਜਿਹਾ ਨਿਆਣਾ ਹੀ ਦੱਬ ਜਾਂਦੈ। ਰੱਬ ਨੇ ਗੰਦੀ ਮੰਦੀ ਮਿੱਟੀ ਔਰਤ 'ਤੇ ਥੱਪ ਦਿੱਤੀ। ਸਾਰੀ ਉਮਰ ਨਰਕ 'ਚ ਕੱਢ ਦਿੰਦੀ ਐ। ਐਨੀ ਔਲਾਦ ਪਾਲਣੀ ਕਿਹੜਾ ਸੌਖੀ ਐ। ਲਿਬੜੇ ਤਿਬੜੇ ਨਿਆਣੇ ਮੰਜਿਆਂ ਹੇਠਾਂ ਹੀ ਸੌਂ ਜਾਂਦੇ ਨੇ। ਬੰਦਾ ਤਾਂ ਨਾਤਾ ਘੋੜੇ।" ਮਾਂ ਚੰਗੀ ਤਰ੍ਹਾਂ ਦਿਲ ਦਾ ਉਬਾਲ ਕੱਢਦੀ ਰਹਿੰਦੀ। ਬਚਪਨ ਹੋਣ ਕਰ ਕੇ ਮੈਨੂੰ ਭੋਰਾ ਸਮਝ ਨਾ ਪੈਂਦੀ।

ਇੱਕੀ ਸਾਲ ਦੀ ਉਮਰ ਵਿੱਚ ਨਿਯੁਕਤੀ ਘਰ ਤੋਂ ਪੱਚੀ ਮੀਲ ਦੂਰ ਪਛੜੇ ਪਿੰਡ ਵਿੱਚ ਹੋ ਗਈ। ਕੱਚਾ ਚੁਬਾਰਾ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ। ਨਾਲ ਭੇਡਾਂ ਬਕਰੀਆਂ ਪਾਲਣ ਵਾਲਿਆਂ ਦਾ ਘਰ ਸੀ। ਉਹ ਤਿੰਨ ਭਰਾ ਸਨ। ਉਹਨਾਂ ਮੁੱਲ ਦੀ ਤੀਵੀਂ ਲਿਆਂਦੀ ਹੋਈ ਸੀ। ਜਿਸ 'ਤੇ ਤਿੰਨੇ ਆਪਣਾ ਹੱਕ ਜਿਤਾਉਂਦੇ

ਸਨ। ਟਿਕੀ ਰਾਤ ਤੋਂ ਘਰ ਵਿੱਚੋਂ ਤੀਵੀਂ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ। ਕੁਝ ਦਿਨ ਅਣਗੌਲਿਆ ਕਰਦਾ ਰਿਹਾ। ਇੱਕ ਰਾਤ ਨੂੰ ਬਨੇਰੇ ਦੇ ਨੇੜੇ ਹੋ ਸੁਣਨ ਲੱਗਿਆ। ਔਰਤ ਦਾ ਵਿਰਲਾਪ ਝੱਲਿਆ ਨਾ ਗਿਆ। ਕਿਉਂਕਿ ਉਹ ਖੇਤ ਇੱਜੜ ਰਖਦੇ। ਸ਼ਾਮ ਨੂੰ ਇੱਕ ਰੋਟੀ ਲੈ ਜਾਂਦਾ। ਦੂਜਾ ਰਾਤ ਨੂੰ ਬਦਲ ਕੇ ਆ ਜਾਂਦਾ। ਵਿਚਾਰੀ ਝੰਬੀ ਜਾਂਦੀ। ਨਾ ਨਹਾਉਣਾ, ਨਾ ਧੋਣਾ। ਆਪਣੇ ਸਰੀਰ ਦੀ ਕੋਈ ਸੁੱਧ ਨਾ ਰਹਿੰਦੀ। ਤਿੰਨਾਂ ਤੋਂ ਖਹਿੜਾ ਨਾ ਛੁੱਟਦਾ। ਤਦ ਮਾਂ ਦੇ ਵਿਚਾਰਾਂ ਦੀ ਪੁਸ਼ਟੀ ਹੋਈ ਕਿ ਮਨੁੱਖੀ ਜਾਮੇ ਵਿੱਚ ਢੱਟਿਆਂ ਵਰਗੇ ਪਸ਼ੂ ਵੀ ਹੁੰਦੇ ਹਨ।

ਉਸ ਵੇਲੇ ਦੀਆਂ ਸਾਰੀਆਂ ਔਰਤਾਂ ਨੂੰ ਔਰਤ ਹੋਣ ਦਾ ਪਛਤਾਵਾ ਸੀ। ਬੱਚੇ ਪੈਦਾ ਕਰਨ ਵਾਲੀ ਉਦੋਂ ਵੀ ਦੁਖੀ ਸੀ। ਅੱਜ ਵੀ ਸੁਰੱਖਿਅਤ ਨਹੀਂ। ਮੇਰੀ ਭਰਜਾਈ ਦੇ ਵੀ ਗਿਆਰਾਂ ਜਾਪੇ ਹੋਏ। ਔਰਤ ਦੇ ਦੁੱਖਾਂ ਦਾ ਕਾਰਨ ਸਪੱਸ਼ਟ ਹੈ ਕਿ ਇਸ ਸ੍ਰਿਸ਼ਟੀ ਵਿੱਚ ਮਰਦ ਦੀ ਇਜਾਰਾਦਾਰੀ ਰਹੀ ਹੈ। ਅੱਜ ਵੀ ਕੋਈ ਫਰਕ ਨਹੀਂ ਪਿਆ। ਨਾਰੀ ਮਰਦ ਦੀ ਪਿੱਛਲੱਗ ਹੈ। ਉਸ ਦੇ ਇਸ਼ਾਰਿਆਂ ਤੇ ਨਾਚ ਕਰਨ ਲਈ ਮਜ਼ਬੂਰ ਹੈ। ਪਰਦੇ ਦ ਪਿੱਛੇ ਅਨੇਕਾਂ ਕਹਾਣੀਆਂ ਛੁਪੀਆਂ ਹੋਈਆਂ ਹਨ। ਜਿੰਨਾਂ ਵਿੱਚ ਬੇਵੱਸ ਔਰਤ ਦੀਆਂ ਕੁਰਲਾਹਟਾਂ, ਸੱਜ ਵਿਆਹੀਆਂ ਦੇ ਮਚਦੇ ਸਿਵੇ ਦੀਆਂ ਲਾਟਾਂ, ਫੁਰਰ ਹੋਏ ਕਿਸੇ ਪ੍ਰਦੇਸੀ ਦੀ ਉਡੀਕ ਵਿੱਚ ਲਾਲ ਸੂਹੇ ਮਹਿੰਦੀ ਰੰਗੇ ਅੱਡੇ ਹੱਥ, ਬਲਾਤਕਾਰਾਂ ਦੀ ਰਸਦੀ ਪੀਕ, ਘੁੱਟੇ ਗਲਿਆਂ ਦੀਆਂ ਲਮਕਦੀਆਂ ਜੀਭਾਂ, ਚਾਕ ਹੋਈਆਂ ਛਾਤੀਆਂ 'ਚੋਂ ਸਿੰਮਦਾ ਲਹੂ, ਉਧਾਲਿਆਂ ਦੇ ਜ਼ਖ਼ਮੀ ਕੀਤੇ ਚਿਹਰੇ, ਸਮਾਜ 'ਚੋਂ ਛੇਕੀਆਂ ਵਿਧਵਾਵਾਂ ਦੀਆਂ ਚੜ੍ਹਦੀਆਂ ਜੁਆਨੀਆਂ, ਅਦਾਲਤਾ 'ਚ ਬੁੱਤ ਬਣੀਆਂ ਕੋਮਲ ਕਲੀਆਂ, ਜੱਜਾਂ, ਵਕੀਲਾਂ ਦੇ ਸਵਾਲਾਂ ਦੇ ਸਾਹਮਣੇ ਨਿਮੋਸ਼ੀ ਸਹਿੰਦੀਆਂ ਧੀਆਂ, ਭੈਣਾਂ ਤੇਜਾਬਾਂ ਨਾਲ ਖੁਰਚੇ ਚਿਹਰੇ, ਜ਼ਾਲਮ ਦੇ ਬਦਰੂਪ ਕੀਤੇ ਮੂੰਹ, ਜ਼ਾਲਮ ਪੰਜਿਆਂ ਦੀਆਂ ਨਹੁੰਦਰਾਂ ਨਾਲ ਬੁਰੀ ਤਰ੍ਹਾਂ ਝਰੀਟੇ ਸੁਹਲ ਸਰੀਰ, ਪੰਘੂੜੇ 'ਚ ਪਈਆਂ ਡਡਿਆ ਕੇ ਮਾਂ ਦੇ ਗਲ ਚਿੰਬਯਦੀਆਂ ਕੋਮਲ ਜਿੰਦਾਂ ਬੰਦੇ ਦੇ ਪ੍ਰਛਾਵੇ ਤੋਂ ਕੰਬਦੀਆਂ ਕੰਜਕਾਂ, ਅਸਮਾਨੀ ਇੱਲਾਂ ਵਾਂਗ ਚੱਕਰ ਕਟਦੀਆਂ ਹਉ ਕਲਾਟ ਕਰਦੀਆਂ ਰੂਹਾਂ ਆਦਿ ਸ਼ਾਮਲ ਹਨ। ਕੀ ਇਹ ਮਾਂ ਦੇ ਸੱਚ ਨੂੰ ਨਹੀਂ ਪ੍ਰਗਟਾਉਂਦੇ ਕਿ ਔਰਤ ਦੇ ਦੁਆਲੇ ਕੰਡਿਆਲੀ ਵਾੜ ਲਾ ਕੇ, ਚਾਰ ਚੁਫੇਰੇ ਖਾਈ ਪੁੱਟ ਕੇ ਆਪਣੇ ਕਾਬੂ ਵਿੱਚ ਰੱਖਣਾ ਮਰਦ ਦਾ ਸੋਚਿਆ ਸਮਝਿਆ ਕਾਰਨਾਮਾ ਹੈ।

ਗੁਰਮਤਿ ਅਨੁਸਾਰ ਗ੍ਰਹਿਸਤੀ ਜੀਵਨ ਸਰਬਸ੍ਰੇਸ਼ਟ ਅਤੇ ਸਰਬਉੱਤਮ ਹੈ। ਭਗਤੀ ਕਰਨ ਦਾ ਸੱਚਾ ਸੁੱਚਾ ਤੇ ਪਵਿੱਤਰ ਮਾਰਗ ਹੈ। ਜ਼ਿੰਦਗੀ ਨੂੰ ਖੁਸ਼ੀਆਂ ਨਾਲ ਭਰਪੂਰ ਕਰਨ ਵਿੱਚ ਇਸ ਦੇ ਵੱਡਤਣ, ਵਡਿਆਈ ਤੇ ਮਹਾਨਤਾ ਨੂੰ ਠੁਕਰਾਇਆ ਨਹੀਂ ਜਾ ਸਕਦਾ। ਸਾਧੂਆਂ ਸੰਤਾਂ, ਸੰਨਿਆਸੀਆਂ, ਉਦਾਸੀਆਂ, ਪੀਰਾਂ, ਫਕੀਰਾਂ, ਪਗੰਬਰਾਂ, ਜਲਧਾਰੇ ਕਰਨ ਵਾਲਿਆਂ, ਧੂਣੀਆਂ ਧਾਪਣ ਲੋਹੇ ਦਾ ਲੰਗੋਟ ਪਹਿਨਣ ਵਾਲਿਆਂ ਨਾਗਿਆਂ ਨਾਲੋਂ ਵੀ ਉੱਚਾ ਦਰਜਾ ਦਿੱਤਾ ਗਿਆ ਹੈ। ਗੁਰੂ ਨਾਨਕ ਨੇ ਗੋਸ਼ਟਾਂ ਵਿੱਚ ਨਾਥਾਂ ਜੋਗੀਆਂ ਨੂੰ ਬਲਹੀਨ, ਕਮਜ਼ੋਰ, ਡਰਪੋਕ, ਨਿਤਾਣੇ ਕਿਹਾ ਹੈ ਕਿਉਂਕਿ ਉਹ ਗ੍ਰਹਿਸਤੀ ਜੀਵਨ ਦੀਆਂ ਚਣੌਤੀਆਂ ਤੇ ਜ਼ਿੰਮੇਵਾਰੀਆਂ ਨੂੰ ਸਵੀਕਾਰਨ ਤੋਂ ਇਨਕਾਰੀ ਹੋ ਕੇ ਤ੍ਰਹਿ ਕੇ, ਭੈ ਭੀਤ ਹੋ ਕੇ, ਡਰ ਕੇ ਪਹਾੜਾਂ ਦੀਆਂ ਕੰਦਰਾਂ ਵਿੱਚ ਜਾ ਛੁਪੇ ਤੇ ਸਵਾਰਥੀ ਹੋ ਗਏ ਕਿਉਂਕਿ ਆਪੇ ਦਾ ਭਲਾ ਸੋਚਣ ਲੱਗ ਪਏ। ਗੁਰੂ ਜੀ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਗ੍ਰਹਿਸਤ ਦਾ ਤਿਆਗ ਕਰ ਕੇ ਆਪਣੇ ਪੇਟ ਦੀ ਅੱਗ ਬੁਝਾਉਣ ਲਈ ਮੰਗਤੇ ਬਣ ਕੇ ਉਹਨਾਂ ਦੇ ਦਰਾਂ ਤੇ ਰੋਟੀਆਂ ਲਈ ਹੱਥ ਅੱਡਦੇ ਹੋ। ਰੋਟੀਆਂ ਔਰਤ ਦੇ ਹੱਥਾਂ ਦੀਆਂ ਪੱਕੀਆਂ ਖਾਂਦੇ ਹੋ। ਦੇਖੋ! ਮਰਦ ਕਿੰਨਾਂ ਸਵਾਰਥੀ, ਸਵੈਕੇਂਦਰਿਤ ਹੈ ਕਿ ਔਰਤ ਦੇ ਪੇਟੋਂ ਜਨਮ ਲੈ ਕੇ ਫਿਰ ਵੀ ਉਸ ਨੂੰ ਮਾਨਤਾ ਦੇਣ ਅਤੇ ਸਵੀਕਾਰਨ ਤੋਂ ਪੱਲਾ ਝਾੜ ਰਿਹਾ ਹੈ। ਔਰਤ ਦੀ ਹੋਂਦ ਨੂੰ ਪ੍ਰਵਾਨ ਕਰਨ ਤੋਂ ਮੁਨਕਰ ਹੋ ਰਿਹਾ ਹੈ ਕਿਉਂਕਿ ਇਸ ਨਾਲ ਉਸ ਦੇ ਮਰਦਊਪੁਣੇ ਨੂੰ ਸੱਟ ਵਜਦੀ ਹੈ ਤੇ ਹੈਂਕੜ ਟੁੱਟਦੀ

ਹੈ। ਹੇਠੀ ਹੁੰਦੀ ਹੈ। ਧੌਣ ਦਾ ਅਕੜੇਵਾਂ ਢਿੱਲਾਂ ਹੁੰਦਾ ਹੈ।

ਮਰਦ ਸ੍ਰਿਸ਼ਟੀ ਦਾ ਸਿਰਤਾਜ ਕਹਾਉਂਦਾ ਹੈ। ਪਰ ਉਸ ਤੋਂ ਬਿਨਾਂ ਹੋਰ ਬੜਾ ਕੁਝ ਇਸ ਵਿਚ ਸ਼ਾਮਲ ਹੈ। ਸਭ ਤੋਂ ਨੇੜੇ ਦਾ ਸਾਥੀ ਔਰਤ ਹੈ। ਉਸ ਨੂੰ ਆਪਣੇ ਵਿੱਚ ਸ਼ਾਮਲ ਨਹੀਂ ਕੀਤਾ। ਸਗੋਂ ਆਪਣੇ ਨਾਂ ਦਾ ਡੰਕਾ ਵਜਾਉਂਦਾ ਹੈ। ਉਸ ਦੀ ਮਦਦਗਾਰ, ਸੇਵਾ ਦੀ ਮੂਰਤ ਔਰਤ ਨੂੰ ਬਿਲਕੁਲ ਵਿਸਾਰ ਦਿੱਤਾ ਹੈ। ਰਹਿੰਦੀ ਖੂੰਹਦੀ ਕਸਰ ਮਨੂੰ ਨੇ ਕੱਢ ਦਿੱਤੀ। ਮਰਦ ਦੇ ਹੱਕ ਵਿੱਚ ਕੋਡ ਬਣਾ ਕੇ, ਲਾਗੂ ਕਰ ਕੇ, ਦਸਤਾਵੇਜ ਦੇ ਰੂਪ ਵਿੱਚ ਸਦੀਵੀ ਬਣਾ ਦਿੱਤਾ। ਔਰਤ ਨੂੰ ਮਰਦ ਅਧੀਨ ਕਰ ਕੇ ਸਬਰ, ਸੰਤੋਖ ਨਾਲ ਜੀਵਨ ਨੂੰ ਧੱਕੇ ਦੇਣ, ਠੋਹਕਰਾਂ ਖਾਣ, ਮਰਦ ਦੇ ਜੂਠੇ ਟੁੱਕਰਾਂ ਤੇ ਗੁਜਾਰਾ ਕਰਨ ਲਈ ਪਾਬੰਧ ਕਰ ਦਿੱਤਾ। ਅੱਗੇ ਤੋਂ ਮਰਦ ਦੇ ਵਿਰੁੱਧ ਅਵਾਜ ਉਠਾਉਣ ਤੋਂ ਵੀ ਵਰਜ ਦਿੱਤਾ। ਉਸ ਦੀਆਂ ਜ਼ਿਆਦਤੀਆਂ, ਵਧੀਕੀਆਂ, ਧੱਕੇਸ਼ਾਹੀਆਂ, ਆਪਹੁਦਰੇਪਣ ਦੇ ਜ਼ੁਲਮਾਂ ਨੂੰ ਸਹਿਣ ਲਈ ਬੇਅਵਾਜ ਕਰ ਦਿੱਤਾ ਜਬਾਨ ਠਾਕ ਦਿੱਤੀ। ਮਨੂੰ ਦੇ ਕੋਡ ਨੇ ਔਰਤ ਨੂੰ ਬਲਦੀ ਭੁਬਲ ਤੇ ਪੈਰ ਧਰਨ ਲਈ ਮਜ਼ਬੂਰ ਕਰ ਦਿੱਤਾ। ਰਾਤ ਬਰਾਤੇ ਸੁਲਗਦੇ ਅੰਗਿਆਰਾਂ ਤੇ ਨੰਗੇ ਪਿੰਡੇ ਪੈ ਕੇ, ਸੁਹਲ ਸਰੀਰ ਤੇ ਪਏ ਨਿਸ਼ਾਨ, ਮਰਦ ਦੇ ਕੁਕਰਮ ਦੀਆਂ ਛੱਡੀਆਂ ਨਿਸ਼ਾਨੀਆਂ ਵੀ ਸਹਿਣੀਆਂ ਪਈਆਂ ਅਤੇ ਬੋਲ ਕਬੋਲ ਕਰਨ ਤੇ ਮਾਸ ਨੋਚਣ ਦੀਆਂ ਧਮਕੀਆਂ, ਫਿਟਕਾਰਾਂ ਹਕੀਕਤ ਬਣ ਕੇ ਮਰਦ ਦੇ ਕਾਰਨਾਮਿਆਂ ਦਾ ਇਤਿਹਾਸ ਰਚ ਗਈਆਂ। ਮਾਂ ਦੇ ਵਿਚਾਰ ਅੱਜ ਵੀ ਸੱਚ ਹਨ।

ਪਸ਼ੂਆਂ, ਪੰਛੀਆਂ ਤੇ ਬਨਸਪਤੀ ਤੋਂ ਸੱਖਣੀ ਧਰਤੀ ਸੁੰਨਸਾਨ ਹੋ ਜਾਵੇਗੀ। ਇਸ ਤਰ੍ਹਾਂ ਔਰਤ ਨੂੰ ਸਮਾਜ ਵਿੱਚੋਂ ਮਨਫੀ ਕਰ ਦੇਣ ਨਾਲ ਸਾਰੀ ਸ੍ਰਿਸ਼ਟੀ ਉਦਾਸ, ਗਮਗੀਨ, ਨਿਰਾਸ਼, ਉਤਸ਼ਾਹਹੀਨ ਹੋ ਜਾਵੇਗੀ। ਸਾਰੀ ਕਾਇਨਾਤ ਵੀਰਾਨ, ਬੰਜਰ, ਬੀਆਬਾਨ ਲੱਗੇਗੀ। ਰੌਣਕਾਂ, ਰੰਗੀਨੀਆਂ ਵਖਰੇਵਿਆਂ ਦਾ ਬੀਜਨਾਸ ਹੋ ਜਾਵੇਗਾ। ਸਮਾਜ ਦਾ ਵਿਕਾਸ ਨਹੀਂ ਹੋ ਸਕੇਗਾ ਤੇ ਦੇਹਲੀ ਨਹੀਂ ਵੱਧ ਸਕੇਗੀ। ਦੇਵੀ ਦੇਵਤਿਆਂ ਵਰਗੇ ਪਰਉਪਕਾਰੀ ਦਇਆਵਾਨ ਪੁਰਸ਼ਾਂ ਦੀ ਥਾਂ ਰਾਖਸ਼ ਪ੍ਰਵਿਰਤੀ ਮਰਦ ਹੋਣਗੇ। ਇਨਸਾਨਾਂ ਦਾ ਖਾਤਮਾ ਹੋ ਜਾਵੇਗਾ। ਕਿਉਂਕਿ ਚੰਗੇ ਇਨਸਾਨ ਪੈਦਾ ਕਰਨ ਦੀ ਬਖਸ਼ਿਸ਼ ਸਿਰਫ ਮਾਂ ਕੋਲ ਹੁੰਦੀ ਹੈ। ਮਾਂ ਦਾ ਸਭ ਤੋਂ ਵੱਡਾ ਗੁਣ ਇਨਸਾਨੀਅਤ ਹੁੰਦਾ ਹੈ। ਜਿਸ ਨੂੰ ਮਰਦ ਆਪਣਾ ਘਰ ਆਖਦਾ ਹੈ ਤੇ ਵਲਾਇਤ 'ਚ ਜਾ ਕੇ ਵੀ ਇਸ ਦੀ ਯਾਦ ਨਹੀਂ ਭੁਲਦੀ। ਸੁਪਨੇ ਵੀ ਘਰ ਦੇ ਆਉਂਦੇ ਹਨ। ਕੀ ਉਹ ਘਰ ਔਰਤ ਤੋਂ ਬਿਨਾਂ ਬਣ ਸਕਦਾ ਹੈ? ਉਸ ਤੋਂ ਬਿਨਾਂ ਇਸ ਦੀ ਕਲਪਨਾ ਵੀ ਅਸੰਭਵ ਹੈ। ਚਾਰ ਕੰਧਾਂ ਉਸਾਰ ਕੇ, ਛੱਤ ਪਾ ਕੇ ਕਹਿ ਸਕਦਾ ਹੈ ਕਿ ਮਕਾਨ ਬਣ ਗਿਆ। ਮਕਾਨ ਨੂੰ ਸਜਾਇਆ, ਚਮਕਾਇਆ, ਫਬਾਇਆ, ਸੁਹਣਾ, ਸੁੰਦਰ, ਆਲੀਸ਼ਾਨ, ਦਿਲ-ਖਿਚਵਾਂ ਬਣਾਇਆ ਜਾ ਸਕਦਾ ਹੈ। ਗੱਲ ਕੀ ਅਜੂਬਾ ਵੀ ਬਣ ਸਕਦਾ ਹੈ। ਪਰ ਜਿੱਥੈ ਔਰਤ ਹੁੰਦੀ ਹੈ ਉੱਥੇ ਘਰ ਹੁੰਦਾ ਹੈ। ਘਰ ਵਿੱਚ ਮਹਿਕਣ ਤੇ ਸੁਗੰਧੀਆਂ ਦੇਣ ਵਾਲਾ ਮਾਹੌਲ ਔਰਤ ਹੀ ਉਸਾਰ ਸਕਦੀ ਹੈ। ਜਿਵੇਂ ਫੁੱਲ ਵਿਚ ਮਹਿਕ ਨਾ ਹੋਵੇ ਤਾਂ ਕੋਲ ਖੜ੍ਹਨ ਨੂੰ ਜੀਅ ਨਹੀਂ ਕਰਦਾ। ਔਰਤ ਤੋਂ ਸੱਖਣੇ ਘਰ ਕਬਰਾਂ ਦੀ ਨਿਆਈ ਹੋ ਜਾਂਦੇ ਹਨ। ਲੋਕ ਗੀਤ ਸੁੰਨੇ ਘਰ ਦੀ ਦਾਸਤਾਨ ਦਸਦੇ ਹਨ। ਚੁੱਲ੍ਹੇ ਅੱਗ ਨਾ ਘੜੇ ਵਿੱਚ ਪਾਣੀ ਛੜਿਆ ਦੋਜਕੀਆਂ। "ਹੋਰ ਬੜਾ ਕੁਝ ਕਿਹਾ ਜਾ ਸਕਦਾ ਹੈ। ਉਹ ਮਕਾਨ ਨੂੰ ਪੂਜਾ ਅਸਥਾਨ ਵਿੱਚ ਬਦਲ ਕੇ ਰਾਖਸ਼ ਬੁੱਧੀ ਵਾਲਿਆਂ ਦੀ ਸੁਰਤ ਟਿਕਾਣੇ ਲਿਆ ਸਕਦੀ ਹੈ। ਦੂਰ ਅੰਦੇਸ਼ੀ ਤੋਂ ਕੰਮ ਲਿਆ ਜਾਵੇ ਤੇ ਮੁਲਅੰਕਣ ਕੀਤਾ ਜਾਵੇ ਤਾਂ ਹਰ ਕੰਮ ਉਸ ਤੋਂ ਬਿਨਾਂ ਅਧੂਰਾ ਹੈ। ਹਰ ਥਾਂ ਸੁੰਨੀ ਹੈ। ਅਸਲ ਵਿੱਚ ਕਾਇਨਾਤ ਵਿੱਚ ਮਾਂ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ। ਮਾਂ ਤੋਂ ਬਿਨਾਂ ਸਮਾਜ ਦਾ ਵਿਕਾਸ ਵੀ ਅਧੂਰਾ। ਸੰਖੇਪ ਵਿੱਚ ਮਾਂ ਤੋਂ ਬਿਨਾਂ ਦਿਨ ਵੀ ਅਧੂਰਾ, ਰਾਤਾਂ ਵੀ ਅਧੂਰੀਆਂ। ਮਰਦ ਵੀ ਅਧੂਰਾ ਅਤੇ ਜ਼ਿੰਦਗੀ ਅਣਪੂਰੀ। ਇਕੱਲਾ ਮਰਦ ਨਾ ਰੱਜ ਕੇ ਖੁਸ਼ੀ ਮਨਾ ਸਕਦਾ

ਹੈ ਅਤੇ ਗਮ ਵਿੱਚ ਆਤਮਹੱਤਿਆ ਨੂੰ ਤਰਜੀਹ ਦੇਣੀ ਬਿਹਤਰ ਸਮਝਦਾ ਹੈ। ਮਾਂ ਦੇ ਗਲ਼ ਲੱਗ ਕੇ ਗਮ ਨੂੰ ਠੁੰਮਣਾ ਦੇ ਸਕਦਾ ਹੈ ਅਤੇ ਪਤਨੀ ਤੋਂ ਪ੍ਰੇਰਨਾ ਲੈ ਕੇ ਡਿਗੇ ਮਨ ਨੂੰ ਢਾਰਸ ਦੇ ਸਕਦਾ ਹੈ।

ਮਾਂ ਆਖਿਆ ਕਰਦੀ, "ਮਾਂ ਅਤੇ ਪਤਨੀ ਤੋਂ ਬਿਨਾਂ ਇਕੱਲਾ ਬੰਦਾ ਸਮਾਜਿਕ ਜ਼ਿੰਮੇਵਾਰੀਆਂ ਨਹੀਂ ਨਿਭਾਅ ਸਕਦਾ। ਜੇ ਕਦੇ ਉਸ ਨੂੰ ਬੱਚਾ ਨੌਂ ਮਹੀਨੇ ਢਿੱਡ 'ਚ ਰੱਖਣਾ ਪਵੇ ਤੇ ਪਾਲਣ ਪੋਸ਼ਣ ਕਰਨਾ ਹੋਵੇ ਤਾਂ ਬੂ ਕਰ ਕੇ ਘਰੋਂ ਨਿਕਲ ਜਾਵੇਗਾ ਤੇ ਸੰਨਿਆਸ ਲੈ ਲਵੇਗਾ ਸਾਧ, ਜੋਗੀ, ਨਾਥ ਸਭ ਗ੍ਰਹਿਸਤੀ ਜੀਵਨ ਦੇ ਧਮਕਾਏ ਖੂੰਜੇ ਲੱਗ ਜਾਂਦੇ ਹਨ। ਪਤੀ ਪਤਨੀ ਦੀ ਅਣਬਣ ਨਾਲ ਮਕਾਨ ਦੀਆਂ ਨੀਹਾਂ ਹਿੱਲ ਜਾਂਦੀਆਂ ਹਨ। ਬੂਹੇ ਬਦਲ ਜਾਂਦੇ ਹਨ। ਮਹਿਕਾਂ ਛੱਡਦੇ ਘਰ ਵਿਚੋਂ ਅੱਗ ਦੀਆਂ ਲਾਟਾਂ ਨਿਕਲਣ ਲੱਗ ਜਾਂਦੀਆਂ ਹਨ। ਘਰ ਦਾ ਸਮੁੱਚਾ ਢਾਂਚਾ ਤਹਿਤ ਨਹਿਸ ਹੋ ਜਾਂਦਾ ਹੈ। ਬੱਚੇ, ਬੁੱਢੇ, ਮਾਂ, ਬਾਪ, ਰਿਸ਼ਤੇ ਨਾਤੇ ਅਲੀ ਪੰਜ ਹੋ ਜਾਂਦੇ ਹਨ। ਰਸਮੋ ਰਿਵਾਜ਼, ਰੀਤੀ, ਰਵਾਇਤਾਂ, ਕਾਰ ਵਿਹਾਰ, ਦਿਨ-ਦਿਹਾਰ ਸਭ ਭੁੱਲ ਜਾਂਦੇ ਤੇ ਬੇਲੋੜੇ ਹੋ ਜਾਂਦੇ ਹਨ। ਕਿਸੇ 'ਚ ਕੋਈ ਦਿਲਚਸਪੀ ਨਹੀਂ ਰਹਿੰਦੀ। ਹਰ ਪਾਸੇ ਭੈਦਾਇਕ ਮਾਹੌਲ ਬਣ ਜਾਂਦਾ ਹੈ।

ਉਹ ਸਮਾਂ ਬਹੁਤੀ ਦੂਰ ਨਹੀਂ ਜਦੋਂ ਔਰਤ ਨੂੰ ਤ੍ਰਾਸਦਿਕ, ਤ੍ਰਾਹੁਣੇ, ਡਰਾਉਣੇ, ਘਿਨੌਣੇ, ਤਰਕਹੀਨ, ਵਿਸ਼ਵਾਸਹੀਨ, ਬੁੱਧੀਹੀਨ, ਖੌਫ਼ਨਾਕ, ਹੌਲਨਾਕ, ਦਰਦਨਾਕ, ਸ਼ਰਮਨਾਕ, ਤਰਸਯੋਗ ਹਾਲਤਾਂ ਵਿੱਚੋਂ ਗੁਜਰਨਾ ਪਿਆ ਤੇ ਉਸ ਦੇ ਸਰੀਰ ਦਾ ਕੋਈ ਵੀ ਅੰਗ ਉਸ ਦਾ ਆਪਣਾ ਨਹੀਂ ਸੀ। ਪਸ਼ੂਆਂ ਨਾਲੋਂ ਵੀ ਸਸਤਾ ਸਮਝਿਆ ਜਾਂਦਾ ਸੀ। ਸੁਣੀ ਸੁਣਾਈ ਗੱਲ ਨੂੰ ਮਾਂ ਦੁਹਰਾਉਂਦੀ ਰਹਿੰਦੀ, "ਭਾਗਾਂ ਵਾਲੇ ਦੀ ਵਹੁਟੀ ਮਰਦੀ ਹੈ ਤੇ ਅਭਾਗੇ ਦੀ ਗਾਂ।" ਔਰਤ ਦੇ ਸਰੀਰ ਨੂੰ ਰੱਦੀ ਦੀ ਟੋਕਰੀ ਸਮਾਨ ਸਮਝਿਆ ਹੋਇਆ ਸੀ ਤੇ ਕੋਈ ਵੀ ਕਦੋਂ ਵੀ ਵਰਤੋਂ ਵਿੱਚ ਲਿਆ ਸਕਦਾ ਸੀ। ਆਤਮ-ਵਿਸ਼ਵਾਸ, ਸਵੈ-ਭਰੋਸਾ ਔਰਤ ਦੀ ਸਮਰੱਥਾ ਵਿੱਚ ਨਹੀਂ ਸੀ। ਉਹ ਆਪਣੇ ਹਰ ਕੰਮ, ਨਿੱਜੀ ਲੋੜਾਂ ਦੀ ਪੂਰਤੀ, ਪੇਟ ਦੀ ਭੁੱਖ ਮਿਟਾਉਣ ਲਈ ਮਰਦ ਤੇ ਨਿਰਭਰ ਸੀ। ਨਿੱਜੀ ਵਾਕਿਆ ਮਾਂ ਸਾਂਝਾ ਕਰਦੀ, "ਪਤੀ ਸ਼ਕਰ ਨਾਲ ਰੋਟੀ ਖਾਈ ਜਾਂਦਾ ਸੀ। ਉਸ ਨੇ ਹੱਥ ਅੱਡਦਿਆਂ ਸ਼ਕਰ ਦਾ ਭੋਰਾ ਮੰਗਿਆ ਤਾਂ ਪਤੀ ਨੇ ਹੱਥ ਤੇ ਥੁੱਕ ਦਿੱਤਾ।" ਰਾਤ ਸਮੇਂ ਆਪਣੇ ਘਰ ਦੀਆਂ ਕੰਧਾਂ ਤੋਂ ਤ੍ਰਹਿੰਦੀ, ਦਹਿਲਦੀ ਜਾਗ ਕੇ ਰਾਤਾਂ ਕਟਦੀ। ਹਨੇਰੀਆਂ ਰਾਤਾਂ, ਸੈਂ ਸੈਂ ਕਰਦੀਆਂ ਰਾਤਾਂ ਸਮੇਂ ਹਨੇਰਾ ਵਿਕਰਾਲ ਰੂਪ ਧਾਰਨ ਕਰ ਲੈਂਦਾ। ਘਰ ਵਿੱਚ ਇਕੱਲੀ ਦੇ ਮਾਰ ਸੂਤੇ ਜਾਂਦੇ। ਰੋਂਣਾ ਨਿਕਲ ਜਾਂਦਾ। ਅਜਿਹੀਆਂ ਹਾਲਤਾਂ ਵਿੱਚ ਦੋ ਹੱਥ ਕਰਨੇ, ਜ਼ੁਲਮ ਵਿਰੁੱਧ ਅਵਾਜ ਉਠਾਉਣਾ, ਉਹ ਸੋਚ ਵੀ ਨਹੀਂ ਸਕਦੀ ਸੀ। ਮਰਦ ਦੀ ਕੰਡਿਆਲੀ ਵਾੜ ਨੂੰ ਟੱਪਣਾ ਉਸ ਦੇ ਵੱਸ ਵਿੱਚ ਨਹੀਂ ਸੀ। ਮਰਦ ਨੇ ਆਪਣੇ ਹੱਥਾਂ ਵਿੱਚ ਨੱਚਣ ਲਈ ਕਠਪੁਤਲੀ ਬਣਾਇਆ ਹੋਇਆ ਸੀ। ਜਿਵੇਂ ਡੋਰ ਹਿਲਦੀ ਸੀ, ਉਵੇਂ ਉਹ ਹਿੱਲਣ ਲਈ ਮਜ਼ਬੂਰ ਸੀ।

ਘੋਰ ਅਪਰਾਧਾਂ ਵਿੱਚ ਘਿਰੀ ਹੋਈ ਤੇ ਬਿਖੜੇ ਰਾਹਾਂ ਦੀ ਹਮਸਫਰ ਹੋਣ ਤੇ ਵੀ ਔਰਤ ਮਾਨਵੀ ਮੁੱਲਾਂ ਤੋਂ ਥੱਲੇ ਨਹੀਂ ਡਿਗਦੀ ਸੀ। ਉਹਨਾਂ ਤੇ ਪਹਿਰਾ ਦਿੰਦੀ ਹੋਈ ਆਪਣੀ ਜਾਨ ਨੂੰ ਲੇਖੇ ਲਾਉਣ ਤੋਂ ਨਹੀਂ ਝਿਜਕਦੀ ਸੀ। ਦੁੱਖਾਂ ਨੂੰ ਸੀਨੇ ਨਾਲ ਲਾ ਕੇ ਹੰਢਾਉਣਾ ਜਾਣਦੀ ਸੀ। ਇਸ ਤਰ੍ਹਾਂ ਦੇ ਜ਼ੋਰ ਜਬਰ ਦੇ ਸਿਤਮ ਦੀ ਚਰਮਸੀਮਾਂ ਔਰਤ ਨਾਲ ਹੁੰਦੀ ਰਹੀ ਹੈ ਅਤੇ ਹੋ ਰਹੀ ਹੈ। ਪਰ ਜੇ ਅਜਿਹਾ ਕੁਝ ਮਰਦ ਨਾਲ ਹੋਵੇ ਤਾਂ ਹੱਲਾ ਗੁੱਲਾ ਮਚਾਅ ਦੇਵੇ। ਸਗੋਂ ਔਰਤ ਹਰ ਸਵੇਰ ਨੂੰ ਸਿਜਦਾ ਕਰਦੀ ਹੋਈ, ਉੱਜਲ ਭਵਿੱਖ ਦੀ ਕਾਮਨਾ ਕਰਦੀ ਨਹੀਂ ਥੱਕਦੀ। ਸਗੋਂ ਮਰਦ ਦੀ ਲੰਮੀ ਉਮਰ ਲਈ ਅਰਦਾਸਾਂ ਕਰਦੀ ਹੈ। ਮਾਂ ਕਿਹਾ ਕਰਦੀ, "ਪੁੱਤ!ਅੱਜ ਨਾਲੋਂ ਸਵੇਰ ਕਾਹਲੀ।" ਅੱਜ ਨਾਲੋਂ ਸਵੇਰ ਚੰਗੀ ਦੀ ਆਸ ਹੱਥੋਂ ਨਹੀਂ ਛੱਡਦੀ। ਸਗੋਂ ਇਸ ਨਾਲ ਉਮਰ ਗੁਜਾਰ ਲੈਂਦੀ ਕਿ ਕਦੇ ਤਾਂ ਮਰਦ ਸਮਝੇਗਾ ਤੇ ਸੁਧਰੇਗਾ। ਅਕਲ ਆ ਜਾਵੇਗੀ।

ਪਰ ਇਹ ਇੱਛਾ ਕਦੇ ਨਾ ਫਲੀ।

ਸੇਵਾ, ਸਬਰ, ਸੰਤੋਖ, ਸਿਰੜ, ਸਿਦਕ, ਨੇਕੀ, ਸਚਾਈ ਦੀ ਮੂਰਤ, ਔਰਤ ਨੂੰ ਪ੍ਰਮਾਤਮਾ ਨੇ ਬਖਸ਼ਿਸ਼ਾਂ ਨਾਲ ਸਰਸ਼ਾਰ ਕੀਤਾ ਹੋਇਆ ਹੈ। ਇਸ ਕੋਲ ਮਰਦ ਨੂੰ ਦੇਣ ਲਈ ਬਹੁਤ ਕੁਝ ਹੈ। ਮਾਂ ਤੋਂ ਲੈ ਕੇ ਪਤਨੀ ਤੱਕ ਦਾ ਸਾਰਾ ਪੰਧ ਮਰਦ ਨੂੰ ਸਮਰਪਤ ਹੁੰਦਾ ਹੈ। ਔਰਤ ਦੇ ਯੋਗਦਾਨ 'ਤੇ ਹੀ ਮਰਦ ਦੀ ਸਫਲਤਾ ਦਾ ਰਾਜ ਛੁਪਿਆ ਹੋਇਆ ਹੁੰਦਾ ਹੈ। ਸਾਹਸ, ਹਿੰਮਤ, ਸੰਜਮ ਨਾਲ ਨੱਕੋ-ਨੱਕ ਭਰੀ ਹੋਈ ਔਰਤ ਮਰਦ ਦੀ ਸਹਾਇਕ ਤੇ ਸਮਾਜ ਦੀ ਉਸਾਰੀ ਦਾ ਨੀਂਹ ਪੱਥਰ ਹੁੰਦੀ ਹੈ।

ਨਾਰੀ ਦਾ ਸਭ ਤੋਂ ਵੱਡਾ ਗੁਣ ਮਮਤਾ ਨਾਲ ਗੜੁੱਚ ਹੋਣਾ ਹੁੰਦਾ ਹੈ। ਰੁਹਾਨੀਅਤ ਦਾ ਮੁਜੱਸਮਾ ਮਾਂ, ਮੋਹ ਭਰੀ ਭੈਣ, ਮਹੱਬਤਾ ਭਰੀ ਪ੍ਰੇਮਕਾ, ਪ੍ਰੇਰਨਾ ਸਰੋਤ ਪਤਨੀ ਦਾ ਸਾਥ ਮਰਦ ਦੀਆਂ ਵਹਿਸ਼ੀ ਆਦਤਾਂ ਦਾ ਕੁਦਰਤੀ ਇਲਾਜ ਹੈ।

ਸੰਸਾਰ ਨੂੰ ਰੌਣਕਾਂ, ਰੰਗੀਨੀਆਂ, ਸ਼ੁਕੀਨੀਆਂ, ਬਰੀਕੀਆਂ, ਬਰਕਤਾਂ ਦਾ ਸਿਹਰਾ, ਸਹਿਜਤਾ ਦੀ ਮੂਰਤ ਨਾਰੀ ਸਿਰ ਸਜਦਾ ਹੈ। ਨਾਰੀ ਮਾਨਸਿਕ ਜੀਵਨ ਦਾ ਰੱਜ ਹੁੰਦੀ ਹੈ। ਵਾਸ਼ਨਾਵਾਂ ਦੀ ਸੰਤੁਸ਼ਟੀ ਹੁੰਦੀ ਹੈ। ਵਾਤਾਵਰਨ ਦੀ ਰੌਣਕ ਹੁੰਦੀ ਹੈ। ਇਹ ਸਾਰੇ ਗੁਣ ਮਾਂ ਕਰ ਕੇ ਹੀ ਉਸ ਦੇ ਹਿੱਸੇ ਆਉਂਦੇ ਹਨ।

# ਕਦੋਂ ਪੁਛੇਂਗੀ ਪੁੱਤ ਉਦਾਸ ਕਿਉਂ ਹੈਂ?

ਮਾਂ ਤੂੰ ਰਕਾਨ ਸੀ। ਜਵਾਨ ਸੀ। ਸਾਡੀ ਜਿੰਦਜਾਨ ਸਾਥੋਂ ਕੁਰਬਾਨ ਸੀ। ਤੂੰ ਮਹਾਨ ਸੀ। ਸਾਡਾ ਜਹਾਨ ਸੀ। ਰੁੱਸਿਆਂ ਨੂੰ ਮਨਾਉਂਦੀ, ਰੋਂਦਿਆਂ ਨੂੰ ਵਰਾਉਂਦੀ। ਝੂਠੇ ਲਾਰੇ ਲਾਉਂਦੀ। ਅੱਥਰੂ ਪੂੰਝਦੀ। ਬੁੱਕਲ 'ਚ ਪਾ ਕੇ ਲੋਰੀਆਂ ਦਿੰਦੀ। ਮਨ ਦੇ ਲੱਡੂ ਭੋਰਦੀ। ਸਿਰ ਤੇ ਪੋਲੇ ਪੋਲੇ ਪੋਟੇ ਫੇਰਦੀ ਤਾਂ ਮੈਨੂੰ ਸਵੱਰਗ ਮਿਲਣ ਦੇ ਨਾਲ ਤੈਨੂੰ ਅਗੰਮੀ ਖੁਸ਼ੀ ਮਿਲਦੀ। ਛਾਤੀ ਦਾ ਨਿੱਘ ਮਾਣਦਾ ਹੋਇਆ, ਘੂਕ ਸੌਂ ਜਾਂਦਾ। ਹਿਕ ਤੇ ਪਾ ਕੇ ਤੂੰ ਵੀ ਘੁਰਾੜੇ ਮਾਰਨ ਲੱਗ ਜਾਂਦੀ। ਦਿਲਾਂ ਦੀਆਂ ਧੜਕਣਾਂ ਆਪਣਾ ਫ਼ਰਜ਼ ਪੂਰਦੀਆਂ। ਤੇਰੇ ਹੁੰਦਿਆਂ ਮੇਰਾ ਬਚਪਨ ਕਿੰਨਾਂ ਸੁਰੱਖਿਅਤ ਸੀ।

ਟੱਬਰ ਪਾਲਦੀ। ਜੱਫਰ ਜਾਲਦੀ। ਘਾਲਣਾ ਘਾਲਦੀ। ਕਬੀਲਦਾਰੀ ਸੰਭਾਲਦੀ। ਮਾਂ ਤੂੰ ਕਿੰਨੀ ਚੰਗੀ ਸੀ। ਉਦਾਸ ਮਨਾਂ ਨੂੰ ਢਰਾਸ ਦੇਣੀ, ਤਾਜਗੀ ਬਖਸ਼ਣੀ ਤੇਰਾ ਆਦਰਸ਼ ਸੀ। ਔਰਤਾਂ ਦੀ ਤੂੰ ਸਰਦਾਰ ਸੀ। ਤਾਹੀਓਂ ਤੇਰਾ ਸਤਿਕਾਰ ਸੀ। ਆਂਢੀਆਂ ਗੁਆਂਢੀਆਂ ਅਤੇ ਰਿਸ਼ਤੇਦਾਰਾਂ ਨੂੰ ਨੇਕ ਸਲਾਹ ਦਿੰਦੀ।

ਵੱਡੇ ਪਰਿਵਾਰ ਦੀਆਂ ਲੋੜਾਂ, ਥੋੜਾਂ, ਤੰਗੀਆਂ, ਤੁਰਸ਼ੀਆਂ, ਬੇਵਸੀਆਂ, ਬੇਥਵੀਆਂ, ਆਰਥਿਕ ਮਜ਼ਬੂਰੀਆਂ ਨੇ ਭਾਵੇਂ ਤੈਨੂੰ ਝੰਬ ਸੁੱਟਿਆ ਸੀ। ਤੈਨੂੰ ਨਾਮੇਂ ਦੀਆਂ ਤੰਗ ਗਲੀਆਂ ਵਿੱਚੋਂ ਦੀ ਲੰਘਣਾ ਆਉਂਦਾ ਸੀ। ਕਦੇ ਸਾਹ ਨਹੀਂ ਘੁੱਟਿਆ ਸੀਪ ਕਿੰਨੀ ਆਸ਼ਾਵਾਦੀ ਸੀ। ਭਲੇ ਦਿਨਾਂ ਦੀ ਉਡੀਕ ਵਿੱਚ ਜਵਾਨੀ ਚਲੀ ਗਈ ਤੇ ਬੁਢਾਪਾ ਵੀ ਬੇਵਫਾਈ ਕਰ ਗਿਆ। ਤੂੰ ਆਖ ਕੇ ਕਦੇ ਨਹੀਂ ਸੁਣਾਇਆ ਸੀ ਕਿ ਅਸੀਂ ਗਰੀਬ ਹਾਂ। ਗਰੀਬੀ ਦੇ ਹੰਝੂ ਅੰਦਰੋਂ ਅੰਦਰੀਂ ਪੀ ਜਾਂਦੀ। ਸ਼ਾਇਦ ਤੂੰ ਜ਼ਿੰਦਗੀ ਨਾਲ ਸਮਝੌਤਾ ਕਰ ਲਿਆ ਹੋਵੇ। ਦੂਜੇ ਦੇ ਦੁੱਖ ਵੇਲੇ ਤੂੰ ਰੱਜ ਕੇ ਵੈਣ ਪਾਉਂਦੀ। ਦਿਲ ਚੀਰਵੀਆਂ ਹੂਕਾਂ ਕੰਧਾਂ ਨੂੰ ਰੁਆ ਦਿੰਦੀਆਂ ਸਨ। ਤੇਰਾ ਮਿੱਠਾ ਮਿੱਠਾ ਤੇ ਲੈਅ ਬੱਧ ਬੋਲ ਮੈਨੂੰ ਧੁਰ ਅੰਦਰ ਤਕ ਹਲੂਣ ਦਿੰਦਾ। ਪਰ ਰੋਣ-ਹਾਕਾ ਹੋਇਆ ਬਚਪਨ ਵੀ ਇਸ ਦਾ ਹੱਲ ਨਹੀਂ ਕਰ ਸਕਦਾ ਸੀ। ਤੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿੰਦੀ। ਆਸ ਨੂੰ ਕਦੇ ਹੱਥੋਂ ਨਹੀਂ ਗੁਆਇਆ ਸੀ। ਸੋਚਦਾ ਹਾਂ-ਅਣਹੋਣੀਆਂ ਕਿਵੇਂ ਨਜਿੱਠਦੀ ਸੀ? ਗੁਜਾਰਾ

ਕਿਵੇਂ ਕਰਦੀ ਸੀ? ਪਰ ਇਹ ਆਖ ਕੇ ਉਤਸ਼ਾਹ ਭਰ ਦਿੰਦੀ ਤੇ ਦਲੇਰੀ ਦੇ ਦਿੰਦੀ ਕਿ ਭਾਵੀ ਰਾਜੇ ਰਾਣੀਆਂ ਤੇ ਵੀ ਵਰਤ ਜਾਂਦੀ ਹੈ।

ਸਾਡੇ ਮੈਲ਼ੇ ਤੇ ਪਾਟੇ ਬਸਤੇ (ਬੈਗ ਨਹੀਂ) ਸਵਾਰਨ ਵੇਲੇ ਦੇ ਤੇਰੇ ਜਜ਼ਬਾਤਾਂ ਨੂੰ ਕੋਈ ਮਨੋਵਿਗਿਆਨੀ ਹੀ ਜਾਣ ਸਕਦਾ ਸੀ। ਮੈਲ ਕੱਢਣ ਲਈ ਤੇਰੇ ਕੋਲ ਸਾਬਣ ਨਹੀਂ ਹੁੰਦੀ ਸੀ। ਤੰਦੂਰ ਦੀ ਸੁਆਹ ਭਿਉਂ ਦਿੰਦੀ। ਪਾਣੀ ਨਿਤਾਰ ਕੇ ਉਸ ਵਿਚੋਂ ਦੀ ਕੱਢ ਕੇ ਥਾਪੇ ਨਾਲ ਕੁੱਟ ਦਿੰਦੀ ਤੇ ਆਖਦੀ, "ਪੁੱਤ!ਮੈਲ ਤਾਂ ਨਿਕਲੀ ਨਹੀਂ ਪਰ ਸੁੱਚੇ ਜ਼ਰੂਰ ਹੋ ਗਏ।" ਕਿਉਂਕਿ ਖਾਹ ਨਾਲ ਸਿਆਹੀ ਦੇ ਦਾਗ ਨਹੀਂ ਉਤਰਦੇ ਸਨ। ਪਰ ਫਿੱਕੇ ਜ਼ਰੂਰ ਪੈ ਜਾਂਦੇ। ਅਸੀਂ ਸਮਝ ਲੈਂਦੇ ਕਿ ਧੋਤੇ ਗਏ। ਕਿਉਂਕਿ ਬਚਪਨ ਵਿੱਚ ਸਫ਼ਾਈ ਰੱਖਣ ਬਾਰੇ ਜਾਣਕਾਰੀ ਅਧੂਰੀ ਹੁੰਦੀ ਹੈ। ਜੇ ਬਸਤਾ ਪਾਟ ਜਾਂਦਾ ਤਾਂ ਪੁਰਾਣਾ ਕਪੜਾ ਲੈ ਕੇ ਨਵਾਂ ਬਣਾ ਦਿੰਦੀ। ਸਕੂਲ ਜਾਂਦਿਆਂ ਦੀ ਪਿੱਠ ਵੇਖਦੀ ਤੇ ਮੁੜਦਿਆਂ ਦਾ ਮੂੰਹ ਵੇਖਦੀ। ਪਰ ਗਰੀਬੀ ਪਤਾ ਨਹੀਂ ਮਾਂ ਪੁੱਤ ਦਾ ਪਿਆਰ ਕਿਵੇਂ ਵੇਖਦੀ ਸੀ।

ਨੰਗੇ ਪੈਰੀਂ ਸਕੂਲ ਜਾਂਦਾ। ਗਰਮੀ ਜ਼ਿਆਦਾ ਹੁੰਦੀ। ਪੈਰ ਮਚਦੇ ਜਾਂ ਫਿੱਡੇ ਛਿੱਤਰਾਂ ਦੇ ਤਲਿਆਂ 'ਚ ਘਸ ਕੇ ਮੋਰੀਆਂ ਹੋ ਜਾਂਦੀਆਂ ਤਾਂ ਪੈਰ ਹੇਠਾਂ ਅੱਕ ਦੇ ਜਾਂ ਬੋਹੜ ਦੇ ਪੱਤੇ ਰੱਖ ਕੇ ਘਰ ਪਹੁੰਚਦੇ। ਜੁੱਤੀ ਦੀ ਮੰਗ ਕਰਦਾ ਤਾਂ ਆਖ ਦਿੰਦੀ, "ਤੂੰ ਪੁੱਤ! ਮੇਰੀ ਜੁੱਤੀ ਪਾ ਕੇ ਲੈ ਜਾਇਆ ਕਰ।" ਜਿਹੜੀ ਕਿ ਮਾਂ ਪੇਕਿਆਂ ਤੋਂ ਸਵਾਂ ਕੇ ਲਿਆਉਂਦੀ ਸੀ। ਜਦੋਂ ਨੋਕਾਂ ਵਾਲੀ ਜੁੱਤੀ ਮੇਰੇ ਹਾਣੀ ਵੇਖ ਲੈਂਦੇ ਤਾਂ ਝਹੇਡਾਂ (ਮਸ਼ਕਰੀਆਂ) ਕਰਦੇ, "ਇਹ ਜ਼ਨਾਨਾ ਹੈ। ਜਨਾਨੀ ਜੁੱਤੀ ਪਾ ਕੇ ਲਿਆਇਆ ਹੈ।" ਉਹਨਾਂ ਦੇ ਆਖੇ ਦਾ ਗੁੱਸਾ ਕਿਵੇਂ ਮਨਾਉਂਦਾ?... ਜਦੋਂ ਸੱਚੀ ਗੱਲ ਆਖਦੇ ਸਨ। ਘਰ ਜਾ ਕੇ ਚਲਾਅ ਕੇ ਮਾਰਦਾ। ਮੇਰੇ ਪੈਰਾਂ ਨੂੰ ਨਵੀਂ ਜੁੱਤੀ ਨਸੀਬਾਂ ਨਾਲ ਹੀ ਜੁੜਦੀ ਸੀ। ਕਿਸੇ ਦੇ ਲਾਹੇ ਫਿੱਡੇ ਛਿੱਤਰ ਜ਼ਰੂਰ ਮਿਲ ਜਾਂਦੇ ਸਨ। ਜੋ ਫਿਟਕ ਫਿਟਕ ਕਰਦੇ ਕੱਚੇ ਰਾਹਾਂ ਦੀ ਪੀਕ ਗਿੱਚੀ ਤੱਕ ਪਹੁੰਚਾਅ ਦਿੰਦੇ। ਪਰ ਮਾਂ ਹੌਂਸਲਾ ਨਾ ਹਾਰਦੀ। ਮਾਂ ਦਾ ਲਾਰਾ ਝੂਠ ਨੂੰ ਸੱਚ ਬਣਾਉਣ ਦੀ ਸਮਰੱਥਾ ਰਖਦਾ ਸੀ। "ਪੁੱਤ! ਤੇਰਾ ਪਿਓ ਸ਼ਹਿਰ ਨਹੀਂ ਗਿਆ। ਉਹ ਦਾਣੇ ਵੇਚਣ ਜਾਉਂਗਾ। ਭਾਵੇਂ ਵੇਚਣ ਗੋਚਰੇ ਦਾਣੇ ਕਦੇ ਨਹੀਂ ਹੋਏ ਸਨ। ਵਾਧੂ ਦਾਣਿਆਂ ਨੂੰ ਪਿੰਡ ਦੀਆਂ ਹੱਟੀਆਂ ਨਿਗਲ ਲੈਂਦੀਆਂ ਸਨ। ਸ਼ਹਿਰ ਜਾਣ ਦੀ ਖੁਸ਼ੀ ਤੇ ਪਸੰਦ ਦੀ ਜੁੱਤੀ ਖਰੀਦਣ ਦਾ ਲਾਰਾ ਮੈਨੂੰ ਇਤਬਾਰ ਕਰਨ ਲਈ ਵਚਨਬੱਧ ਕਰ ਦਿੰਦਾ। ਸ਼ਹਿਰ ਜਾਣਾ ਛੇ ਮਹੀਨਿਆਂ ਤੇ ਪੈ ਜਾਂਦਾ। ਸਬੱਬ ਨਾਲ ਧੌੜੀ ਦੀ ਖੁਸ਼ਕ ਚਮੜੇ ਦੀ ਮਿਲਦੀ। ਪੈਰਾਂ 'ਚ ਲਗਣ ਦੇ ਡਰ ਤੋਂ ਤੇਲ ਨਾਲ ਅੰਦਰੋਂ ਬਾਹਰੋਂ ਗੱਚ ਕਰੀਂ ਰੱਖਦਾ ਤਾਂ ਜੋ ਮੁਲਾਇਮ ਬਣ ਜਾਵੇ।

ਮਾਂ ਤੂੰ ਟੱਬਰ ਦਾ ਪੇਟ ਕਿਵੇਂ ਭਰਦੀ ਸੀ? ਕਦੇ ਵੀ ਸਾਲ ਭਰ ਦੇ ਦਾਣੇ ਨਹੀਂ ਹੋਏ ਸਨ। ਛੇ ਸੱਤ ਮਹੀਨਿਆਂ ਪਿੱਛੋਂ ਚੂਹੇ ਵੀ ਡੰਡ ਕੱਢਣ ਲੱਗ ਜਾਂਦੇ ਸਨ। ਫਿਕਰ ਤੈਨੂੰ ਹੋ ਜਾਂਦਾ ਸੀ। ਢੂਡੀ ਸਵਾਈ ਤੇ ਲੈ ਕੇ ਘਰ ਭਰਦੀ। ਤੂੰ ਆਖਿਆ ਕਰਦੀ, "ਪੁੱਤ!ਤੇਰਵਾਂ ਮਹੀਨਾ ਹੈ। ਇਸ ਮਹੀਨੇ ਗਰੀਬ ਗੁਰਬੇ ਕੋਲ ਦਾਣੇ ਨਹੀਂ ਬਚਦੇ। ਇਸ ਲਈ ਤਾਂ ਆਪਾਂ ਬਾਜਰੇ ਦੀਆਂ ਰੋਟੀਆਂ ਪਕਾਉਂਦੇ ਹਾਂ। ਕਣਕ ਨਾਲੋਂ ਸਸਤਾ ਪੈਂਦਾ ਹੈ। ਹਾੜੀ ਦੀ ਫਸਲ ਨਾਲ ਮੇਲ ਮਿਲਾਅ ਦਿੰਦਾ ਹੈ। ਆਟਾ ਵੀ ਘੱਟ ਪਕਦਾ ਹੈ। ਤੇਰਾ ਪਿਓ ਖਰਾਸ ਤੇ ਪੀਹ ਲੈਂਦਾ ਹੈ। ਘਰਾਟੀਂ ਜਾਣ ਦੀ ਲੋਯ ਨਹੀਂ ਪੈਂਦੀ। ਬਾਜਰੇ ਨੂੰ ਸਿਆਣੇ ਬੰਦੇ ਲੋਹਾ ਕਹਿੰਦੇ ਹਨ। ਤਾਕਤਵਰ ਵੀ ਹੁੰਦਾ ਹੈ। ਥੋੜ੍ਹੀ ਜਿਹੀ ਕਣਕ ਰੱਖੀ ਐ। ਆਏ ਗਏ ਤੋਂ ਕਣਕ ਦੀਆਂ ਮੰਨੀਆਂ ਥੱਪਣੀਆਂ ਪੈਂਦੀਆਂ ਹਨ।" ਹੱਥ ਚੱਕੀ ਤੇ ਆਟਾ ਪੀਹ ਕੇ ਪ੍ਰਾਹੁਣੇ ਲਈ ਰੋਟੀ ਪਕਾਅ ਦਿੰਦੀ। ਅਸੀਂ ਵੇਖਦੇ ਰਹਿ ਜਾਂਦੇ। ਕਣਕ ਦੀ ਰੋਟੀ ਨੂੰ ਤਰਸਦੇ। ਹੁਣ ਬਾਜਰੇ ਨੂੰ ਤਰਸੀਦਾ ਹੈ।

ਕਣਕ ਦਾ ਆਟਾ ਕਪੜਛਾਣ ਕਰ ਕੇ ਜਦੋਂ ਤੂੰ ਸੇਵੀਆਂ ਵੱਟਣ ਦੀ ਤਿਆਰੀ ਕਰਦੀ ਤਾਂ ਅਸੀਂ

ਚਾਂਬੜਾਂ ਪਾਉਣ ਲੱਗ ਜਾਂਦੇ। ਕਈ ਕਈ ਔਰਤਾਂ ਇਕੱਠੀਆਂ ਹੋ ਕੇ ਘੜੇ ਮੂਧੇ ਮਾਰ ਕੇ ਹੱਥਾਂ ਨਾਲ ਸੇਵੀਆਂ ਵਟਦੀਆਂ ਤਾਂ ਅਸੀਂ ਖੁਸ਼ ਹੋ ਜਾਂਦੇ ਕਿ ਅੱਜ 'ਚੰਦੋਆ' ਮਿਲੂਗਾ। ਤਵੇ ਤੇ ਭੁੰਨ ਸ਼ਕਰ ਪਾ ਕੇ ਖਾਂਦੇ ਤਾਂ ਬੜਾ ਅਨੰਦ ਆਉਂਦਾ। ਪਰ ਅੱਜ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਸੁਆਦ ਫਿੱਕਾ ਲਗਦਾ ਹੈ। ਸਵੇਰ ਸਮੇਂ ਰੋਟੀ ਪਕਾਉਂਦੀ ਤਾਂ ਗੁੱਲੀ ਪਕਾ ਦਿੰਦੀ ਤੇ ਆਖ ਦਿੰਦੀ, "ਸ਼ਾਮ ਨੂੰ ਨਾ ਮੰਗੀ। ਆਥਣੇ ਵਾਧੂ ਆਟੇ ਦੀ ਗੁੱਲੀ (ਛੋਟੀ ਰੋਟੀ) ਪਕਾਉਣੀ ਬਦਸ਼ਗਨ ਹੁੰਦੀ ਹੈ। ਸਵੇਰ ਦੀ ਗੁੱਲੀ ਦਾ ਮੰਤਵ ਹੁੰਦਾ ਕਿ ਪਰਿਵਾਰ, ਧਨ ਮਾਲ, ਪਸ਼ੂ, ਡੰਗਰ ਵਿਚ ਵਾਧਾ ਹੋਵੇ। ਮਾਂ ਤੇਰੀ ਸੋਚ ਕਿੰਨੀ ਸਾਕਾਰਾਤਮਕ ਸੀ।

ਸਕੂਲ ਜਾਣ ਸਮੇਂ ਜਿੱਦ ਕਰ ਲੈਂਦਾ ਸੀ। ਕਣਕ ਦੀ ਰੋਟੀ ਪਕਾ ਦੇਹ। ਅੱਧੀ ਛੁੱਟੀ ਵੇਲੇ ਸਾਰੇ ਬੱਚੇ ਕਣਕ ਦੀ ਰੋਟੀ ਖਾਂਦੇ ਹਨ। ਪਰ ਮਾਂ ਚੂਰੀ ਦਾ ਲਾਲਚ ਦੇ ਕੇ ਚੁੱਪ ਕਰਾ ਦਿੰਦੀ। "ਪੁੱਤ!ਗੁੜ ਪਾ ਕੇ ਚੂਰੀ ਕੁੱਟ ਦਿੰਦੀ ਹਾਂ।" ਬਾਜਰੇ ਦੀ ਗਰਮ ਰੋਟੀ ਵਿੱਚ ਗੁੜ ਚੰਗੀ ਤਰ੍ਹਾਂ ਰਚ ਜਾਂਦਾ ਤੇ ਇਉਂ ਲਗਦਾ ਜਿਵੇਂ ਘਿਓ ਪਾਇਆ ਹੋਵੇ। ਘਿਓ ਤੋਂ ਸੱਖਣੀ ਚੂਰੀ ਜਦੋਂ ਠੰਡੀ ਹੋ ਜਾਂਦੀ ਤਾਂ ਸੀਮਿੰਟ ਬਣ ਜਾਂਦੀ। ਸੰਘ ਥੱਲਿਓਂ ਨਾ ਉਤਰਦੀ। ਜੇ ਕਦੇ ਕਣਕ ਦੀ ਰੋਟੀ ਹੁੰਦੀ ਤਾਂ ਘੋਟੇ ਕੂੰਡੇ ਦੀਆਂ ਰਗੜੀਆਂ ਬਰੀਕ ਬਰੀਕ ਲਾਲ ਮਿਰਚਾਂ ਰੱਖ ਕੇ, ਪੌਣੇ 'ਚ ਬੰਨ੍ਹ ਕੇ ਆਖ ਦਿੰਦੀ। "ਪੁੱਤ! ਜਿੰਦਗੀ ਦੇ ਢਲਦੇ ਪ੍ਰਛਾਵੇਂ ਹੁੰਦੇ ਨੇ। ਕਦੇ ਧੁੱਪ ਤੇ ਕਦੇ ਠੰਡੀ ਛਾਂ ਹੁੰਦੀ ਹੈ। ਕਦੇ ਸੋਕਾ ਤੇ ਕਦੇ ਜਲਥਲ। ਕਦੇ ਹਨੇਰਾ ਤੇ ਕਦੇ ਸਵੇਰਾ। ਆਪਣੀ ਮੱਝ ਸੂਣ ਵਾਲੀ ਹੈ। ਜਦੋਂ ਦੁੱਧ ਹੋ ਗਿਆ ਜਿੰਨਾਂ ਮਰਜੀ ਘਿਓ ਖਾ ਲਵੀਂ। ਕਿਹੜਾ ਦੁੱਧ ਵੇਚਣਾ ਹੈ।" ਮਾਂ ਦੀ ਬੇਵਸੀ ਮੈਨੂੰ ਚੁੱਪ ਦਾ ਸੰਕੇਤ ਦਿੰਦੀ। ਵੱਡਾ ਟੱਬਰ ਹੋਣ ਕਰਕੇ ਦੁੱਧ ਦੀ ਲਾਗਤ ਹੋ ਜਾਂਦੀ ਤੇ ਅਸੀਂ ਵੇਖਦੇ ਰਹਿ ਜਾਂਦੇ। ਮਾਂ ਤੇਰਾ ਦਿਲ ਕਿੰਨਾ ਵੱਡਾ ਸੀ। ਅਧੂਰੀਆਂ ਆਸਾਂ ਤੇ ਕਿਵੇਂ ਜਿਉਂਦੀ ਸੀ ਜੋ ਕਦੇ ਵਫਾ ਨਾ ਹੋਈਆਂ। ਪਰ ਮੈਨੂੰ ਜ਼ਿੰਦਗੀ ਦਾ ਰਾਹ ਜ਼ਰੂਰ ਦੱਸ ਗਈਆਂ।

ਹਾੜੀ ਸੌਣੀ ਮਾਂ ਪੇਕੀ ਜਾਂਦੀ। ਉਥੋਂ ਸੂਟਾਂ ਦੀ ਪੋਟਲੀ ਬੰਨ ਲਿਆਉਂਦੀ। ਮੈਂ ਪੋਟਲੀ ਚੁੱਕ ਕੇ ਲਿਆਉਂਦਾ। ਪੰਜ ਭਰਾਵਾਂ ਦੀ ਭੈਣ ਦਾ ਭਰਜਾਈਆਂ ਮਾਣ ਤਾਣ ਕਰਦੀਆਂ। ਇੱਕ ਇੱਕ ਸੂਟ ਦੇ ਦਿੰਦੀਆਂ। ਮਾਂ ਇਹਨਾਂ ਨਾਲ ਆਪਣੀਆਂ ਪੰਜ ਧੀਆਂ ਦੇ ਤਨ ਢਕਿਆ ਕਰਦੀ ਆਖਦੀ, "ਧੀ ਤਾਂ ਜੰਮਦੀ ਕਪੜਾ ਮੰਗਦੀ ਹੈ।" ਸ਼ਹਿਰੋਂ ਕਪੜਾ ਖਰੀਦਣਾ ਗਨੀਮਤ ਸੀ। ਪਿੰਡ ਦੇ ਸਰਕਾਰੀ ਡਿਪੋ ਤੋਂ ਮੈਲਾ ਲੱਟਾਂ ਤੇ ਛੀਂਟ, ਹੱਥ 'ਚ ਕਦੇ ਚਾਰ ਛਿਲੜਾਂ ਹੁੰਦੀਆਂ ਕੰਟਰੋਲ ਰੇਟ ਹੋਣ ਕਰ ਕੇ ਖਰੀਦ ਲਏ ਜਾਂਦੇ। ਉਹਨਾਂ ਵਿੱਚੋਂ ਬਾਪੂ ਨੂੰ ਮੈਲੇ ਲੱਠੇ ਦੀ ਧੋਤੀ ਤੇ ਮੈਨੂੰ ਛੀਂਟ ਦੀ ਪੱਗ ਜ਼ਰੂਰ ਮਿਲ ਜਾਂਦੀ।

ਜਮਾਇਤੀ ਦੇ ਰੱਬ ਰੰਗ ਦਾ ਨਵਾਂ ਕਮੀਜ਼ ਪਾਇਆ ਹੋਇਆ ਸੀ। ਉਸ ਰੰਗ ਦਾ ਕਮੀਜ਼ ਬਣਾਉਣ ਲਈ ਰਿਹਾੜ ਕਰ ਬੈਠਾ। ਮਾਂ ਦਾ ਲਾਰਾ ਸਵਾਗਤ ਕਰਨ ਲੱਗਿਆ। "ਪੁੱਤ!ਤੈਨੂੰ ਖੱਦਰ ਦੀ ਨੀਲੀ ਚਿੱਟੀ ਧਾਰੀ ਦੀ ਬੋਸਕੀ ਦਾ ਕੁੜਤਾ ਤੇ ਸੁਥੂ ਬਣਾ ਦਿੰਦੇ ਹਾਂ। ਨਹੀਂ ਤਾਂ ਜਦੋਂ ਹੱਥ 'ਚ ਪੈਸੇ ਹੋਏ, ਟਸਰ ਦਾ ਨੀਲੇ ਰੰਗ ਦਾ ਲੱਛਾ ਲੈ ਕੇ ਤੇਰੀਆਂ ਭੈਣਾਂ ਖੱਡੀ ਤੇ ਬੁਣ ਕੇ ਬਣਾ ਦੇਣਗੀਆਂ।" ਵੱਡੀ ਭੈਣ ਨੇ ਕਿਹਾ, "ਜਦੋਂ ਤੂੰ ਸਕੂਲੋਂ ਆਵੇਂਗਾ ਬੋਸਕੀ। ਬੋਸਕੀ ਦਾ ਸਿਉਂਤਾ ਜਾਮਾ ਮਿਲ ਜਾਵੇਗਾ।" ਹੱਥਾਂ ਤੇ ਸੂਈ ਧਾਗੇ ਨਾਲ ਸਿਉਂ ਕੇ ਕੁੜਤਾ ਬਣਾ ਦਿੱਤਾ। ਸਚਿਆਰੀਆਂ ਨੂੰਹਾਂ ਧੀਆਂ ਪਰਿਵਾਰ ਦੇ ਕਪੜੇ ਆਪ ਹੀ ਸਿਉਂਦੀਆਂ ਸਨ। ਪਿੰਡਾਂ ਵਿੱਚ ਸਿਲਾਈ ਮਸ਼ੀਨਾਂ ਸਿਰਫ ਦਰਜੀਆਂ ਕੋਲ ਹੁੰਦੀਆਂ ਸਨ। ਪੰਜਵੀਂ ਵਿੱਚ ਜਾ ਕੇ ਖਾਕੀ ਜੀਨ ਦੀ ਹਾਫ ਪੈਂਟ ਨਸੀਬ ਹੋਈ। ਉਦੋਂ ਤੱਕ ਨਿੱਕਰ ਪਾ ਕੇ ਸਕੂਲ ਜਾਂਦਾ ਰਿਹਾ। ਗਰੀਬੀ ਹੋਣ ਕਰਕੇ ਵਰਦੀਆਂ ਪਿੱਛੇ ਅਧਿਆਪਕ ਬਹੁਤੀ ਸਖ਼ਤੀ ਨਹੀਂ ਕਰਦੇ ਸਨ।

ਨਕਦ ਨਾਵੇਂ ਨੂੰ ਜੇਬਾਂ ਸਾਲਾਂ ਬੱਧੀ ਤਰਸਦੀਆਂ ਰਹੀਆਂ। ਆਉਣ ਤੋਂ ਪਹਿਲਾਂ ਲੱਗਿਆ ਹੁੰਦਾ ਸੀ। ਦਸਵੀਂ ਤੱਕ ਦਸਾਂ ਦਾ ਨੋਟ ਨਹੀਂ ਵੇਖਿਆ ਸੀ। ਦੂਜੀ 'ਚ ਪੜ੍ਹਦੇ ਨੇ ਘਰੋਂ ਅਠਿਆਨੀ ਚੁੱਕ ਕੇ ਜੇਬ

'ਚ ਪਾ ਲਈ। ਖਰਚ ਕਰਨਾ ਮੈਂ ਜਾਣਦਾ ਨਹੀਂ ਸੀ। ਖੇਡਦੇ ਤੋਂ ਕਿਤੇ ਡਿਗ ਪਈ। ਘਰਦਿਆਂ ਨੂੰ ਪਤਾ ਲੱਗਿਆ ਤਾਂ ਸ਼ਿਕਾਇਤ ਲਾਉਣ ਲਈ ਬਾਪੂ ਜੀ ਨੂੰ ਸਕੂਲ ਭੇਜ ਦਿੱਤਾ। ਸੱਥ ਵਿੱਚੋਂ ਦੀ ਜਦੋਂ ਪਿਓ ਪੁੱਤ ਲੰਘੇ ਤਾਂ ਇੱਕ ਬਜ਼ੁਰਗ ਨੇ ਪੁੱਛਿਆ, "ਭਾਗ ਸਿਆਂ ਇਹ ਕੌਥੀ 'ਚ ਐ।" ਤਾਂ ਬਾਪੂ ਨੇ ਆਖਿਆ ਮੈਨੂੰ ਤਾਂ ਪਤਾ ਨਹੀਂ। ਇਹਦੀ ਮਾਂ ਨੂੰ ਪਤਾ ਹੋਵੇਗਾ। "ਟੱਬਰ ਦੀ ਜ਼ਿੰਮੇਵਾਰੀ ਮਾਂ ਦੀ ਸੀ। ਪਿਤਾ ਦੀਆਂ ਅੱਖਾਂ ਗਟਾਰੇ ਲੱਗੀਆਂ ਰਹਿੰਦੀਆਂ ਸਨ। ਬੱਚਿਆਂ ਨਾਲੋਂ ਨਸ਼ਾ ਜ਼ਿਆਦਾ ਪਿਆਰਾ ਸੀ।

ਧੰਨ ਸੀ ਤੂੰ ਮਾਂ! ਧੰਨ ਸੀ ਤੇਰਾ ਜੇਰਾ। ਕਦੇ ਜਿਕਰ ਨਹੀਂ ਕੀਤਾ ਸੀ ਕਿ ਤੇਰਾ ਪਿਓ ਨਸ਼ੇ ਕਰਦਾ ਹੈ। ਸ਼ਾਇਦ ਬਾਲ ਮਨ ਤੇ ਬੇਲੋੜਾ ਬੋਝ ਨਾ ਪਾਉਣਾ ਚਾਹੁੰਦੀ ਹੋਵੇਂ। ਮਾਂ ਸਾਨੂੰ ਕਦੇ ਰੁੱਖਾ ਨਹੀਂ ਬੋਲੀ ਸੀ। ਪਰ ਪਿਤਾ ਦੀ ਲਾਹ ਪਾਹ ਕਰਿਆ ਕਰਦੀ। ਕਦੇ ਕਦੇ ਬਹੁਤ ਦੁਖੀ ਹੋਈ, ਤੰਗ ਹੋਈ ਆਖਦੀ, "ਵੱਸ! ਕਿਸਮਤਾਂ ਦੇ ਸੌਦੇ ਨੇ। ਧੀ ਦੇ ਲੇਖ ਉਘੜਦੇ ਨੇ। ਸੰਜੋਗ ਕਿਸੇ ਦੀ ਪੇਸ਼ ਨਹੀਂ ਜਾਣ ਦਿੰਦੇ।"

ਪਿਤਾ ਨੂੰ ਅਫੀਮ ਤੇ ਨਸਵਾਰ ਦਾ ਵੈਲ ਸੀ। ਕਦੇ ਕਦੇ ਸ਼ਰਾਬ ਪੀ ਲੈਂਦਾ। ਕੰਮ ਬਹੁਤ ਕਰਦਾ। ਉਸ ਨੂੰ ਵੇਖ ਕੇ ਵੱਡਾ ਭਰਾ ਵੀ ਉਸ ਰਸਤੇ ਪੈ ਗਿਆ। ਇੱਕ ਦਿਨ ਹੱਥਾਂ ਵਾਲੀ ਮਸ਼ੀਨ ਤੇ ਕੁਤਰਾ ਕਰਦਾ ਭੁਆਟਨੀ ਖਾ ਕੇ ਚੌਫਾਲ ਪਿਆ। ਪਤਾ ਲੱਗਿਆ ਕਿ ਨਸਵਾਰ ਦਾ ਵੱਡਾ ਚੂੰਡਾ ਸੁੰਘ ਲਿਆ। ਪੱਠਾ ਲੱਗ ਗਿਆ। ਥੋੜ੍ਹੇ ਚਿਰ ਪਿੱਛੋਂ ਸੁਰਤ ਆਈ। ਉ ਸਪਿੱਛੋਂ ਕਦੇ ਨਸਵਾਰ ਦੇ ਨੇੜੇ ਨਹੀਂ ਗਿਆ। ਪਰ ਬੀੜੀਆਂ ਤੇ ਸ਼ਰਾਬ ਦੀਆਂ ਧਜੀਆਂ ਉਡਾਉਣ ਲੱਗ ਪਿਆ।

ਬਾਪੂ ਦੀ ਡੱਬੀ ਖਾਲੀ ਹੁੰਦੀ ਤਾਂ ਮਾਂ ਤੇਰੇ ਹੱਥਾਂ ਪੈਰਾਂ ਦੀ ਬਣ ਜਾਂਦੀ। ਅੱਡੀਆਂ ਗੋਡੇ ਰਗੜਦਾ ਤੈਥੋਂ ਝੱਲਿਆ ਨਹੀਂ ਜਾਂਦਾ ਸੀ। ਔਖ ਸੌਖ ਨਾਲ ਬੰਨ੍ਹ-ਸੁਬ ਕਰ ਕੇ ਡੱਬੀ ਦਾ ਘਰ ਪੂਰਾ ਕਰਦੀ। ਮਾਂ ਤੂੰ ਕਦੇ ਮੱਥੇ ਵੱਟ ਨਹੀਂ ਪਾਇਆ ਸੀ। ਹਨੇਰੇ ਸਵੇਰੇ ਆਉਂਦਿਆਂ ਨਸ਼ੇ ਵਿੱਚ ਟੁੰਨ ਹੋਇਆਂ ਨੂੰ ਰੋਟੀ ਟੁੱਕ ਪੁੱਛਦੀ। ਵੱਡੀ ਰਾਤ ਤਾਈਂ ਜਾਗਦੀ ਵੀ ਉਡੀਕ ਮੱਠੀ ਨਹੀਂ ਹੁੰਦੀ ਸੀ। ਤੇਰੇ ਨਿੱਤ ਦੇ ਵਰਤਾਓ ਵਿੱਚ ਕਦੇ ਭੂਚਾਲ ਨਹੀਂ ਆਇਆ ਸੀ। ਇਨਸਾਨੀਅਤ ਦਾ ਪੱਲਾ ਵੀ ਬਹੁਤ ਵਿਸ਼ਾਲ ਸੀ। ਜਿਸ ਵਿੱਚ ਸਭ ਚੰਗਾ ਮਾੜਾ ਭਸਮ ਕਰਨ ਦੀ ਸਮਰੱਥਾ ਸੀ। ਮਾਂ ਤੇਰਾ ਹਾਜ਼ਮਾ ਕਿੰਨਾ ਵੱਡਾ ਸੀ। ਤੂੰ ਪੂਜਣਯੋਗ ਸੀ। ਕਿਉਂਕਿ ਮਾਵਾਂ ਦੀ ਪਹੁੰਚ ਵਿੱਚ ਬੁਰਾਈ ਨਾਲ ਸਲੂਕ ਕਰਨ ਦੀ ਹਿੰਮਤ ਹੁੰਦੀ ਹੈ।

ਗਿੰਦਰ ਆਖ ਕੇ ਬੁਲਾਉਂਦੀ ਤਾਂ ਪਿਆਰ ਦਾ ਤਾਕ ਖੁੱਲ੍ਹ ਜਾਂਦਾ। ਰੱਬੀ ਰਹਿਮਤਾਂ ਦੀ ਝੜੀ ਇਹ ਆਖ ਕੇ ਹਿੱਕ ਨਾਲ ਲਾ ਲੈਂਦੀ। "ਮੇਰਾ ਪੁੱਤ ਸਿਉਂਨਾ ਹੈ। ਸਿਉਨਾ!" ਪਰ ਅੱਜ ਸਿਉਨਾ ਪੁੱਤ ਕੌਡੀਆਂ ਤੁੱਲ ਹੋਇਆ ਬੈਠਾ ਹੈ। ਤੂੰ ਜਿਉਂਦੀ ਸੀ ਤਾਂ ਮੈਂ ਬੱਚਾ ਲਗਦਾ ਸੀ। ਪਰ ਅੱਜ ਮੈਂ ਜਿਉਂਦਾ ਹਾਂ ਬੱਚਾ ਕੋਈ ਨਹੀਂ ਦਿਸਦਾ। ਨਾ ਹੀ ਕੋਈ ਬੱਚਾ ਅਖਵਾਉਂਦਾ ਹੈ। ਸਗੋਂ ਕਹਿੰਦਾ ਹੈ, "ਮੈਨੂੰ ਸਭ ਕੁਝ ਪਤਾ ਹੈ।" ਸਭ ਕੁਝ ਪਤਾ ਹੁੰਦਿਆ ਹੋਇਆਂ ਵੀ ਤੇਰੀ ਸਲਾਹ ਲਿਆ ਕਰਦਾ ਸੀ। ਅੱਜ ਸਲਾਹ ਦੇਣ ਵਾਲਾ ਹੈਗਾ। ਪਰ ਲੈਣ ਵਾਲਾ ਕੋਈ ਨਹੀਂ। ਗਲਤੀ ਹੋਣ ਤੇ ਮੁਆਫੀ ਮੰਗ ਲੈਂਦਾ ਸੀ। ਅੱਜ ਗਲਤੀ ਕੋਈ ਕਰਦਾ ਹੈ। ਮੁਆਫੀ ਮੈਂ ਮੰਗਦਾ ਹਾਂ। ਤੈਥੋਂ ਬਿਨਾਂ ਮੇਰਾ ਬਚਪਨ ਚਲਾ ਗਿਆ। ਜਵਾਨੀ ਚਲੀ ਗਈ। ਬੁਢਾਪੇ ਵਿੱਚ ਤੇਰੀਆਂ ਯਾਦਾਂ ਦੀ ਪੋਟਲੀ ਖੁੱਲ੍ਹ ਗਈ ਜਿਹੜੀ ਮੁੱਕਣ 'ਚ ਨਹੀਂ ਆਉਂਦੀ ਤੇ ਬੇਚੈਨ ਕਰੀ ਰੱਖਦੀ ਹੈ। ਤੈਥੋਂ ਬਿਨਾਂ ਮੈਂ ਬਿਗਾਨਾ ਹਾਂ। ਸਭ ਕੁਝ ਹੁੰਦਿਆਂ ਸੁੰਦਿਆਂ ਮੈਂ ਇਕੱਲਾ ਹਾਂ। ਆਪਣੇ ਆਪ ਨਾਲ ਮਨਬਚਨੀ ਕਰ ਕੇ ਮਨ ਨੂੰ ਧਰਵਾਸ ਦੇ ਲੈਂਦਾ ਹਾਂ। ਸ਼ਾਇਦ ਨਿਰਾਸਤਾ ਦਾ ਹੱਲ ਲੱਭ ਜਾਵੇ।

ਮਾਂ ਤੂੰ ਬਾਤ ਪਾਉਂਦੀ ਮੈਂ ਹੁੰਗਾਰਾ ਭਰਦਾ। ਅੱਜ ਮੈਂ ਬਾਤ ਪਾਉਂਦਾ ਹਾਂ। ਹੁੰਗਾਰਾ ਭਰਨ ਵਾਲਾ ਕੋਈ ਨਹੀਂ। ਅੱਜ ਗੋਦ ਹੈਗੀ। ਬੈਠਣ ਵਾਲਾ ਕੋਈ ਨਹੀਂ। ਗਲਵਕੜੀ ਪਾਉਣ ਵਾਲਾ ਨਹੀਂ। ਮੇਰੇ ਕੋਲ ਬਾਤ ਹੈ। ਹੁੰਗਾਰਾ ਨਹੀਂ। ਜਵਾਬ ਹੈ। ਸਵਾਲ ਨਹੀਂ। ਹਨੇਰੀ ਰਾਤ ਹੈ ਪਰ ਤਾਰੇ ਨਹੀਂ। ਤੇਰਾ ਘਰ ਮੇਰਾ

ਹੁੰਦਾ ਸੀ। ਪਰ ਅੱਜ ਮੇਰਾ ਘਰ ਵੀ ਮੇਰਾ ਨਹੀਂ।

ਤੇਰੀ ਗੋਦ 'ਚ ਦੁਨੀਆਂ ਵਸਦੀ ਸੀ। ਅੱਜ ਵਸਦੀ ਹੋਈ ਬਸਤੀ ਉਜਾੜ ਹੋਈ ਪਈ ਹੈ। ਘਰ 'ਚ ਸੁੰਨਸਾਨ ਹੈ। ਰੋਹੀ ਬੀਆਬਾਨ ਹੈ। ਬੰਜਰ ਧਰਤੀ ਤੇ ਇਨਸਾਨ ਨਹੀਂ ਉਗਦੇ। ਪਰਿੰਦੇ ਵੀ ਰਾਗ ਨਹੀਂ ਅਲਾਪਦੇ।

ਹੁੰਗਾਰਾ ਭਰਦਾ ਸੌਂ ਜਾਂਦਾ। ਕਹਾਣੀ ਹੈ ਹੁੰਗਾਰਾ ਭਰਨ ਵਾਲਾ ਕੋਈ ਨਹੀਂ। ਸੁਣਨ ਵਾਲਾ ਵੀ ਨਹੀਂ। ਮਾਂ ਪੁੱਤ ਤਾਂ ਕੀ ਸਭ ਰਿਸ਼ਤੇ ਤਾਰ ਤਾਰ ਹੋ ਚੁੱਕੇ ਹਨ। ਮਮਤਾ ਦਾ ਪਾਰਦਰਸ਼ੀ ਸ਼ੀਸ਼ਾ ਚਕਨਾਂ ਚੂਰ ਹੋਇਆ ਪਿਆ ਹੈ। ਮਾਂ ਕਦੇ ਆ ਕੇ ਬਸਤੀ ਦੇ ਲੋਕਾਂ ਨੂੰ ਰਿਸ਼ਤੇ ਨਿਭਾਉਣ ਦਾ ਗੁਰ ਦੱਸ ਕੇ ਜਾਹ।

"ਮਾਂ ਤੂੰ ਕਦੋਂ ਆ ਕੇ ਪੁੱਛੇਂਗੀ? ਪੁੱਤ! ਤੂੰ ਉਦਾਸ ਕਿਉਂ ਹੈਂ?"

# ਮੇਰੀ ਮਾਂ, ਤੇਰੀ ਮਾਂ, ਸਭ ਦੀ ਮਾਂ

ਵਿਦਵਾਨ ਕਹਿੰਦੇ ਹਨ ਕਿ ਲੱਗਭੱਗ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ 'ਮਾਂ' ਸ਼ਬਦ ਉਚਾਰਨ ਕਰਨ ਸਮੇਂ ਸਭ ਤੋਂ ਪਹਿਲਾਂ 'ਮੱਮਾ' ਅੱਖਰ ਦੀ ਧੁਨੀ ਆਉਂਦੀ ਹੈ। ਇਸ ਧੁਨੀ ਤੋਂ 'ਮਾਂ' ਸ਼ਬਦ ਹੋਂਦ ਵਿੱਚ ਆਇਆ ਹੈ। ਬੜਾ ਪਿਆਰਾ ਸੁੱਖ ਦੁੱਖ ਵਿੱਚ ਸਹਾਈ ਹੋਣ ਵ ਾਲਾ, ਹਮੇਸ਼ਾ ਉਤਸ਼ਾਹ ਭਰਿਆ ਸ਼ਬਦ ਹੈ। ਬੱਚੇ ਦਾ ਵਾਹ ਸਭ ਤੋਂ ਪਹਿਲਾਂ ਇਸ ਨਾਲ ਹੀ ਪੈਂਦਾ ਹੈ। ਉਸ ਲਈ ਇਸ ਦਾ ਉਚਾਰਨ ਕਰਨਾ ਵੀ ਅਸਾਨ ਹੁੰਦਾ ਹੈ। ਕਿਹਾ ਜਾਂਦਾ ਹੈ ਬੱਚੇ ਦੀ ਸਿਰਜਨਾ ਵਿੱਚ ਨੱਬੇ ਪ੍ਰਤੀਸ਼ਤ ਮਾਂ ਦਾ ਯੋਗਦਾਨ ਹੁੰਦਾ ਹੈ। ਭਾਵੇਂ ਪਿਤਾ ਦੀ ਦੇਣਦਾਰੀ ਨੂੰ ਵੀ ਨਕਾਰ ਨਹੀਂ ਸਕਦੇ। ਹਰ ਥਾਂ ਤੇ 'ਮਾਂ' ਯਾਦ ਆਉਂਦੀ ਹੈ। ਜੇ ਔਸਤ ਕੱਢੀ ਜਾਵੇ ਤਾਂ ਗਿਆਤ ਹੁੰਦਾ ਕਿ ਨੱਬੇ ਪ੍ਰਤੀਸ਼ਤ ਥਾਵਾਂ ਤੇ ਮਾਂ ਦਾ ਨਾਂ ਪਹਿਲਾਂ ਆਉਂਦਾ ਹੈ। ਪਤਨੀ, ਪੁੱਤਰ, ਪੁੱਤਰੀ, ਪਿਤਾ ਬਹੁਤ ਘੱਟ ਯਾਦ ਆਉਂਦੇ ਹਨ। ਅਚਾਨਕ ਚੋਟ ਲੱਗ ਜਾਵੇ, ਦੁਰਘਟਨਾ ਹੋ ਜਾਵੇ, ਅਣਪੂਰਿਆ ਘਾਟਾ ਪੈ ਜਾਵੇ ਤਾਂ ਮਾਂ ਯਾਦ ਆਉਂਦੀ ਹੈ। ਮਹਿਸੂਸ ਵੀ ਮਾਂ ਦੂਜਿਆਂ ਨਾਲੋਂ ਜ਼ਿਆਦਾ ਕਰਦੀ ਹੈ। ਖੁਸ਼ੀ ਆ ਜਾਵੇ ਤੰਦ ਦੀ ਮਾਂ ਯਾਦ ਆਉਂਦੀ ਹੈ। ਖੁਸ਼ੀ ਵੀ ਮਾਂ ਨੂੰ ਵੱਧ ਹੁੰਦੀ। ਬਹੁਤ ਵੱਡੀ ਸੰਪਤੀ ਆ ਜਾਵੇ ਤਦ ਮਨ 'ਚ ਖਿਆਲ ਆਉਂਦਾ ਹੈ ਕਿ ਪਹਿਲਾਂ ਮਾਂ ਨੂੰ ਦੱਸਿਆ ਜਾਵੇ। ਪੁੱਤ ਦੀਆਂ ਪ੍ਰਾਪਤੌਆਂ ਤੇ ਮਾਂ ਫੁੱਲੀ ਨਹੀਂ ਸਮਾਉਂਦੀ। ਮਾਂ ਹਮੇਸ਼ਾ ਔਲਾਦ ਦੇ ਗੁਣਗਾਣ ਕਰਦੀ ਆਪਣੇ ਦੁੱਖ ਨੂੰ ਯਾਦ ਨਹੀਂ ਕਰਦੀ। ਇਸਲਾਮੀ ਮੱਤ ਦਾ ਵਿਦਵਾਨ ਕਹਿੰਦਾ ਹੈ ਕਿ "ਜੇ ਜ਼ਮੀਨ ਤੇ ਜੰਨਤ ਹੈ ਤਾਂ ਮਾਂ ਦੇ ਕਦਮਾਂ ਵਿੱਚ ਹੈ ਅਤੇ ਅਸਮਾਨ ਤੇ ਖੁਦਾ ਦੇ ਕਦਮਾਂ ਵਿੱਚ।" ਬਚਪਨ ਅਤੇ ਬੁਢਾਪਾ ਪੜਾਅ ਇਹੋ ਜਿਹੇ ਹਨ ਜਿੰਨਾਂ ਵਿੱਚ ਮਾਂ ਦੀ ਅਣਹੋਂਦ ਬਰਦਾਸ਼ਤ ਕਰਨੀ ਔਖੀ ਹੋ ਜਾਂਦੀ ਹੈ।

ਬਾਲ, ਜੁਆਨੀ ਤੇ ਬਿਰਧ ਅਵੱਸਥਾ ਬਾਰੇ ਸਭ ਨੇ ਸੁਣਿਆ ਅਤੇ ਬਹੁਗਿਣਤੀ ਨੇ ਹੰਢਾਇਆ ਵੀ ਹੋਵੇਗਾ। ਬਾਲ ਅਵੱਸਥਾ ਵਿੱਚ ਜੁਆਨੀ ਦੀ ਸਾਰ ਨਹੀਂ ਹੁੰਦੀ ਕਿ ਕਿਸ ਤਰ੍ਹਾਂ ਦੀਆਂ ਸਰੀਰਕ ਤੇ ਮਾਨਸਿਕ ਤਬਦੀਲੀਆਂ ਆ ਕੇ ਪੱਬਾਂ ਭਾਰ ਕਰ ਦਿੰਦੀਆਂ ਹਨ। ਜੁਆਨੀ ਦੇ ਨਸ਼ੇ ਵਿੱਚ ਗੁਆਚਿਆ ਬੰਦਾ ਬਿਰਧ ਅਵੱਸਥਾ ਨੂੰ ਮਖੌਲ ਸਮਝਦਾ ਹੈ। ਪਤਾ ਨਹੀਂ ਕਿ ਇਹ ਰਸਤਾ ਕਿੰਨਾਂ ਚਣੌਤੀਆਂ ਭਰਿਆ ਤੇ ਕਠਿਨ ਹੁੰਦਾ ਹੈ। ਕਿਸੇ ਦਿਨ ਅਣਜਾਣ ਰਾਹ ਰਾਹੀਂ ਉਸ ਨੂੰ ਗੁਜਰਨਾ ਪਵੇਗਾ। ਭਾਵ ਕਈ ਗੱਲਾਂ ਦੀ ਵਿਆਖਿਆ ਕਰਨ ਤੇ ਪਤਾ ਨਹੀਂ ਲਗਦਾ। ਇਤਬਾਰ ਨਹੀਂ ਆਉਂਦਾ ਜਦੋਂ ਸਿਰ ਤੇ ਪੈਂਦੀ ਹੈ ਤਾਂ ਹੀ ਅਸਲੀ ਮੁੱਲ ਦਾ ਗਿਆਨ ਹੁੰਦਾ ਹੈ ਅਤੇ ਬਹੁਤੀਆਂ ਚੀਜ਼ਾਂ ਦੀ ਯਾਦ ਉਦੋਂ ਤੜਫਾਉਂਦੀ ਹੈ ਜਦੋਂ ਸਾਡੇ

ਹੱਥੋਂ ਡੋਰ ਖੁੱਸ ਜਾਂਦੀਆਂ ਹਨ ਤੇ ਮੁੜ ਪ੍ਰਾਪਤੀ ਅਸੰਭਵ ਹੋ ਜਾਂਦੀ ਹੈ।

ਇਸ ਤਰ੍ਹਾਂ ਹੀ ਮਾਪਿਆਂ ਦੀ ਲਾਡਲੀ ਧੀ ਨੂੰ ਵਿਆਹੁਤਾ ਜੀਵਨ ਦਾ ਕੋਈ ਤਜੱਰਬਾ ਨਹੀਂ ਹੁੰਦਾ। ਸੁਪਨਿਆਂ ਦੇ ਸੰਸਾਰ ਵਿੱਚ ਆਪਣਾ ਆਪ ਵੀ ਭੁੱਲਿਆ ਹੁੰਦਾ ਹੈ। ਸੋਚ ਅੰਬਰਾਂ ਨੂੰ ਛੂਹਦੀ ਤੇ ਤਾਰਿਆਂ ਨਾਲ ਸੰਵਾਦ ਰਚਾਉਂਦੀ ਹੋਈ ਹੌਲੀ ਹੌਲੀ ਪਤੀ ਦੇ ਦਰਵਾਜੇ ਤੇ ਜਾ ਕਦਮ ਰਖਦੀ ਹੈ। ਹੁਣ ਸੁਪਨਿਆਂ ਦੀ ਹਕੀਕਤ ਸਾਹਮਣੇ ਆਉਂਦੀ ਹੈ। ਜਦ ਕਬੀਲਦਾਰੀ ਦਾ ਜਿਉਂਦਾ ਜਾਗਦਾ ਪਾਤਰ ਬਣਦੀ ਹੈ ਤਾਂ ਜਜਮਾਨ ਦੇ ਵਾਲ ਅੱਗੇ ਆ ਡਿਗਦੇ ਹਨ ਕਿ ਇੱਥੇ ਸਭ ਕੁਝ ਅੱਛਾ ਨਹੀਂ। ਸਗੋਂ ਅੱਛਾ ਬਣਾਉਣਾ ਪੈਂਦਾ ਹੈ{ ਆਪਣੇ ਜ਼ਜ਼ਬਾਤਾਂ ਨੂੰ ਕਾਬੂ ਵਿੱਚ ਰੱਖਣਾ ਪੈਂਦਾ ਹੈ। ਸਭ ਕੁਝ ਬਦਲਿਆ ਤੇ ਅਜੀਬ ਅਨੁਭਵ ਹੁੰਦਾ ਹੈ ਜਿੱਥੇ ਆਪਣੀ ਮਨ ਮਰਜੀ ਨੂੰ ਠੱਲ੍ਹ ਦੇਣੀ ਪੈਂਦੀ ਹੈ। ਕਸ਼ਟ ਸਹਿ ਕੇ ਵੀ ਵਾਤਾਵਰਣ ਅਨੁਸਾਰ ਮੋੜ ਦੇਣਾ ਮਜ਼ਬੂਰੀ ਬਣ ਜਾਂਦੀ ਹੈ। ਅਜੇ ਉਹ ਦੋ ਹੀ ਹੁੰਦੇ ਹਨ। ਅਜੇ ਜਨਮ ਪੀੜਾਂ ਸਹਿਣ ਦਾ ਸਮਾਂ ਨਹੀਂ ਆਇਆ ਹੁੰਦਾ। ਜਨਮ ਪੀੜਾਂ ਸਹਿ ਕੇ ਪਤਾ ਲਗਦਾ ਹੈ ਕਿ ਕਿਸੇ ਹੋਰ ਦੁਨੀਆਂ ਨਾਲ ਵਾਹ ਪੈ ਗਿਆ। ਜਾਂ ਇਉਂ ਕਹਿ ਲਿਆ ਜਾਵੇ ਕਿ ਅਸਲੀ ਦੁਨੀਆਂ ਵਿੱਚ ਹੁਣ ਦਾਖਲ ਹੋਈ ਹੈ। ਨਰਸਾਂ ਜਦੋਂ ਔਰਤ ਦਾ ਜਾਪਾ ਕਰਵਾਉਂਦੀਆਂ ਹਨ ਤਾਂ ਥਿਉਰੀ ਕੰਮ ਕਰਦੀ ਹੈ। ਪਰ ਜਦੋਂ ਆਪ ਇਸ ਪਰਕਿਰਿਆ ਵਿੱਚ ਪੈ ਕੇ ਚਾਨਣ ਹੁੰਦਾ ਹੈ ਤਾਂ ਥਿਉਰੀ ਰੱਦ ਹੋ ਜਾਂਦੀ ਹੈ। ਜਿਵੇਂ ਕਿਸੇ ਨੇ ਤੈਰਨ ਤੇ ਪੀ. ਐਚ. ਡੀ. ਕਰ ਲਈ। ਅਚਾਨਕ ਜਦੋਂ ਤੈਰਨਾ ਪੈ ਗਿਆ ਤਾਂ ਪੜੇ ਹੋਏ ਸਾਰੇ ਅਸੂਲ ਅਸਫਲ ਹੋ ਗਏ। ਬੱਚੇ ਪੈਦਾ ਕਰਨ ਤੋਂ ਪਹਿਲਾਂ ਔਰਤ ਨੂੰ ਸਿਰਫ ਪਤੀ ਦੇ ਪਿਆਰ, ਉਸ ਦੀਆਂ ਲੋੜਾਂ, ਥੋੜ੍ਹਾਂ ਤੇ ਆਦਤਾਂ ਦੀ ਜਾਣਕਾਰੀ ਹੁੰਦੀ ਹੈ। ਬੱਚੇ ਹੋਣ ਤੇ ਅਸਲੀ ਰੂਪ ਪ੍ਰਗਟ ਹੋ ਜਾਂਦਾ ਹੈ। ਕਈ ਵਾਰ ਬਜ਼ੁਰਗਾਂ ਦੇ ਮੂੰਹੋਂ ਇਹ ਨਿਕਲ ਜਾਂਦਾ-
'ਬਾਪੂ ਬਾਪੂ ਕਹਿੰਦੇ ਸੀ ਬੜੇ ਸੁਖਾਲੇ ਰਹਿੰਦੇ ਸੀ। ਜਦ ਬਾਪੂ ਅਖਵਾਇਆ ਬੜਾ ਦੁੱਖ ਪਾਇਆ।"

ਮਾਂ ਦਾ ਰੁਤਬਾ ਸਭ ਤੋਂ ਉੱਚਾ, ਸੁੱਚਾ ਤੇ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ। ਪਰਿਵਾਰ ਤੇ ਸਮਾਜ ਦਾ ਵਿਕਾਸ ਮਾਂ ਨਾਲ ਹੀ ਸੰਭਵ ਹੈ। ਮਾਂ ਦੀ ਸਿੱਖਿਆ ਬੱਚੇ ਨੂੰ ਦੇਵਤਾ, ਭਗਤ, ਰਿਸਿ-ਮੁਨੀ, ਬਹਾਦਰ, ਦਲੇਰ, ਦੇਸ਼ ਭਗਤ, ਡਰਪੋਕ, ਚੋਰ, ਠੱਗ ਆਦਿ ਬਣਾ ਸਕਦੀ ਹੈ। ਅਜਿਹੀਆਂ ਮਿਸਾਲਾਂ ਸਾਡੇ ਕੋਲ ਅਨੇਕਾਂ ਹੀ ਹਨ। ਹੌਂਸਲੇ ਭਰੀ ਉਦਾਹਰਣ ਤੇ ਹੌਂਸਲਾ ਦੇਣ ਦਾ ਢੰਗ 'ਕੀਮੀਆ' ਸਾਬਤ ਹੋ ਸਕਦਾ ਹੈ। ਮਾਂ ਕੁਦਰਤ ਦਾ ਤੋਹਫਾ ਹੁੰਦਾ ਹੈ। ਜਿਸ ਨੂੰ ਸੰਭਾਲ ਕੇ ਰੱਖਣਾ ਚਾਹੀਦਾ ਹੈ। ਚੰਗੀਆਂ ਮਾਵਾਂ ਦੁਨੀਆਂ ਦੇ ਕਿਸੇ ਬੱਚੇ ਨਾਲ ਈਰਖਾ, ਵੈਰ, ਵਿਰੋਧ, ਘਿਰਣਾ ਦੀਆਂ ਭਾਵਨਾਵਾਂ ਨਹੀਂ ਰਖਦੀਆਂ। ਨਚੋੜ ਹੈ ਕਿ ਚੰਗੇ ਸਮਾਜ ਦੀ ਜਨਣੀ ਚੰਗੀ ਮਾਂ ਹੀ ਹੁੰਦੀ ਹੈ। ਬਾਵਾ ਬਲਵੰਤ ਕਹਿੰਦੇ ਹਨ, "ਮਾਂ ਦਾ ਇੱਕ ਬੱਚਾ ਦੋਜ਼ਖ਼ ਨੂੰ ਜੰਨਤ ਬਣਾ ਸਕਦਾ ਹੈ। ਇਹ ਜਗਤ ਕਲਿਆਣੀ ਵੀ ਹੁੰਦੀ ਹੈ।" ਚੰਗੀ ਮਾਂ ਤੋਂ ਬਿਨਾਂ ਕੋਈ ਵਧੀਆ ਮਨੁੱਖ ਨਹੀਂ ਸਿਰਜਿਆ ਜਾ ਸਕਦਾ। ਮਾਂ, ਬੱਚੇ ਨੂੰ ਕਦੇ ਅਣਗੌਲਿਆਂ ਨਹੀਂ ਕਰਦੀ। ਸਗੋਂ ਉਸ ਲਈ ਮੋਮਬੱਤੀ ਵਾਂਗ ਪਿਘਲਣ ਦੀ ਸਮਰੱਥਾ ਰਖਦੀ ਹੁੰਦੀ ਹੈ। ਬੱ ਚੇ ਨੂੰ ਜੀਵਨ ਲਈ ਤਿਆਰ ਕਰਨਾ ਹੀ ਮਾਂ ਦਾ ਅਸਲੀ ਧਰਮ ਹੈ। ਮਨੁੱਖ ਦੀ ਸਭ ਤੋਂ ਚੰਗੀ ਵਿਰਾਸਤ ਮਾਂ ਹੀ ਤਾਂ ਹੁੰਦੀ ਹੈ।

ਮੇਰੀ ਮਾਂ ਇਕੱਲੇ ਬੱਚੇ ਦੀ ਹੁੰਦੀ ਹੈ। ਜਦੋਂ ਦੋ ਹੋ ਗਏ ਤਾਂ ਤੇਰੀ ਵੀ ਬਣ ਗਈ। ਜਦੋਂ ਦੋ ਤੋਂ ਅੰਕੜਾ ਟੱਪ ਗਿਆ ਤਾਂ ਸਭ ਦੀ ਮਾਂ ਬਣ ਗਈ। ਮਾਂ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਜਿਵੇਂ ਮੈਨੂੰ ਬੱਚਿਆਂ ਦਾ ਪਿਆਰ ਆਉਂਦਾ ਹੈ ਤਾਂ ਇਸ ਤਰ੍ਹਾਂ ਹੀ ਦੂਜੀਆਂ ਮਾਵਾਂ ਦੇ ਦਿਲ ਵਿੱਚ ਐਨੀ ਤੀਬਰਤਾ ਨਾਲ ਬੇਰੋਕ ਜ਼ਜ਼ਬਾਤ ਖਲਬਲੀ ਮਚਾਉਨਦੇ ਹੋਣਗੇ। ਬੱਚੇ ਨੂੰ ਹੀਮਕੀਮ ਹੋ ਜਾਣ ਤੇ ਮਾਵਾਂ ਦੀ ਦੁਨੀਆਂ ਹਨੇਰ ਹੋ ਜਾਂਦੀ ਹੈ। ਬੱਚੇ ਮਾਂ ਦਾ ਸ਼ਿੰਗਾਰ ਵੀ ਹੁੰਦੇ ਹਨ। ਬੱਚਿਆਂ ਲਈ ਲੱਗਭੱਗ ਸਾਰੀਆਂ ਮਾਵਾਂ ਦੀਆਂ ਭਾਵਨਾਵਾਂ ਤੇ ਜੰਮਣ ਪੀੜਾਂ ਮਿਲਦੀਆਂ ਜੁਲਦੀਆਂ ਹੁੰਦੀਆਂ ਹਨ। ਆਪਣੇ ਖੂਨ ਨਾਲ ਸਿੰਜਣ ਤੇ ਇਸ ਪਰਕਿਰਿਆ

ਵਿੱਚੋਂ ਲੰਘਣ ਤੇ ਮਾਵਾਂ ਦੇ ਵਤੀਰੇ ਵਿੱਚ ਇੱਕਸਾਰਤਾ ਆ ਜਾਂਦੀ ਹੈ। ਸੋਚ ਸਾਕਾਰਾਤਮਕ ਰੁੱਖ ਅਖਤਿਆਰ ਕਰ ਲੈਂਦੀ ਹੈ। ਹਰ ਮਾਂ ਚਾਹੁੰਦੀ ਹੈ ਕਿ ਮੇਰਾ ਬੱਚਾ ਹਰੇਕ ਨੂੰ ਚੰਗਾ ਲੱਗੇ। ਹਰ ਮਾਂ ਨੂੰ ਹੁੰਦਾ ਹੈ ਕਿ ਮੇਰਾ ਬੱਚਾ ਸੁਹਣਾ ਵੀ ਲੱਗੇ। ਇਹ ਵਿਚਾਰ ਆਉਂਦਾ ਹੈ ਕਿ ਜੇ ਮੈਂ ਦੂਜਿਆਂ ਦੀ ਨਜ਼ਰਾਂ ਵਿੱਚ ਚੜੇਗਾ। ਮਾਂ ਦਾ ਦਿਲ ਬਿਗਾਨਿਆਂ ਲਈ ਖੁੱਲ੍ਹ ਜਾਂਦਾ ਹੈ ਤੇ ਕਹਿ ਉੱਠਦੀ ਹੈ, "ਕੁੜੇ!ਇਹ ਤਾਂ ਮੇਰੇ ਛਿੰਦੇ ਵਰਗੈ, ਗੋਲ ਮਟੋਲ ਜਾਂ! ਗੱਲੂ ਜਾਂ।" ਉਮਰ ਤੇ ਕੱਦ ਆਂਕ ਕੇ, "ਕੁੜੇ! ਇਉਂ ਲਗਦੈ ਜਿਵੇਂ ਸਕੇ ਭਰਾ ਹੋਣ ਤੇ ਇੱਕੋ ਦਿਨ ਜੰਮੇ ਹੋਣ।" ਸਾਰੇ ਬੱਚਿਆਂ ਦੀ ਮਾਂ ਬਣ ਜਾਂਦੀ ਹੈ। ਇਹ ਵਿਚਾਰ ਮਾਵਾਂ ਦੇ ਹਿਰਦਿਆਂ ਤੇ ਕੰਪਨ ਪੈਦਾ ਕਰ ਕੇ ਪਿਆਰ ਦੀ ਭਾਵਨਾ ਜਗਾਅ ਕੇ ਇੱਕ ਦੂਜੇ ਦੇ ਨੇੜੇ ਖਿੱਚ ਲਿਆਉਂਦਾ ਹੈ। ਜਿੰਨ੍ਹਾਂ ਮਾਵਾਂ ਦੇ ਦਰਜਨਾਂ ਬੱਚੇ ਹੁੰਦੇ ਸਨ ਜੋ ਵੇਲੇ ਕਿਸੇ ਹੋਇਆ ਕਰਦੇ ਸਨ। ਉਹ ਆਪਸ ਵਿੱਚ ਲੜ ਪੈਂਦੇ ਕਹਿੰਦੇ-ਮਾਂ ਤੂੰ ਤਾਂ ਫਲ੍ਹਾਣੇ ਨੂੰ ਵੱਧ ਪਿਆਰ ਕਰਦੀ ਹੈ।" ਤਾਂ ਮਾਂ ਆਖਦੀ, 'ਪੁੱਤ! ਜਦੋਂ ਤੇਰੇ ਦੋ ਚਾਰ ਬੱਚੇ ਹੋ ਗਏ ਉਦੋਂ ਪੁੱਛੂ ਕਿ ਤੂੰ ਕੀਹਨੂੰ ਵੱਧ ਪਿਆਰ ਕਰਦਾ ਹੈ। ਮੇਰਾ ਦਿਲ ਚੀਰ ਕੇ ਵੇਖ ਕਿਹੜਾ ਵੱਧ ਪਿਆਰਾ ਹੈ। ਦੁੱਧ ਤਾਂ ਸਾਰਿਆਂ ਨੂੰ ਇੱਕੋ ਜਿਹਾ ਹੀ ਚੁੰਘਾਇਐ। ਮੈਨੂੰ ਤਾਂ ਸਾਰੇ ਇੱਕੋ ਜਿਹੇ ਹੀ ਲਗਦੇ ਹੋ।" ਬਹੁਤੇ ਬੱਚਿਆਂ ਦੀਆਂ ਮਾਵਾਂ ਇਹ ਸਪੱਸ਼ਟ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡਦੀਆਂ ਕਿ ਉਹ ਸਾਰਿਆਂ ਦੀਆਂ ਮਾਵਾਂ ਹਨ।

ਧੀ ਨੂੰ ਮਾਂ ਦੀਆਂ ਔਖਿਆਈਆਂ ਸੌਖਾਈਆਂ ਦਾ ਛੇਤੀ ਗਿਆਨ ਹੋ ਜਾਂਦਾ ਹੈ ਕਿਉਂਕਿ ਉਸ ਦੇ ਅੰਦਰ ਵੀ ਇੱਕ ਮਾਂ ਜਨਮ ਲੈ ਰਹੀ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਔਰਤ ਦੇ ਅੰਦਰ ਸੰਪੂਰਨ ਮਾਂ ਹੁੰਦੀ ਹੈ। ਜਿਉਂ ਜਿਉਂ ਵੱਡੀ ਹੁੰਦੀ ਜਾਂਦੀ ਹੈ ਤਿਉਂ ਤਿਉਂ ਮਾਂ ਦੇ ਨੇੜੇ ਹੁੰਦੀ ਜਾਂਦੀ ਹੈ। ਮਾਂ ਦੀਆਂ ਅਣਦੱਸੀਆਂ ਪੀੜਾਂ ਨੂੰ ਸਮਝ ਲੈਂਦੀ ਹੈ। ਜਿਉਂ ਜਿਉਂ ਮੁਟਿਆਰ ਹੁੰਦੀ ਜਾਂਦੀ ਹੈ ਤਾਂ ਮਾਂ ਉਸ ਨੂੰ ਸਹੁਰਿਆਂ ਦੇ ਘਰ ਜਾਣ ਲਈ ਤਿਆਰ ਕਰਦੀ ਹੈ। ਕਈ ਮਾਵਾਂ ਆਪਸ ਵਿੱਚ ਗੱਲਾਂ ਕਰਦੀਆਂ ਆਖ ਦਿੰਦੀਆਂ ਹਨ-ਜਿੰਨਾਂ ਧੀ ਕਰਦੀ ਹੈ ਜੇ ਮਾਂ ਉਨ੍ਹਾਂ ਪਿਆਰ ਕਰੇ ਤਾਂ ਧੀ ਸਹੁਰੀਂ ਨਹੀਂ ਰਹਿ ਸਕਦੀ। ਫਿਰ ਸਹੁਰੀਂ ਵਸਣਾ ਔਖਾ ਹੋ ਜਾਂਦਾ ਹੈ। ਵੈਸੇ ਧੀ ਦੇ ਜਵਾਨ ਹੋਣ ਤੇ ਵਿਆਹੀ ਜਾਣ ਤੇ ਵੀ ਮਾਂ ਧੀ ਦਾ ਪਿਆਰ ਸਿਖਰਾਂ ਤੇ ਹੁੰਦਾ ਹੈ। ਮਾਂ ਦੇ ਪਿਆਰ ਵਿੱਚ ਕੋਈ ਗਿਰਾਵਟ ਨਹੀਂ ਆਉਂਦੀ।

ਮਾਂ ਨੂੰ ਆਪਣਾ ਜਿਗਰਾ ਵੱਡਾ ਤੇ ਦਿਲ ਕਰੜਾ ਕਰਨਾ ਪੈਂਦਾ ਹੈ। ਜਦੋਂ ਆਪਣੇ ਹੱਥੀਂ ਚਾਵਾਂ ਨਾਲ ਪਾਲੀ ਧੀ ਨੂੰ ਬਿਗਾਨੇ ਹੱਥਾਂ ਵਿੱਚ ਸਮਰਪਤ ਕਰਦੀ ਹੈ ਤਾਂ ਆਪ ਵੀ ਹੰਝੂ ਕੇਰਦੀ ਹੈ ਤੇ ਕੋਲ ਖਲੋਤਿਆਂ ਦੀਆਂ ਅੱਖਾਂ ਵੀ ਨਮ ਹੋਏ ਬਿਨਾਂ ਨਹੀਂ ਰਹਿ ਸਕਦੀਆਂ। ਬੜਾ ਭਾਵੁਕ ਦ੍ਰਿਸ਼ ਹੁੰਦਾ ਹੈ। ਧੀ ਨੂੰ ਹੌਂਸਲਾ ਦਿੰਦੀ ਹੈ ਭਾਵੇਂ ਹਾਨਣਾ ਦੇ ਚੁੰਨੀਆਂ ਦੇ ਪੱਲੇ ਗਿਲੇ ਹੋਣ ਦੇ ਬਾਵਜੂਦ ਵੀ ਗੀਤ ਗਾਉਂਦੀਆਂ ਹਨ। "ਚਾਰੇ ਖੂੰਜੇ ਹੱਲੇ, ਬਾਪ ਨੇ ਧੀ ਤੋਰੀ।" ਸਿਰ ਤੇ ਹੱਥ ਰਖਦੀ ਮਨ ਕਰੜਾ ਕਰਦੀ ਹੈ। "ਧੀਆਂ ਤਾਂ ਰਾਜਿਆਂ ਰਾਣਿਆਂ ਨੇ ਘਰ ਨਹੀਂ ਰੱਖੀਆਂ। ਆਪਾਂ ਤਾਂ ਕੀਹਦੇ ਪਾਣੀ ਹਾਰ ਆਂ। ਇਹ ਤਾਂ ਮੁੱਢ ਕਦੀਮ ਤੋਂ ਰਸਮ ਤੁਰੀ ਆਉਂਦੀ ਹੈ। ਕੋਈ ਨਾ!ਪਰਸੋਂ ਤੇਰੇ ਵੀਰੇ ਨੂੰ ਘੱਲੂੰਗੀ।" ਜਦੋਂ ਧੀ ਪੇਕੀਂ ਫੇਰਾ ਪਾਉਂਦੀ ਹੈ ਤਾਂ ਮਨ ਦੀ ਭੜਾਸ ਕਢਦੀਆਂ ਨੂੰ ਖਿੱਤੀਆਂ ਨਿਕਲ ਆਉਂਦੀਆਂ ਹਨ। ਰਾਤ ਢਲ ਚੁੱਕੀ ਹੁੰਦੀ ਹੈ ਤੇ ਦਿਨ ਚੜ੍ਹਨ ਦਾ ਵੇਲਾ ਨਜ਼ਦੀਕ ਆਇਆ ਪਿਆ ਹੁੰਦਾ ਹੈ। ਪਰ ਉਹਨਾਂ ਨੂੰ ਨੀਂਦ ਭੁੱਲੀ ਹੋਈ ਹੁੰਦੀ ਹੈ। ਪ੍ਰਕਾਸ਼ ਕੌਰ ਨੇ ਇਸ ਸਥਿਤੀ ਨੂੰ ਆਪਣੀ ਸੁਰੀਲੀ ਅਵਾਜ ਵਿੱਚ ਬੰਦ ਕੀਤਾ ਹੋਇਆ ਹੈ-'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ, ਕੋਈ ਕਰਦੀਆਂ ਗਲੋੜੀਆਂ।'

ਦੂਜੇ ਪਾਸੇ ਧੀ ਨਾਲੋਂ ਪੁੱਤ ਵੱਧ ਪਿਆਰਾ ਹੁੰਦਾ ਹੈ। ਭਾਵੇਂ ਦਾੜੀ ਵਾਲਾ ਹੋ ਜਾਵੇ। ਪੁੱਤਾਂ, ਪੋਤਿਆਂ ਵਾਲਾ ਹੋ ਜਾਵੇ ਪਰ ਮਾਂ ਦਾ ਲਾਡ ਬਚਪਨ ਦੇ ਨਿੱਕੇ ਨਾਂ ਨੂੰ ਨਹੀਂ ਭੁੱਲਦਾ। ਪੁੱਤ ਜਿਉਂ ਜਿਉਂ ਵੱਡਾ ਹੁੰਦਾ

ਜਾਂਦਾ ਹੈ ਮਾਂ ਤੋਂ ਦੂਰੀ ਵਧਾਉਂਦਾ ਜਾਂਦਾ ਹੈ। ਮਾਂ ਨੂੰ ਆਖ ਦਿੰਦਾ ਹੈ, "ਮਾਂ ਮੇਰਾ ਫਿਕਰ ਨਾ ਕਰਿਆ ਕਰ। ਮੈਂ ਵੱਡਾ ਹੋ ਗਿਆ ਹਾਂ।" "ਪੁੱਤ! ਮੈਨੂੰ ਤਾਂ ਅਜੇ ਛਿੰਦਾ ਹੀ ਲਗਦਾ ਹੈ।" ਜਵਾਨੀ ਵਿੱਚ ਜਾ ਕੇ ਪੁੱਤ ਦੀ ਦੂਰੀ ਸਿਖਰਾਂ ਤੇ ਪਹੁੰਚ ਜਾਂਦੀ ਹੈ। ਜਦੋਂ ਕਰਮ ਮਾਂ ਦਾ ਮਿਲਾਪ ਹੋ ਜਾਂਦਾ ਹੈ। ਫਿਰ ਮਾਂ ਨੂੰ ਭੁੱਲਣ ਲਗਦਾ ਹੈ। ਮਾਂ ਦਾ ਪਿਆਰ ਤਾਂ ਪਹਿਲਾਂ ਵਾਂਗ ਜਾਰੀ ਰਹਿੰਦਾ ਹੈ। ਮਨੋਵਿਗਿਆਨੀ ਦਸਦੇ ਹਨ ਕਿ ਜਦੋਂ ਬੱਚੇ ਹੋ ਜਾਣ, ਪਤਨੀ ਦੀ ਪਤੀ ਵੱਲ ਖਿੱਚ ਪਹਿਲਾਂ ਜਿੰਨੀ ਨਹੀਂ ਰਹਿੰਦੀ। ਪਰ ਮਾਂ ਦੀ ਵਫਾਦਾਰੀ ਤੇ ਪਿਆਰ ਦੇ ਮਿਆਰ ਵਿੱਚ ਕੋਈ ਗਿਰਾਵਟ ਨਹੀਂ ਆਉਂਦੀ ਤੇ ਕੋਈ ਵਿਘਨ ਨਹੀਂ ਪੈਂਦਾ।

ਜਦੋਂ ਬੁਢਾਪੇ ਵਿੱਚ ਪਹੁੰਚਦਾ ਹੈ ਤਾਂ ਮਾਂ ਦਾ ਵੈਰਾਗ ਉਤਪੰਨ ਹੁੰਦਾ ਹੈ। ਪਰ ਉਸ ਸਮੇਂ ਕਿਸਮਤ ਵਾਲਿਆਂ ਨੂੰ ਮਾਂ ਦੀਆਂ ਅਸ਼ੀਰਵਾਦਾਂ ਮਿਲਣ ਦਾ ਸੰਜੋਗ ਬਣਦਾ ਹੈ। ਮਾਂ ਦੀ ਸੇਵਾ ਯਾਦ ਆਉਂਦੀ ਹੈ। ਕਰਜ਼ਾ ਉਤਾਰਨਾ ਚਾਹੁੰਦਾ ਹੈ। ਉਦੋਂ ਕਰਜ਼ਾ ਲੈਣ ਵਾਲੇ ਦੀ ਮਿਆਦ ਪੁੱਗ ਚੁੱਕੀ ਹੁੰਦੀ ਹੈ। ਮਾਂ ਦਾ ਜਹਾਨ ਤੋਂ ਕੂਚ ਕਰਨ ਦੀ ਤਿਆਰੀ ਹੁੰਦੀ ਹੈ। ਮਾਂ ਦੀ ਅਰਥੀ ਨੂੰ ਮੋਢਾ ਦਿੰਦਿਆਂ ਮਨ 'ਚ ਆਖਦੈ, "ਸਮਾਂ ਤਾਂ ਐਵੇਂ ਲੰਘ ਗਿਆ। ਪਤਾ ਈ ਨੀ ਲੱਗਿਆ।" ਬਾਕੀ ਉਮਰ ਲਈ ਇਹ ਪਛਤਾਵਾ ਕਰ ਕਰ ਕੇ ਮਾਂ ਨੂੰ ਝੂਰਦਾ ਹੈ ਤੇ ਅਲਵਿਦਾ ਆਖਣ ਦਾ ਸਮਾਂ ਆਣ ਢੁਕਦਾ ਹੈ।

ਪਰ ਮਾਂ ਫਿਰ ਮੇਰੀ, ਤੇਰੀ ਤੇ ਸਭ ਦੀ ਰਹਿੰਦੀ ਹੈ ਜਿਸ ਦੀ ਸੇਵਾ ਸਤਯੁੱਗੀ ਸਰਬਨ ਪੁੱਤਰ ਕਰਨੀ ਨਹੀਂ ਭੁੱਲਦੇ ਤੇ ਆਪਣਾ ਫਰਜ ਪੂਰਾ ਕਰ ਕੇ ਆਪਣੇ ਹੱਥੀਂ ਰੁਖਸਤ ਕਰਦੇ ਹਨ।

# ਸ਼ਰਮ ਹੱਯਾ ਦਾ ਪ੍ਰਤੀਕ ਪਰਦਾ

ਸਭਿਆਚਾਰ ਸਦੀਆਂ ਦੀਆਂ ਕੋਸ਼ਿਸ਼ਾਂ, ਯਤਨਾਂ, ਘਾਲਨਾਵਾਂ ਤੇ ਉਪਰਾਲਿਆਂ ਨਾਲ ਕਮਾਇਆ ਸਰਬ ਸਾਂਝਾ ਸਮਾਜ ਦਾ ਸਰਮਾਇਆ ਹੁੰਦਾ ਹੈ। ਇਸ ਤੋਂ ਮਨੁੱਖ ਦੀ ਪਹਿਚਾਨ ਤੇ ਪਰਖ ਹੁੰਦੀ ਹੈ। ਸਮੇਂ ਦੀ ਨਜਾਕਤ ਨਾਲ ਇਹ ਜੰਮਦਾ, ਖੁਰਦਾ, ਸੁਧਰਦਾ, ਉਸਰਦਾ, ਬਣਦਾ ਤੇ ਢਹਿੰਦਾ ਰਹਿੰਦਾ ਹੈ। ਡਾਇਨਮੋ ਦੀ ਤਰ੍ਹਾਂ ਘੁੰਮਣ ਵਿੱਚ ਆਪਣੀ ਵਫ਼ਾਦਾਰੀ ਸਮਝਦਾ ਹੈ। ਪਰੰਪਰਾ ਨੂੰ ਇਕ ਦਮ ਜੜੋਂ ਉਖਾੜਨਾ ਅਸੰਭਵ ਹੁੰਦਾ ਹੈ। ਮਾਂ ਆਖਿਆ ਕਰਦੀ ਕਿ ਧੀ ਦਾ ਜੰਮਦੀ ਦਾ ਨੰਗੇਜ ਢੱਕਣਾ ਪੈਂਦਾ ਹੈ। ਇਸ ਮੰਤਵ ਲਈ ਔਰਤ ਦੇ ਪਹਿਨਣ ਵਾਲੇ ਕਪੜਿਆਂ ਦਾ ਜੋ ਮਿਆਰ ਕਿਸੇ ਸਮੇਂ ਮਿਥਿਆ ਗਿਆ ਸੀ, ਅੱਜ ਉਹ ਨਿਰਮੂਲ ਹੋ ਗਿਆ ਹੈ। ਉਸ ਸਮੇਂ, ਉਸ ਦੀ ਤੀਬਰ ਜ਼ਰੂਰਤ ਸੀ। ਇਸ ਦਾ ਪਾਲਣਾ ਕਰਨਾ ਅਧਰਮ ਹੋਇਆ ਕਰਦਾ ਸੀ। ਉਸ ਬਿਨਾਂ ਔਰਤ ਨੂੰ ਬੇਹਯਾ, ਬੇਸ਼ਰਮ, ਬੇਅਣਖ, ਬੇਅਕਲ, ਵੇਸਵਾ, ਰੰਡੀ, ਕੰਜਰੀ, ਚਗਲ, ਬਦਚਲਨ ਆਦਿ ਸ਼ਬਦਾਂ ਨਾਲ ਥਾਂ ਥਾਂ ਤੇ ਬਦਨਾਮ ਕੀਤਾ ਜਾਂਦਾ ਸੀ। ਸਮਾਜ ਹੋਰ ਪਹਿਰਾਵੇ ਨੂੰ ਪ੍ਰਵਾਨਗੀ ਨਹੀਂ ਦਿੰਦਾ ਸੀ। ਅੱਜ ਓਹੀ ਅਸੂਲ਼ ਬੇਅਰਥ ਹੋ ਗਏ। ਰੱਦ ਹੋ ਗਏ। ਥਾਂ ਥਾਂ ਤੇ ਉਹਨਾਂ ਦੀ ਅਵੱਗਿਆ ਹੋ ਰਹੀ ਹੈ। ਇਹਨਾਂ ਅਸੂਲਾਂ ਤੇ ਚੱਲਣ ਵਾਲੀ ਜ਼ਨਾਨੀ ਨੂੰ ਪਿਛਾਂਹ ਖਿੱਚੂ, ਸਨਕੀ, ਰੂੜੀਵਾਦੀ, ਪਛੜੀ, ਗਵਾਰ, ਅਸੱਭਿਆ, ਅਨੈਤਿਕ ਸਮਝਿਆ ਜਾਂਦਾ ਹੈ। ਉਸ ਦੀ ਕਿਧਰੇ ਵੀ ਪੁੱਛ ਨਹੀਂ ਹੁੰਦੀ।

ਜੇ ਘੁੰਡ, ਘਗਰਾ, ਬੁਰਕਾ, ਚੁੰਨੀ, ਕਮੀਜ਼ ਸਲਵਾਰ ਆਦਿ ਨੂੰ ਧਿਆਨ ਵਿੱਚ ਲਿਆਈਏ ਤਾਂ ਔਰਤ ਦੀ ਸਮਾਜਕ ਸਥਿਤੀ ਦੀ ਤਸਵੀਰ ਮੂੰਹੋਂ ਬੋਲਦੀ ਨਜ਼ਰ ਆ ਰਹੀ ਹੈ ਕਿ ਉਹ ਪਰਦੇ ਦੀ

ਅਧਿਕਾਰਨ ਸੀ। ਜੇ ਔਰਤ ਨੰਗੇ ਮੂੰਹ ਸੱਥ ਵਿੱਚੋਂ ਦੀ ਲੰਘ ਜਾਂਦੀ ਤਾਂ ਬਜ਼ੁਰਗ ਕਿਹਾ ਕਰਦੇ ਕਿ ਔਰਤ ਭੋਜਨ ਬੰਦਗੀ ਤੇ ਤਰਕਾਰੀ। ਚਾਰੋਂ ਪਰਦੇ ਕਿ ਅਧਿਕਾਰੀ। ਸਵਾਲ ਪੈਦਾ ਹੁੰਦਾ ਹੈ ਕਿ ਕੀ ਸੱਚਮੁੱਚ ਹੀ ਪਰਦੇ ਦੀ ਅਧਿਕਾਰੀ ਸੀ। ਜਾਂ ਜ਼ਬਰਦਸਤੀ ਠੋਸਿਆ ਗਿਆ ਸੀ। ਸਵਾਲ ਇਹ ਵੀ ਹੈ ਕਿ ਪਰਦਾ ਕੀ ਹੈ? ਇਸ ਦੀ ਪਾਲਣਾ ਕਿਉਂ ਕੀਤੀ ਜਾਂਦੀ ਹੈ? ਪਰਦੇ ਦੀ ਕੀ ਲੋੜ ਸੀ? ਇਕੱਲੀਆਂ ਔਰਤਾਂ ਤੇ ਇਹ ਲਾਗੂ ਕਿਉਂ ਹੁੰਦਾ ਸੀ? ਮਰਦ ਲਈ ਜ਼ਰੂਰੀ ਕਿਉਂ ਨਹੀਂ ਸੀ।

ਔਰਤ ਲਈ ਜੋ ਨਿਯਮ ਸਥਾਪਤ ਕੀਤੇ ਗਏ, ਇਹਨਾਂ ਵਿੱਚ ਮਰਦ ਦੀ ਇਜਾਰਾਦਾਰੀ ਰਹੀ ਹੈ ਜੋ ਅਜੇ ਤੱਕ ਕਾਇਮ ਹੈ। ਮਰਦ ਪ੍ਰਧਾਨ ਸਮਾਜ ਹੀ ਇਹਨਾਂ ਨੂੰ ਮਿਥਦਾ ਤੇ ਲਾਗੂ ਕਰਿਆ ਕਰਦਾ ਸੀ। ਔਰਤ ਦੀ ਸਮਾਜਕ ਸਥਿਤੀ ਚਿੰਤਾਜਨਕ ਸੀ। ਨੰਗੇਜ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਸੀ। ਕਿਉਂਕਿ ਔਰਤ ਮਰਦ ਦੀ ਕਮਜ਼ੋਰੀ ਹੈ। ਮਰਦ ਦੇ ਅੰਦਰ ਅਧੂਰੀ ਔਰਤ ਹੈ ਤੇ ਔਰਤ ਦੇ ਅੰਦਰ ਅਧੂਰਾ ਮਰਦ। ਮਰਦ ਵੀ ਇਕੱਲਾ ਕਛਹਿਰਾ ਪਹਿਨ ਕੇ ਕਿਸੇ ਦੇ ਘਰ ਨਹੀਂ ਜਾ ਸਕਦਾ ਸੀ। ਜਾਂਘੀਆ ਪਹਿਨ ਕੇ ਪਰਿਵਾਰ ਵਿੱਚ ਟਹਿਲਨਾ ਵੀ ਵਰਜਿਤ ਹੁੰਦਾ ਸੀ। ਨੰਗੇ ਸਿਰ ਸੱਥ ਵਿੱਚ ਬੈਠਣਾ ਜਾਂ ਗਲ਼ੀ ਵਿੱਚੋਂ ਲੰਘਣਾ, ਜਨਤਕ ਥਾਵਾਂ ਤੇ ਜਾਣਾ, ਖੂਹਾਂ, ਟੋਭਿਆਂ ਤੇ ਜਾਣਾ, ਅਨੈਤਿਕ ਗਿਣਿਆ ਜਾਂਦਾ ਸੀ।

ਮੁੱਢ ਤੋਂ ਮਰਦ ਔਰਤ ਤੋਂ ਬਿਨਾਂ ਜੀਵਨ ਬਤੀਤ ਨਹੀਂ ਕਰ ਸਕਦਾ। ਔਰਤ ਵੱਲ ਦੇਖਣਾ ਉਸ ਦੀ ਫਿਤਰਤ ਹੈ। ਇਸ ਲਈ ਔਰਤ ਦੇ ਪਹਿਰਾਵੇ ਵਿੱਚ ਮਨੋਵਿਗਿਆਨ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਪਈ। ਜੋਗੀ, ਜੈਨੀ, ਸਾਧੂ, ਸੰਨਿਆਸੀ, ਜਪੀਏ, ਤਪੀਏ ਔਰਤ ਤੋਂ ਦੂਰ ਰਹਿ ਕੇ ਸਰੀਰਕ ਸਾਧਨਾ ਦਾ ਧਰਮ ਨਿਭਾਉਣਾ ਸ਼ੁੱਭ ਸਮਝਦੇ ਸਨ। ਪਰ ਜਦੋਂ ਕੋਈ ਸਾਡੇ ਸਾਹਮਣੇ ਜਾਂ ਕੋਲੋਂ ਦੀ ਕੋਈ ਲੰਘਦਾ ਹੈ, ਭਾਵੇਂ ਮਰਦ ਹੋਵੇ, ਭਾਵੇਂ ਔਰਤ, ਉਸ ਵੱਲ ਦੇਖੇ ਬਿਨਾਂ ਨਹੀਂ ਰਹਿ ਸਕਦੇ। ਕਿਉਂਕਿ ਮਨ ਨੇ ਤੁਰਦੀਆਂ ਫਿਰਦੀਆਂ ਚੀਜ਼ਾਂ ਨੂੰ ਫੜਨਾ ਹੁੰਦਾ ਹੈ ਜੋ ਉਸ ਨੂੰ ਚੰਗੀਆਂ ਲਗਦੀਆਂ ਹਨ। ਚਿਹਰਾ ਵੇਖੇ ਬਿਨਾਂ ਸਾਡੀ ਤਸੱਲੀ ਨਹੀਂ ਹੁੰਦੀ। ਸਾਡੇ ਅੰਦਰਲੇ ਦ੍ਰਿਸ਼ਟੀਕੋਣ ਅਨੁਸਾਰ ਨਜ਼ਰ ਪੈਣ ਸਾਰ ਅਣਜਾਣੇ ਵਿਅਕਤੀ ਦੀ ਤਸਵੀਰ ਸਾਕਾਰ ਹੋਣ ਲਗਦੀ ਹੈ। ਵਿਚਾਰਾਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਦੇਖਣਾ ਹੀ ਵਿਚਾਰਾਂ ਨੂੰ ਜਨਮ ਦਿੰਦਾ ਹੈ। ਬਿਨਾਂ ਸੋਚੇ ਸਮਝੇ ਬਣੀ ਤਸਵੀਰ ਹੋਰ ਗੂੜੀ ਕਰ ਲੈਂਦੇ ਹਾਂ। ਪੜਚੋਲ ਕਰਨੀ ਸ਼ੁਰੂ ਕਰ ਦਿੰਦੇ ਹਾਂ। ਵਿਚਾਰਾਂ ਦੀਆਂ ਘੁੰਮਣ ਘੇਰੀਆਂ ਬਾਅਦ ਵਿੱਚ ਵੀ ਟਿਕਣ ਨਹੀਂ ਦਿੰਦੀਆਂ ਅਤੇ ਮਨ ਰੂਪੀ ਕੰਪਿਊਟਰ ਵਿੱਚ ਫੀਡ ਕਰ ਲੈਂਦੇ ਹਾਂ।

ਖਾਸ ਤੌਰ ਤੇ ਔਰਤ ਤੇ ਨਜ਼ਰ ਪੈਣੋਂ ਟਲ ਨਹੀਂ ਸਕਦੀ। ਕੋਸ਼ਿਸ਼ ਕਰਦੇ ਹਾਂ ਚਿਹਰਾ ਚੰਗੀ ਤਰ੍ਹਾਂ ਵੇਖਿਆ ਜਾਵੇ। ਮਾਂ ਆਖਿਆ ਕਰਦੀ ਕਿ ਜੇ ਅੱਕ ਦੇ ਪੌਦੇ ਉੱਤੇ ਰੰਗਦਾਰ ਸਿਰਕਾ ਪਾ ਦੇਈਏ ਤਾਂ ਕਈ ਸਿਰਫਿਰੇ ਪੱਲਾ ਚੁੱਕ ਕੇ ਚਿਹਰਾ ਵੇਖਣ ਨੂੰ ਤਾਂਘਦੇ ਹਨ। ਮਨੋਵਿਗਿਆਨ ਅਨੁਸਾਰ ਵਾਸ਼ਨਾਵਾਂ ਜਨਮ ਲੈਣ ਲਗਦੀਆਂ ਹਨ। ਪੈਰਾਂ ਵੱਲ ਦੇਖਣ ਦੀ ਬਜਾਏ ਨੀਝ ਚਿਹਰੇ ਵੱਲ ਹੁੰਦੀ ਹੈ। ਚਿਹਰਾ ਸੁੰਦਰ ਹੈ। ਜੋਬਨ ਠਾਠਾਂ ਮਾਰਦਾ ਹੈ। ਸਿਖਰ ਦੁਪਹਿਰ ਵਰਗੀ ਜਵਾਨੀ ਹੋਵੇ ਤਾਂ ਮਰਦ ਦੇ ਵਿਚਾਰਾਂ ਵਿੱਚ ਉਦ-ਮੂਲ ਖੜਾ ਜਾਂਦਾ ਹੈ। ਉਹ ਵਿਆਹਿਆ ਹੋਵੇ ਤਾਂ ਆਪਣੀ ਪਤਨੀ ਨਾਲ ਤੁਲਨਾ ਕਰਦਾ ਹੈ। ਵੇਖਣ ਵਾਲਾ ਆਪ ਨੌਜਵਾਨ ਹੋਵੇ ਤਾਂ ਪ੍ਰੇਮਕਾ ਬਣਾਉਣ ਤੱਕ ਜਾਂਦਾ ਹੈ ਤੇ ਪ੍ਰਾਪਤੀ ਲਈ ਯਤਨ ਕਰਦਾ ਹੈ। ਮਨ ਵਿੱਚ ਡੂੰਘਾ ਉੱਤਰ ਜਾਂਦਾ ਹੈ। ਭੁਲਾਉਣਾ ਔਖਾ ਹੋ ਜਾਂਦਾ ਹੈ। ਕਈ ਦਫ਼ਾ ਇਹ ਸਾਰੀ ਉਮਰ ਦਾ ਬੋਝ ਬਣ ਜਾਂਦਾ ਹੈ।

ਮਾਂ ਕਿਹਾ ਕਰਦੀ ਕਿ ਪਹਿਰਾਵੇ ਤੋਂ ਹੀ ਤੁਹਾਡੀ ਪਹਿਚਾਣ ਹੋਣੀ ਹੁੰਦੀ ਹੈ। ਇਹ ਸਾਡੇ ਸਲੀਕੇ ਦਾ ਪ੍ਰਤੀਕ ਵੀ ਹੁੰਦਾ ਹੈ। ਨੂੰਹ, ਧੀ ਦੀ ਦੂਰੋਂ ਸ਼ਨਾਖ਼ਤ ਕਰਨ ਲਈ ਪਹਿਰਾਵੇ ਨੂੰ ਮੁੱਖ ਰੱਖਿਆ ਗਿਆ ਸੀ ਤਾਂ ਜੋ ਮਰਦ ਆਪਣੀ ਜਬਾਨ ਦੀ ਵਰਤੋਂ ਸੋਚ ਸਮਝ ਕੇ ਕਰੇ। ਜਬਾਨ ਨੂੰ ਲਗਾਮ ਦੇ ਸਕੇ ਤੇ ਅਸੱਭਿਆ

ਬਾਤਚੀਤ ਤੋਂ ਸੰਕੋਚ ਕਰੇ।

ਕੁਦਰਤ ਨੇ ਔਰਤ ਮਰਦ ਦੀ ਚਮੜੀ ਦਾ ਅੰਤਰ ਰੱਖਿਆ ਹੋਇਆ ਹੈ। ਮਰਦ ਦੀ ਚਮੜੀ ਨਾਲੋਂ ਔਰਤ ਦੀ ਚਮੜੀ ਨਰਮ, ਕੋਮਲ ਅਤੇ ਮੁਲਾਇਮ ਹੁੰਦੀ ਹੈ। ਇਹਨਾਂ ਕੁਦਰਤੀ ਗੁਣਾਂ ਨੂੰ ਬਰਕਰਾਰ ਰੱਖਣ ਲਈ ਪਰਦਾ ਕਰਨਾ ਲਾਜ਼ਮੀ ਕੀਤਾ ਗਿਆ। ਚਮੜੀ ਦਾ ਸਪਰਸ਼ ਵਿਰੋਧੀ ਲਿੰਗ ਦੀਆਂ ਕਾਮੁਕ ਭਾਵਨਾਵਾਂ ਨੂੰ ਚਾਬਕ ਲਾਉਣ ਵਿੱਚ ਕਾਮਯਾਬ ਹੋ ਜਾਂਦਾ ਹੈ। ਵਾਸ਼ਨਾਵਾਂ ਤੇਜ ਹੋ ਜਾਂਦੀਆਂ ਹਨ। ਸਰੀਰ ਵਿੱਚ ਕੰਬਣੀ ਛਿੜ ਜਾਂਦੀ ਹੈ। ਔਰਤ ਦੀ ਨਰਮ ਚਮੜੀ ਤੇ ਗਰਮੀ ਸਰਦੀ ਦਾ ਅਸਰ ਛੇਤੀ ਹੁੰਦਾ ਹੈ। ਪਰਦੇ ਨਾਲ ਢੱਕੇ ਅੰਗ ਦਾ ਰੰਗ ਗੋਰਾ ਹੁੰਦਾ ਹੈ। ਇਸ ਲਈ ਮੁਸਲਮਾਨੀ ਔਰਤਾਂ ਦੇ ਚਿਹਰੇ ਸੁੰਦਰ ਹੁੰਦੇ ਹਨ। ਧੁੱਪ ਰੰਗ ਬਦਲ ਦਿੰਦੀ ਹੈ। ਚਮੜੀ ਦੀ ਸਪੱਰਸ਼ਤਾ, ਸੁੰਦਰਤਾ, ਜੋਬਨ ਦੀ ਖਿੱਚ ਦਾ ਮਰਦ ਹਮੇਸ਼ਾ ਹੀ ਅਭਿਲਾਸੀ ਰਿਹਾ ਹੈ।

ਭਾਰਤੀ ਔਰਤ ਨੂੰ ਲੱਜਾ ਦਾ ਪਾਠ ਸਿਖਾਉਣ ਲਈ ਪਰਦਾ ਜ਼ਰੂਰੀ ਸੀ। ਸਰੀਰ ਦੀ ਨੁਮਾਇਸ਼ ਨਾਲੋਂ ਪਰਦਾ ਹੋਣ ਤੇ ਜ਼ਿਆਦਾ ਖਿੱਚ ਬਣਦੀ ਹੈ। ਲੁਕਾਈ ਹੋਈ ਚੀਜ਼ ਦਾ ਰਹੱਸ ਜਾਨਣ ਦੀ ਜਗਿਆਸਾ ਨੂੰ ਮੱਠੀ ਨਹੀਂ ਪੈਣ ਦਿੰਦਾ। ਘੁੰਡ, ਘਗਰਾ, ਚੁੰਨੀ, ਸਿਰਕਾ, ਕਮੀਜ਼, ਸਲਵਾਰ ਪਰਦੇ ਦਾ ਸੁਲਝਿਆ ਹੋਇਆ ਰੂਪ ਹੁੰਦਾ ਸੀ। ਘੁੰਡ ਲੱਜਾ ਦਾ ਪ੍ਰਤੀਕ ਸੀ। ਇਸਤਰੀ ਜਿੰਨੀ ਲੱਜਾਵਾਨ ਹੋਵੇਗੀ ਉਨੀਂ ਹੀ ਸੂਹਣੀ ਲੱਗੇਗੀ। ਮਨ ਨੂੰ ਚੰਗੀ ਲੱਗਣ ਲੱਗੇਗੀ। ਭਾਰਤ ਦੀ ਨਾਰੀ ਵਿੱਚ ਜੋ ਮਾਸੂਮੀਅਤ, ਨਿਮਰਤਾ, ਗਰੇਸ, ਸਹਿਣਸ਼ੀਲਤਾ ਦੀ ਜੇ ਬਖ਼ਸ਼ਿਸ਼ ਮਿਲਦੀ ਹੈ ਉਹ ਸਿਰਫ ਲੱਜਵਾਨ ਹੋਣ ਤੇ ਹੀ ਕਾਇਮ ਹੈ। ਇਸ ਲਈ ਮਾਂ ਨੇ ਆਪਣੀਆਂ ਧੀਆਂ ਨੂੰ ਸਲੀਕੇ ਨਾਲ ਕਪੜੇ ਪਹਿਨਣ ਦੀ ਸਿੱਖਿਆ ਦਿੱਤੀ।

# ਮਾਂ ਦੀ ਗੋਝੀ, ਕਰਦੀ ਨਾਲ ਸੋਝੀ

ਕੁਝ ਮਜ਼ਬੂਰੀਆਂ, ਕੁਝ ਮਗਰੂਰੀਆਂ, ਕੁਝ ਘੂਰੀਆਂ, ਕੁਝ ਜ਼ਰੂਰੀਆਂ, ਕੁਝ ਸਬਰ ਸਬੂਰੀਆਂ, ਕੁਝ ਲੋੜਾਂ, ਕੁਝ ਥੋੜ੍ਹਾਂ, ਕੁਝ ਜੋੜਾਂ, ਕੁਝ ਮੋੜਾ, ਕੁਝ ਗਰਜਾਂ, ਕੁਝ ਮਰਜਾਂ, ਕੁਝ ਫਰਜਾਂ, ਕੁਝ ਕਰ ਜਾ ਤਹਿਤ ਘਰ ਦੀ ਮੁੱਖ ਸੁਆਣੀ ਨੂੰ ਪਰਿਵਾਰ ਦੇ ਬੰਦਿਆਂ ਤੋਂ ਪਰਦਾ ਰੱਖਣਾ ਪੈਂਦਾ। ਜਿਸ ਨੂੰ ਗਲੇਫੀ, ਓਹਲਾ ਚੋਹਲਾ, ਭੇਤ ਕਿਹਾ ਜਾਂਦਾ ਸੀ। ਬੇਈਮਾਨੀ ਨਾਲ ਤੁਲਨਾ ਨਹੀਂ ਦਿਤੀ ਜਾਂਦੀ ਸੀ। ਪਰ ਵੇਲੇ ਕੁਵੇਲੇ ਸੰਕਟਕਾਲੀਨ ਸਥਿਤੀ ਦਾ ਬੁੱਤਾਂ ਸਾਰਨ ਲਈ ਬਚਾਏ ਹੋਏ ਪੈਸੇ ਕੰਮ ਆਉਂਦੇ। ਮੁੱਖ ਬੰਦੇ ਬੁੜੀਆਂ ਤੋਂ ਅੱਖ ਬਚਾ ਕੇ ਪੈਸੇ ਜੋੜ ਲੈਂਦੇ। ਇਹ ਸਮੇਂ ਦੀ ਮੁੱਖ ਲੋੜ ਵੀ ਸੀ।

ਕੁਝ ਔਰਤਾਂ ਨੂੰਹਾਂ ਪੁੱਤਾਂ ਤੋਂ ਚੋਰੀ ਆਪਣੀਆਂ ਧੀਆਂ ਨੂੰ ਦੇ ਦਿੰਦੀਆਂ। ਕਿਉਂਕਿ ਸਹੁਰੇ ਪਰਿਵਾਰ ਵਿੱਚ ਕਿਹੜਾ ਉਸ ਦੀ ਲੋੜ ਨੂੰ ਪਹਿਲ ਦਿੱਤੀ ਜਾਂਦੀ ਸੀ। ਲੱਗਭੱਗ ਔਰਤਾਂ ਦੀਆਂ ਜ਼ਰੂਰਤਾਂ ਨੂੰ ਨਜ਼ਰ ਅੰਦਾਜ ਕੀਤਾ ਜਾਂਦਾ ਸੀ। ਬੰਦੇ ਵੀ ਔਰਤ ਨੂੰ ਭੇਤ ਨਹੀਂ ਦੇਇਆ ਕਰਦੇ ਸਨ। ਧਾਰਨਾ ਬਣੀ ਹੋਈ ਸੀ ਕਿ ਔਰਤ ਨੂੰ ਘਰ ਦਾ ਸਾਰਾ ਭੇਤ ਨਹੀਂ ਦੇਣਾ ਚਾਹੀਦਾ। ਔਰਤਾਂ ਦੀ ਸੁਣਵਾਈ ਸਿਰਫ ਕੰਮ ਨਾਲ ਹੁੰਦੀ ਸੀ। ਕੰਮ ਸਭਿਆਚਾਰ ਨੇ ਔਰਤਾਂ ਨੂੰ ਦਬਾਅ ਰੱਖਿਆ ਸੀ। ਸੰਕੋਚ ਕਰ ਕੇ ਘਰ ਜੋੜਨ ਲਈ ਹੀ ਔਰਤਾਂ ਨੂੰ ਕਿਹਾ ਜਾਂਦਾ ਸੀ। ਬੱਚਿਆਂ ਦੀ ਸਾਂਭ ਸੰਭਾਲ ਤੇ ਪੈਦਾ ਕਰਨ ਦਾ ਦਾਰੋਮਦਾਰ ਔਰਤਾਂ ਤੇ ਸੀ। ਆਰਥਿਕ ਤੌਰ ਤੇ ਉਹ ਅਪਾਹਜ ਸਨ ਤੇ ਨਿੱਕੀ ਲੋੜ ਪੂਰੀ ਕਰਵਾਉਣ ਲਈ ਮਰਦ ਦੇ ਹੱਥਾਂ ਵੱਲ ਝਾਕਣਾ ਪੈਂਦਾ ਸੀ।

ਚੀਜ਼ਾਂ ਦਾ ਤੋੜਾ ਸੀ। ਪੈਸਾ ਥੋੜ੍ਹਾ ਸੀ। ਨਕਦ ਪੈਸੇ ਵੱਟਣ ਲਈ ਕਿਸਾਨ ਕੋਲ ਸਿਰਫ ਅਨਾਜ ਹੀ ਹੁੰਦਾ ਸੀ। ਜਿਹੜਾ ਸਾਲ ਛਿਮਾਹੀ ਮਗਰੋਂ ਘਰ ਆਉਂਦਾ। ਉਸ ਦੇ ਨਾਲ ਸਿਰਫ ਪਰਿਵਾਰ ਤੇ ਪਸ਼ੂਆਂ ਦੀ ਖਾਧ ਖੁਰਾਕ ਦਾ ਢੰਗ ਟਪਦਾ। ਥੋੜ੍ਹਾ ਬਹੁਤ ਅਨਾਜ ਵੇਚਣਾ ਪੈਂਦਾ ਤਾਂ ਅਠਿਆਨੀ, ਚੁਆਨੀ ਮਣ ਵਿਕਦਾ। ਅਗਲੀ ਫਸਲ ਵੀ ਮੀਹਾਂ ਤੇ ਨਿਰਭਰ ਕਰਿਆ ਕਰਦੀ। ਉਸ ਦੀ ਉਪਜ ਨਿਸਚਿਤ ਨਹੀਂ ਹੁੰਦੀ ਸੀ। ਖਾਣ ਦੀ ਲੋੜ ਪੂਰੀ ਕਰਨ ਲਈ ਬਖਾਰੀਆਂ ਵਿੱਚ ਸਾਂਭ ਲਿਆ ਜਾਂਦਾ।

ਖਾਣ ਪੀਣ ਵਾਲੀਆਂ ਸਾਰੀਆਂ ਚੀਜ਼ਾਂ ਕਿਸਾਨ ਆਪਣੇ ਖੇਤਾਂ ਵਿੱਚ ਪੈਦਾ ਕਰ ਲਿਆ ਕਰਦਾ। ਪੇਂਡੂ ਲੋਕ ਛੇ ਛੇ ਮਹੀਨੇ ਸ਼ਹਿਰ ਨਹੀਂ ਜਾਂਦੇ ਸਨ। ਸਿਰਫ ਲੂਣ ਦੀ ਲੋੜ ਸ਼ਹਿਰੋਂ ਪੂਰੀ ਕੀਤੀ ਜਾਂਦੀ। ਔਰਤਾਂ ਆਪਣੀਆਂ ਨਿੱਜੀ ਲੋੜਾਂ ਘਰ ਦੀ ਮੁੱਖ ਸੁਆਣੀ ਅੱਗੇ ਰੱਖ ਦਿੰਦੀਆਂ। ਮੁਖੀ ਦੀ ਗੈਰ ਹਾਜਰੀ ਵਿੱਚ ਉਸ ਦੀ ਜ਼ਿੰਮੇਵਾਰੀ ਹੁੰਦੀ ਸੀ।

ਨਜਾਇਜ਼ ਖਰਚਾ ਰੋਕਣ ਤੇ ਕਬੀਲਦਾਰੀ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਤੇ ਮੁਖੀ ਦਾ ਅੰਕੁਸ਼ ਲੱਗਿਆ ਹੋਇਆ ਹੁੰਦਾ। ਦੂਜੇ ਪਰਿਵਾਰਕ ਜੀਆਂ ਤੋਂ ਸਹਿਯੋਗ ਦੀ ਉਮੀਦ ਕੀਤੀ ਜਾਂਦੀ। ਪਰ ਜਿਹੜਾ ਪੈਸਾ ਮੁਖੀ ਕੋਲ ਆ ਜਾਂਦਾ, ਵਾਸਣੀ 'ਚ ਪਾ ਕੇ ਕਸ ਕੇ ਗੰਢ ਮਾਰ ਲਿਆ ਕਰਦਾ। ਥੋੜ੍ਹਾ ਕੀਤੇ ਗੰਢ ਨਹੀਂ ਖੁਲਦੀ ਸੀ। ਅੱਜ ਤੱਕ ਕਿਹਾ ਜਾਂਦਾ ਹੈ ਕਿ ਅਣਪੜ੍ਹ ਗੰਢ ਦਾ ਪੂਰਾ ਹੁੰਦਾ ਹੈ। ਉਸ ਦਾ ਵਿਚਾਰ ਹੁੰਦਾ ਕਿ ਨਵਾਂ ਪੈਸਾ ਪਤਾ ਨਹੀਂ ਕਦੋਂ ਆਵੇਗਾ ਪਰ ਜੇਬ ਵਾਲੀ ਗੰਢ ਨਾ ਖੁੱਲ੍ਹੇ। ਕੀ ਪਤੈ ਪੈਸੇ ਦੀ ਲੋੜ ਕਦੋਂ ਪੈ ਜਾਵੇ। ਲੋਕਾਂ ਦੇ ਲੜ ਆਨਾ, ਦੋ ਆਨੇ ਬੰਨ੍ਹੇ ਦਾਸ ਨੇ ਵੇਖੇ ਹਨ। ਰੁਪਿਆ, ਦੋ ਰੁਪਏ ਵੀ ਹੁਧਾਰ ਸੁਧਾਰ ਲੈ ਲਏ ਜਾਂਦੇ ਸਨ। ਜੇ ਝਿਉਰ ਨੂੰ ਦੋ ਰੁਪਏ ਹੁਧਾਰ ਦੇ ਦਿੱਤੇ ਜਾਂਦੇ ਤਾਂ ਮਹੀਨਾ ਭਰ ਘਰੇ ਪਾਣੀ ਦੇ ਘੜੇ ਰੋਜ਼ ਰੱਖ ਕੇ ਜਾਇਆ ਕਰਦਾ।ਸਾਰਾ ਕਾਰੋਬਾਰ ਮੁਖੀ ਦੇ ਹੱਥ ਵੱਸ ਹੁੰਦਾ। ਕੰਜੂਸੀ ਕਰਨਾ ਸਮੇਂ ਦੀ ਲੋੜ ਸੀ। ਉਸ ਤੋਂ ਪੁੱਛੇ ਬਿਨਾਂ ਪਰਿਵਾਰਕ ਮੈਂਬਰ ਖਰਚ ਨਹੀਂ ਕਰ ਸਕਦਾ ਸੀ। ਉਸ ਦੀ ਗੈਰਹਾਜਰੀ ਵਿੱਚ ਕਿਸੇ ਚੀਜ਼ ਦੀ ਲੋੜ ਪੈ ਜਾਂਦੀ ਤਾਂ ਉਹ ਖਰੀਦੀ ਨਹੀਂ ਜਾਂਦੀ ਸੀ। ਜੇ ਬਿਲਕੁਲ ਨਾ ਸਰਦਾ ਹੁੰਦਾ ਤਾਂ ਬਖਾਰੀ ਤੱਕ ਪਹੁੰਚ ਕੀਤੀ ਜਾਂਦੀ। ਉੱਥੋਂ ਝੋਲੀ ਭਰੀ ਤੇ ਦੁਕਾਨ ਤੇ ਸੁੱਟੀ। ਇਸ ਨੂੰ ਦਾਣੇ ਸੁੱਟਣਾ ਕਿਹਾ ਜਾਂਦਾ ਸੀ। ਉਸ ਨੂੰ ਪਤਾ ਹੁੰਦਾ ਸੀ ਕਿ ਚੋਰਾਂ ਦਾ ਮਾਲ ਡਾਗਾਂ ਦੇ ਗਜ਼। ਗੋਝੀ ਕਰ ਕੇ ਫੱਗਣ ਆਉਣ ਤੋਂ ਪਹਿਲਾਂ ਹੀ ਬਖਾਰੀ ਹੱਥ ਖੜੇ ਕਰ ਦਿੰਦੀ। ਇਹ ਲੋੜ ਮੁਖੀ ਨੂੰ ਡੇਢੀ ਸਵਾਈ ਤੇ ਲੈ ਕੇ ਪੂਰੀ ਕਰਨੀ ਪੈਂਦੀ।

ਨੂੰਹਾਂ, ਧੀਆਂ, ਅਲੜਾਂ ਤੇ ਹੋਰ ਜਨਾਨੀਆਂ ਦੀਆਂ ਗੁਪਤ ਤੇ ਪ੍ਰਗਟ ਦੋ ਤਰ੍ਹਾਂ ਦੀਆਂ ਜ਼ਰੂਰਤਾਂ ਹੁੰਦੀਆਂ। ਬੰਦਿਆਂ ਨੂੰ ਦੱਸਣ ਯੋਗ ਘੱਟ ਹੀ ਹੁੰਦੀਆਂ। ਸ਼ਰਮ ਮੰਨਦੀਆਂ। ਨਾ ਹੀ ਬੰਦੇ ਸਹਿਯੋਗ ਦਿੰਦੇ ਸਨ। ਪਿੰਡਾਂ ਵਿੱਚ ਸ਼ਿੰਗਾਰ ਦਾ ਸਾਮਾਨ ਲਿਆਉਣ ਵਾਲੇ ਸਿਰਫ ਬਨਜਾਰੇ ਹੀ ਉਪਲੱਬਧ ਹੋਇਆ ਕਰਦੇ। ਸ਼ਹਿਰ ਜਾ ਕੇ ਕਿਸੇ ਔਰਤ ਦਾ ਸ਼ਿੰਗਾਰ ਦਾ ਸਾਮਾਨ ਖਰੀਦਣਾ ਬੜਾ ਵੱਡਾ ਮਸਲਾ ਬਣ ਜਾਇਆ ਕਰਦਾ। ਘਰੇ ਕਲੇਸ਼ ਪੈ ਜਾਂਦਾ। ਕਿਸੇ ਤਿੱਥ ਤਿਉਹਾਰ ਜਿਵੇਂ ਕਰਵਾ ਚੌਥ, ਤੀਆਂ, ਦੀਵਾਲੀ, ਲੋਹੜੀ ਆਦਿ ਵੇਲੇ ਬਨਜਾਰੇ ਔਰਤਾਂ ਦੇ ਵਰਤਣ ਵਾਲੀਆਂ ਚੀਜ਼ਾਂ ਲੈ ਕੇ ਆਇਆ ਕਰਦੇ। ਸੁਰਖੀ, ਬਿੰਦੀ, ਨਹੁੰ ਪਾਲਿਸ਼, ਦੰਦਾਸਾ, ਛਾਪਾਂ, ਛੱਲੇ, ਚੂੜੀਆਂ, ਸਾਬਣ, ਕੰਘੇ, ਕੰਘੀਆਂ, ਕੰਙਣੀਆਂ, ਤਵੀਤ, ਤਵੀਤੀਆਂ, ਮੋਮ, ਮੇਖਾਂ, ਕੋਕੇ, ਰੁਮਾਲ, ਸ਼ੀਸ਼ਾ, ਸੁਰਮਾ, ਸੁਰਮੇਦਾਨੀਆਂ, ਕਰੇਲੇ, ਸੁਰਮਚੂ, ਕਰੋਸ਼ੀਏ, ਸਿਲਾਈਆਂ, ਖੁਸ਼ਬੂਦਾਰ ਤੇਲ, ਅਤਰ, ਫੁਲੇਲ, ਪਾਊਡਰ, ਮਣਕੇ, ਸਿਤਾਰੇ, ਗੋਟਾ, ਕਲਿੱਪ, ਗਾਨੀਆਂ, ਡੋਰੀਆਂ, ਪਰਾਂਦੇ, ਪਰਾਂਦੀਆਂ ਆਦਿ ਨਿੱਕ ਸੁੱਕ ਛੋ ਕੇਸ਼ਾਂ ਵਿੱਚ ਸਜਾਅ ਕੇ ਲੈ ਆਉਂਦੇ ਤੇ ਕਿਸੇ ਕੰਧ ਕੌਲੇ ਦੀ ਛਾਵੇਂ ਚਾਦਰ ਵਿਛਾਅ ਕੇ ਆਸਣ ਲਾ ਲੈਂਦੇ। ਗਲੀਆਂ ਵਿੱਚੋਂ ਲੰਘਦੇ ਹੋਕਾ ਵੀ ਦਿੰਦੀ ਫਿਰਦੇ। ਅਲੜਾਂ ਨੱਕ, ਕੰਨ

ਬੰਨ੍ਹਾਉਣ ਵਾਸਤੇ ਭੱਜੀਆਂ ਆਉਂਦੀਆਂ। ਨੱਕ, ਕੰਨ ਬਿੰਨਣ ਲਈ ਤਾਂਬੇ ਦੀਆਂ ਤਾਰਾਂ ਵੀ ਲੈ ਕੇ ਆਉਂਦੇ। ਕੁਝ ਔਰਤਾਂ ਬੰਦਿਆਂ ਦੀ ਗੈਰ ਹਾਜਰੀ 'ਚ ਘਰੇ ਵੀ ਸੱਦ ਲੈਂਦੀਆਂ। ਨਨਾਣਾਂ, ਭਰਜਾਈਆਂ ਤੇ ਇਕੱਠੀਆਂ ਹੋਈਆਂ ਬੁੜੀਆਂ ਕੁੜੀਆਂ ਚੀਜ਼ਾਂ ਵੀ ਖਰੀਦ ਦੀਆਂ ਤੇ ਮਖੌਲ ਕਰ ਕੇ ਆਪਣੇ ਜਜ਼ਬਾਤਾਂ ਨੂੰ ਸ਼ਾਂਤ ਵੀ ਕਰਦੀਆਂ। "ਕੁੜੇ ਤੇਰੀ ਧੌਣ ਲੰਮੀ ਐ। ਤਵੀਤੀ ਤੇ ਕਾਲੀ ਗਾਨੀ ਬਹਿ ਜਾ ਬਹਿ ਜਾ ਕਰਾਦੂ।" ਕੋਈ ਆਖਦੀ, "ਤੇਰੇ ਬੁੱਲ੍ਹ ਕਾਲੇ ਐ। ਦੰਦਾਸਾ ਲੈ ਲੈ। ਦੰਦ ਵੀ ਚਿੱਟੇ ਹੋ ਜਾਣਗੇ ਤੇ ਬੁੱਲਾਂ ਦਾ ਰੰਗ ਵੀ ਬਦਲ ਜਾਵੇਗਾ।" ਸਿਖਰ ਦੁਪਹਿਰ ਵਰਗੀ ਜਵਾਨ ਜੱਟੀ ਬਲਬਲਿਆਂ ਨੂੰ ਸਿਖਰ ਤੱਕ ਲੈ ਜਾਂਦੀ। "ਮੁੰਡਾ ਮੋਹ ਲਿਆ ਤਵੀਤਾਂ ਵਾਲਾ ਦਮੜੀ ਦਾ ਸੱਕ ਮਲ ਕੇ।" ਤਵੀਤੀਆਂ ਜਨਾਨੀਆਂ ਤੇ ਮਰਦ ਦੋਵੇਂ ਹੀ ਪਹਿਨ ਲਿਆ ਕਰਦੇ। ਪਰ ਤਵੀਤ ਇਕੱਲੇ ਔਰਤਾਂ ਹੀ ਪਾਇਆ ਕਰਦੇ। ਕਾਲੀ ਗਾਨੀ ਦੀ ਖਰੀਦ ਵੀ ਬਹੁਤ ਜ਼ਿਆਦਾ ਹੁੰਦੀ। ਗੋਰੀ ਧੌਣ ਵਾਲੀਆਂ ਅਕਸਰ ਗਾਨੀ ਦੇ ਨਾਲ ਤਵੀਤ ਫਬਾਅ ਲੈਂਦੀਆਂ। ਇਸ ਤਰ੍ਹਾਂ ਗੋਝੀ ਦੀ ਵਰਤੋਂ ਵੀ ਕਰਦੀਆਂ ਤੇ ਬਲਵਿਆਂ ਨੂੰ ਰਾਹਤ ਵੀ ਪਹੁੰਚਾਉਂਦੀਆਂ। ਕਿਸ਼ੋਰ ਅਵੱਸਥਾ 'ਚ ਪਹੁੰਚੀਆਂ ਮਾਵਾਂ ਨੂੰ ਮਜ਼ਬੂਰ ਕਰ ਦਿੰਦੀਆਂ ਕਿ ਅਸੀਂ ਆਹ ਖਰੀਦਣੈ, ਔਹ ਕਰੀਦਣੈ। ਜੇ ਲੋੜਾਂ ਪੂਰੀਆਂ ਨਾ ਹੁੰਦੀਆਂ ਤਾਂ ਰੁੱਸ ਜਾਂਦੀਆਂ। ਮਾਵਾਂ ਬੰਦਿਆਂ ਤੋਂ ਵੀ ਡਰਦੀਆਂ। ਗੋਝੀ ਵੱਲ ਵੀ ਵੇਖਦੀਆਂ। ਉਹ ਵੀ ਮਜ਼ਬੂਰ ਹੁੰਦੀਆਂ।

ਰੰਗ ਬਰੰਗੀਆਂ ਚੂੜੀਆਂ ਵੱਲ ਸਾਰੀਆਂ ਹੀ ਲਲਚਾਈਆਂ ਨਜ਼ਰਾਂ ਨਾਲ ਵੇਖਦੀਆਂ। ਬਨਜਾਰੇ ਵੀ ਗੋਰੀਆਂ ਬਾਹਾਂ ਤੇ ਚੂੜੀਆਂ ਚੜਾਉਂਦਾ ਹੁਸਨ ਦੀ ਛੁਹ ਪ੍ਰਾਪਤ ਕਰ ਲੈਂਦਾ। ਕੋਲੋਂ ਕੋਈ ਆਖਦੀ, "ਕੁੜੇ! ਵਿਸਮੀ ਚੂੜੀ ਨਾ ਚੜ੍ਹਾ ਲਈ।" ਬਨਜਾਰਾ ਉੱਤਰ ਦਿੰਦਾ, "ਭਾਈ ਬਾਂਹ 'ਚ ਪਾਉਣ ਵੇਲੇ ਉਹ ਟੁੱਟ ਜਾਵੇਗੀ।" ਦੂਜੀ ਆਖਦੀ, "ਭਾਈ! ਮੇਰੀ ਗੋਲ ਬਾਂਹ ਐ। ਭੀੜੀਆਂ ਚੜਾਈਂ। ਖੁੱਲੀਆਂ ਘੜਾ ਧੋਣ ਵੇਲੇ ਵਿਸਮ ਜਾਂਦੀਆਂ ਹਨ।" ਵੰਗਾਂ ਦੀ ਛਣਕਾਰ, ਨੌਜਵਾਨਾਂ ਅਤੇ ਮੁਟਿਆਰਾਂ ਦੋਵਾਂ ਨੂੰ ਚਾਬਕ ਲਾ ਕੇ ਮਸਤੀ ਵਿੱਚ ਲੈ ਆਉਂਦੀਆਂ।

ਚੂੜੀਆਂ ਬਾਰੇ ਇੱਕ ਲਤੀਫ਼ਾ ਪੇਂਡੂ ਭਾਸ਼ਾ ਵਿੱਚ ਬਣਿਆ ਹੋਇਆ ਹੈ। ਜੱਟ ਦੇ ਸਿਰ ਤੇ ਮੰਢਾਸਾ ਮਾਰਿਆ ਹੋਇਆ ਤੇ ਖੇਤੋਂ ਆਉਂਦੇ ਨੇ ਗਲੀ ਵਿੱਚ ਬੈਠੇ ਬਨਜਾਰੇ ਦੀ ਪੋਟਲੀ ਨੂੰ ਡਾਂਗ ਦੀ ਠੋਕਰ ਮਾਰ ਕੇ ਪੁੱਛਿਆ, "ਆਹ ਕੀ ਐ?" ਬਨਜਾਰਾ ਮੁਸਕਰਾ ਕੇ ਕਹਿੰਦਾ, "ਇੱਕ ਵਾਰ ਡਾਂਗ ਹੋਰ ਮਾਰ ਫਿਰ ਕੁਝ ਵੀ ਨਹੀਂ।" ਉਦੋਂ ਸਿਰਫ ਕੱਚ ਦੀਆਂ ਚੂੜੀਆਂ ਦਾ ਰਿਵਾਜ ਸੀ।

ਕਪੜੇ ਤੇ ਗਹਿਣੇ ਔਰਤਾਂ ਨੂੰ ਬਹੁਤ ਪਿਆਰੇ ਹੁੰਦੇ। ਇਹਨਾਂ ਦੀ ਖਾਤਰ ਵੀ ਗੋਝੀ ਕੀਤੀ ਜਾਂਦੀ। ਮਾਵਾਂ ਧੀਆਂ ਨੂੰ ਦੇਣ ਲਈ ਤੇ ਧੀਆਂ ਪੇਕਿਆਂ ਨੂੰ ਦੇਣ ਲਈ ਗੋਝੀ ਕਰਦੀਆਂ। ਜਦੋਂ ਕੁਝ ਰਕਮ ਬਣ ਜਾਂਦੀ ਤਾਂ ਨੂੰਹਾਂ ਪੇਕੀਂ ਵਿਆਜ ਤੇ ਦੇ ਆਉਂਦੀਆਂ। ਕਿਸੇ ਦਿਨ ਦਿਹਾਰ ਤੇ ਟੂੰਬ ਬਣਾ ਕੇ ਲੈ ਆਉਂਦੀਆਂ ਤੇ ਆਖ ਦਿੰਦੀਆਂ "ਪੇਕਿਆਂ ਨੇ ਕਰਵਾ ਕੇ ਦਿੱਤੀ ਹੈ। ਜਾਂ ਮਨ ਪਸੰਦ ਸੂਟ ਆਪ ਖਰੀਦ ਕੇ ਪੇਕਿਆਂ ਦਾ ਨਾਉਂ ਵਜਾ ਦਿੰਦੀਆਂ।

ਉਹਨਾਂ ਵੇਲਿਆਂ, 'ਚ ਸਾਬਣ ਸੋਡਾ ਵੀ ਸੰਜਮ ਨਾਲ ਵਰਤਿਆ ਜਾਂਦਾ। ਸਾਂਝੇ ਪਰਿਵਾਰਾਂ ਵਿੱਚ ਸੱਸਾਂ, ਸਾਬਣ ਸੋਡਾ ਵੰਡ ਕੇ ਨੂੰਹਾਂ ਆਪੋ ਆਪਣੇ ਕਪੜੇ ਧੋਣ ਲਈ ਦਿੰਦੀਆਂ। ਜੇ ਸਮੇਂ ਤੋਂ ਪਹਿਲਾਂ ਮੁੱਕ ਜਾਂਦਾ ਤਾਂ ਨੂੰਹਾਂ ਨੂੰ ਆਪਣੇ ਪੈਸਿਆਂ ਦਾ ਖਰੀਦਣਾ ਪੈਂਦਾ। ਜੇ ਸਾਬਣ ਸੋਡਾ ਨੀਲ ਹੱਟੀ ਤੋਂ ਖਰੀਦਣ ਲਈ ਵੀ ਦਾਣੇ ਸੁਟੱਣੇ ਪੈਂਦੇ। ਜੇ ਕੋਈ ਜੁਆਕ ਰਿਹਾੜ ਪੈ ਗਿਆ, ਰਿਉੜੀਆਂ, ਪਕੌੜੀਆਂ, ਸ਼ਕਰਪਾਰੇ ਲੈਣ ਲਈ ਵੀ ਗੋਝੀ ਕੰਮ ਆਉਂਦੀ।

ਪੇਕਿਆਂ ਤੋਂ ਲਿਆਂਦੀ ਚੀਜ਼ ਨੂੰਹਾਂ ਸਾਂਝੇ ਘਰ ਵਿੱਚ ਨਹੀਂ ਲਾਉਂਦੀਆਂ ਸਨ। ਸਗੋਂ ਬੰਦੂਕ ਵਿੱਚ

ਸਾਂਭ ਕੇ ਰੱਖ ਲੈਂਦੀਆਂ। ਲੋੜ ਪੈਣ ਤੇ ਆਪ ਵਰਤ ਲੈਂਦੀਆਂ। ਸਰਦੇ ਪੁਜਦੇ ਘਰਾਂ ਦੀਆਂ ਨੂੰਹਾਂ ਆਪਣੇ ਭਰਾਵਾਂ ਭਰਜਾਈਆਂ ਤੋਂ ਚੋਰੀਉਂ ਕੁਝ ਰਕਮ ਲਿਆ ਕੇ ਆਪਣੀ ਕਬੀਲਦਾਰੀ ਵਿੱਚ ਲਾ ਲੈਂਦੀਆਂ। ਜਿਹੜੇ ਮਾਪਿਆਂ ਦਾ ਪਾਣੀ ਮਰਦਾ ਹੁੰਦਾ, ਵੇਲੇ ਕੁਵੇਲੇ ਧੀਆਂ ਦਾ ਡੰਗ ਸਾਰ ਦਿੰਦੇ। ਛੂਛਕ ਦੇਣ ਵੇਲੇ ਦੋਹਤੇ ਦੋਹਤੀ ਦਾ ਝੱਗਾ, ਜਾਮਾ ਬਣਾਉਣ ਵੇਲੇ ਵੀ ਮਾਂ ਦੀ ਪੋਟਲੀ ਕੰਮ ਆਉਂਦੀ।

ਕਈ ਲੋੜਾਂ ਤੁਰੰਤ ਉਤਪੰਨ ਹੋ ਜਾਇਆ ਕਰਦੀਆਂ। ਸੱਗਾ ਰੱਤਾ ਆ ਜਾਂਦਾ ਤਾਂ ਮੁਖੀ ਦੀ ਗੈਰਹਾਜਰੀ ਵਿੱਚ ਦਾਣੇ ਸੁੱਟ ਕੇ ਡੰਗ ਸਾਰ ਲਿਆ ਜਾਂਦਾ। ਤ੍ਰਿੰਞਣ ਬੈਠੀਆਂ ਕੁੜੀਆਂ ਨੂੰ ਮਿੱਠੀ ਚੀਜ਼ ਬਣਾ ਕੇ ਦੇਣ ਲਈ ਗੋਝੀ ਹੀ ਸਭ ਤੋਂ ਨੇੜੇ ਦਾ ਵਸੀਲਾ ਹੁੰਦੀ।

ਕਈ ਘਰਾਂ ਦੀਆਂ ਸੱਸਾਂ ਨੂੰਹਾਂ ਇੱਕ ਦੂਜੀ ਤੋਂ ਅੱਖ ਬਚਾਅ ਕੇ ਗੋਝੀ ਕਰਦੀਆਂ। ਸੂਮ ਸੱਸਾਂ ਖਾਣ ਪੀਣ ਵਾਲੀਆਂ ਸਾਰੀਆਂ ਚੀਜ਼ਾਂ ਜ਼ਿੰਦਰੇ ਅੰਦਰ ਰੱਖ ਕੇ ਚਾਬੀ ਨਾਲੇ ਨਾਲ ਬੰਨ੍ਹ ਲੈਂਦੀਆਂ ਤਾਂ ਜੋ ਕਿਸੇ ਦੀ ਨਜ਼ਰੀ ਨਾ ਪੈਣ। ਆਪਣਾ ਆਪਣਾ ਦਾਅ ਲੱਗਣ ਤੇ ਹੱਟੀ ਭੱਠੀ ਤੇ ਅਨਾਜ ਸੁੱਟ ਦਿੰਦੀਆਂ। ਅਜਿਹੀਆਂ ਔਰਤਾਂ ਨੂੰ ਘੀਸਾਂ ਕਿਹਾ ਜਾਂਦਾ ਜੋ ਘਰ ਦੀ ਤਰੱਕੀ ਵਿੱਚ ਰੋੜਾ ਅਟਕਾਉਂਦੀਆਂ। ਦਸਾਂ ਨਹੁੰਆਂ ਦੀ ਕਮਾਈ ਅੰਵਾਈ ਚਲੀ ਜਾਂਦੀ।

ਮਾਂ ਦਾ ਧੀਆਂ ਵਾਲਾ ਘਰ ਸੀ। ਉਸ ਨੂੰ ਬਹੁਤਾ ਫਿਕਰ ਧੀਆਂ ਦੇ ਤਨ ਕੱਜਣ ਦਾ ਲੱਗਿਆ ਰਹਿੰਦਾ। ਪੇਕੀਂ ਜਾਣ ਤੇ ਆਉਣ ਵੇਲੇ ਨਾਨਕੇ ਗੋਝੀ ਨਾਲ ਸੂਟ ਬਣਾ ਦਿੰਦੀ। ਤਾਂ ਜੋ ਦੋਹਤੀਆਂ ਦੇ ਕੰਮ ਆ ਜਾਵੇ। ਹਰ ਵਾਰ ਪੇਕਿਉਂ ਲੀੜਾ ਕਪੜਾ ਜ਼ਰੂਰ ਲੈ ਕੇ ਆਉਂਦੀ। ਜਾਂ ਡਿੱਪੋ ਤੋਂ ਵਾਜਬ ਕੀਮਤ ਤੇ ਕਪੜਾ ਖਰੀਦਣ ਲਈ ਗੋਝੀ ਕਰ ਲਿਆ ਕਰਦੀ, ਪਰਿਵਾਰ ਦੀ ਮੁੱਖੀ ਹੋਣ ਕਰਕੇ ਸਾਰੀ ਕਬੀਲਦਾਰੀ ਦਾ ਫਿਕਰ ਉਸ ਨੂੰ ਹੁੰਦਾ। ਹੁਧਾਰ ਸੁਧਾਰ ਫੜ ਕੇ ਡੰਗ ਟਪਾਉਣਾ ਪੈਂਦਾ। ਬਖਾਰੀ ਹਾੜੀ ਸੌਣੀ ਤੱਕ ਮਸਾਂ ਹੀ ਹੱਥ ਮਿਲਾਉਂਦੀ। ਪੈਸਿਆਂ ਦੀ ਗੰਢ ਮਾਰਨੀ ਮਾਂ ਦੇ ਨਸੀਬਾਂ ਵਿੱਚ ਨਹੀਂ ਸੀ।

ਗਲੇਫੀ ਬੰਦੇ ਵੀ ਕਰਿਆ ਕਰਦੇ। ਖਾਸ ਤੌਰ ਤੇ ਨੌਜਵਾਨ ਸ਼ੁਗਲ ਪਾਣੀ ਦੀ ਝੱਸ ਪੂਰੀ ਕਰਨ ਲਈ ਜਾਂ ਮੇਲੇ ਮੁਸਾਵੇ ਜਾਣ ਲਈ ਜੇਬ ਖਰਚ ਦਾ ਪ੍ਰਬੰਧ ਬਜ਼ੁਰਗਾਂ ਤੋਂ ਚੋਰੀ ਦਾਣੇ ਕੱਢਣ ਵੇਲੇ ਕਰ ਲੈਂਦੇ ਕਿਉਂਕਿ ਬਜ਼ੁਰਗ ਉਹਨਾਂ ਨੂੰ ਗਿਣੇ ਚੁਣੇ ਪੈਸੇ ਦਿੰਦੇ ਤੇ ਵਾਪਸੀ ਤੇ ਪੂਰਾ ਹਿਸਾਬ ਮੰਗਦੇ। ਜੇ ਹਾਲੀ ਵੀ ਗੋਝੀ ਕਰਦਾ। ਘਰੇ ਆਉਂਦੀ ਫਸਲ ਦਾ ਕੁਝ ਹਿੱਸਾ ਕੁੰਦ ਗੋਸ਼ੇ ਕਰ ਲੈਂਦਾ ਅਤੇ ਘਰ ਵਾਲੀ ਵੀ ਆਪਣਾ ਦਾਅ ਲਾਉਂਦੀ ਹੁੰਦੀ ਤਾਂ ਸਿਆਣੇ ਅਖਾਣ ਦੀ ਵਰਤੋਂ ਕਰਿਆ ਕਰਦੇ।"ਓਹਲਾ ਹਲ ਪੰਜਾਬੀ ਦਾ, ਰਲ ਮਿਲ ਕੇ ਘਰ ਗਾਲੀਦਾ।'" ਜੇ ਬੰਦਾ ਬੁੜੀ ਦੋਵੇਂ ਗੋਝੀ ਕਰਦੇ ਤਾਂ ਘਰ ਪੱਟਿਆ ਜਾਂਦਾ ਤੇ ਵਿਸ਼ਵਾਸ ਗੁਆਇਆ ਜਾਂਦਾ। ਤਰੱਕੀ ਨਹੀਂ ਕਰ ਸਕਦਾ ਸੀ। ਦਸਾਂ ਨਹੁੰਆਂ ਦੀ ਕਮਾਈ ਗਲਤ ਕੰਮਾਂ ਤੇ ਲੱਗ ਜਾਇਆ ਕਰਦੀ।

ਗੋਝੀ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ। ਬਜ਼ੁਰਗਾਂ ਦੀ ਕਾਂ ਅੱਖ ਹੁੰਦੀ। ਪਤਾ ਲੱਗਣ ਤੇ ਝਾੜ ਝੰਬ ਕੀਤੀ ਜਾਂਦੀ। ਉਸ ਤੇ ਅੰਕਸ ਲਾ ਦਿੱਤਾ ਜਾਂਦਾ। ਉਸ ਦੀ ਨਿਗਾਹ ਸ਼ਾਨੀ ਰੱਖੀ ਜਾਂਦੀ।

-0-